**Reo-Bankowned Properties**

From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763



**Ad Space Available**
**Call: 847-359-0746**



**ਵਧੀਆ ਅਤੇ ਸਸਤੀ ਇੰਸ਼ੋਰੈਂਸ**
Home, Auto, Liquor Store


ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990



Fifteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 18, May 3, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# ਬਿਕਰਮ ਮਜੀਠੀਆ ਅਕਾਲੀ ਦਲ ਉਤੇ ਫਿਰ ਪਿਆ ਭਾਰੀ

## ਧਾਰਮਿਕ ਆਗੂਆਂ ਦੀ ਕਾਰਗੁਜ਼ਾਰੀ 'ਤੇ ਵੀ ਉਠੇ ਸਵਾਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਇਕ ਵਾਰ ਫਿਰ ਵਿਵਾਦਾਂ ਵਿਚ ਘਿਰ ਗਏ ਹਨ। ਬਾਦਲ ਪਰਿਵਾਰ ਦੇ ਇਸ ਨੇੜਲੇ ਅਤੇ ਲਾਡਲੇ ਰਿਸ਼ਤੇਦਾਰ ਨੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਸ਼ਬਦ ਦੀ ਇਕ ਤੁਕ ਵਿਚ ਭਾਜਪਾ ਆਗੂ ਅਰੁਨ ਜੇਤਲੀ ਦਾ ਨਾਂ ਜੋੜ ਦਿੱਤਾ। ਚੋਣਾਂ ਦਾ ਮਾਹੌਲ ਹੋਣ ਕਰ ਕੇ ਇਹ ਮਾਮਲਾ ਖੂਬ ਭਖਿਆ ਜਿਸ ਦਾ ਖਮਿਆਜ਼ਾ ਅਕਾਲੀ-ਭਾਜਪਾ ਗੱਠਜੋੜ ਨੂੰ ਭੁਗਤਣਾ ਪੈ ਸਕਦਾ ਹੈ। ਉਧਰ, ਇਸ ਮਾਮਲੇ ਨਾਲ ਧਾਰਮਿਕ ਸੰਸਥਾਵਾਂ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜ੍ਹੇ ਹੋ ਗਏ ਹਨ।

ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਇਕ ਵੀ ਸ਼ਬਦ ਬੋਲਣਾ ਮੁਨਾਸਿਬ ਨਹੀਂ ਸਮਝਿਆ; ਨਾਲ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਵਾਰ-ਵਾਰ ਇਸ ਮੁੱਦੇ 'ਤੇ ਸਿਆਸਤ ਨਾ ਕਰਨ ਦੇ ਜਾਰੀ ਕੀਤੇ ਫਰਮਾਨ ਵੀ ਕਈ ਸਵਾਲ ਖੜ੍ਹੇ ਕਰਦੇ ਹਨ। ਜਥੇਦਾਰ ਗੁਰਬਚਨ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦਾ ਬਚਾਅ ਕਰਦਿਆਂ ਵਾਰ-ਵਾਰ ਕਿਹਾ ਕਿ ਗੁਰਬਾਣੀ ਨਾਲ ਛੇੜਛਾੜ ਦਾ ਮਾਮਲਾ ਬੜਾ ਨਾਜ਼ੁਕ ਹੈ। ਇਸ ਲਈ ਕੋਈ ਵੀ ਵਿਅਕਤੀ ਇਸ ਮਾਮਲੇ ਨੂੰ ਰਾਜਸੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਕਰੇ। ਸ਼ੁਰੂ ਵਿਚ ਇਸ ਮਾਮਲੇ 'ਤੇ ਕੋਈ ਵੀ ਧਾਰਮਿਕ ਆਗੂ ਬੋਲਣ ਲਈ ਤਿਆਰ ਨਹੀਂ ਸੀ, ਪਰ ਦੁਨੀਆਂ ਭਰ ਵਿਚ ਵਸੇ ਸਿੱਖਾਂ ਦੇ ਰੋਹ ਨੂੰ ਵੇਖਦਿਆਂ ਇਸ ਮਾਮਲੇ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ। ਪੰਜਾਬ ਵਿਚ ਮਜੀਠੀਆ ਖ਼ਿਲਾਫ਼ ਵਿਆਪਕ ਰੋਸ ਪ੍ਰਦਰਸ਼ਨ ਹੋਏ ਅਤੇ ਉਸ ਦੇ ਪੁਤਲੇ ਵੀ ਸਾੜੇ ਗਏ। ਸਿੱਖ ਜਥੇਬੰਦੀਆਂ ਨੇ ਜਥੇਦਾਰ ਗੁਰਬਚਨ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਮਜੀਠੀਆ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਬਾਅਦ ਵਿਚ ਮਜੀਠੀਆ ਦੀ ਸ਼ਿਕਾਇਤ ਚੋਣ ਕਮਿਸ਼ਨ ਅਤੇ ਹਾਈਕੋਰਟ ਤੱਕ ਵੀ ਪਹੁੰਚ ਗਈ।

ਉਧਰ, ਇਸ ਮਾਮਲੇ ਨਾਲ ਲੋਕ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਦੀ ਹਾਲਤ ਕਸੂਤੀ ਬਣ ਗਈ। ਚੋਣ ਪ੍ਰਚਾਰ ਦੇ ਆਖਰੀ ਦਿਨਾਂ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਗੁਰਬਾਣੀ ਨੂੰ ਤੋੜ ਮਰੋੜ ਕੇ ਕੀਤੀ ਬਿਆਨਬਾਜ਼ੀ ਨੇ ਨਰੇਂਦਰ ਮੋਦੀ ਦੀਆਂ ਇਕੋ ਦਿਨ ਵਿਚ ਕੀਤੀਆਂ ਪੰਜ ਰੈਲੀਆਂ ਉਤੇ ਵੀ ਪਾਣੀ ਫੇਰ ਕੇ ਰੱਖ ਦਿੱਤਾ। ਚੋਣ ਪ੍ਰਚਾਰ ਜਦੋਂ ਸਿਖਰਾਂ 'ਤੇ ਸੀ, ਤਾਂ ਪਹਿਲਾਂ ਹੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਚਲ ਰਹੇ ਬਿਕਰਮ ਸਿੰਘ ਮਜੀਠੀਆ ਵੱਲੋਂ ਗੁਰਬਾਣੀ ਵਿਚ ਅਰੁਣ ਜੇਤਲੀ ਦਾ ਨਾਂ ਜੋੜੇ ਜਾਣ ਦੇ ਮਾਮਲੇ ਨੇ ਵਿਰੋਧੀਆਂ ਦੇ ਹੱਥ ਜ਼ਬਰਦਸਤ ਮੁੱਦਾ ਫੜਾ ਦਿੱਤਾ। ਬਿਕਰਮ ਸਿੰਘ ਮਜੀਠੀਆ ਦੀ ਇਹ ਬਿਆਨਬਾਜ਼ੀ ਦਾ

(ਬਾਕੀ ਸਫਾ 6 'ਤੇ)



### ਮਜੀਠੀਆ ਦਾ ਰਵੱਈਆ ਜਿਉਂ ਦਾ ਤਿਉਂ

ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਭਾਵੇਂ ਕਸੂਤੇ ਫਸ ਗਏ ਹਨ ਪਰ ਉਨ੍ਹਾਂ ਦੇ ਰਵੱਈਏ ਵਿਚ ਅਜੇ ਵੀ ਕੋਈ ਫਰਕ ਨਹੀਂ ਪਿਆ ਹੈ। ਉਨ੍ਹਾਂ ਦਾ ਅਕਾਲੀ ਆਗੂਆਂ ਅਤੇ ਵਰਕਰਾਂ ਨਾਲ ਵਿਹਾਰ ਪਹਿਲਾਂ ਵਾਲਾ ਹੀ ਹੈ। ਵਰਕਰਾਂ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ, ਮਜੀਠੀਆ ਖਿਲਾਫ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ। ਹੋਰ ਤਾਂ ਹੋਰ, ਕੋਈ ਵੀ ਲੀਡਰ ਉਸ ਬਾਰੇ ਬੋਲਣ ਦੀ ਕਦੀ ਜੁਰਅਤ ਨਹੀਂ ਕਰ ਸਕਿਆ। ਅਕਾਲੀ ਦਲ ਦੇ ਅੰਦਰ ਹੀ ਉਸ ਨੇ ਆਪਣਾ ਇਕ ਵੱਖਰਾ, ਮਜ਼ਬੂਤ ਧੜਾ ਖੜ੍ਹਾ ਕਰ ਲਿਆ ਹੈ।

# ਪੰਜਾਬ ਵਿਚ ਬਦਲਣਗੇ ਸਿਆਸੀ ਸਮੀਕਰਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ 13 ਲੋਕ ਸਭਾ ਹਲਕਿਆਂ ਤੋਂ 253 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ ਵਿਚ ਬੰਦ ਹੋ ਗਈ ਹੈ। ਇਸ ਦਾ ਫੈਸਲਾ 16 ਮਈ ਨੂੰ ਐਲਾਨਿਆ ਜਾਵੇਗਾ। ਪੰਜਾਬ ਵਿਚ ਇਕ ਕਰੋੜ 95 ਲੱਖ 27 ਹਜ਼ਾਰ 114 ਵੋਟਰ ਹਨ। ਇਨ੍ਹਾਂ ਵਿਚ ਇਕ ਕਰੋੜ 26 ਲੱਖ 6 ਹਜ਼ਾਰ 743 ਮਰਦ ਤੇ 92 ਲੱਖ 60 ਹਜ਼ਾਰ 371 ਔਰਤ ਵੋਟਰ ਹਨ। ਇਸ ਵਾਰ ਚੋਣਾਂ ਦਾ ਮਾਹੌਲ ਕਾਫੀ ਰੌਚਕ 'ਤੇ ਗਰਮ ਰਿਹਾ। ਇਸ ਕਰ ਕੇ ਸਖ਼ਤ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ।

ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸ਼੍ਰੋਮਣੀ ਅਕਾਲੀ ਦਲ ਦੇ ਦੋ ਸੀਨੀਅਰ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੁਖਦੇਵ ਸਿੰਘ ਢੀਂਡਸਾ, ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ, ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਵੱਕਾਰ ਦਾਅ 'ਤੇ ਹੈ। ਹੁਕਮਰਾਨ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਦੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵਜੋਂ ਮੈਦਾਨ ਵਿਚ ਹੋਣ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਵੀ ਵੱਕਾਰ ਦਾਅ 'ਤੇ ਹੈ। ਪਹਿਲੀ ਵਾਰੀ ਮੈਦਾਨ ਵਿਚ ਨਿੱਤਰੀ ਆਮ ਆਦਮੀ ਪਾਰਟੀ ਦੇ ਕੁਝ ਉਮੀਦਵਾਰ ਵੀ ਚਰਚਾ ਵਿਚ ਹਨ। ਇਨ੍ਹਾਂ ਵਿਚ ਕਾਮੇਡੀਅਨ ਭਗਵੰਤ ਮਾਨ, ਐਚ.ਐਸ. ਫੂਲਕਾ, ਡਾ. ਧਰਮਵੀਰ ਗਾਂਧੀ, ਸੁੱਚਾ ਸਿੰਘ ਛੋਟੇਪੁਰ, ਡਾ. ਦਲਜੀਤ ਸਿੰਘ, ਪ੍ਰੋ. ਸਾਧੂ ਸਿੰਘ ਸ਼ਾਮਲ ਹਨ।

**ਸਭ ਦੀਆਂ ਅੱਖਾਂ ਹੁਣ 16 ਮਈ 'ਤੇ ਲੱਗੀਆਂ**

ਇਕ ਪਾਸੇ ਮੰਨਿਆ ਜਾ ਰਿਹਾ ਹੈ ਕਿ ਯੂ.ਪੀ.ਏ. ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਵਧੀਆਂ ਸਮੱਸਿਆਵਾਂ ਕਰ ਕੇ ਦੇਸ਼ ਭਰ ਵਿਚ ਕਾਂਗਰਸ ਵਿਰੁੱਧ ਸੱਤਾ ਵਿਰੋਧੀ ਲਹਿਰ ਹੈ, ਦੂਜੇ ਪਾਸੇ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਪਿਛਲੇ ਸੱਤ ਸਾਲ ਤੋਂ ਸਰਕਾਰ ਹੋਣ ਕਰ ਕੇ ਲੋਕ ਇਸ ਨਜ਼ਾਮ ਤੋਂ ਵੀ ਖਫ਼ਾ ਨਜ਼ਰ ਆ ਰਹੇ ਹਨ। ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰਾਂ ਦੇ ਮੈਦਾਨ ਵਿਚ ਨਿੱਤਰਨ ਕਰ ਕੇ ਚੋਣ ਮੁਕਾਬਲਾ ਕਾਫੀ ਤਿੱਖਾ ਰਿਹਾ। ਇਸ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅੰਬਿਕਾ ਸੋਨੀ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੂੰ ਮੈਦਾਨ ਵਿਚ ਉਤਾਰ ਕੇ ਹੁਕਮਰਾਨ ਗਠਜੋੜ ਨੂੰ ਵੱਡੀ ਟੱਕਰ ਦਿੱਤੀ ਗਈ। ਆਮ ਆਦਮੀ ਪਾਰਟੀ ਨੇ ਵੀ ਨਵੇਂ ਮੁੱਦੇ ਉਠਾ ਕੇ ਮੁਕਾਬਲੇ ਨੂੰ ਹੋਰ ਫਸਵਾਂ ਬਣਾ ਦਿੱਤਾ।

ਸ਼ਾਇਦ ਇਹੋ ਕਾਰਨ ਹੈ ਕਿ ਕਾਂਗਰਸ ਤੇ ਅਕਾਲੀ-ਭਾਜਪਾ ਗਠਜੋੜ ਵੱਲੋਂ ਵੋਟਾਂ ਹਾਸਲ ਕਰਨ ਲਈ ਹਰ ਹੀਲਾ ਵਰਤਣ ਦੇ ਬਾਵਜੂਦ ਦੋਵੇਂ ਧਿਰਾਂ ਦੇ ਉਮੀਦਵਾਰਾਂ ਵਿਚ ਬੇਚੈਨੀ ਦਾ ਆਲਮ ਹੈ। ਦੋਵੇਂ ਧਿਰਾਂ ਦੇ ਵੱਡੇ ਆਗੂ ਤੇ ਉਮੀਦਵਾਰ ਭਾਵੇਂ ਆਪੋ-ਆਪਣੀ ਜਿੱਤ ਦੇ ਦਾਅਵੇ ਕਰ ਰਹੇ ਹਨ ਪਰ ਇਸ ਵਾਰ ਆਮ ਆਦਮੀ ਪਾਰਟੀ

(ਬਾਕੀ ਸਫਾ 6 'ਤੇ)


**REAL ESTATE & HOME LOANS**


- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
209.918.6464
ahundal@c21mm.com
Century 21 M&M and Associates



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ


Manpreet S. Gahra
Attorny At Law

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਕੈਨੇਡਾ ਵੱਲੋਂ ਨਿਪੁੰਨਤਾ ਸ਼੍ਰੇਣੀ ਦਾ ਨਵਾਂ ਕੋਟਾ ਤੈਅ

**ਟੋਰਾਂਟੋ:** ਕੈਨੇਡਾ ਦੇ ਆਵਾਸ ਮਹਿਕਮੇ ਨੇ ਅਗਲੇ ਸਾਲ ਸ਼ੁਰੂ ਹੋਣ ਵਾਲੇ ਐਕਸਪ੍ਰੈਸ ਐਂਟਰੀ ਪ੍ਰੋਗਰਾਮ ਤਹਿਤ ਇਸ ਸਾਲ ਪਹਿਲੀ ਮਈ ਤੋਂ ਕੇਂਦਰੀ ਸਕਿੱਲਡ ਵਰਕਰਜ਼, ਫੈਡਰਲ ਸਕਿਲਡ ਟਰੇਡ ਤੇ ਕੈਨੇਡੀਅਨ ਤਜਰਬਾ ਸ਼੍ਰੇਣੀਆਂ ਵਿਚ ਲਈਆਂ ਜਾਣ ਵਾਲੀਆਂ ਅਰਜ਼ੀਆਂ ਵਾਸਤੇ ਨਵੀਂ ਹੱਦ ਤੈਅ ਕਰਨ ਦਾ ਐਲਾਨ ਕੀਤਾ ਹੈ। ਕੇਂਦਰੀ ਆਵਾਸ ਮੰਤਰੀ ਕ੍ਰਿਸ ਅਲੈਗਜ਼ੈਂਡਰ ਨੇ ਆਖਿਆ ਕਿ ਇਹ ਕਦਮ ਮੁਲਕ ਦੀ ਕਿਰਤ ਮੰਡੀ ਦੀ ਲੋੜ ਮੁਤਾਬਕ ਪੂਰਤੀ ਤੇ ਵਿਦੇਸ਼ਾਂ ਵਿਚੋਂ ਆਏ ਨਿਪੁੰਨ ਕਾਮਿਆਂ ਨੂੰ ਕੈਨੇਡਾ ਵਿਚ ਥਾਂ ਸਿਰ ਸਥਾਪਤ ਕਰਨ ਲਈ ਚੁੱਕੇ ਜਾ ਰਹੇ ਹਨ।

ਸਕਿੱਲਡ ਵਰਕਰਜ਼ ਕਲਾਸ ਦੀਆਂ ਅਰਜ਼ੀਆਂ ਦੇ ਢੇਰ ਨੂੰ ਘਟਾਉਣ ਲਈ ਹੁਣ 2015 ਵਿਚ ਨਵੀਆਂ ਦਰਖਾਸਤਾਂ ਦੀ ਹੱਦ 25000 ਤੈਅ ਕੀਤੀ ਗਈ ਹੈ। ਇਸ ਦੇ ਨਾਲ ਹੀ ਯੋਗ ਕਿੱਤਿਆਂ ਦੀ ਸੂਚੀ ਦੁੱਗਣੀ ਕਰ ਦਿੱਤੀ ਜਾਵੇਗੀ। ਮਹਿਕਮੇ ਦੇ ਸੂਤਰਾਂ ਮੁਤਾਬਕ 24 ਕਿੱਤਿਆਂ ਤੋਂ ਵਧਾ ਕੇ ਇਹ 50 ਕਰ ਦਿੱਤੀ ਜਾਵੇਗੀ। ਮੰਤਰੀ ਨੇ ਆਖਿਆ ਕਿ ਮੁਲਕ ਦੇ ਨਵੇਂ ਭਰਤੀ ਪ੍ਰੋਗਰਾਮ ਦੀ ਵਿਉਂਤਬੰਦੀ ਅਗਲੇ ਸਾਲ ਸ਼ੁਰੂ ਹੋਣ ਵਾਲੇ ਐਕਸਪ੍ਰੈਸ ਐਂਟਰੀ ਦੀ ਹੀ ਇਕ ਕੜੀ ਹੈ, ਜੋ ਮੁਲਕ ਦੇ ਆਰਥਿਕ ਆਵਾਸ ਲਈ ਚੰਗਾ ਕਦਮ ਸਾਬਤ ਹੋਵੇਗਾ। ਇਸੇ ਤਰ੍ਹਾਂ ਸਕਿੱਲਡ ਟਰੇਡ ਲੋਕਾਂ ਲਈ 5000 ਤੇ ਤਜਰਬਾ ਕਲਾਸ ਲਈ 8000 ਅਰਜ਼ੀਆਂ ਦੀ ਹੱਦ ਤੈਅ ਕੀਤੀ ਗਈ ਹੈ।

# 'ਪੰਜਾਬ ਟਾਈਮਜ਼' ਦੇ ਨਾਮ ਇਕ ਰੰਗਲੀ ਸ਼ਾਮ ਪਹਿਲੀ ਜੂਨ ਨੂੰ

**ਹੇਵਰਡ (ਬਿਊਰੋ):** ਸਭਿਆਚਾਰਕ ਸੰਸਥਾ ਗੋਲਡਨ ਪੰਜਾਬ ਕਲੱਬ ਵਲੋਂ 'ਪੰਜਾਬ ਟਾਈਮਜ਼' ਦੇ ਨਾਮ ਇਕ ਰੰਗਲੀ ਸ਼ਾਮ ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਹੇਵਰਡ ਵਿਖੇ ਪਹਿਲੀ ਜੂਨ, ਐਤਵਾਰ ਨੂੰ ਸ਼ਾਮ 4 ਤੋਂ 8 ਵਜੇ ਤੱਕ ਕੀਤੀ ਜਾਵੇਗੀ। ਇਸ ਸ਼ਾਮ ਦਾ ਮੁੱਖ ਉਦੇਸ਼ ਪੰਜਾਬ ਟਾਈਮਜ਼ ਲਈ ਫੰਡ ਰੇਜ਼ਿੰਗ ਕਰਨਾ ਹੈ। ਇਸ ਸ਼ਾਮ ਵਿਚ ਸੁਰਮਈ ਰੰਗ ਭਰਨਗੇ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ, ਮੰਗਜੀਤ ਸਿੰਘ ਮੰਗਾ ਤੇ ਤਰਸੇਮ ਸਿੰਘ ਅਟਵਾਲ; ਗਿੰਨੀ ਬੇਦੀ ਦੀ ਟੀਮ 'ਗਿੱਧਾ ਮੇਲਣਾਂ ਦਾ' ਨੱਚ-ਨੱਚ ਧਰਤ ਹਿਲਾਉਣਗੀਆਂ ਤੇ 'ਮਿਸ਼ਨ ਲਰਨਿੰਗ ਅਕੈਡਮੀ' ਹੇਵਰਡ ਦੀਆਂ ਟੀਮਾਂ ਵਲੋਂ ਗਿੱਧੇ ਦੀ ਧਮਾਲ ਦੇ ਨਾਲ-ਨਾਲ ਖੂਬਸੂਰਤ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਡੀ. ਜੇ. ਰਾਜੂ ਢੋਲੀ ਦਾ ਹੋਵੇਗਾ। ਮੂਵੀ ਜਸਵੀਰ ਸਿੰਘ ਭੰਵਰਾ ਵਲੋਂ ਬਣਾਈ ਜਾਵੇਗੀ।

ਇਸ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਨੀਲਮ ਸੈਣੀ ਵਲੋਂ ਕੀਤਾ ਜਾਵੇਗਾ। ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਔਜਲਾ, ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ ਸਵੈਚ, ਚੇਅਰਮੈਨ ਸੰਤੋਖ ਸਿੰਘ ਤੱਖੜ, ਮੈਂਬਰਾਂ-ਡਾ. ਬਲਜੀਤ ਜੰਮੂ, ਤਾਰਾ ਸਿੰਘ ਸਾਗਰ ਅਤੇ ਲਾਜ ਸੈਣੀ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਇਸ ਫੰਡ ਰੇਜ਼ਿੰਗ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਬੇਨਤੀ ਕੀਤੀ ਹੈ। ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਵਲੋਂ ਚਾਹ-ਪਾਣੀ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਦਰਸ਼ਨ ਸਿੰਘ ਔਜਲਾ 510-750-6116 ਤੇ ਤਾਰਾ ਸਿੰਘ ਸਾਗਰ 510-453-5779 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੱਕੇ ਕਾਮੇ ਹਟਾਉਣ ਵਾਲਿਆਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ

**ਵੈਨਕੂਵਰ:** ਕੈਨੇਡਾ ਸਰਕਾਰ ਨੇ ਵਿਦੇਸ਼ੀ ਕਾਮੇ (ਫਾਰਨ ਵਰਕਰ) ਪ੍ਰੋਗਰਾਮ ਦੀ ਆੜ ਹੇਠ ਕਈ ਸਾਲਾਂ ਤੋਂ ਕੰਮ 'ਤੇ ਲਾਏ ਹੋਏ ਕਾਮਿਆਂ ਦੇ ਸਿਰ 'ਤੇ ਛਾਂਟੀ ਦੀ ਤਲਵਾਰ ਲਟਕਾਉਣ ਵਾਲੇ ਅਦਾਰਿਆਂ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ।

ਫੈਡਰਲ ਰੁਜ਼ਗਾਰ ਮੰਤਰੀ ਜੇਸਨ ਕੈਨੀ ਨੇ ਦੱਸਿਆ ਕਿ ਸਰਕਾਰ ਦੇ ਧਿਆਨ ਵਿਚ ਆਇਆ ਸੀ ਕਿ ਕੁਝ ਅਦਾਰੇ ਇਸ ਨਿਯਮ ਦੀ ਆੜ ਹੇਠ ਪੱਕੇ ਕਾਮਿਆਂ ਦੀ ਛੁੱਟੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਬਾਰੇ ਨਿਯਮ ਬਣਾਇਆ ਗਿਆ ਹੈ।

# ਕਾਰਗਿਲ ਯੁੱਧ 'ਚ ਅਮਰੀਕਾ ਨੇ ਦਿੱਤਾ ਸੀ ਦਖਲ

**ਇਸਲਾਮਾਬਾਦ:** ਕਾਰਗਿਲ ਯੁੱਧ 1999 ਦੇ ਦੌਰ ਵਿਚ ਅਮਰੀਕਾ ਵਿਚ ਪਾਕਿਸਤਾਨ ਦੇ ਤਤਕਾਲੀਨ ਰਾਜਦੂਤ ਰਿਆਜ਼ ਖੋਖਰ ਨੇ ਕਿਹਾ ਹੈ ਕਿ ਯੁੱਧ ਦੇ ਦੌਰ ਵਿਚ ਅਮਰੀਕਾ ਨੇ ਇਸਲਾਮਾਬਾਦ ਨੂੰ ਸੰਦੇਸ਼ ਭੇਜਿਆ ਸੀ ਕਿ ਕ੍ਰਿਪਾ ਕਰਕੇ ਜਿਨ੍ਹਾਂ ਖੇਤਰਾਂ 'ਤੇ ਤੁਸੀਂ ਕਬਜ਼ਾ ਕੀਤਾ ਹੈ, ਉਥੋਂ ਹਟ ਜਾਓ। ਪਾਕਿਸਤਾਨੀ ਸੈਨਿਕਾਂ ਨੇ ਕੰਟਰੋਲ ਰੇਖਾ 'ਤੇ ਘੁਸਪੈਂਠ ਦੇ ਕਰੀਬ 15 ਸਾਲ ਬਾਅਦ ਇਹ ਮੁੱਦਾ ਇਸਲਾਮਾਬਾਦ ਸਾਹਿਤ ਮਹਾਉਤਸਵ ਵਿਚ ਉਠਿਆ।

American Travel & Tours
4127 Bay Street, Suite 5, Fremont, CA-94538
For best domestic and international fares
Fremont: (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American Travel & Tours
Fax: 916-451-8656 www.americantravels.us
Sacramento office: 5246 Fruitridge Rd., Sacramento, CA 95820

Indian Threads Beauty & Spa
Special for Vaisakhi and Mother's Day
For a limited time from April 10 to May 18, 2014
Receive a free gift with facial, body massage & waxing



Bring this ad and get an extra $2 off
Jewelry & other products will also be on sale
Call to make your appointment!
Ph: (209) 478-8862
3008 E Hammer Lane st. 127b, Stockton, CA 95212

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

COMMERCIAL GRADE
SECURITY SOLUTIONS



MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER 4 CAMERAS WITH 4 CH DVR 1349 +Tax
SPECIAL OFFER 8 CAMERAS INSTALLATION INCLUDED 2349 +Tax
SPECIAL OFFER 12 CAMERAS INSTALLATION INCLUDED 3749 +Tax
Buy Online : www.ezchase.com
Email : commvision@sbcglobal.net
Vista CCTV TECHNOLOGY
Call Sukhpal
661-586-5080

# ਅਕਾਲੀ-ਭਾਜਪਾ ਗੱਠਜੋੜ ਨੇ ਪੈਸੇ ਵੰਡੇ ਕੈਪਟਨ ਅਮਰਿੰਦਰ ਸਿੰਘ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਕਮ ਧਿਰ ਅਕਾਲੀ-ਭਾਜਪਾ ਗਠਜੋੜ 'ਤੇ ਦੋਸ਼ ਲਾਇਆ ਕਿ ਇਸ ਨੇ ਵੋਟਰਾਂ ਨੂੰ ਭਰਮਾਉਣ ਲਈ ਧਨ ਤੇ ਤਾਕਤ ਦੀ ਦੁਰਵਰਤੋਂ ਕੀਤੀ ਹੈ। ਧਨ ਵਰਤਾਉਣ ਲਈ ਸਰਕਾਰੀ ਅਤੇ ਮੀਡੀਆ ਦੀਆਂ ਗੱਡੀਆਂ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਗੁਰਬਾਣੀ ਨਾਲ ਛੇੜ-ਛਾੜ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਮਿਸਾਲੀ ਤੇ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਕੋਈ ਗੁਰਬਾਣੀ ਨਾਲ ਛੇੜਛਾੜ ਕਰਨ ਦਾ ਹੀਆ ਨਾ ਕਰੇ।

ਸਾਬਕਾ ਮੁੱਖ ਮੰਤਰੀ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਚੋਣਾਂ ਦੌਰਾਨ ਆਪਣੀ ਹਾਰ ਦੇਖਦਿਆਂ ਵੋਟਰਾਂ ਨੂੰ ਭਰਮਾਉਣ ਲਈ ਨਜਾਇਜ਼ ਹੱਥਕੰਡੇ ਅਪਣਾਏ ਜਾ ਰਹੇ ਹਨ। ਇਕ ਉੱਚ ਪੁਲਿਸ ਅਧਿਕਾਰੀ ਨੇ ਸਰਕਾਰੀ ਐਂਬੂਲੈਂਸਾਂ ਅਤੇ ਮੀਡੀਆ ਦੀਆਂ ਗੱਡੀਆਂ ਇਕ ਰਾਹੀਂ ਪੈਸਾ ਇਕ ਤੋਂ ਦੂਜੀ ਥਾਂ ਭੇਜਿਆ ਹੈ। ਇਸੇ ਦੌਰਾਨ ਉਨ੍ਹਾਂ ਗੁਰਬਾਣੀ ਨਾਲ ਛੇੜਛਾੜ ਦੇ ਮਾਮਲੇ ਵਿਚ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਕੀਤੀ ਅਪੀਲ ਵਿਚ ਸੱਤਵੇਂ ਗੁਰੂ ਦੇ ਜੀਵਨ ਕਾਲ ਦੌਰਾਨ ਵਾਪਰੀ ਘਟਨਾ ਦਾ ਹਵਾਲਾ ਦਿੱਤਾ ਅਤੇ ਆਖਿਆ ਕਿ ਗੁਰੂ ਸਾਹਿਬ ਨੇ ਗੁਰਬਾਣੀ ਨਾਲ ਛੇੜਛਾੜ ਦੇ ਮਾਮਲੇ ਵਿਚ ਆਪਣੇ ਪੁੱਤਰ ਨੂੰ ਵੀ ਨਹੀਂ ਸੀ ਬਖਸ਼ਿਆ।

ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਪ੍ਰੋਫੈਸਰ ਦਰਬਾਰੀ ਲਾਲ ਬਾਰੇ ਉਨ੍ਹਾਂ ਆਖਿਆ ਕਿ ਉਸ ਦੀ ਇਕ ਇਮਾਰਤ ਦੀ ਉਸਾਰੀ ਨੂੰ ਨਜਾਇਜ਼ ਕਰਾਰ ਦਿੱਤਾ ਗਿਆ ਸੀ ਅਤੇ ਇਸੇ ਮਾਮਲੇ ਵਿਚ ਪਾਏ ਗਏ ਦਬਾਅ ਕਾਰਨ ਉਸ ਨੂੰ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣਾ ਪਿਆ।

## ਯੋਗ ਗੁਰੂ ਰਾਮਦੇਵ ਖ਼ਿਲਾਫ਼ ਪਟੀਸ਼ਨ ਦਾਇਰ

**ਚੰਡੀਗੜ੍ਹ:** ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਯੋਗ ਗੁਰੂ ਰਾਮਦੇਵ ਖ਼ਿਲਾਫ਼ ਐਸ.ਸੀ.ਐਸ.ਟੀ. (ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ) ਐਕਟ ਦੀ ਉਲੰਘਣਾ ਦੇ ਦੋਸ਼ ਵਿਚ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ।

ਮਜ਼੍ਹਬੀ ਸਿੱਖ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਗੁਰਦਿਆਲ ਸਿੰਘ ਨੇ ਦਾਇਰ ਪਟੀਸ਼ਨ ਵਿਚ ਰਾਮਦੇਵ ਨੂੰ ਖ਼ਤਰਨਾਕ ਸ਼ਖ਼ਸ ਦੱਸਦਿਆਂ ਉਸ ਦੇ ਖ਼ਿਲਾਫ਼ ਕੇਸ ਦਰਜ ਕਰਨ ਅਤੇ ਉਸ ਦੇ ਯੋਗ ਕੈਂਪਾਂ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਨਾਲ ਹੀ ਉਨ੍ਹਾਂ ਦੱਸਿਆ ਕਿ ਰਾਮਦੇਵ ਦੇ ਯੋਗ ਕੈਂਪਾਂ ਦਾ ਦਲਿਤ ਸਮਾਜ ਵੱਲੋਂ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ।

## ਖੁਦ ਨੂੰ ਅੱਗ ਲਾ ਕੇ ਬਸਪਾ ਨੇਤਾ ਨੂੰ ਜੱਫੀ ਪਾਈ

**ਲਖਨਊ:** ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਵਿਚ ਇਕ ਚੈਨਲ ਵਲੋਂ ਜਾਰੀ ਚੋਣ ਸਬੰਧੀ ਚਰਚਾ ਦੌਰਾਨ ਇਕ ਨੌਜਵਾਨ ਖੁਦ ਨੂੰ ਅੱਗ ਲਾ ਕੇ ਬਹੁਜਨ ਸਮਾਜ ਪਾਰਟੀ ਦੇ ਨੇਤਾ ਨਾਲ ਜਾ ਲਿਪਟਿਆ ਜਿਸ ਕਾਰਨ ਦੋਵੇਂ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਦੋਵਾਂ ਦਾ ਲਖਨਊ ਦੇ ਟਰੌਮਾ ਸੈਂਟਰ ਵਿਚ ਇਲਾਜ ਚੱਲ ਰਿਹਾ ਹੈ।

ਸੁਲਤਾਨਪੁਰ ਦੇ ਤਿਕੋਨਿਆ ਪਾਰਕ ਵਿਚ ਇਹ ਘਟਨਾ ਉਦੋਂ ਵਾਪਰੀ ਜਦੋਂ ਦੂਰਦਰਸ਼ਨ ਦੇ ਚੋਣ ਸਬੰਧੀ ਪ੍ਰੋਗਰਾਮ 'ਜਨਮਤ 2014' ਦਾ ਸਿੱਧਾ ਪ੍ਰਸਾਰਨ ਚੱਲ ਰਿਹਾ ਸੀ। ਅਚਾਨਕ ਭੀੜ ਵਿਚੋਂ ਇਕ ਨੌਜਵਾਨ ਅੱਗੇ ਆਇਆ ਅਤੇ ਖੁਦ ਨੂੰ ਅੱਗ ਲਾ ਕੇ ਪਲਕ ਝਪਕਦਿਆਂ ਹੀ ਮੰਚ 'ਤੇ ਬਸਪਾ ਨੇਤਾ ਕਮਰੂਜੱਮਾ ਫੌਜੀ ਨਾਲ ਲਿਪਟ ਗਿਆ। ਮੰਚ 'ਤੇ ਮੌਜੂਦ ਦੂਜੇ ਦਲਾਂ ਦੇ ਨੇਤਾਵਾਂ ਤੇ ਹੋਰ ਲੋਕਾਂ ਨੇ ਜਦੋਂ ਦੋਵਾਂ ਨੂੰ ਅਲੱਗ ਕੀਤਾ। ਉਦੋਂ ਤੱਕ ਬਸਪਾ ਨੇਤਾ 75 ਫੀਸਦੀ ਅਤੇ ਨੌਜਵਾਨ 95 ਫੀਸਦੀ ਸੜ ਚੁੱਕਾ ਸੀ। ਨੌਜਵਾਨ ਦੀ ਪਛਾਣ ਦੁਰਗੇਸ਼ ਕੁਮਾਰ ਸਿੰਘ (ਨਿਵਾਸੀ ਜ਼ਿਲ੍ਹਾ ਮਊ) ਦੇ ਰੂਪ ਵਿਚ ਹੋਈ ਹੈ ਜੋ ਸ਼ਹਿਰ ਦੇ ਰਾਜ ਹੋਟਲ ਵਿਚ ਠਹਿਰਿਆ ਹੋਇਆ ਸੀ। ਦੋਵਾਂ ਨੂੰ ਬਚਾਉਂਦਿਆਂ ਕਾਂਗਰਸ ਨੇਤਾ ਰਾਮ ਕੁਮਾਰ ਸਿੰਘ ਅਤੇ ਕਿਸਾਨ ਨੇਤਾ ਹਿਰਦੈ ਰਾਕ ਵਰਮਾ ਵੀ ਮਾਮੂਲੀ ਜਿਹਾ ਸੜ ਗਏ।

Malwa Financial & Insurance Agency
Lic # 0D75499
ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ

- Produce & General Truckers
- Long Haul Coverage
- Intermediate & Local Radius
- Downtime Coverage
- Single deductible
- Towing & Debris Removal
- Higher Limit on Earned Freight

Kanwaljit Singh: Lic # 0B59734
Harminder Gill: Lic # 0747955
Phone: 510-364-6366
Email: malwa@malwaassociates.com
Web. www.malwaassociates.com

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
269.99 Installed
LP22.5
CASH PRICE
STEER OR DRIVE
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop

FET, SALES TAX, MOUNTING INCLUDED
INSTALLED OUT THE DOOR PRICE
661-203-0433

**ਪਿਛਲੇ ਸਾਲਾਂ ਦੌਰਾਨ ਪੰਜਾਬ ਅਤੇ ਪੰਜਾਬੀ ਕਈ ਸੰਕਟਾਂ ਵਿਚੋਂ ਲੰਘੇ ਹਨ ਅਤੇ ਅੱਜ ਵੀ ਲੰਘ ਰਹੇ ਹਨ, ਪਰ ਪੰਜਾਬ ਦਾ ਇਕ ਪਰਿਵਾਰ ਹੈ ਜਿਸ ਦੇ ਕਾਰੋਬਾਰ ਵਿਚ ਲਗਾਤਾਰ ਵਾਧਾ ਹੁੰਦਾ ਗਿਆ ਹੈ। ਇਹ ਪਰਿਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਰਿਵਾਰ ਹੈ। ਇਸ ਦੀ ਵਾਗਡੋਰ ਅੱਜ ਕੱਲ੍ਹ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਹੈ। ਇਸ ਤੋਂ ਇਲਾਵਾ ਪਰਿਵਾਰ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਸੁਖਬੀਰ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਦੇ ਪਰਿਵਾਰ ਹਨ ਜਿਨ੍ਹਾਂ ਨੇ ਪੰਜਾਬ ਸਰਕਾਰ ਦੇ ਵੱਖ-ਵੱਖ ਪ੍ਰੋਜੈਕਟਾਂ ਤੋਂ ਅਤਿਅੰਤ ਲਾਭ ਲਿਆ ਹੈ। ਰੋਜ਼ਾਨਾ ਅਖਬਾਰ 'ਪੰਜਾਬੀ ਟ੍ਰਿਬਿਊਨ' ਦੇ ਪੱਤਰਕਾਰ ਦਵਿੰਦਰਪਾਲ ਨੇ ਇਨ੍ਹਾਂ ਤਿੰਨਾਂ ਪਰਿਵਾਰਾਂ ਬਾਰੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਨ੍ਹਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਇਹ ਪਰਿਵਾਰ ਪੰਜਾਬ ਦੇ ਖਜ਼ਾਨੇ ਨੂੰ ਕਿਸ ਤਰ੍ਹਾਂ ਚੀਂਡ ਲਾਈ ਬੈਠੇ ਹਨ। ਪੰਜਾਬ ਦੇ ਲੋਕ ਸੰਕਟਾਂ ਦੇ ਸ਼ਿਕਾਰ ਹਨ ਅਤੇ ਇਹ ਪਰਿਵਾਰ ਝਾੜੂ ਨਾਲ ਪੈਸੇ ਹੂੰਝਣ ਲੱਗੇ ਹੋਏ ਹਨ।**



ਪ੍ਰਕਾਸ਼ ਸਿੰਘ ਬਾਦਲ

# ਬਾਦਲਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਲਾਇਆ ਚੀਂਡ

## ਆਮ ਲੋਕਾਂ ਲਈ ਖਜ਼ਾਨਾ ਖਾਲੀ; ਪਰ ਪਰਿਵਾਰ ਉਤੇ ਖਜ਼ਾਨਾ ਲੁਟਾਇਆ!



ਆਦੇਸ਼ ਪ੍ਰਤਾਪ ਸਿੰਘ ਕੈਰੋਂ

## ਛਾਲਾਂ ਮਾਰ ਰਿਹਾ ਹੈ ਕਾਰੋਬਾਰ

ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਸਮੇਂ 108 ਕਰੋੜ ਰੁਪਏ ਦੀ ਜਾਇਦਾਦ ਦਾ ਪ੍ਰਗਟਾਵਾ ਕੀਤਾ। ਇਸ ਵਿਚ ਉਨ੍ਹਾਂ ਦੀ ਆਪਣੀ 12 ਕਰੋੜ 2 ਲੱਖ ਅਤੇ ਪਤੀ ਸੁਖਬੀਰ ਸਿੰਘ ਬਾਦਲ ਦੀ 96.16 ਕਰੋੜ ਰੁਪਏ ਦੀ ਜਾਇਦਾਦ ਹੈ। ਸ੍ਰੀਮਤੀ ਬਾਦਲ ਨੇ ਪੰਜ ਸਾਲ ਪਹਿਲਾਂ 2009 ਵਿਚ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਆਪਣੇ ਅਤੇ ਪਤੀ ਦੀ ਜਾਇਦਾਦ 60.31 ਕਰੋੜ ਰੁਪਏ ਦੱਸੀ ਸੀ। ਉਦੋਂ ਸੁਖਬੀਰ ਸਿੰਘ ਬਾਦਲ ਦੀ ਸੰਪਤੀ 52.05 ਕਰੋੜ ਤੇ ਸ੍ਰੀਮਤੀ ਬਾਦਲ ਦੀ 8.26 ਕਰੋੜ ਰੁਪਏ ਦੀ ਜਾਇਦਾਦ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਜਾਇਦਾਦ ਘੱਟ ਰਹੀ ਹੈ। ਉਨ੍ਹਾਂ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ 9.20 ਕਰੋੜ ਤੇ 2012 ਦੀਆਂ ਚੋਣਾਂ ਦੌਰਾਨ ਆਪਣੀ ਚੱਲ-ਅਚੱਲ ਸੰਪਤੀ 6.75 ਕਰੋੜ ਰੁਪਏ ਦੱਸੀ ਹੈ। ਬਾਦਲ ਪਰਿਵਾਰ ਦੇ ਦੋਹਾਂ ਜੀਆਂ ਦੀ ਸੰਪਤੀ ਦੇ ਅੰਕੜੇ ਤਾਂ ਅਕਸਰ ਬਦਲਦੇ ਰਹਿੰਦੇ ਹਨ ਪਰ ਇਨ੍ਹਾਂ ਦੇ ਵਪਾਰਕ ਕੰਮਾਂ ਅਤੇ ਕੰਪਨੀਆਂ ਦੇ ਲੈਣ ਦੇਣ 'ਤੇ ਝਾਤ ਮਾਰੀ ਜਾਵੇ ਤਾਂ ਤੱਥ ਕੁਝ ਹੋਰ ਹੀ ਬਿਆਨ ਕਰਦੇ ਹਨ। ਕੰਪਨੀਆਂ ਦੀਆਂ ਸਾਂਝੇਦਾਰੀਆਂ ਅਤੇ ਡਾਇਰੈਕਟਰਾਂ ਦੇ ਨਾਮ ਮਿਲਦੇ ਹੋਣ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਪਰਿਵਾਰਾਂ ਦਰਮਿਆਨ ਰਿਸ਼ਤੇਦਾਰੀ ਦੇ ਨਾਲ-ਨਾਲ ਵਪਾਰਕ ਸਾਂਝ ਵੀ ਬੜੀ ਮਜ਼ਬੂਤ ਹੈ।

ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਸਾਲ 2007 ਵਿਚ 20.81 ਕਰੋੜ ਅਤੇ 2012 ਵਿਚ 51.23 ਕਰੋੜ ਰੁਪਏ ਦੀ ਜਾਇਦਾਦ ਦੱਸੀ ਸੀ। ਇਸੇ ਤਰ੍ਹਾਂ ਬਿਕਰਮ ਸਿੰਘ ਮਜੀਠੀਆ ਨੇ 2007 ਵਿਚ 9.16 ਤੇ 2012 ਵਿਚ 11.21 ਕਰੋੜ ਰੁਪਏ ਦੀ ਸੰਪਤੀ ਦਾ ਵੇਰਵਾ ਦਿੱਤਾ ਹੈ। ਪੜਚੋਲ ਕੀਤੀ ਗਈ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਪਰਿਵਾਰਾਂ ਦੇ ਟਰਾਂਸਪੋਰਟ, ਪ੍ਰਾਹੁਣਚਾਰੀ, ਮੀਡੀਆ, ਸਿਵਲ ਏਵੀਏਸ਼ਨ, ਬਿਜਲੀ, ਗੈਰ ਰਵਾਇਤੀ ਊਰਜਾ ਅਤੇ ਖੇਤੀਬਾੜੀ ਖੇਤਰ ਵਿਚ ਵਡੇਰੇ ਹਿੱਤ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਵਿਚ 27 ਕੰਮਾਂ ਦਾ ਕਾਰਜਭਾਰ ਸੰਭਾਲਿਆ ਹੋਇਆ ਹੈ। ਇਨ੍ਹਾਂ ਵਿਭਾਗਾਂ ਨਾਲ ਸਬੰਧਤ ਮੰਤਰੀ ਹੋਣ ਕਾਰਨ ਇਹ ਵਿਅਕਤੀ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿਚ ਵੀ ਬੈਠਦੇ ਹਨ ਅਤੇ ਵਿਭਾਗੀ ਫ਼ੈਸਲੇ ਵੀ ਕਰਦੇ ਹਨ। ਮੁੱਖ ਮੰਤਰੀ ਦੇ ਬਾਗ਼ੀ ਭਤੀਜੇ ਮਨਪ੍ਰੀਤ ਸਿੰਘ ਬਾਦਲ ਅਤੇ ਭਰਾ ਗੁਰਦਾਸ ਸਿੰਘ ਬਾਦਲ ਦਾ ਇਨ੍ਹਾਂ ਪਰਿਵਾਰਾਂ ਦੀਆਂ ਕੰਪਨੀਆਂ ਵਿਚ ਕੋਈ ਲੈਣ-ਦੇਣ ਨਜ਼ਰ ਨਹੀਂ ਆ ਰਿਹਾ।



ਬਿਕਰਮ ਸਿੰਘ ਮਜੀਠੀਆ ਤੇ ਸੁਖਬੀਰ ਸਿੰਘ ਬਾਦਲ

ਬਾਦਲ ਪਰਿਵਾਰ ਦੇ ਵਪਾਰ ਵਿਚ ਵੱਡਾ ਵਾਧਾ ਪ੍ਰਕਾਸ਼ ਸਿੰਘ ਬਾਦਲ ਦੇ ਸੂਬੇ ਦਾ ਚੌਥੀ ਵਾਰ ਮੁੱਖ ਮੰਤਰੀ ਬਣਨ ਤੋਂ ਬਾਅਦ 2007 'ਚ ਸ਼ੁਰੂ ਹੋਇਆ। ਟਰਾਂਸਪੋਰਟ ਵਿਚ ਬਾਦਲ ਪਰਿਵਾਰ ਦੀਆਂ ਪਹਿਲਾਂ ਸਿਰਫ਼ ਦੋ ਕੰਪਨੀਆਂ ਸਨ- ਔਰਬਿਟ ਟਰੈਵਲਜ਼ ਅਤੇ ਡਬਵਾਲੀ ਟਰਾਂਸਪੋਰਟ ਕੰਪਨੀ। ਇਸ ਸਮੇਂ ਪਰਿਵਾਰ ਦੀਆਂ 4 ਟਰਾਂਸਪੋਰਟ ਕੰਪਨੀਆਂ ਹਨ। ਇਨ੍ਹਾਂ ਵਿਚ ਔਰਬਿਟ ਏਵੀਏਸ਼ਨ, ਤਾਜ ਟਰੈਵਲਜ਼ ਲਿਮਟਿਡ, ਡਬਵਾਲੀ ਟਰਾਂਸਪੋਰਟ ਕੰਪਨੀ ਸ਼ਾਮਲ ਹਨ ਅਤੇ ਇੰਡੋ-ਕੈਨੇਡੀਅਨ ਟਰਾਂਸਪੋਰਟ ਕੰਪਨੀ ਪਿਛਲੇ ਸਾਲ ਹੀ ਖ਼ਰੀਦੇ ਜਾਣ ਦੀ ਚਰਚਾ ਹੈ। ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੇ ਲਗਜ਼ਰੀ ਬੱਸਾਂ ਦੇ ਖੇਤਰ ਵਿਚ ਹੀ ਸਰਦਾਰੀ ਕਾਇਮ ਨਹੀਂ ਕੀਤੀ ਸਗੋਂ ਸਮੁੱਚੇ ਟਰਾਂਸਪੋਰਟ ਵਪਾਰ 'ਤੇ ਇਕ ਤਰ੍ਹਾਂ ਨਾਲ ਕਬਜ਼ਾ ਕਾਇਮ ਕਰ ਲਿਆ ਹੈ। ਬਾਦਲ ਪਰਿਵਾਰ ਦਾ ਕੋਈ ਮੈਂਬਰ ਬੇਸ਼ੱਕ ਟਰਾਂਸਪੋਰਟ ਵਿਭਾਗ ਨੂੰ ਨਹੀਂ ਦੇਖਦਾ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਪੱਤਰ ਲਿਖ ਕੇ ਚੰਡੀਗੜ੍ਹ ਵਿਚ ਪ੍ਰਾਈਵੇਟ ਬੱਸਾਂ ਦੇ ਦਾਖ਼ਲੇ ਦੀ ਮੰਗ ਕੀਤੀ ਸੀ। ਯੂ.ਟੀ. ਵਿਚ ਬੱਸਾਂ ਦੇ ਦਾਖ਼ਲੇ ਦਾ ਸਭ ਤੋਂ ਜ਼ਿਆਦਾ ਲਾਭ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੂੰ ਹੀ ਹੋਇਆ।

ਭਾਰਤ ਸਰਕਾਰ ਦੇ ਕਾਰਪੋਰੇਟ ਮੰਤਰਾਲੇ ਤੋਂ ਪ੍ਰਾਪਤ ਦਸਤਾਵੇਜ਼ਾਂ ਮੁਤਾਬਕ 12 ਤੋਂ ਵੱਧ ਕੰਪਨੀਆਂ ਵਿਚ ਅਜਿਹੇ ਵਿਅਕਤੀਆਂ ਦੀ ਹਿੱਸੇਦਾਰੀ ਹੈ, ਜਾਂ ਉਹ ਡਾਇਰੈਕਟਰ ਹਨ ਜਿਹੜੇ ਇਸ ਪਰਿਵਾਰ ਦੇ ਇਰਦ-ਗਿਰਦ ਹੀ ਰਹਿੰਦੇ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪਰਿਵਾਰ ਦੀਆਂ ਕੰਪਨੀਆਂ ਨੇ ਸਰਕਾਰ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਫਾਇਦਾ ਲਿਆ ਹੈ। ਪਰਿਵਾਰ ਦੀਆਂ 4 ਟਰਾਂਸਪੋਰਟ ਕੰਪਨੀਆਂ ਤੋਂ ਬਿਨਾਂ ਜਿਹੜੀਆਂ ਹੋਰ ਕੁਝ ਕੰਪਨੀਆਂ ਹਨ, ਉਨ੍ਹਾਂ ਵਿਚ ਮੈਟਰੋ ਈਕੋ ਗਰੀਨ ਰਿਜ਼ੌਰਟ ਲਿਮਟਿਡ ਚੰਡੀਗੜ੍ਹ ਨੇੜੇ ਸੱਤ ਤਾਰਾ ਹੋਟਲ ਬਣਾ ਰਹੀ ਹੈ। ਇਸ ਕੰਪਨੀ ਵਿਚ ਸੁਖਬੀਰ ਬਾਦਲ ਦੇ 40 ਫ਼ੀਸਦੀ ਅਤੇ ਹਰਸਿਮਰਤ ਕੌਰ ਬਾਦਲ ਦੇ 54 ਫ਼ੀਸਦੀ ਸ਼ੇਅਰ ਹਨ। ਇਸ ਕੰਪਨੀ ਦੇ ਡਾਇਰੈਕਟਰਾਂ ਵਿਚ ਮੁਹੰਮਦ ਜਮੀਲ, ਲਖਵੀਰ ਸਿੰਘ ਅਤੇ ਹਰੀਸ਼ ਦੱਤਾ ਦਾ ਨਾਮ ਸ਼ਾਮਲ ਹੈ। ਇਸ ਕੰਪਨੀ ਨੂੰ ਹੋਟਲ ਬਣਾਉਣ ਦੀ ਪ੍ਰਵਾਨਗੀ ਚੀਫ਼ ਟਾਊਨ ਪਲੈਨਰ ਨੇ ਦਿੱਤੀ ਹੈ ਅਤੇ ਇਸ ਵਿਭਾਗ ਦਾ ਕੰਮ ਖ਼ੁਦ ਸੁਖਬੀਰ ਬਾਦਲ ਦੇਖਦੇ ਹਨ। ਬਾਦਲ ਪਰਿਵਾਰ ਹਵਾਈ ਖੇਤਰ ਵਿਚ ਵੀ ਦਾਖ਼ਲ ਹੋ ਗਿਆ ਹੈ। ਸਾਲ 2007 ਵਿਚ ਔਰਬਿਟ ਏਵੀਏਸ਼ਨ ਹੋਂਦ ਵਿਚ ਆਈ। ਹਵਾਬਾਜ਼ੀ ਖੇਤਰ ਦੀ ਇਸ ਕੰਪਨੀ ਵਿਚ ਟਰਾਂਸਪੋਰਟ ਕੰਪਨੀ ਔਰਬਿਟ ਟਰੈਵਲਜ਼ ਦਾ ਰਲੇਵਾਂ 2010 ਵਿਚ ਕਰ ਦਿੱਤਾ ਗਿਆ। ਇਸ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਅਕਸਰ ਚਰਚਾ ਵਿਚ ਵੀ ਰਹਿੰਦੀਆਂ ਹਨ। ਕੰਪਨੀ ਸ਼ੁਰੂ ਕਰਨ ਸਮੇਂ ਔਰਬਿਟ ਏਵੀਏਸ਼ਨ ਕੰਪਨੀ ਵਿਚ ਸਤਿਆਜੀਤ ਸਿੰਘ ਮਜੀਠੀਆ, ਗੁਰਮਿਹਰ

(ਬਾਕੀ ਅਗਲੇ ਸਫੇ 'ਤੇ)

## ਪੱਤਰਕਾਰ ਦੇ ਘਰ ਉਤੇ ਹਮਲਾ

ਸੋਮਵਾਰ ਦੀ ਰਾਤ ਨੂੰ ਪੱਤਰਕਾਰ ਦਵਿੰਦਰ ਪਾਲ ਦੇ ਘਰ ਉਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ। ਪੈਟਰੋਲ ਨਾਲ ਭਰੀ ਹੋਈ ਬੋਤਲ ਜਿਸ ਦੇ ਮੂੰਹ ਉਤੇ ਬਲਦੀ ਲੀਰ ਫਸਾਈ ਹੋਈ ਸੀ, ਘਰ ਦੇ ਅੰਦਰ ਸੁੱਟੀ ਗਈ। ਸ਼ੀਸ਼ਾ ਟੁੱਟਣ ਦੀ ਆਵਾਜ਼ ਸੁਣ ਕੇ ਪੱਤਰਕਾਰ ਨੇ ਤੁਰੰਤ ਕਾਰਵਾਈ ਕੀਤੀ ਅਤੇ ਬਲਦੀ ਲੀਰ ਉਤੇ ਪਾਣੀ ਸੁੱਟਿਆ ਅਤੇ ਅੱਗ ਫੈਲਣ ਤੋਂ ਰੋਕ ਦਿੱਤੀ। ਫੋਨ ਕਰਨ 'ਤੇ ਦੋ ਹੋਮ ਗਾਰਡ ਜਵਾਨ ਘਰ ਪੁੱਜ ਗਏ, ਪਰ ਚੰਡੀਗੜ੍ਹ ਪੁਲਿਸ ਨੇ ਕਾਰਵਾਈ ਉਦੋਂ ਹੀ ਸ਼ੁਰੂ ਕੀਤੀ ਜਦੋਂ ਟ੍ਰਿਬਿਊਨ ਦੀ ਟੀਮ ਸਬੰਧਤ ਥਾਣੇ ਗਈ ਅਤੇ ਇਸ ਕੇਸ ਵਿਚ ਕੀਤੀ ਜਾ ਰਹੀ ਦੇਰੀ ਦਾ ਕਾਰਨ ਪੁੱਛਿਆ।

## ਟਰਾਂਸਪੋਰਟ

ਜਲੰਧਰ ਪੁਲੀਸ ਨੇ ਹਾਲ ਹੀ ਵਿਚ ਔਰਬਿਟ ਐਵੀਏਸ਼ਨ ਪ੍ਰਾਈਵੇਟ ਲਿਮਟਿਡ ਦੇ ਸਟਾਫ ਵਿਰੁੱਧ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਵਿਚ ਸਵਾਰੀਆਂ ਨੂੰ 'ਹਾਈਜੈਕ' ਕਰ ਕੇ ਲਿਜਾਣ 'ਤੇ ਐਫ.ਆਈ.ਆਰ. ਦਰਜ ਕੀਤੀ ਹੈ। ਔਰਬਿਟ ਐਵੀਏਸ਼ਨ ਪ੍ਰਾਈਵੇਟ ਲਿਮਟਿਡ ਉਨ੍ਹਾਂ ਟਰਾਂਸਪੋਰਟ ਕੰਪਨੀਆਂ ਵਿਚੋਂ ਇਕ ਹੈ ਜਿਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਹੋਰ ਕੰਪਨੀਆਂ ਵਿਚੋਂ ਇਕ (ਔਰਬਿਟ ਰਿਜ਼ੌਰਟਸ) ਰਾਹੀਂ ਵੱਡੀ ਰਾਸ਼ੀ ਲੱਗੀ ਹੋਈ ਹੈ। ਇਹ ਘਟਨਾ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਅਤੇ ਜਨਤਕ ਖੇਤਰ ਦੀਆਂ ਰੋਡ ਕਾਰਪੋਰੇਸ਼ਨਾਂ ਵਿਚਾਲੇ ਵਧ ਰਹੀ ਖਿੱਚੋਤਾਣ ਦੀ ਮਿਸਾਲ ਹੈ। ਰੋਡਵੇਜ਼ ਕਾਰਪੋਰੇਸ਼ਨਾਂ ਪੰਜਾਬ 'ਚ ਬੱਸ ਸੇਵਾਵਾਂ ਦੇ ਰਹੀਆਂ ਹਨ। ਸੁਖਬੀਰ ਬਾਦਲ ਦੀ ਸ਼ਮੂਲੀਅਤ ਵਾਲੀਆਂ ਟਰਾਂਸਪੋਰਟ ਕੰਪਨੀਆਂ ਨੇ ਕਿਵੇਂ ਪ੍ਰਾਈਵੇਟ ਟਰਾਂਸਪੋਰਟਰਾਂ ਵੱਲੋਂ ਚਲਾਈਆਂ ਜਾਂਦੀਆਂ 295 ਲਗਜ਼ਰੀ ਤੇ ਸੁਪਰ-ਲਗਜ਼ਰੀ ਬੱਸਾਂ ਵਿਚੋਂ ਅੱਧਿਓਂ ਵੱਧ ਇਨ੍ਹਾਂ ਦੀਆਂ ਕੰਪਨੀਆਂ ਦੀਆਂ ਹਨ। ਹੁਣ ਤੱਕ ਸੁਖਬੀਰ ਬਾਦਲ ਦੀ ਸ਼ਮੂਲੀਅਤ ਵਾਲੀਆਂ ਕੰਪਨੀਆਂ ਵੱਲੋਂ ਚਲਾਈਆਂ ਜਾਂਦੀਆਂ ਪ੍ਰਾਈਵੇਟ ਬੱਸਾਂ ਦੀ ਗਿਣਤੀ ਵਧ ਕੇ 230 ਤੋਂ ਟੱਪ ਗਈ ਹੈ।



2007 ਵਿਚ 40 ਤੋਂ ਘੱਟ ਬੱਸਾਂ ਦੇ ਮਾਲਕ ਬਾਦਲਾਂ ਲਈ ਇਹ ਵਾਧਾ 7 ਗੁਣਾਂ ਹੈ। 2007 ਵਿਚ ਇਨ੍ਹਾਂ ਦੀਆਂ ਕੇਵਲ ਦੋ ਕੰਪਨੀਆਂ ਡੱਬਵਾਲੀ ਟਰਾਂਸਪੋਰਟ ਕੰਪਨੀ (ਡੀ.ਟੀ.ਸੀ.) ਤੇ ਔਰਬਿਟ ਟਰਾਂਸਪੋਰਟ ਸਨ। ਸੁਖਬੀਰ ਬਾਦਲ ਤੇ ਉਸ ਦੇ ਸਹਾਇਕਾਂ ਦੇ ਅੱਜ ਕੱਲ੍ਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਘੱਟੋ-ਘੱਟ ਛੇ ਟਰਾਂਸਪੋਰਟ ਕੰਪਨੀਆਂ ਵਿਚ ਹਿੱਸੇ ਹਨ ਜਿਨ੍ਹਾਂ ਵਿਚ ਤਾਜ ਟਰੈਵਲਜ਼, ਹਰਗੋਬਿੰਦ ਟਰੈਵਲਜ਼ ਪ੍ਰਾਈਵੇਟ ਲਿਮਟਿਡ, ਸ਼ਾਨ-ਏ-ਪੰਜਾਬ ਤੇ ਇੰਡੋ-ਕੈਨੇਡੀਅਨ ਟਰਾਂਸਪੋਰਟ ਕੰਪਨੀ ਸ਼ਾਮਲ ਹਨ। ਇਸੇ ਦੌਰਾਨ ਬਾਦਲਾਂ ਦੀ ਫਲੈਗਸ਼ਿਪ ਟਰਾਂਸਪੋਰਟ ਕੰਪਨੀ ਔਰਬਿਟ ਟਰਾਂਸਪੋਰਟ (ਜਿਸ ਕੋਲ ਹੁਣ 61 ਰੂਟਾਂ ਦੇ ਪਰਮਿਟ ਹਨ) ਨੂੰ ਉਦੋਂ ਅਸਲੋਂ ਹੀ ਖੰਭ ਲੱਗ ਗਏ ਜਦੋਂ 2010 ਵਿਚ (ਔਰਬਿਟ ਟਰਾਂਸਪੋਰਟ) ਔਰਬਿਟ ਐਵੀਏਸ਼ਨ ਵਿਚ ਸ਼ਾਮਲ ਹੋ ਗਈ। ਇਹ ਕੰਪਨੀ ਜੂਨ 2007 ਵਿਚ ਹੀ ਸ਼ੁਰੂ ਕੀਤੀ ਗਈ ਸੀ ਅਤੇ ਪੰਜਾਬ 'ਚ ਅਕਾਲੀ-ਭਾਜਪਾ ਦੀ ਸਰਕਾਰ ਬਣਿਆਂ ਮਹਿਜ਼ ਤਿੰਨ ਮਹੀਨੇ ਹੋਏ ਸਨ। 2012 ਵਿਚ ਸੁਖਬੀਰ ਬਾਦਲ ਦੀ ਮਾਲਕੀ ਵਾਲੀ ਹੋਲਡਿੰਗ ਕੰਪਨੀ ਔਰਬਿਟ ਰਿਜ਼ੌਰਟਸ ਨੇ ਔਰਬਿਟ ਐਵੀਏਸ਼ਨ ਦਾ ਕੰਟਰੋਲ ਸਾਂਭ ਲਿਆ ਤੇ ਹੁਣ ਇਸ ਦੇ ਬਹੁਤੇ ਹਿੱਸੇ 'ਤੇ ਕਾਬਜ਼ ਹੈ। ਡੱਬਵਾਲੀ ਟਰਾਂਸਪੋਰਟ ਕੰਪਨੀ (ਕਰੀਬ 90 ਪਰਮਿਟਾਂ ਵਾਲੀ) ਵਿਚ ਸੁਖਬੀਰ ਬਾਦਲ ਦਾ ਵੱਡਾ ਹਿੱਸਾ (99.74 ਫੀਸਦੀ) ਹੈ ਅਤੇ ਇਸ ਦੇ ਡਾਇਰੈਕਟਰ ਪਰਿਵਾਰ ਦੇ ਵਫ਼ਾਦਾਰ ਮੁਹੰਮਦ ਜਮੀਲ ਤੇ ਮੁਹੰਮਦ ਰਫ਼ੀਕ ਹਨ। ਤਾਜ ਟਰੈਵਲਜ਼ ਦਾ ਮੁੱਢ ਜੂਨ 1998 'ਚ ਬੰਨ੍ਹਿਆ ਗਿਆ ਸੀ। ਲਖਵੀਰ ਸਿੰਘ ਦਾ ਇਸ ਵਿਚ 98.43 ਫੀਸਦੀ) ਹਿੱਸਾ ਹੈ। ਉਹ ਤੇ ਜਗਪਾਲ ਸਿੰਘ ਇਸ ਦੇ ਡਾਇਰੈਕਟਰ ਹਨ। ਤਾਜ ਟਰੈਵਲਜ਼ ਦੀ ਅੱਚਲ ਸੰਪਤੀ ਵਿਚ ਨਾ ਕੇਵਲ ਮਕਾਨ ਨੰਬਰ 256, ਸੈਕਟਰ-9, ਚੰਡੀਗੜ੍ਹ (ਬਾਦਲਾਂ ਦੀ ਪ੍ਰਾਈਵੇਟ ਰਿਹਾਇਸ਼) ਅਤੇ ਬਾਲਾਸਰ ਦੇ ਫਾਰਮ ਦੀ ਜ਼ਮੀਨ ਤੇ ਪਾਲਨਪੁਰ ਵਿਚਲੀ ਜ਼ਮੀਨ ਦਿਖਾਈ ਗਈ ਹੈ, ਬਲਕਿ ਸੁਖਬੀਰ ਬਾਦਲ ਦੀ 10 ਲੱਖ ਰੁਪਏ ਦੀ ਹਿੱਸਾ ਪਾਏ ਜਾਣ ਦੀ ਵਿਚਾਰ ਅਧੀਨ ਅਰਜ਼ੀ ਵੀ ਬੈਲੇਂਸ ਸ਼ੀਟ ਵਿਚ ਦਿਖਾਈ ਗਈ ਹੈ। ਇੰਡੋ-ਕੈਨੇਡੀਅਨ ਟਰਾਂਸਪੋਰਟ ਕੰਪਨੀ ਜੋ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਬੱਸਾਂ ਚਲਾਉਂਦੀ ਹੈ, ਇਹ ਵੀ 2012-13 ਵਿਚ ਬਾਦਲਾਂ ਨਾਲ ਜੁੜੇ ਕੁਝ ਲੋਕਾਂ ਨੇ ਐਕੁਆਇਰ ਕਰ ਲਈ ਸੀ।

ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਜੋ ਬਾਦਲਾਂ ਨਾਲ ਰਜਿਸਟਰਡ ਹਨ, ਦੇ ਕਾਰੋਬਾਰ ਵਿਚ ਬੇਹਿਸਾਬਾ ਵਾਧਾ ਹੋਇਆ, ਜਦਕਿ ਪੰਜਾਬ ਵਿਚ ਜਨਤਕ ਸੈਕਟਰ ਦੀਆਂ ਬੱਸਾਂ ਦਾ ਘਾਟਾ ਵਧਦਾ ਹੀ ਗਿਆ। ਪੰਜਾਬ ਰੋਡਵੇਜ਼ ਤੇ ਪਨਬੱਸ ਦੀਆਂ ਬੱਸਾਂ ਦੀ ਗਿਣਤੀ ਘਟਦੀ ਹੀ ਗਈ ਹੈ। 2011-12 ਵਿਚ ਸਰਕਾਰੀ ਬੱਸਾਂ 1908 ਸਨ ਜੋ 2013-14 ਵਿਚ 1662 ਰਹਿ ਗਈਆਂ। ਇਨ੍ਹਾਂ ਬੱਸਾਂ ਦਾ ਕੁੱਲ ਕਿਲੋਮੀਟਰ ਸਫਰ ਵੀ ਘਟ ਗਿਆ ਤੇ ਇਨ੍ਹਾਂ ਦੇ ਰੂਟ ਪਰਮਿਟ ਵੀ ਛਾਂਗ ਦਿੱਤੇ ਗਏ। ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੀਆਂ ਬੱਸਾਂ ਦੀ ਗਿਣਤੀ 2011-12 ਵਿਚ 1094 ਸੀ ਜੋ ਹੁਣ 1003 ਰਹਿ ਗਈ ਹੈ। ਇਨ੍ਹਾਂ ਦੇ ਕਿਲੋਮੀਟਰ ਵੀ ਘਟੇ ਹਨ। 2007 ਤੱਕ ਬਾਦਲਾਂ ਦੀਆਂ ਕੰਪਨੀਆਂ ਦੀਆਂ ਬੱਸਾਂ ਛੋਟੇ ਰੂਟਾਂ 'ਤੇ ਚਲਦੀਆਂ ਸਨ, ਹੁਣ ਇਹ ਕੰਪਨੀਆਂ ਸੂਬਾਈ ਸਰਹੱਦਾਂ ਵੀ ਟੱਪ ਗਈਆਂ ਹਨ।

ਨਵੇਂ ਪਰਮਿਟ ਖਰੀਦਣ ਤੋਂ ਇਲਾਵਾ ਇਹ ਕੰਪਨੀਆਂ ਹੋਰ ਪ੍ਰਾਈਵੇਟ ਟਰਾਂਸਪੋਰਟਰਾਂ ਤੋਂ ਪਰਮਿਟ 'ਖਰੀਦਣ' ਵਿਚ ਵੀ ਕਾਫੀ ਸਰਗਰਮ ਰਹੀਆਂ। ਅਜਿਹਾ ਦਸੰਬਰ 2012 ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਦੇ ਹੁਕਮਾਂ ਮਗਰੋਂ ਤੇਜ਼ੀ ਨਾਲ ਕੀਤਾ ਗਿਆ। ਹਾਈ ਕੋਰਟ ਨੇ ਨਵੇਂ ਪਰਮਿਟ ਜਾਰੀ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਸੀ। 2007 ਵਿਚ ਕੁੱਲ 24 ਪਰਮਿਟ ਖਰੀਦੇ ਗਏ। ਇਨ੍ਹਾਂ ਵਿਚੋਂ 12 ਡੀ.ਟੀ.ਸੀ. ਲਈ ਅਤੇ 12 ਔਰਬਿਟ ਲਈ ਸਨ।

ਸਿੰਘ ਮਜੀਠੀਆ (ਉਪ ਮੁੱਖ ਮੰਤਰੀ ਦੇ ਸਹੁਰਾ ਤੇ ਸਾਲਾ), ਮੁਹੰਮਦ ਜਮੀਲ ਅਤੇ ਮੁਹੰਮਦ ਰਫ਼ੀਕ ਡਾਇਰੈਕਟਰ ਹਨ। ਸਾਲ 2011 ਵਿਚ ਗੁਰਮਿਹਰ ਸਿੰਘ ਅਤੇ ਸੁਖਮੰਜਸ ਮਜੀਠੀਆ ਦੇ ਸ਼ੇਅਰ ਨਹੀਂ ਰਹੇ। ਇਸ ਸਮੇਂ ਇਸ ਕੰਪਨੀ ਵਿਚ ਸੁਖਬੀਰ ਸਿੰਘ ਬਾਦਲ ਦੇ 5 ਹਜ਼ਾਰ ਸ਼ੇਅਰ ਹਨ ਅਤੇ ਜੀ ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ 'ਚ 41 ਲੱਖ ਸ਼ੇਅਰ ਹਨ। ਇਹ ਕੰਪਨੀ ਪੀ.ਟੀ.ਸੀ. ਨਿਊਜ਼ ਚੈਨਲ, ਪੀ.ਟੀ.ਸੀ. ਪੰਜਾਬੀ ਤੇ ਹੋਰ ਚੈਨਲ ਚਲਾ ਰਹੀ ਹੈ। ਬਾਦਲ ਪਰਿਵਾਰ ਦੇ ਸਮੁੱਚੇ ਵਪਾਰ ਵਿਚੋਂ ਸਭ ਤੋਂ ਵੱਡੀ ਕੰਪਨੀ ਔਰਬਿਟ ਰਿਜ਼ੌਰਟ ਕੰਪਨੀ ਹੈ। ਇਸ ਕੰਪਨੀ ਨੇ ਅੱਗੇ ਹੋਰਨਾਂ ਕਈ ਕੰਪਨੀਆਂ ਵਿਚ ਸ਼ੇਅਰ ਖ਼ਰੀਦੇ ਹੋਏ ਹਨ। ਇਸ ਕੰਪਨੀ ਵੱਲੋਂ ਨਵੀਂ ਦਿੱਲੀ ਦੇ ਨੇੜੇ ਬਹੁ-ਚਰਚਿਤ ਪੰਜ ਤਾਰਾ ਹੋਟਲ ਟਰਾਈਡੈਂਟ ਚਲਾਇਆ ਜਾ ਰਿਹਾ ਹੈ।

## ਕੈਰੋਂ ਪਰਿਵਾਰ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਧੀ ਪਰਨੀਤ ਕੌਰ ਭਾਵੇਂ ਸਿਆਸੀ ਦ੍ਰਿਸ਼ 'ਤੇ ਨਜ਼ਰ ਨਹੀਂ ਆਉਂਦੀ ਪਰ ਉਸ ਦੀ ਕੰਪਨੀ ਸ਼ਿਵਾਲਿਕ ਟੈਲੀਕਾਮ ਲਿਮਟਿਡ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਵੱਲੋਂ ਅਲਾਟ ਕੀਤੇ ਜਾਂਦੇ ਕੰਮਾਂ ਦਾ ਸਭ ਤੋਂ ਵੱਧ ਲਾਹਾ ਲੈਣ ਵਾਲੀਆਂ ਕੰਪਨੀਆਂ ਵਿਚ ਸ਼ਾਮਲ ਹੈ। ਅਕਸਰ ਇਹ ਕੰਮ ਨੇਮ ਤੋੜ-ਮਰੋੜ ਕੇ ਦਿੱਤੇ ਜਾਂਦੇ ਹਨ।

ਪਰਨੀਤ ਕੌਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਵਿਆਹੀ ਹੋਈ ਹੈ ਅਤੇ ਆਦੇਸ਼ ਪ੍ਰਤਾਪ, ਬਾਦਲ ਸਰਕਾਰ ਵਿਚ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਹਨ। ਸ਼ਿਵਾਲਿਕ ਟੈਲੀਕਾਮ ਲਿਮਟਿਡ ਦੀ ਮਾਲਕੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਮਾਂ ਕੁਸੁਮ ਕੁਮਾਰੀ ਅਤੇ ਪ੍ਰਨੀਤ ਕੌਰ ਕੋਲ ਹੈ ਜਦਕਿ ਪਰਨੀਤ ਕੌਰ, ਆਦੇਸ਼ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਮਾਤਾ ਇਸ ਕੰਪਨੀ ਦੇ ਹਿੱਸੇਦਾਰ ਹਨ। ਇਸ ਤੋਂ ਇਲਾਵਾ ਕੈਰੋਂ ਪਰਿਵਾਰ ਦੀਆਂ ਦੋ ਹੋਰ ਕੰਪਨੀਆਂ ਸ਼ਿਵਾਲਿਕ ਐਗਰੋ ਕੈਮੀਕਲਜ਼ ਅਤੇ ਸ਼ਿਵਾਲਿਕ ਇਲੈਕਟ੍ਰਿਕ ਇਕੁਇਪਮੈਂਟ ਕੰਪਨੀ ਪ੍ਰਾਈਵੇਟ ਲਿਮਟਿਡ ਵੀ ਹਨ। ਇਸ ਕੰਪਨੀ ਦੇ ਡਾਇਰੈਕਟਰ ਆਦੇਸ਼ ਪ੍ਰਤਾਪ ਕੈਰੋਂ ਤੇ ਕੁਸਮ ਕੁਮਾਰੀ ਹਨ ਜਦੋਂਕਿ ਸ਼ੇਅਰ ਹੋਲਡਿੰਗ ਸ੍ਰੀ ਕੈਰੋਂ ਤੇ ਪ੍ਰਨੀਤ ਕੌਰ ਕੈਰੋਂ ਦੀ ਹੈ। ਸ਼ਿਵਾਲਿਕ ਐਗਰੋ ਕੈਮੀਕਲਜ਼ ਦਾ ਮੁੱਖ ਕਾਰਜਕਾਰੀ ਅਫਸਰ ਉਦੈ ਕੈਰੋਂ ਹੈ। ਚੰਡੀਗੜ੍ਹ ਵਿਚ ਕੈਰੋਂ ਪਰਿਵਾਰ ਦੇ ਸਿਨਮਾਘਰ 'ਨੀਲਮ ਥਇਟਰ' ਵਿਚੋਂ ਕੰਪਨੀਆਂ ਦਾ ਕੰਮ ਚਲਦਾ ਹੈ।

ਪੰਜਾਬ ਸਰਕਾਰ ਵੱਲੋਂ ਕੁਝ ਤਜਾਰਤੀ ਸਮੂਹਾਂ ਸਮੇਤ ਕੈਰੋਂ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਨੂੰ ਕਰੀਬ 400 ਕਰੋੜ ਰੁਪਏ ਦੇ ਕੰਮ ਅਲਾਟ ਕੀਤੇ ਗਏ ਸਨ। ਇਨ੍ਹਾਂ ਵਿਚੋਂ ਬਹੁਤਾ ਕੰਮ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਹਿਲਾ ਨਾਂ ਪੰਜਾਬ ਰਾਜ ਬਿਜਲੀ ਬੋਰਡ) ਵੱਲੋਂ ਦਿੱਤੇ ਗਏ। ਬਿਜਲੀ ਵਿਭਾਗ ਖ਼ੁਦ ਮੁੱਖ ਮੰਤਰੀ ਕੋਲ ਸੀ। ਇਸੇ ਤਰ੍ਹਾਂ ਪਾਵਰਕੌਮ ਨੇ ਕੈਰੋਂ ਪਰਿਵਾਰ ਦੀ ਸ਼ਿਵਾਲਿਕ ਇਲੈਕਟ੍ਰਿਕ ਇਕੁਇਪਮੈਂਟ ਕੰਪਨੀ ਪ੍ਰਾਈਵੇਟ ਲਿਮਟਿਡ ਤੋਂ ਕਰੋੜਾਂ ਰੁਪਏ ਦੀ ਖਰੀਦੋ-ਫ਼ਰੋਖ਼ਤ ਵੀ ਕੀਤੀ ਸੀ।

2011-12 ਵਿਚ ਪਾਵਰਕੌਮ ਨੇ ਕੁੱਲ ਖਰਚ 'ਤੇ 50 ਫੀਸਦ ਸਬਸਿਡੀ ਹਾਸਲ ਕਰਨ ਲਈ ਬਿਜਲੀ ਹਰਜਿਆਂ (ਚੋਰੀ ਤੇ ਲਾਈਨ ਲਾਸੇਜ਼) ਨੂੰ 20 ਫੀਸਦ ਤੋਂ ਘਟਾ ਕੇ 15 ਫੀਸਦ 'ਤੇ ਲਿਆਉਣ ਲਈ ਜੁਲਾਈ 2008 ਵਿਚ ਸ਼ੁਰੂ ਕੀਤੀ ਕੇਂਦਰੀ ਸਕੀਮ (ਆਰ.ਏ.ਪੀ. ਡੀ.ਆਰ.ਪੀ.) ਤਹਿਤ ਪੰਜਾਬ ਦੇ ਵੱਖ-ਵੱਖ ਕਸਬਿਆਂ ਵਿਚ ਸਪਲਾਈ, ਗਡਾਈ, ਟੈਸਟਿੰਗ ਆਦਿ ਕਾਰਜਾਂ ਲਈ ਟੈਂਡਰ ਜਾਰੀ ਕੀਤੇ ਸਨ। ਸ਼ਿਵਾਲਿਕ ਟੈਲੀਕਾਮ ਆਪਣੇ ਤੌਰ 'ਤੇ ਇਹ ਕੰਮ ਪੂਰੇ ਕਰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਸੀ ਜਿਸ ਕਰ ਕੇ ਕੰਪਨੀ ਨੇ ਏ 2 ਜ਼ੈੱਡ ਮੇਨਟੀਨੈਂਸ ਇੰਜਨੀਅਰਿੰਗ ਸਰਵਿਸਿਜ਼ ਲਿਮਟਿਡ ਗੁੜਗਾਓਂ ਅਤੇ ਸਟਾਰ ਟਰਾਂਸਫਾਮਰਜ਼ ਲਿਮਟਿਡ, ਬਠਿੰਡਾ ਨਾਲ ਮਿਲ ਕੇ ਇਕ ਸਮੂਹ ਬਣਾਇਆ। ਇਹ ਕੰਮ ਵੀ ਬਿਜਲੀ ਟ੍ਰਾਂਸਮਿਸ਼ਨ ਅਤੇ ਵੰਡ ਨਾਲ ਸਬੰਧਤ ਸਨ। ਇਸ ਸਮੂਹ ਨੂੰ ਮਈ 2013 ਵਿਚ ਪਾਵਰਕੌਮ ਵੱਲੋਂ 15 ਕਸਬਿਆਂ ਵਿਚ ਕੁੱਲ 226.75 ਕਰੋੜ ਰੁਪਏ ਦੇ ਕੰਮ ਸੌਂਪੇ ਗਏ।

ਬਠਿੰਡਾ ਤੇ ਫਿਰੋਜ਼ਪੁਰ ਸਮੇਤ ਪੰਜਾਬ ਦੇ ਸਾਰੇ 15 ਕਸਬਿਆਂ ਵਿਚ ਇਸ ਕੰਮ ਦੀ ਸਮਾਂ ਸੀਮਾ ਦੇ ਨੇਮਾਂ ਦਾ ਪਾਲਣ ਨਹੀਂ ਹੋ ਰਿਹਾ। ਪਹਿਲਾਂ ਪੰਜਾਬ ਰਾਜ ਬਿਜਲੀ ਬੋਰਡ ਵੇਲੇ 6 ਮਾਰਚ 2009 ਨੂੰ ਸ਼ਿਵਾਲਿਕ ਟੈਲੀਕਾਮ ਲਿਮਟਿਡ ਅਤੇ ਓਸਵਾਲ ਕੇਬਲਜ਼ ਪ੍ਰਾਈਵੇਟ ਲਿਮਟਿਡ, ਜੈਪੁਰ ਨੂੰ 'ਤੁਹਾਡਾ ਆਪਣਾ ਟਿਊਬਵੈੱਲ' (ਓ.ਵਾਈ.ਟੀ.-3336 ਟਿਊਬਵੈੱਲ) ਸਕੀਮ ਤਹਿਤ 24.62 ਕਰੋੜ ਰੁਪਏ ਦੇ ਮੁੱਲ ਦੀ ਸਮੱਗਰੀ ਮੁਹੱਈਆ ਕਰਾਉਣ ਦੇ ਆਰਡਰ ਦਿੱਤੇ ਗਏ ਸਨ। ਸ਼ਿਵਾਲਿਕ ਟੈਲੀਕਾਮ ਲਿਮਟਿਡ ਨੂੰ ਮੁਕਤਸਰ ਅਤੇ ਬਾਦਲ ਸਰਕਲਾਂ ਅਧੀਨ ਸੇਮ ਮਾਰੇ ਖੇਤਰਾਂ ਵਿਚ 27 ਮਾਰਚ 2009 ਨੂੰ 4541 ਟਿਊਬਵੈੱਲ ਲਾਉਣ ਦੇ 34.21 ਕਰੋੜ ਰੁਪਏ ਦਾ ਕੰਮ ਸੌਂਪਿਆ ਗਿਆ ਸੀ। 2010 ਵਿਚ ਪੰਜਾਬ ਰਾਜ ਬਿਜਲੀ ਬੋਰਡ ਨੂੰ ਤਿੰਨ ਨਿਗਮਾਂ ਵਿਚ ਵੰਡਣ ਤੋਂ ਬਾਅਦ ਕੁਨਬਾਪਰਵਰੀ ਤੇਜ਼ ਹੋ ਗਈ।

ਪਾਵਰਕੌਮ ਨੇ ਐਲ.ਟੀ. ਲਾਈਨ ਨੂੰ 11 ਕੇ.ਵੀ. ਲਾਈਨ ਵਿਚ ਬਦਲਣ ਲਈ ਸਮੱਗਰੀ ਮੁਹੱਈਆ ਕਰਾਉਣ ਅਤੇ ਖੰਭੇ ਗੱਡਣ ਤੇ ਟੈਸਟਿੰਗ ਆਦਿ ਲਈ ਟੈਂਡਰ ਜਾਰੀ ਕੀਤਾ ਸੀ। 28 ਅਗਸਤ 2009 ਨੂੰ ਪਾਵਰਕੌਮ ਨੇ 479.30 ਕਰੋੜ ਰੁਪਏ ਦੇ ਟੈਂਡਰ ਖੋਲ੍ਹੇ ਸਨ। ਟੈਂਡਰ ਦੀ ਮੂਲ ਸ਼ਰਤ ਸੀ ਕਿ ਬੋਲੀ ਦੇਣ ਵਾਲੀਆਂ ਕੰਪਨੀਆਂ ਨੂੰ ਇਲੈਕਟ੍ਰੀਕਲ ਕਾਰਜਾਂ ਜਾਂ ਬਿਜਲੀ ਵਿਕਾਸ ਕਾਰਜਾਂ ਦਾ ਤਜਰਬਾ ਹੋਣਾ ਜ਼ਰੂਰੀ ਹੈ ਅਤੇ ਇਨ੍ਹਾਂ ਦਾ ਇਸ ਸਬੰਧੀ ਪਿਛਲੇ ਤਿੰਨ ਮਾਲੀ ਸਾਲਾਂ ਦੌਰਾਨ ਕੰਮ 30 ਕਰੋੜ ਤੋਂ ਘੱਟ ਨਹੀਂ ਹੋਣਾ ਚਾਹੀਦਾ, ਜਾਂ ਪਿਛਲੇ ਚਾਰ ਮਾਲੀ ਸਾਲਾਂ ਦੌਰਾਨ ਕੁੱਲ ਕਾਰੋਬਾਰ 100 ਕਰੋੜ ਤੋਂ ਘੱਟ ਨਹੀਂ ਹੋਣਾ ਚਾਹੀਦਾ। ਉਸ ਤੋਂ ਬਾਅਦ 22 ਸਤੰਬਰ 2009 ਨੂੰ ਟਰਨ ਓਵਰ ਦੀ ਸ਼ਰਤ 30 ਕਰੋੜ ਤੋਂ ਘਟਾ ਕੇ 4 ਕਰੋੜ ਰੁਪਏ ਅਤੇ ਕੁੱਲ ਟਰਨ ਓਵਰ ਦੀ ਸ਼ਰਤ 100 ਕਰੋੜ ਤੋਂ ਘਟਾ ਕੇ 8 ਕਰੋੜ ਰੁਪਏ ਕਰਕੇ ਨਵੇਂ ਟੈਂਡਰ ਜਾਰੀ ਕਰ ਦਿੱਤੇ ਗਏ।

ਇਹ ਟੈਂਡਰ ਇਕ ਮਹੀਨੇ ਦੇ ਅੰਦਰ ਹੀ ਦੁਬਾਰਾ ਕੱਢਿਆ ਗਿਆ ਜਿਸ ਨੇ ਸ਼ੱਕ ਪੈਦਾ ਕਰ ਦਿੱਤਾ। ਟੈਂਡਰ ਮੁਤਾਬਕ ਸ਼ਿਵਾਲਿਕ ਗਰੁੱਪ 10ਵੇਂ ਸਥਾਨ 'ਤੇ ਸੀ। ਸਭ ਤੋਂ ਉਪਰ ਜਿੰਦਲ ਟਰੇਡਰਜ਼ ਬਰਨਾਲਾ ਸੀ ਜਿਸ ਨੂੰ 41.69 ਕਰੋੜ ਰੁਪਏ ਦੇ ਆਰਡਰ ਮਿਲੇ। ਦੂਜੀ ਸਭ ਤੋਂ ਘੱਟ ਬੋਲੀ ਦੇਣ ਵਾਲੀ ਪੀ.ਕੇ.ਐਸ. ਇੰਜੀਨੀਅਰਿੰਗ ਪ੍ਰਾਈਵੇਟ ਲਿਮਟਿਡ ਪਟਿਆਲਾ ਨੂੰ 44.14 ਕਰੋੜ ਰੁਪਏ, ਤੀਜੇ ਸਥਾਨ 'ਤੇ ਐਸ.ਆਈ.ਪੀ.ਐਸ. ਪ੍ਰਾਈਵੇਟ ਲਿਮਟਿਡ ਨਵੀਂ ਦਿੱਲੀ ਨੂੰ 58.61 ਕਰੋੜ ਰੁਪਏ ਅਤੇ ਚੌਥੀ ਦਾਅਵੇਦਾਰ ਐਸ.ਸੀ.ਪੀ.ਐਲ. ਬਠਿੰਡਾ ਨੂੰ 56.66 ਕਰੋੜ ਰੁਪਏ, ਪੰਜਵੇਂ ਨੰਬਰ 'ਤੇ ਐਚ.ਆਰ. ਪਾਵਰ ਬਠਿੰਡਾ ਨੂੰ 33.51 ਕਰੋੜ ਰੁਪਏ, ਛੇਵੇਂ ਨੰਬਰ ਦੀ ਨਿਊਕੌਨ ਲੁਧਿਆਣਾ ਨੂੰ 57.91 ਕਰੋੜ ਰੁਪਏ, ਐਮ.ਕੇ.ਐਸ. ਪਟਿਆਲਾ ਨੂੰ 38.32 ਕਰੋੜ ਰੁਪਏ, ਅੱਠਵੇਂ ਨੰਬਰ 'ਤੇ ਪੀ.ਪੀ. ਇੰਡਸਟਰੀ, ਬਠਿੰਡਾ ਨੂੰ 43.91 ਕਰੋੜ ਰੁਪਏ ਅਤੇ ਨੌਵੇਂ ਨੰਬਰ 'ਤੇ ਅਗਰਵਾਲ ਸਟੀਲ ਟਰੇਡਰਜ਼ ਬਠਿੰਡਾ ਨੂੰ 6 ਕਰੋੜ ਰੁਪਏ ਦੇ ਆਰਡਰ ਮਿਲੇ; ਜਦਕਿ ਸਭ ਤੋਂ ਵੱਧ 64.59 ਕਰੋੜ ਰੁਪਏ ਦੇ ਆਰਡਰ ਦਸਵੇਂ ਨੰਬਰ 'ਤੇ ਸ਼ਿਵਾਲਿਕ ਟੈਲੀਕਾਮ ਲਿਮਟਿਡ ਨੂੰ ਮਿਲੇ ਤੇ 11ਵੇਂ ਨੰਬਰ 'ਤੇ ਡੀ.ਸੀ.ਪੀ. ਐਲ ਕੋਟਕਪੂਰਾ ਨੂੰ 33.79 ਕਰੋੜ ਰੁਪਏ ਦੇ ਆਰਡਰ ਮਿਲੇ। ਐਕਸੇਲਰੇਟਿਡ ਰਿਲੀਜ਼ ਆਫ ਟਿਊਬਵੈੱਲ ਕੁਨੈਕਸ਼ਨ (ਏ.ਆਰ.ਟੀ.ਸੀ.) ਨਾਂ ਦੀ ਸਕੀਮ ਤਹਿਤ ਟਿਊਬਵੈੱਲ ਲਾਗੇ ਟਰਾਂਸਫਾਰਮਰ ਲਾਉਣ ਲਈ ਟੈਂਡਰ ਜਾਰੀ ਕਰ ਦਿੱਤੇ ਗਏ। ਕੈਰੋਂ ਦੀ ਸ਼ਿਵਾਲਿਕ ਟੈਲੀਕਾਮ ਲਿਮਟਿਡ ਨੂੰ ਬਠਿੰਡਾ ਅਤੇ ਫਰੀਦਕੋਟ ਸਰਕਲਾਂ ਵਿਚ 37 ਕਰੋੜ ਰੁਪਏ ਮੁੱਲ ਦੇ 4183 ਟਿਊਬਵੈੱਲ ਲਾਉਣ ਦਾ ਠੇਕਾ ਦਿੱਤਾ ਗਿਆ।

## ਮਜੀਠੀਆ ਪਰਿਵਾਰ

ਬਾਦਲ ਅਤੇ ਕੈਰੋਂ ਪਰਿਵਾਰਾਂ ਤੋਂ ਇਲਾਵਾ ਮਜੀਠੀਆ ਪਰਿਵਾਰ ਦਾ ਵੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਲ ਕਾਰੋਬਾਰੀ ਲੈਣ-ਦੇਣ ਰਿਹਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਦੇ ਭਰਾ ਅਤੇ ਮਾਲ ਤੇ ਨਵਿਆਉਣਯੋਗ ਊਰਜਾ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਦੇ ਕਈ ਪ੍ਰੋਜੈਕਟਾਂ ਤੋਂ ਸਿੱਧਾ ਲਾਭ ਲਿਆ। ਮਜੀਠੀਆ ਪਰਿਵਾਰ ਦੀਆਂ ਬਹੁਤ ਸਾਰੀਆਂ ਕੰਪਨੀਆਂ ਵਿਚੋਂ ਇਕ ਸਰਾਇਆ ਇੰਡਸਟਰੀਜ਼ ਲਿਮਟਿਡ ਹੈ ਜੋ ਸੱਤਿਆਜੀਤ ਸਿੰਘ ਮਜੀਠੀਆ (ਬਿਕਰਮ ਮਜੀਠੀਆ ਦੇ ਪਿਤਾ) ਅਤੇ ਉਸ ਦੇ ਪੁੱਤਰ ਗੁਰਮਿਹਰ ਸਿੰਘ ਮਜੀਠੀਆ ਦੇ ਨਾਮ ਰਜਿਸਟਰਡ ਹੈ। ਕੰਪਨੀ ਦੇ ਚਾਰ ਮੁੱਖ ਸ਼ੇਅਰ ਹੋਲਡਰਾਂ ਵਿਚੋਂ ਇਕ ਬਿਕਰਮ ਸਿੰਘ ਮਜੀਠੀਆ ਹੈ ਜੋ 11.64 ਫੀਸਦੀ ਦਾ ਹਿੱਸੇਦਾਰ ਹੈ। ਇਹ ਕੰਪਨੀ ਭਾਵੇਂ 1980 ਵਿਚ ਹੋਂਦ ਵਿਚ ਆਈ ਸੀ, ਪਰ ਇਸ ਨੇ ਪੰਜਾਬ ਸਰਕਾਰ ਨਾਲ 12 ਦਸੰਬਰ 2008 ਨੂੰ ਸਮਝੌਤਾ ਸਹੀਬੰਦ ਕੀਤਾ ਸੀ। ਉਦੋਂ ਅਕਾਲੀ-ਭਾਜਪਾ ਸਰਕਾਰ ਬਣਿਆਂ ਇਕ ਸਾਲ ਤੋਂ ਵੀ ਘੱਟ ਸਮਾਂ ਹੋਇਆ ਸੀ। ਇਹ ਸਮਝੌਤਾ ਸਰਕਾਰ ਵੱਲੋਂ ਪੰਜਾਬ ਕੋਆਪ੍ਰੇਸ਼ਨ ਵਿਭਾਗ ਨੇ ਸਹੀਬੰਦ ਕੀਤਾ ਸੀ, ਪਰ ਇਹਦੇ ਲਈ ਰਾਹ ਬਣਾਉਣ ਵਾਲੀ ਏਜੰਸੀ ਪੀ.ਈ.ਡੀ.ਏ. (ਪੇਡਾ) ਹੀ ਸੀ। ਕੋ-ਜੈਨਰੇਸ਼ਨ ਲਈ ਸਮਝੌਤਾ 'ਪੇਡਾ' ਨਾਲ ਹੀ ਸਹੀਬੰਦ ਹੋਣਾ ਸੀ ਜਿਸ ਵਿਚ ਬਿਜਲੀ ਦੀ ਵੇਚ ਤੇ ਮਸ਼ੀਨਰੀ ਬਾਹਰੋਂ ਮੰਗਾਉਣਾ ਵੀ ਸ਼ਾਮਲ ਸੀ। ਇਹ ਉਹ ਵਿਭਾਗ ਸੀ ਜਿਸ ਨੇ ਹਰ ਕੰਮ ਲਈ ਬਿਕਰਮ ਮਜੀਠੀਆ ਨੂੰ ਰਿਪੋਰਟ ਕਰਨਾ ਸੀ।

ਇਸ ਸਮਝੌਤੇ ਤੋਂ ਮਗਰੋਂ 12 ਜਨਵਰੀ, 2009 ਨੂੰ ਅੱਠ ਖੰਡ ਮਿੱਲਾਂ ਨਾਲ ਸਮਝੌਤਾ ਕੀਤਾ ਗਿਆ। ਖੇਤੀ ਦੀ ਰਹਿੰਦ-ਖੂੰਹਦ ਖਾਸਕਰ ਗੰਨੇ ਦੀ ਖੋਈ (ਰਹਿੰਦ-ਖੂੰਹਦ) ਤੋਂ ਬਿਜਲੀ ਪੈਦਾ ਕਰਨ ਦਾ ਇਕ ਪ੍ਰੋਜੈਕਟ ਸੀ। ਕੁੱਲ ਮਿਲਾ ਕੇ ਇਸ ਪ੍ਰੋਜੈਕਟ ਤੋਂ 150 ਮੈਗਾਵਾਟ ਬਿਜਲੀ ਪੈਦਾ ਹੋਣੀ ਸੀ। ਕੋ-ਜੈਨਰੇਸ਼ਨ ਦਾ ਸੰਕਲਪ, ਸਹਿਕਾਰੀ ਖੇਤਰ ਵਿਚ ਨਾ ਕੇਵਲ ਖੰਡ ਮਿੱਲਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਸੀ, ਬਲਕਿ ਮਿੱਲਾਂ ਦੀ ਬਿਜਲੀ ਦੀ ਲੋੜ ਪੂਰੀ ਕਰਨ ਤੇ ਧਨ ਪੈਦਾ ਕਰਨ ਦੇ ਮਨਸ਼ੇ ਲਈ ਵੀ ਸੀ। ਕੰਪਨੀਆਂ ਨੇ ਬਿਲਟ, ਅਪਰੇਟ ਤੇ ਟਰਾਂਸਫਰ (ਬੀ.ਓ.ਓ.ਟੀ.) ਆਧਾਰ 'ਤੇ ਅੱਠ ਖੰਡ ਮਿੱਲਾਂ ਦੇ ਆਧੁਨਿਕੀਕਰਨ ਤੇ ਅਪਗਰੇਡਿੰਗ ਤੋਂ ਇਲਾਵਾ ਕੰਪਨੀਆਂ ਲਈ ਕੋ-ਜੈਨਰੇਸ਼ਨ ਪਲਾਂਟ ਲਾਉਣੇ ਲਾਜ਼ਮੀ ਸਨ। ਸ਼ੂਗਰਫੈੱਡ ਨਾਲ ਹੋਏ ਸਮਝੌਤੇ ਤਹਿਤ ਨਵਾਂਸ਼ਹਿਰ, ਅਜਨਾਲਾ, ਬਟਾਲਾ ਤੇ ਗੁਰਦਾਸਪੁਰ ਦੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਸਰਾਇਆ ਇੰਡਸਟਰੀਜ਼ ਨੇ ਕੋ-ਜੈਨਰੇਸ਼ਨ ਊਰਜਾ, ਪਲਾਂਟ ਮੁਹੱਈਆ ਕਰਾਉਣੇ ਸਨ। ਹੋਰ ਕਈ ਕੰਪਨੀਆਂ ਨੂੰ ਵੀ ਇਹੋ ਜਿਹੇ ਪ੍ਰੋਜੈਕਟ ਮਿਲੇ ਸਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਂਡ ਨਹਿਰ ਵਿਚੋਂ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ

**ਲੁਧਿਆਣਾ:** ਡੇਹਲੋਂ ਵਿਚੋਂ ਲੰਘਣ ਵਾਲੀ ਕੈਂਡ ਨਹਿਰ ਵਿਚੋਂ ਸਿੱਕੇ ਲੱਭ ਰਹੇ ਗੋਤਾਖੋਰਾਂ ਨੂੰ ਹਥਿਆਰ ਮਿਲੇ ਹਨ। ਉਨ੍ਹਾਂ ਨੇ ਤੁਰੰਤ ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਪੁਲਿਸ ਨੇ ਨਹਿਰ ਦੀ ਛਾਣਬੀਣ ਕੀਤੀ ਤਾਂ ਉਥੋਂ 10 ਰਾਕੇਟ ਲਾਂਚਰ, ਇਕ ਦੇਸੀ ਬੰਬ, ਏ.ਕੇ.-47, ਗੋਲੀਆਂ ਨਾਲ ਭਰੇ ਛੇ ਮੈਗਜ਼ੀਨ, ਏ.ਕੇ.-47 ਖਾਲੀ, ਇਕ ਕਾਰਬਾਇਨ ਬਿਨਾਂ ਨੰਬਰੀ, ਦੋ ਕੰਡਮ ਸਟੇਨਗਨ ਸਮੇਤ ਦੋ ਮੈਗਜ਼ੀਨ ਖਾਲੀ ਤੇ ਇਕ ਸ਼ਾਟਗੰਨ ਬਰਾਮਦ ਹੋਏ ਹਨ।

ਏ.ਡੀ.ਸੀ.ਪੀ.-3 ਸਤਵੀਰ ਸਿੰਘ ਨੇ ਦੱਸਿਆ ਕਿ ਪਿੰਡ ਜਗੇੜਾ ਵਾਸੀ ਹਾਕਮ ਸਿੰਘ ਤੇ ਪਿੰਡ ਲੁਹਾਰਾ ਵਾਸੀ ਅੰਗਦ ਕੁਮਾਰ ਕੈਂਡ ਨਹਿਰ ਵਿਚੋਂ ਸਿੱਕੇ ਲੱਭ ਰਹੇ ਸਨ। ਇਸੇ ਦੌਰਾਨ ਦੋਵਾਂ ਨੂੰ ਨਹਿਰ ਵਿਚੋਂ ਇਕ ਰਾਕੇਟ ਲਾਂਚਰ ਮਿਲਿਆ। ਪਹਿਲਾਂ ਤਾਂ ਉਹ ਦੋਵੇਂ ਡਰ ਗਏ ਪਰ ਫਿਰ ਦੋਹਾਂ ਨੇ ਰਾਕੇਟ ਲਾਂਚਰ ਪੁਲਿਸ ਨੂੰ ਦੇ ਦਿੱਤਾ। ਜਦੋਂ ਇਸ ਦੀ ਸੂਚਨਾ ਅਧਿਕਾਰੀਆਂ ਨੂੰ ਮਿਲੀ ਤਾਂ ਉਹ ਗੋਤਾਖੋਰਾਂ ਵੱਲੋਂ ਦੱਸੀ ਗਈ ਜਗ੍ਹਾ 'ਤੇ ਪੁੱਜੇ।

ਗੋਤਾਖੋਰਾਂ ਦੀ ਮਦਦ ਨਾਲ ਛਾਣਬੀਣ ਕੀਤੀ ਤਾਂ ਦੋ ਬੋਰਿਆਂ ਵਿਚ ਬੰਦ ਹਥਿਆਰਾਂ ਦਾ ਜ਼ਖੀਰਾ ਬਰਾਮਦ ਹੋਇਆ। ਪੁਲਿਸ ਨੇ ਇਸ ਮਾਮਲੇ ਵਿਚ ਜਾਂਚ ਸ਼ੁਰੂ ਕਰ ਦਿੱਤੀ। ਏ.ਡੀ.ਸੀ.ਪੀ. ਸਤਬੀਰ ਸਿੰਘ ਅਟਵਾਲ ਨੇ ਦੱਸਿਆ ਕਿ ਇਕ ਹਥਿਆਰ 'ਤੇ ਪਲਾਸਟਿਕ ਦਾ ਸਟਿੱਕਰ ਲੱਗਿਆ ਹੈ ਜਿਸ 'ਤੇ 'ਰਾਜ ਕਰੇਗਾ ਖਾਲਸਾ' ਲਿਖਿਆ ਹੋਇਆ ਹੈ।

# ਰਾਸ਼ਨ ਦੀ ਥਾਂ 'ਜ਼ਹਿਰ' ਵੰਡ ਰਹੀ ਪੰਜਾਬ ਸਰਕਾਰ

**ਫਰੀਦਕੋਟ:** ਪੰਜਾਬ ਸਰਕਾਰ ਆਟਾ ਦਾਲ ਸਕੀਮ ਤਹਿਤ ਜਿਹੜਾ ਰਾਸ਼ਨ ਵੰਡ ਰਹੀ ਹੈ, ਉਹ ਡੰਗਰਾਂ ਦੇ ਖਾਣ ਲਾਇਕ ਵੀ ਨਹੀਂ ਹੈ। ਸਟੇਟ ਫੂਡ ਐਂਡ ਡਰੱਗ ਲੈਬਾਟਰੀ ਵੱਲੋਂ ਕੀਤੀ ਗਈ ਜਾਂਚ ਤੋਂ ਸਾਬਤ ਹੋਇਆ ਹੈ ਕਿ ਆਟਾ ਦਾਲ ਸਕੀਮ ਤਹਿਤ ਵੰਡਿਆ ਗਿਆ ਅਨਾਜ ਮਨੁੱਖੀ ਵਰਤੋਂ ਦੇ ਯੋਗ ਨਹੀਂ ਸੀ ਤੇ ਇਸ ਵਿਚ ਕਾਫੀ ਨੁਕਸਾਨਦੇਹ ਸਮੱਗਰੀ ਮਿਲੀ ਹੋਈ ਸੀ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਦੇ ਪਿੰਡ ਮਚਾਕੀ ਖੁਰਦ ਦੇ ਕਈ ਬਾਸ਼ਿੰਦੇ ਆਟਾ ਦਾਲ ਸਕੀਮ ਦੀ ਸਮੱਗਰੀ ਖਾਣ ਕਾਰਨ ਬੀਮਾਰ ਹੋ ਗਏ ਸਨ ਤੇ ਉਸ ਤੋਂ ਬਾਅਦ ਸਿਹਤ ਵਿਭਾਗ ਦੀ ਟੀਮ ਨੇ 21 ਮਾਰਚ ਨੂੰ ਉਸ ਪਿੰਡ ਤੇ ਫਰੀਦਕੋਟ ਵਿਚ ਐਫ.ਸੀ.ਆਈ ਦੇ ਗੁਦਾਮ ਵਿਚੋਂ ਕਣਕ ਦੇ ਨਮੂਨੇ ਲਏ ਸਨ। ਪਿੰਡ ਦੇ ਇਕ ਗਰੀਬ ਬਾਸ਼ਿੰਦੇ ਨੇ ਨੌਂ ਮਾਰਚ ਨੂੰ ਫਰੀਦਕੋਟ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰੈਲੀ ਦੌਰਾਨ ਖਰਾਬ ਕਣਕ ਦੇ ਆਟੇ ਦੀਆਂ ਬਣੀਆਂ ਰੋਟੀਆਂ ਦਿਖਾਈਆਂ ਸਨ ਤੇ ਦੱਸਿਆ ਕਿ ਕਣਕ ਵਿਚੋਂ ਮੁਸ਼ਕ ਆਉਂਦੀ ਹੈ। ਇਸ 'ਤੇ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਮੱਗਰੀ ਦੀ ਜਾਂਚ ਕਰਾਉਣ ਦੇ ਹੁਕਮ ਦਿੱਤੇ ਸਨ। ਸਿਵਲ ਸਰਜਨ ਫਰੀਦਕੋਟ ਡਾ. ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸਟੇਟ ਫੂਡ ਐਂਡ ਡਰੱਗ ਲੈਬਾਰਟਰੀ ਤੋਂ ਰਿਪੋਰਟ ਮਿਲ ਗਈ ਹੈ ਤੇ ਅੱਗੋਂ ਫੂਡ ਸਪਲਾਈਜ਼ ਵਿਭਾਗ ਤੇ ਸੂਬਾ ਸਰਕਾਰ ਨੂੰ ਭੇਜੀ ਜਾਵੇਗੀ।

ਸੂਤਰਾਂ ਮੁਤਾਬਕ ਜਦੋਂ ਸਿਹਤ ਵਿਭਾਗ ਦੀ ਟੀਮ ਤੇ ਐਸ.ਡੀ.ਐਮ ਫਰੀਦਕੋਟ ਸ਼ਹਿਰ ਦੀ ਭੋਲੂਵਾਲਾ ਰੋਡ 'ਤੇ ਪੈਂਦੇ ਗੁਦਾਮ ਵਿਚੋਂ ਕਣਕ ਦੇ ਨਮੂਨੇ ਲੈਣ ਗਏ ਸਨ ਤਾਂ ਉਹ ਖੁੱਲ੍ਹੇ ਆਸਮਾਨ ਥੱਲੇ ਪਈਆਂ ਕਣਕ ਦੀਆਂ ਬੋਰੀਆਂ ਦੇਖ ਕੇ



ਦੰਗ ਰਹਿ ਗਏ ਸਨ। ਦੇਖਣ ਤੋਂ ਹੀ ਕਣਕ ਦੀ ਗੁਣਵੱਤਾ ਮਾੜੀ ਲੱਗਦੀ ਸੀ ਤੇ ਉਸ ਵਿਚ ਉੱਲੀ ਲੱਗੀ ਹੋਈ ਤੇ ਸੁੰਡੀਆਂ ਚੱਲ ਰਹੀਆਂ ਸਨ।

ਪਿੰਡ ਮਚਾਕੀ ਖੁਰਦ ਦੀ ਵਸਨੀਕਾਂ ਦਾ ਕਹਿਣਾ ਹੈ ਕਿ ਹਾਲਾਂਕਿ ਕਈ ਲੋਕਾਂ ਦੇ ਬਿਮਾਰ ਪੈਣ ਤੋਂ ਬਾਅਦ ਬਹੁਤੇ ਪਰਿਵਾਰਾਂ ਨੇ ਆਟਾ ਦਾਲ ਸਕੀਮ ਤਹਿਤ ਮਿਲੀ ਕਣਕ ਦੀ ਵਰਤੋਂ ਬੰਦ ਕਰ ਦਿੱਤੀ ਸੀ ਪਰ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਵੀ ਉਨ੍ਹਾਂ ਦੇ ਪਿੰਡ ਵਿਚ ਇਹ ਕਣਕ ਵੰਡੀ ਜਾ ਰਹੀ ਸੀ। ਜ਼ਿਲ੍ਹਾ ਫੂਡ ਸਪਲਾਈਜ਼ ਕੰਟਰੋਲਰ ਜਸਪ੍ਰੀਤ ਸਿੰਘ ਕਾਹਲੋਂ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੂੰ ਹਾਲੇ ਤੱਕ ਇਹ ਰਿਪੋਰਟ ਨਹੀਂ ਮਿਲੀ ਪਰ ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੂੰ ਵਧੀਆ ਕਿਸਮ ਦੀ ਕਣਕ ਹੀ ਵੰਡੀ ਜਾਂਦੀ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੋਟਾਂ ਲੈਣ ਲਈ ਆਟਾ ਦਾਲ ਸਕੀਮ ਦਾ ਬਹੁਤ ਪ੍ਰਚਾਰ ਕਰਦੀ ਹੈ ਪਰ ਇਹ ਨਹੀਂ ਦੇਖਦੀ ਕਿ ਵੰਡੀ ਜਾ ਰਹੀ ਕਣਕ ਲੋਕਾਂ ਦੇ ਖਾਣ ਲਾਇਕ ਵੀ ਹੈ ਜਾਂ ਨਹੀਂ।

# ਬਿਕਰਮ ਮਜੀਠੀਆ ਅਕਾਲੀ ਦਲ ਉਤੇ ਫਿਰ ਪਿਆ ਭਾਰੀ

*(ਸਫਾ ਇਕ ਦੀ ਬਾਕੀ)*

ਜਿੱਥੇ ਆਮ ਸਿੱਖ ਨੇ ਬੁਰਾ ਮਨਾਇਆ, ਉਥੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿਚ ਵੀ ਰੋਹ ਵੇਖਣ ਨੂੰ ਮਿਲਿਆ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਮਜੀਠੀਆ ਦੇ ਇਕੋ ਬਿਆਨ ਨੇ ਮੋਦੀ ਦੀਆਂ ਪੰਜਾਬ ਵਿਚ ਕੀਤੀਆਂ ਪੰਜ ਚੋਣ ਰੈਲੀਆਂ 'ਤੇ ਪਾਣੀ ਫੇਰ ਦਿੱਤਾ। ਇਸ ਵਾਰ ਸੱਤਾ ਵਿਰੋਧੀ ਲਹਿਰ ਕਰ ਕੇ ਅਕਾਲੀ-ਭਾਜਪਾ ਗੱਠਜੋੜ ਨੂੰ ਪਹਿਲਾਂ ਹੀ ਕਈ ਮੁੱਦਿਆਂ ਉਤੇ ਘੇਰਾ ਪਿਆ ਹੋਇਆ ਹੈ ਅਤੇ ਮਜੀਠੀਆ ਦੇ ਬਿਆਨ ਨੇ ਹਾਲਤ ਹੋਰ ਕਸੂਤੀ ਬਣਾ ਦਿੱਤੀ।

ਉਂਝ, ਬਿਕਰਮ ਸਿੰਘ ਮਜੀਠੀਆ ਨੇ ਮਾਮਲੇ ਨੂੰ ਸੰਭਲਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਅਗਲੇ ਹੀ ਦਿਨ ਚੁੱਪ-ਚੁਪੀਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਸੌਂਪ ਕੇ ਮੁਆਫ਼ੀ ਮੰਗੀ ਅਤੇ ਕਿਹਾ ਕਿ ਇਹ ਭੁੱਲ ਉਨ੍ਹਾਂ ਕੋਲੋਂ ਅਣਜਾਣੇ ਵਿਚ ਹੋਈ ਸੀ। ਇਹ ਮਾਮਲਾ ਉਸ ਵੇਲੇ ਹੋਰ ਤੂਲ ਫੜ ਗਿਆ ਜਦੋਂ ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰ ਭਾਈ ਕੁਲਵੰਤ ਸਿੰਘ ਸਮੇਤ ਪੰਜ ਪਿਆਰਿਆਂ ਨੇ ਹੁਕਮਨਾਮਾ ਜਾਰੀ ਕਰ ਕੇ ਮਜੀਠੀਆ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਪਰ ਬਾਅਦ ਵਿਚ ਮਜੀਠੀਆ ਦਾ ਮੁਆਫੀਨਾਮਾ ਕਬੂਲ ਕਰ ਲਿਆ ਗਿਆ।

ਅਕਾਲੀ-ਭਾਜਪਾ ਸਰਕਾਰ ਵਿਚ ਇਸ ਵੇਲੇ ਬਿਕਰਮ ਮਜੀਠੀਆ ਦੀ ਤੂਤੀ ਬੋਲਦੀ ਹੈ। ਪੰਜਾਬ ਵਿਚ ਕੋਈ ਵੀ ਕੰਮ ਉਸ ਦੇ ਇਸ਼ਾਰੇ ਤੋਂ ਬਿਨਾਂ ਨਹੀਂ ਹੋ ਸਕਦਾ। ਟਕਸਾਲੀ ਆਗੂ ਵੀ ਬਾਦਲਾਂ ਦੇ ਇਸ ਰਿਸ਼ਤੇਦਾਰ ਦਾ ਪਾਣੀ ਭਰਦੇ ਹਨ। ਉਂਝ ਵੀ ਮਜੀਠੀਆ ਅਕਸਰ ਵਿਵਾਦਾਂ ਵਿਚ ਰਹਿੰਦਾ ਹੈ। ਉਸ ਦਾ ਨਾਂ ਨਸ਼ਾ ਤਸਕਰੀ ਵਿਚ ਗੂੰਜਿਆ ਸੀ ਪਰ ਬਾਦਲਾਂ ਦਾ ਰਿਸ਼ਤੇਦਾਰ ਹੋਣ ਕਰ ਕੇ ਉਸ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ।

# ਪੰਜਾਬ ਵਿਚ ਬਦਲਣਗੇ ਸਿਆਸੀ ਸਮੀਕਰਨ

*(ਸਫਾ ਇਕ ਦੀ ਬਾਕੀ)*

(ਆਪ) ਦੇ ਉਭਾਰ, ਵੱਡੇ ਪੱਧਰ 'ਤੇ ਹੋਈਆਂ ਦਲਬਦਲੀਆਂ ਤੇ ਵੋਟਰਾਂ ਦੇ ਖਾਮੋਸ਼ ਤੇਵਰਾਂ ਕਾਰਨ ਚੋਣ ਨਤੀਜੇ ਹੈਰਾਨੀਜਨਕ ਆਉਣ ਦੀ ਸੰਭਾਵਨਾ ਹੈ।

ਪੰਜਾਬ ਦੇ ਚੋਣ ਇਤਿਹਾਸ ਵਿਚ ਪਹਿਲੀ ਵਾਰ ਸਿਆਸੀ ਪਾਰਟੀਆਂ ਤੇ ਆਮ ਜਨਤਾ ਵੱਲੋਂ ਸੋਸ਼ਲ ਮੀਡੀਆ ਵੱਟਸਐਪ, ਫੇਸਬੁੱਕ, ਵਾਈਬਰ, ਐਸ.ਐਮ.ਐਸ. ਤੇ ਈਮੇਲਜ਼ ਦੀ ਵਰਤੋਂ ਕਰਨ ਕਰ ਕੇ ਚੋਣਾਂ ਦੇ ਕਈ ਪਹਿਲੂਆਂ 'ਤੇ ਭਖਵੀਆਂ ਬਹਿਸਾਂ ਦਾ ਦੌਰ ਚੱਲਿਆ। ਇਨ੍ਹਾਂ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਦੇ ਸਟਾਰ ਪ੍ਰਚਾਰਕਾਂ ਦੇ ਭਾਸ਼ਣ, ਫਿਲਮ ਸਟਾਰਾਂ ਦਾ ਗਲੈਮਰ, ਵੱਡੀਆਂ ਚੋਣ ਰੈਲੀਆਂ ਤੇ ਰੋਡ ਸ਼ੋਅ ਵੀ ਸੋਸ਼ਲ ਮੀਡੀਆ ਰਾਹੀਂ ਚੋਣ ਸੁਨੇਹਿਆਂ ਦੇ ਹੜ੍ਹ ਅੱਗੇ ਬੌਣੇ ਬਣੇ ਰਹੇ। ਅਕਾਲੀ-ਭਾਜਪਾ ਗੱਠਜੋੜ ਭਾਵੇਂ ਕੇਂਦਰ ਦੀ ਯੂ.ਪੀ.ਏ. ਸਰਕਾਰ ਦੀਆਂ ਨਾਕਾਮੀਆਂ ਨੂੰ ਚੋਣਾਂ ਵਿਚ ਕੈਸ਼ ਕਰ ਕੇ ਕਾਂਗਰਸ ਨੂੰ ਮਾਤ ਦੇਣ ਲਈ ਮੈਦਾਨ ਵਿਚ ਨਿੱਤਰਿਆ ਪਰ ਇਸ ਦੇ ਉਲਟ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀਆਂ ਨਾਕਾਮੀਆਂ ਤੇ ਖਾਸ ਕਰ ਕੇ ਡਰੱਗ, ਬੇਰੁਜ਼ਗਾਰੀ, ਪੁਲਿਸ ਵਧੀਕੀਆਂ, ਭ੍ਰਿਸ਼ਟਾਚਾਰ, ਅਪ੍ਰੇਸ਼ਨ ਬਲੂ ਸਟਾਰ, ਸਿੱਖ ਕਤਲੇਆਮ ਦੇ ਮੁੱਦੇ ਚਰਚਾ ਦਾ ਅਹਿਮ ਵਿਸ਼ਾ ਬਣੇ ਜਿਸ ਕਰ ਕੇ ਸੱਤਾ ਧਿਰ ਦੀ ਹਾਲਤ ਕਸੂਤੀ ਬਣ ਗਈ। ਇਸ ਵਾਰ ਪੰਜਾਬ ਕਾਂਗਰਸ ਵੱਲੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਖਿਲਾਫ਼ ਬਠਿੰਡਾ ਲੋਕ ਸਭਾ ਹਲਕੇ ਤੋਂ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਨਾਲ ਚੋਣ ਸਮਝੌਤਾ ਕਰ ਕੇ ਮਨਪ੍ਰੀਤ ਸਿੰਘ ਬਾਦਲ ਨੂੰ ਮੈਦਾਨ ਵਿਚ ਉਤਾਰਨ ਦਾ ਦਾਅ ਖੇਡਿਆ ਗਿਆ। ਇਸ ਤੋਂ ਇਲਾਵਾ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਵੀ ਚੋਣ ਸਮਝੌਤਾ ਕਰ ਕੇ ਆਪਣੀ ਸਥਿਤੀ ਮਜ਼ਬੂਤ ਕੀਤੀ। ਇਨ੍ਹਾਂ ਚੋਣਾਂ ਵਿਚ ਸੀ.ਪੀ.ਆਈ. ਵੱਲੋਂ ਬਠਿੰਡਾ ਤੋਂ ਮਨਪ੍ਰੀਤ ਬਾਦਲ ਦੀ ਹਮਾਇਤ ਕਰਨੀ ਵੀ ਨਵਾਂ ਸਿਆਸੀ ਸਮੀਕਰਨ ਬਣਿਆ।

ਇਸ ਸਭ ਦੇ ਬਾਵਜੂਦ ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਤੀਜੀ ਧਿਰ ਵਜੋਂ ਵੋਟਰਾਂ ਨੇ ਵਿਆਪਕ ਸਮਰਥਨ ਦੇ ਕੇ ਕਾਂਗਰਸ ਤੇ ਅਕਾਲੀ-ਭਾਜਪਾ ਗਠਜੋੜ ਦੀ ਨੀਂਦ ਉਡਾ ਦਿੱਤੀ ਹੈ। 'ਆਪ' ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਭਗਵੰਤ ਮਾਨ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਗੁਰਦਾਸਪੁਰ ਤੋਂ ਸੁੱਚਾ ਸਿੰਘ ਛੋਟੇਪੁਰ, ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਲੁਧਿਆਣਾ ਤੋਂ ਐਚ.ਐਸ. ਫੂਲਕਾ, ਸ੍ਰੀ ਆਨੰਦਪੁਰ ਸਾਹਿਬ ਤੋਂ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਤੇ ਫਤਿਹਗੜ੍ਹ ਸਾਹਿਬ ਹਲਕੇ ਤੋਂ ਹਰਿੰਦਰ ਸਿੰਘ ਖਾਲਸਾ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ।

ਸਾਲ 1989 ਵਿਚ ਜੇਲ੍ਹ ਵਿਚੋਂ ਹੀ ਤਰਨ ਤਾਰਨ ਹਲਕੇ ਵਿਚ ਚੋਣ ਲੜ ਕੇ ਵੋਟਾਂ ਹਾਸਲ ਕਰਨ ਦਾ ਰਿਕਾਰਡ ਸਥਾਪਤ ਕਰਨ ਵਾਲੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਹੁਣ ਖਡੂਰ ਸਾਹਿਬ ਹਲਕੇ ਵਿਚ ਹੀ ਚੋਣ ਲੜਨ ਕਾਰਨ ਇਹ ਚੋਣਾਂ ਉਨ੍ਹਾਂ ਦੇ ਸਿਆਸੀ ਭਵਿੱਖ ਦਾ ਫੈਸਲਾ ਕਰਨਗੀਆਂ। ਬਹੁਜਨ ਸਮਾਜ ਪਾਰਟੀ (ਬਸਪਾ) ਨੇ ਸਾਰੀਆਂ 13 ਸੀਟਾਂ ਉਤੇ ਆਪਣੇ ਪੱਧਰ 'ਤੇ ਚੋਣ ਲੜੀ।

# ਮਜੀਠੀਆ ਦੇ ਨੇੜਲੇ ਸਾਥੀ ਸੰਨੀ ਗੁੱਡਵਿਲ ਦੀ ਮੌਤ

**ਲੁਧਿਆਣਾ:** ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਾਸਮ ਖਾਸ ਰਹੇ ਯੂਥ ਅਕਾਲੀ ਦਲ ਦੇ ਸਾਬਕਾ ਉਪ ਪ੍ਰਧਾਨ ਮਨਿੰਦਰਪਾਲ ਸਿੰਘ ਉਰਫ਼ ਸੰਨੀ ਗੁੱਡਵਿਲ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ। ਸੰਨੀ ਗੁੱਡਵਿਲ ਏ.ਆਈ.ਜੀ. ਸੁਰਿੰਦਰ ਸਿੰਘ ਮੰਡ 'ਤੇ ਹੋਏ ਹਮਲੇ ਦਾ ਮੁਲਜ਼ਮ ਸੀ। ਸੰਨੀ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਈ ਹੈ ਤੇ ਉਹ ਉਸ ਦਾ ਪੋਸਟਮਾਰਟਮ ਨਹੀਂ ਕਰਵਾਉਣਾ ਚਾਹੁੰਦੇ।

ਸੰਨੀ ਦੀ ਲਾਸ਼ ਨੀਲੀ ਪੈ ਜਾਣ ਕਾਰਨ ਪੁਲਿਸ ਨੇ ਸ਼ੱਕ ਜ਼ਾਹਰ ਕੀਤਾ ਕਿ ਉਸ ਦੀ ਮੌਤ ਜ਼ਹਿਰੀਲਾ ਪਦਾਰਥ ਨਿਗਲਣ ਨਾਲ ਹੋਈ ਹੈ। ਪੁਲਿਸ ਨੇ ਪੋਸਟਮਾਰਟਮ ਕਰਨ ਤੋਂ ਬਾਅਦ ਹੀ ਲਾਸ਼ ਵਾਰਸਾਂ ਹਵਾਲੇ ਕੀਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਸੰਨੀ ਗੁੱਡਵਿਲ ਨੂੰ ਦੇਰ ਰਾਤ ਉਸ ਦਾ ਦੋਸਤ ਘਰ ਦੇ ਬਾਹਰ ਛੱਡ ਕੇ ਗਿਆ ਸੀ। ਉਨ੍ਹਾਂ ਦੱਸਿਆ ਕਿ ਸੰਨੀ ਸਵੇਰੇ ਚਾਰ ਵਜੇ ਦੇ ਕਰੀਬ ਉਠਿਆ ਤੇ ਬਾਥਰੂਮ ਜਾਣ ਤੋਂ ਬਾਅਦ ਦੁਬਾਰਾ ਸੌਂ ਗਿਆ। ਸਵੇਰੇ ਕਰੀਬ 7 ਵਜੇ ਪਰਿਵਾਰ ਵਾਲਿਆਂ ਨੇ ਉਸ ਨੂੰ ਉਠਾਇਆ ਤਾਂ ਉਹ ਬੇਹੋਸ਼ ਸੀ। ਪਰਿਵਾਰ ਵਾਲੇ ਤੁਰੰਤ ਉਸ ਨੂੰ ਹਸਪਤਾਲ ਲੈ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤ ਐਲਾਨ ਦਿੱਤਾ। ਸੂਤਰਾਂ ਅਨੁਸਾਰ ਸੰਨੀ ਗੁੱਡਵਿਲ ਅੰਮ੍ਰਿਤਸਰ ਵਿਖੇ ਨਰਿੰਦਰ ਮੋਦੀ ਦੀ ਰੈਲੀ ਵਿਚ ਸ਼ਾਮਲ ਹੋਣ ਲਈ ਗਿਆ ਸੀ।

ਸੰਨੀ ਗੁੱਡਵਿਲ ਉਸ ਸਮੇਂ ਸੁਰਖੀਆਂ ਵਿਚ ਆਇਆ ਸੀ ਜਦੋਂ 25 ਦਸੰਬਰ, 2012 ਨੂੰ ਉਸ ਨੇ ਪੰਜਾਬ ਪੁਲਿਸ ਦੇ ਏ.ਆਈ.ਜੀ. ਐਸ.ਐਸ. ਮੰਡ ਤੇ ਐਨ.ਆਰ.ਆਈ. ਪਰਮਜੀਤ ਸਿੰਘ 'ਤੇ ਹਮਲਾ ਕੀਤਾ ਸੀ। ਇਸ ਕੁੱਟਮਾਰ ਵਿਚ ਐਸ.ਐਸ.ਪੀ. ਮੰਡ ਦੀ ਲੱਤ ਟੁੱਟ ਗਈ ਸੀ। ਇਸ ਮਾਮਲੇ ਵਿਚ ਪੁਲਿਸ ਨੇ ਮਨਿੰਦਰਪਾਲ ਸਿੰਘ ਉਰਫ਼ ਸੰਨੀ ਗੁੱਡਵਿਲ, ਰਿਸ਼ੀ ਬਾਂਡਾ ਤੇ ਅਮਨ ਖਿਲਾਫ਼ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਸੀ।

ਜਦੋਂ ਸੰਨੀ ਪੁਲਿਸ ਦੀ ਗ੍ਰਿਫ਼ਤ ਵਿਚ ਆਇਆ ਸੀ ਤਾਂ ਉਸ ਦੀ ਇਕ ਲੱਤ ਟੁੱਟੀ ਹੋਈ ਸੀ ਜਿਸ ਤੋਂ ਬਾਅਦ ਅਫ਼ਵਾਹਾਂ ਫੈਲੀਆਂ ਸਨ ਕਿ ਇਕ ਏ.ਆਈ.ਜੀ. ਨੇ ਉਸ ਦੀ ਲੱਤ ਤੋੜੀ ਹੈ, ਜਦੋਂ ਕਿ ਪੁਲਿਸ ਅਧਿਕਾਰੀਆਂ ਨੇ ਕਿਹਾ ਸੀ ਕਿ ਸੰਨੀ ਪੁਲਿਸ ਨੂੰ ਦੇਖ ਕੇ ਛੱਤ ਤੋਂ ਕੁੱਦਿਆ ਸੀ ਤੇ ਉਸ ਦੀ ਲੱਤ ਟੁੱਟ ਗਈ। ਸੰਨੀ ਕਰੀਬ ਅੱਠ ਮਹੀਨੇ ਤੱਕ ਜੇਲ੍ਹ ਵਿਚ ਬੰਦ ਰਿਹਾ ਸੀ ਤੇ ਬਾਅਦ ਵਿਚ ਜ਼ਮਾਨਤ 'ਤੇ ਬਾਹਰ ਆਇਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਲਿੰਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਮੇਰੇ ਨਾਂ 'ਤੇ ਫੰਡ ਇਕੱਠਾ ਕਰਨ ਵਾਲੇ ਬਾਜ਼ ਆਉਣ-ਕੇ. ਐਸ. ਮੱਖਣ

**ਅਨੰਦਪੁਰ ਸਾਹਿਬ (ਬਿਊਰੋ):** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਕੇ. ਐਸ. ਮੱਖਣ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਨਾਂ 'ਤੇ ਅਮਰੀਕਾ ਵਿਚ ਕੁਝ ਅਖੌਤੀ ਆਗੂਆਂ ਵਲੋਂ ਫੰਡ ਇਕੱਠਾ ਕੀਤਾ ਗਿਆ ਹੈ ਜਦਕਿ ਉਨ੍ਹਾਂ (ਕੇ. ਐਸ. ਮੱਖਣ) ਤੱਕ ਕੋਈ ਵੀ ਅਜਿਹੀ ਰਕਮ ਨਹੀਂ ਪਹੁੰਚੀ ਹੈ। ਉਨ੍ਹਾਂ ਅਜਿਹੇ ਆਗੂਆਂ ਨੂੰ ਬਾਜ਼ ਆਉਣ ਲਈ ਕਿਹਾ ਹੈ।



ਕੇ. ਐਸ. ਮੱਖਣ ਨੇ ਕਿਹਾ ਹੈ ਕਿ ਜੇ ਕਿਸੇ ਅਖੌਤੀ ਆਗੂ ਨੇ ਅਜਿਹਾ ਕੀਤਾ ਹੈ ਤਾਂ ਪਰਵਾਸੀ ਵੀਰ ਉਸ ਨੂੰ ਸਵਾਲ ਕਰ ਸਕਦੇ ਹਨ, ਕਿਉਂਕਿ ਮੈਂ ਪੈਸੇ ਦੀ ਨਹੀਂ, ਸਮਰਥਨ ਦੀ ਮੰਗ ਕਰਦਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਪਰਵਾਸੀ ਭਰਾ ਉਸ ਨਾਲ ਫੋਨ 91-98783-52394 'ਤੇ ਕਾਲ ਕਰ ਸਕਦੇ ਹਨ।

ਇਸੇ ਦੌਰਾਨ ਕੇ. ਐਸ. ਮੱਖਣ ਦੇ ਨਜ਼ਦੀਕੀ ਦੋਸਤ ਸ਼ੋਅ ਪ੍ਰੋਮੋਟਰ ਜੱਸੀ ਬੰਗਾ ਨੇ ਕਿਹਾ ਕਿ ਆਪੂੰ ਬਣੇ ਅਖੌਤੀ ਆਗੂ ਇਹੋ ਜਿਹੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣ। ਉਨ੍ਹਾਂ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕੋਈ ਕਿਸੇ ਦੇ ਨਾਂ 'ਤੇ ਡਾਲਰ ਇਕੱਠੇ ਕਰਦਾ ਹੈ ਤਾਂ ਉਸ ਤੋਂ ਹਿਸਾਬ-ਕਿਤਾਬ ਜ਼ਰੂਰ ਲਿਆ ਜਾਵੇ।


# ਲੋੜ ਹੈ

ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ

ਸੰਪਰਕ ਕਰੋ
661-364-0341


# ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਖਾਤਾ ਆਡਿਟ ਕਰਵਾਉਣ ਤੋਂ ਮੁੱਕਰੇ: ਬੇਏਰੀਆ ਸਿੱਖ ਅਲਾਇੰਸ

**ਫਰੀਮਾਂਟ (ਬਿਊਰੋ):** "ਨਾਰਥ ਅਮਰੀਕਾ ਵਿਚ ਅਹਿਮ ਥਾਂ ਰੱਖਣ ਵਾਲੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਸਟੇਜ ਤੋਂ ਝੂਠ ਨੂੰ ਸੱਚ ਬਣਾ ਕੇ ਦੱਸ ਰਹੇ ਹਨ। 30 ਅਪਰੈਲ ਤੱਕ ਆਡੀਟਰ ਲੈ ਕੇ ਆਡਿਟ ਕਰਨ ਦੀ ਪਾਈ ਗਈ ਅਰਜ਼ੀ ਦਾ ਨਾ ਸਿਰਫ ਅਜੇ ਤੱਕ ਜਵਾਬ ਹੀ ਦਿੱਤਾ ਗਿਆ, ਸਗੋਂ ਇਕ ਸਥਾਨਕ ਪੰਜਾਬੀ ਅਖਬਾਰ ਵਿਚ ਸੁਪਰੀਮ ਕੌਂਸਲ ਮੈਂਬਰਾਂ-ਭਾਈ ਤਰਸੇਮ ਸਿੰਘ, ਭਾਈ ਜਗਦੇਵ ਸਿੰਘ, ਭਾਈ ਲਖਵੀਰ ਸਿੰਘ, ਭਾਈ ਗੁਰਿੰਦਰ ਸਿੰਘ ਅਤੇ ਭਾਈ ਹਰਜੀਤ ਸਿੰਘ ਨੇ ਬਿਆਨ ਦੇ ਕੇ ਸਾਫ ਇਨਕਾਰ ਕਰ ਦਿੱਤਾ ਹੈ ਕਿ ਉਹ ਅਕਾਊਂਟ ਆਡਿਟ ਨਹੀਂ ਕਰਵਾਉਣਗੇ।"

ਇਹ ਦੋਸ਼ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਲਾਉਂਦਿਆਂ ਕਿਹਾ ਹੈ ਕਿ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਦੀ ਧਾਰਾ 11, ਸੈਕਸ਼ਨ 2.2 ਮੁਤਾਬਕ ਆਡਿਟਡ ਰਿਪੋਰਟ ਪੇਸ਼ ਕਰਨੀ ਹੁੰਦੀ ਹੈ ਪਰ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਖਾਤਾ ਆਡਿਟ ਕਰਵਾਉਣ ਤੋਂ ਮੁੱਕਰ ਰਹੇ ਹਨ। ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਸਵਾਲ ਕੀਤਾ ਹੈ ਕਿ ਜੇ ਪ੍ਰਬੰਧਕਾਂ ਨੂੰ ਅਕਾਊਂਟ ਵਿਚ ਕੋਈ ਹੇਰਾ-ਫੇਰੀ ਨਜ਼ਰ ਨਹੀਂ ਆਉਂਦੀ, ਫਿਰ ਉਹ ਆਡਿਟ ਕਰਵਾਉਣ ਤੋਂ ਕਿਉਂ ਭੱਜ ਰਹੇ ਹਨ?

ਬੇਏਰੀਆ ਸਿੱਖ ਅਲਾਇੰਸ ਦਾ ਕਹਿਣਾ ਹੈ ਕਿ 2014 ਦੀਆਂ ਚੋਣਾਂ ਦੌਰਾਨ ਦਿਤੇ ਵੇਰਵੇ ਮੁਤਾਬਕ ਗੁਰਦੁਆਰਾ ਸਾਹਿਬ ਦੇ ਹਿਸਾਬ ਵਿਚੋਂ 17 ਲੱਖ ਤੋਂ ਵੱਧ ਡਾਲਰ ਦਾ ਹਿਸਾਬ ਅਕਾਊਂਟ ਵਿਚੋਂ ਖੁਰਦ-ਬੁਰਦ ਹੈ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਪ੍ਰਬੰਧਕ ਅਕਾਊਂਟ ਆਡਿਟ ਕਰਵਾਉਣ ਤੋਂ ਮੁਕਰੇ ਹਨ। ਅਲਾਇੰਸ ਮੁਤਾਬਕ ਕੁਝ ਸਮਾਂ ਪਹਿਲਾਂ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਨੇ ਗੁਰਦੁਆਰਾ ਸਾਹਿਬ ਵਿਚ ਇਕ ਸੰਗਤ ਦੇ ਮੈਂਬਰ ਨੂੰ ਕੁਟਾਪਾ ਚਾੜ੍ਹਿਆ ਸੀ ਅਤੇ ਨਾਅਰਾ ਲਾਇਆ ਸੀ ਕਿ ਅਸੀਂ ਉਮਰ ਭਰ ਲਈ ਪੰਜ ਪਿਆਰੇ ਗੁਰੂ ਘਰ ਦੇ ਪੱਕੇ ਪ੍ਰਬੰਧਕ ਹਾਂ, ਜਿਸ ਦੀ ਅਗਵਾਈ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਭਾਈ ਜਸਜੀਤ ਸਿੰਘ ਨੇ ਕੀਤੀ ਸੀ। ਕੋਰਟ ਵਿਚ ਕੇਸ ਚੱਲਿਆ ਸੀ ਤੇ ਗੁਰਦੁਆਰਾ ਸਾਹਿਬ ਦੇ ਲੱਖਾਂ ਡਾਲਰ ਵਕੀਲਾਂ ਤੇ ਰਸ਼ੀਵਰ ਨੂੰ ਦਿੱਤੇ ਗਏ ਸਨ। ਹੁਣ ਵੀ ਇਹੀ ਲੋਕ ਪ੍ਰਬੰਧਕਾਂ ਦੀ ਪਿੱਠ 'ਤੇ ਹਨ। ਸਿੱਖ ਅਲਾਇੰਸ ਨੇ ਸਪਸ਼ਟ ਕੀਤਾ ਹੈ ਕਿ ਪ੍ਰਬੰਧਕਾਂ ਨੂੰ ਆਡਿਟ ਹਰ ਹਾਲਤ ਵਿਚ ਕਰਵਾਉਣਾ ਪਵੇਗਾ ਅਤੇ ਜੇ ਪ੍ਰਬੰਧਕ ਆਨਾ-ਕਾਨੀ ਕਰਨਗੇ ਤਾਂ ਬੇਏਰੀਆ ਸਿੱਖ ਅਲਾਇੰਸ ਦੇ ਨੁਮਾਇੰਦੇ ਅਤੇ ਸਮਰਥਕ ਸੰਗਤ ਦੇ ਘਰ ਘਰ ਜਾ ਕੇ ਗੁਰੂ ਘਰ ਦਾ ਹਿਸਾਬ ਆਡਿਟ ਕਰਵਾਉਣ ਲਈ ਅਪੀਲ ਕਰਨਗੇ।



ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਬਿਆਨ ਵਿਚ ਕਿਹਾ ਹੈ ਕਿ ਗੁਰੂ ਘਰ ਦੀ ਜਨਰਲ ਬਾਡੀ ਮੀਟਿੰਗ 2014 ਵੀ ਕੋਰਮ ਪੂਰਾ ਨਾ ਹੋਣ ਕਾਰਨ ਫੇਲ੍ਹ ਰਹੀ, ਸਿਰਫ਼ 200 ਕੁ ਸੰਗਤ ਦੇ ਮੈਂਬਰ ਦੀਵਾਨ ਹਾਲ ਵਿਚ ਬੈਠੇ ਸਨ ਜਦਕਿ ਗੁਰਦੁਆਰਾ ਸਾਹਿਬ ਦੇ ਕਰੀਬ 12,000 ਮੈਂਬਰ ਹਨ। ਬਿਆਨ ਮੁਤਾਬਕ ਜਨਰਲ ਬਾਡੀ ਮੀਟਿੰਗ ਵਿਚ ਸੰਗਤ ਦਾ 1/5 ਹਿੱਸਾ ਹੋਣਾ ਜ਼ਰੂਰੀ ਸੀ ਜਿਸ ਮੁਤਾਬਕ ਘੱਟੋ ਘੱਟ 2400 ਮੈਂਬਰ ਹਾਜ਼ਰ ਚਾਹੀਦੇ ਸਨ ਜਦਕਿ ਗੁਰੂ ਘਰ ਦੇ ਹਾਲ ਵਿਚ ਸਿਰਫ਼ 1175 ਬੰਦੇ ਬੈਠ ਸਕਦੇ ਹਨ।

ਬੇਏਰੀਆ ਸਿੱਖ ਅਲਾਇੰਸ ਨੇ ਦੋਸ਼ ਲਾਇਆ ਹੈ ਕਿ ਪ੍ਰਬੰਧਕ ਜਾਣ-ਬੁਝ ਕੇ ਸੰਗਤ ਨੂੰ ਕੁਝ ਦੱਸਣਾ ਨਹੀਂ ਚਾਹੁੰਦੇ ਕਿ ਉਹ ਕੀ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਸਵਾਲ ਨਾ ਕਰ ਸਕੇ। ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਮੌਜੂਦਾ ਪ੍ਰਬੰਧਕ ਸੰਗਤ ਦੇ ਕਿਸੇ ਮੈਂਬਰ ਨੂੰ ਜਨਰਲ ਬਾਡੀ ਮੀਟਿੰਗ ਵਿਚ ਬੋਲਣ ਨਹੀਂ ਦਿੰਦੇ ਜੋ ਕਿ ਸੰਵਿਧਾਨ ਦੀ ਸ਼ਰੇਆਮ ਉਲੰਘਣਾ ਹੈ।


Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਮੋਦੀ ਸਰਕਾਰ ਨੇ ਹਜ਼ਾਰਾਂ ਸਿੱਖ ਕਿਸਾਨਾਂ ਨੂੰ ਉਜਾੜਿਆ: ਰਾਹੁਲ

**ਬਠਿੰਡਾ:** ਕੁੱਲ ਹਿੰਦ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਬਠਿੰਡਾ ਤੇ ਫਰੀਦਕੋਟ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਜਿੱਥੇ ਗੁਜਰਾਤ ਦੇ ਸਿੱਖ ਕਿਸਾਨਾਂ ਦੇ ਮਾਮਲੇ 'ਤੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ, ਉਥੇ ਉਨ੍ਹਾਂ ਨਸ਼ਿਆਂ ਦੇ ਮਾਮਲੇ ਵਿਚ ਰਾਜ ਦੀ ਅਕਾਲੀ-ਭਾਜਪਾ ਸਰਕਾਰ ਨੂੰ ਵੀ ਲੰਮੇ ਹੱਥੀਂ ਲਿਆ।

ਗੁਜਰਾਤ ਵਿਚ ਸਿੱਖ ਕਿਸਾਨਾਂ ਦੇ ਉਜਾੜੇ ਲਈ ਇਕ ਵਾਰ ਫਿਰ ਉਥੋਂ ਦੀ ਨਰਿੰਦਰ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਸੂਬੇ ਦੀ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਉਸ ਪਾਰਟੀ ਨਾਲ ਭਾਈਵਾਲੀ ਹੈ ਜਿਸ ਨੇ ਗੁਜਰਾਤ ਵਿਚ ਹਜ਼ਾਰਾਂ ਸਿੱਖ ਕਿਸਾਨ ਪਰਿਵਾਰਾਂ ਨੂੰ ਸੜਕ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਉਜਾੜੇ ਗਏ ਸਿੱਖ ਕਿਸਾਨਾਂ ਨੂੰ ਉਨ੍ਹਾਂ ਨੇ ਆਪਣੇ ਅੱਖੀਂ ਰੋਂਦਿਆਂ ਦੇਖਿਆ ਹੈ ਜੋ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਮਿਲਣ ਦਿੱਲੀ ਆਏ ਸਨ।



ਇਸ ਦੇ ਨਾਲ ਹੀ ਉਨ੍ਹਾਂ ਭਾਜਪਾ 'ਤੇ ਨਫ਼ਰਤ ਦੀ ਰਾਜਨੀਤੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਜਿੱਥੇ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਦੀ ਹੈ, ਉਥੇ ਭਾਜਪਾ ਲੋਕਾਂ ਵਿਚ ਵੰਡੀਆਂ ਪਾਉਣ ਨੂੰ ਤਰਜੀਹ ਦਿੰਦੀ ਹੈ। ਸ੍ਰੀ ਰਾਹੁਲ ਗਾਂਧੀ ਨੇ ਪੰਜਾਬ ਵਿਚ ਨਸ਼ਿਆਂ ਦੀ ਗੱਲ ਕਰਦਿਆਂ ਦ੍ਰਿੜ੍ਹ ਵਿਸ਼ਵਾਸ ਨਾਲ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਪੰਜਾਬ ਵਿਚੋਂ ਨਸ਼ਾ ਅਸੀਂ ਖਤਮ ਕਰਕੇ ਦਿਖਾਵਾਂਗੇ ਤੇ ਅਕਾਲੀ-ਭਾਜਪਾ ਸਰਕਾਰ ਵਾਂਗ ਇਸ ਦੀ ਜ਼ਿੰਮੇਵਾਰੀ ਕਿਸੇ ਹੋਰ 'ਤੇ ਨਹੀਂ ਪਾਵਾਂਗੇ।

## ਸੋਨੀਆ ਗਾਂਧੀ ਵੱਲੋਂ ਬਾਦਲਾਂ 'ਤੇ ਤਾਬੜਤੋੜ ਹਮਲੇ

**ਬਰਨਾਲਾ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸੰਗਰੂਰ ਹਲਕੇ ਤੋਂ ਪਾਰਟੀ ਉਮੀਦਵਾਰ ਵਿਜੈਇੰਦਰ ਸਿੰਗਲਾ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ ਤੇ ਦੇਸ਼ ਦੇ ਲੋਕਾਂ ਦਾ ਪੇਟ ਭਰਿਆ, ਉਹ ਅੱਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਨਸ਼ਿਆਂ ਦੇ ਗੁਲਾਮ ਹੋ ਕੇ ਰਹਿ ਗਏ ਹਨ। ਸੋਨੀਆ ਗਾਂਧੀ ਨੇ ਕਿਹਾ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਉਨ੍ਹਾਂ ਨੂੰ ਤਾਂ ਛੱਡੋ ਸਗੋਂ ਪਿੰਡਾਂ ਵਿਚ ਵੀ ਬਿਜਲੀ ਨਹੀਂ ਦਿੱਤੀ ਜਾ ਰਹੀ। ਖ਼ਜ਼ਾਨੇ ਦੀ ਖ਼ਰਾਬ ਹਾਲਤ ਦਾ ਮਸਲਾ ਉਠਾਉਂਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਮੁਲਾਜ਼ਮਾਂ ਨੂੰ ਤਿੰਨ-ਤਿੰਨ ਮਹੀਨਿਆਂ ਬਾਅਦ ਤਨਖ਼ਾਹਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਅਕਾਲੀਆਂ ਤੇ ਭਾਜਪਾ ਵਾਲਿਆਂ ਨੇ ਮਿਲ ਕੇ ਪੰਜਾਬ ਨੂੰ ਕੰਗਾਲ ਕਰ ਦਿੱਤਾ। ਕਿਸਾਨ ਕਣਕ ਦੀ ਫ਼ਸਲ ਨੂੰ ਵੇਚਣ ਲਈ ਮੰਡੀਆਂ ਵਿਚ ਰੁਲ ਰਿਹਾ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਸਿਰਫ਼ ਹਵਾਈ ਗੱਲਾਂ ਹੀ ਕਰ ਸਕਦੀ ਹੈ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਨਰਿੰਦਰ ਮੋਦੀ 'ਤੇ ਤਾਬੜਤੋੜ ਹਮਲੇ ਕਰਦਿਆਂ ਸੋਨੀਆ ਗਾਂਧੀ ਨੇ ਗੁਜਰਾਤ ਮਾਡਲ ਦੀ ਵੀ ਨੁਕਤਾਚੀਨੀ ਕੀਤੀ। ਕਾਂਗਰਸ ਦੇ ਚੋਣ ਮੈਨੀਫੈਸਟੋ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਆਪਣੇ ਪਿਛਲੇ ਸਾਰੇ ਵਾਅਦੇ ਪੂਰੇ ਕੀਤੇ ਤੇ ਹੁਣ ਵੀ ਸਰਕਾਰ ਬਣਨ 'ਤੇ ਦਲਿਤਾਂ, ਘੱਟ ਗਿਣਤੀਆਂ, ਬਜ਼ੁਰਗਾਂ ਨੂੰ ਹੋਰ ਸੁਵਿਧਾਵਾਂ ਤੇ ਨੌਜਵਾਨਾਂ ਲਈ ਰੁਜ਼ਗਾਰ ਦੇਣ ਲਈ ਠੋਸ ਕਦਮ ਚੁੱਕੇਗੀ। ਸੋਨੀਆ ਗਾਂਧੀ ਨੇ ਪੰਜਾਬ ਸਰਕਾਰ ਵੱਲੋਂ ਮੋਦੀ ਦੇ ਗੁਜਰਾਤ ਵਾਲਾ ਵਿਕਾਸ ਮਾਡਲ ਪੰਜਾਬ ਵਿਚ ਲਾਗੂ ਕਰਨ ਦੇ ਅਲਾਪੇ ਜਾ ਰਹੇ ਜਾਪ ਮੰਤਰ 'ਤੇ ਕਟਾਖ਼ਸ਼ ਕਰਦਿਆਂ ਕਿਹਾ ਕਿ ਜਿਥੇ ਪੰਜਾਹ ਸਾਲਾਂ ਤੋਂ ਖੇਤੀਬਾੜੀ ਕਰ ਰਹੇ ਸਿੱਖ ਕਿਸਾਨਾਂ ਦੀਆਂ ਜ਼ਮੀਨਾਂ ਖੁੱਸ ਰਹੀਆਂ ਹਨ। ਜਿਥੇ ਰੋਜ਼ਾਨਾ ਗਿਆਰਾਂ ਰੁਪਏ ਕਮਾਉਣ ਵਾਲਾ ਗਰੀਬੀ ਰੇਖਾ ਤੋਂ ਉਪਰ ਮੰਨਿਆ ਜਾ ਰਿਹਾ ਹੈ।

## ਸਾਬਕਾ ਡਿਪਟੀ ਸਪੀਕਰ ਪ੍ਰੋ. ਦਰਬਾਰੀ ਲਾਲ ਭਾਜਪਾ 'ਚ ਸ਼ਾਮਲ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਭਰਾ ਦਲਜੀਤ ਸਿੰਘ ਕੋਹਲੀ ਦੇ ਭਾਜਪਾ ਵਿਚ ਸ਼ਾਮਲ ਹੋਣ ਦੇ ਇਕ ਦਿਨ ਬਾਅਦ ਕਾਂਗਰਸ ਦੇ ਅੰਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਵਿਧਾਇਕ ਰਹੇ ਤੇ ਸਾਬਕਾ ਡਿਪਟੀ ਸਪੀਕਰ ਪ੍ਰੋ. ਦਰਬਾਰੀ ਲਾਲ ਭਾਜਪਾ ਵਿਚ ਸ਼ਾਮਲ ਹੋ ਗਏ। ਇਸ ਮੌਕੇ ਸ੍ਰੀ ਜੇਤਲੀ ਤੇ ਬਿਕਰਮ ਸਿੰਘ ਮਜੀਠੀਆ ਨੇ ਪ੍ਰੋ. ਦਰਬਾਰੀ ਲਾਲ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪ੍ਰੋ. ਦਰਬਾਰੀ ਲਾਲ ਉਨ੍ਹਾਂ ਦੇ ਪਿਤਾ ਸਮਾਨ ਹਨ ਤੇ ਉਨ੍ਹਾਂ ਦਾ ਅਕਾਲੀ-ਭਾਜਪਾ ਗਠਜੋੜ ਵਿਚ ਪੂਰਾ ਮਾਣ



ਸਨਮਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸੀਨੀਅਰ ਕਾਂਗਰਸ ਆਗੂ ਦੇ ਸ਼ਾਮਲ ਹੋਣ ਨਾਲ ਭਾਜਪਾ ਹੋਰ ਮਜ਼ਬੂਤ ਹੋਈ ਹੈ।

ਪ੍ਰੋ. ਦਰਬਾਰੀ ਲਾਲ ਨੇ ਕਿਹਾ ਕਿ ਉਹ ਦੇਸ਼ ਦੇ ਵੱਡੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਭਾਜਪਾ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਿਚ ਕਈ ਹੋਰ ਆਗੂ ਵੀ ਘੁਟਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਜੇਤਲੀ ਦੇ ਪਰਿਵਾਰ ਨਾਲ ਉਨ੍ਹਾਂ ਦੇ ਨੇੜਲੇ ਸਬੰਧ ਰਹੇ ਹਨ ਤੇ ਉਹ ਸਿਆਸਤ ਵਿਚ ਮਦਦ ਵੀ ਕਰਦੇ ਰਹੇ ਹਨ। ਸ੍ਰੀ ਜੇਤਲੀ ਬਾਰੇ ਉਨ੍ਹਾਂ ਕਿਹਾ ਕਿ ਉਹ ਸੂਝਵਾਨ ਤੇ ਤਜਰਬੇਕਾਰ ਆਗੂ ਹਨ ਜੋ ਜਿੱਤ ਪ੍ਰਾਪਤ ਕਰਕੇ ਅੰਮ੍ਰਿਤਸਰ ਦੇ ਵਿਕਾਸ ਲਈ ਯਤਨ ਕਰਨਗੇ।

ਉਨ੍ਹਾਂ ਦੋਸ਼ ਲਾਇਆ ਕਿ ਪਿਛਲੀ ਵਾਰ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀਆਂ ਟਿਕਟਾਂ ਵੇਚੀਆਂ ਗਈਆਂ ਸਨ ਜਿਸ ਕਾਰਨ ਕਈ ਯੋਗ ਉਮੀਦਵਾਰਾਂ ਨੂੰ ਚੋਣ ਨਹੀਂ ਲੜਾਈ ਗਈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵੇਲੇ ਉਹ ਇਹ ਖੁਲਾਸਾ ਕਰਨਗੇ ਕਿ ਕਿਨ੍ਹਾਂ ਆਗੂਆਂ ਨੇ ਪੈਸੇ ਦੇ ਕੇ ਕਾਂਗਰਸ ਦੀਆਂ ਟਿਕਟਾਂ ਖਰੀਦੀਆਂ ਸਨ। ਕਾਂਗਰਸ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ 'ਤੇ ਹਮਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਉਹ ਕਦੇ ਵਿਧਾਨ ਸਭਾ ਨਹੀਂ ਗਏ ਤਾਂ ਸੰਸਦ ਵਿਚ ਕਿਵੇਂ ਜਾਣਗੇ। ਪ੍ਰੋ. ਦਰਬਾਰੀ ਲਾਲ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਉਹ ਭਵਿੱਖ ਵਿੱਚ ਕੋਈ ਹੋਰ ਚੋਣ ਨਹੀਂ ਲੜਨਾ ਚਾਹੁੰਦੇ।

# ਪੰਜਾਬ ਵਿਚ ਚੋਣ ਪ੍ਰਚਾਰ ਕਰਨ ਨਾ ਆਏ ਡਾ. ਮਨਮੋਹਨ ਸਿੰਘ

**ਅੰਮ੍ਰਿਤਸਰ:** ਸਿੱਖ ਪ੍ਰਧਾਨ ਮੰਤਰੀ ਦੇ ਨਾਂ 'ਤੇ ਵੋਟਾਂ ਮੰਗਣ ਵਾਲੀ ਪੰਜਾਬ ਕਾਂਗਰਸ ਤੇ ਰਾਜ ਦੇ ਲੋਕ ਵੀ ਇਸ ਵਾਰ ਲੋਕ ਸਭਾ ਚੋਣਾਂ ਵਿਚ ਡਾ. ਮਨਮੋਹਨ ਸਿੰਘ ਦਾ ਨਾਂ ਭੁੱਲ ਗਏ ਹਨ ਜਦੋਂਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣੇ ਉਮੀਦਵਾਰ ਨਰਿੰਦਰ ਮੋਦੀ ਨੂੰ ਪੰਜਾਬ ਦੌਰੇ 'ਤੇ ਲਿਆ ਕੇ ਲਾਹਾ ਲੈਣ ਦਾ ਪੂਰਾ ਯਤਨ ਕੀਤਾ ਗਿਆ ਹੈ।

2009 ਵਿਚ ਲੋਕ ਸਭਾ ਚੋਣਾਂ ਸਮੇਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਭਾਰਤ ਦਾ ਗੌਰਵ' ਐਲਾਨਿਆ ਗਿਆ ਸੀ ਤੇ ਇਸ ਦਾ ਲਾਹਾ ਲੈਣ ਲਈ ਕਾਂਗਰਸ ਵੱਲੋਂ ਉਨ੍ਹਾਂ ਨੂੰ ਪੰਜਾਬ ਵਿਚ ਚੋਣ ਰੈਲੀਆਂ ਦੌਰਾਨ ਸੱਦਿਆ ਗਿਆ ਸੀ। ਉਸ ਮੌਕੇ ਉਨ੍ਹਾਂ ਅੰਮ੍ਰਿਤਸਰ ਤੇ ਖਡੂਰ ਸਾਹਿਬ ਲੋਕ ਸਭਾ ਹਲਕੇ ਵਿਚ ਰੈਲੀਆਂ ਨੂੰ ਸੰਬੋਧਨ ਕੀਤਾ ਸੀ।



ਆਪਣੇ ਸੰਬੋਧਨ ਦੌਰਾਨ ਉਨ੍ਹਾਂ ਆਪਣੇ ਆਪ ਨੂੰ ਅੰਮ੍ਰਿਤਸਰ ਵਾਸੀ ਦੱਸਦਿਆਂ ਆਪਣੇ ਜੀਵਨ ਨਾਲ ਸ਼ਹਿਰ ਦੀਆਂ ਜੁੜੀਆਂ ਯਾਦਾਂ ਦਾ ਜ਼ਿਕਰ ਕੀਤਾ ਸੀ ਜਿਸ ਨਾਲ ਸ਼ਹਿਰੀ ਸਿੱਖ ਪ੍ਰਭਾਵਿਤ ਹੋਏ ਸਨ। ਇਸ ਵਾਰ ਵੀ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਮੁਹਿੰਮ ਵਿਚ ਉਨ੍ਹਾਂ ਦੀ ਆਮਦ ਦੀ ਚਰਚਾ ਸੀ ਪਰ ਉਹ ਨਹੀਂ ਆਏ। ਪ੍ਰਧਾਨ ਮੰਤਰੀ ਦੇ ਰਿਸ਼ਤੇਦਾਰ ਏ.ਪੀ.ਐਸ. ਚੱਠਾ ਨੇ ਆਖਿਆ ਕਿ ਡਾ. ਮਨਮੋਹਨ ਸਿੰਘ ਵਿਰੋਧੀ ਧਿਰ ਵੱਲੋਂ ਕੀਤੇ ਗਏ ਸ਼ਬਦੀ ਹਮਲਿਆਂ ਤੋਂ ਮਾਯੂਸ ਹਨ। ਭਾਜਪਾ ਵੱਲੋਂ ਡਾ. ਮਨਮੋਹਨ ਸਿੰਘ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ ਗਏ ਹਨ ਜਿਸ ਵਿਚ ਉਨ੍ਹਾਂ ਨੂੰ ਕਠਪੁਤਲੀ ਪ੍ਰਧਾਨ ਮੰਤਰੀ ਤਕ ਆਖਿਆ ਗਿਆ ਹੈ। ਇਸੇ ਕਾਰਨ ਉਨ੍ਹਾਂ ਚੋਣ ਮੁਹਿੰਮ ਵਿਚ ਪਿਛਾਂਹ ਰਹਿਣ ਦਾ ਫੈਸਲਾ ਕੀਤਾ ਹੈ। ਚੋਣਾਂ ਦੇ ਸਮੇਂ ਹੀ ਪ੍ਰਧਾਨ ਮੰਤਰੀ ਦੇ ਸਾਬਕਾ ਮੀਡੀਆ ਸਲਾਹਕਾਰ ਸੰਜੇ ਬਾਰੂ ਤੇ ਸਾਬਕਾ ਕੇਂਦਰੀ ਕੋਇਲਾ ਸਕੱਤਰ ਪੀ.ਸੀ. ਪਾਰਖ ਦੀਆਂ ਆਈਆਂ ਕਿਤਾਬਾਂ ਨੇ ਵੀ ਮਾੜਾ ਅਸਰ ਪਾਇਆ।

ਉਨ੍ਹਾਂ ਆਖਿਆ ਕਿ ਡਾ. ਮਨਮੋਹਨ ਸਿੰਘ ਇਕ ਉਚੇ ਸੁੱਚੇ ਕਿਰਦਾਰ ਵਾਲੇ ਵਿਅਕਤੀ ਹਨ। ਉਨ੍ਹਾਂ ਨੇ ਦੇਸ਼ ਨੂੰ ਉਸ ਔਖੇ ਸਮੇਂ ਆਰਥਿਕ ਸੰਕਟ ਵਿਚੋਂ ਕੱਢਿਆ ਸੀ ਜਦੋਂ ਸਮੁੱਚਾ ਵਿਸ਼ਵ ਹੀ ਮੰਦੀ ਦੇ ਦੌਰ ਵਿਚੋਂ ਲੰਘ ਰਿਹਾ ਸੀ। ਉਨ੍ਹਾਂ ਦੇ ਇਨ੍ਹਾਂ ਗੁਣਾਂ ਨੂੰ ਸਾਰੇ ਭੁੱਲ ਗਏ ਹਨ। ਪੰਜਾਬ ਕਾਂਗਰਸ ਚੋਣ ਪ੍ਰਚਾਰ ਕਮੇਟੀ ਦੀ ਮੁਖੀ ਬੀਬੀ ਰਜਿੰਦਰ ਕੌਰ ਭੱਠਲ ਨੇ ਆਖਿਆ ਕਿ ਡਾ. ਮਨਮੋਹਨ ਸਿੰਘ ਲਈ ਪਾਰਟੀ ਵੱਲੋਂ ਕੁਝ ਥਾਵਾਂ 'ਤੇ ਪ੍ਰੋਗਰਾਮ ਪਹਿਲਾਂ ਹੀ ਉਲੀਕੇ ਗਏ ਸਨ ਤੇ ਉਹ ਇਨ੍ਹਾਂ ਰੁਝੇਵਿਆਂ ਕਾਰਨ ਮਸਰੂਫ ਰਹੇ। ਉਨ੍ਹਾਂ ਕਿਹਾ ਕਿ ਜੇਕਰ ਉਹ ਪੰਜਾਬ ਵਿਚ ਆਉਂਦੇ ਤਾਂ ਇਹ ਹੋਰ ਵੀ ਬਿਹਤਰ ਹੋਣਾ ਸੀ ਪਰ ਬਤੌਰ ਪ੍ਰਧਾਨ ਮੰਤਰੀ ਉਨ੍ਹਾਂ ਦੇ ਹੋਰ ਵੀ ਕਈ ਰੁਝੇਵੇਂ ਹਨ।

ਉੱਘੇ ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਨੇ ਆਖਿਆ ਕਿ ਉਹ ਮਹਿਸੂਸ ਕਰਦੇ ਹਨ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਆਮ ਸਿਆਸਤਦਾਨਾਂ ਵਾਂਗ ਨਹੀਂ ਹਨ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਚੋਣ ਮੁਹਿੰਮ ਦੇ ਰੁਝੇਵਿਆਂ ਤੋਂ ਦੂਰ ਰੱਖਿਆ ਹੈ। ਉਨ੍ਹਾਂ ਆਖਿਆ ਕਿ ਯੂ.ਪੀ.ਏ. ਸਰਕਾਰ ਦੇ ਸਮੇਂ ਵਾਪਰੇ ਘੁਟਾਲਿਆਂ ਨੇ ਡਾ. ਮਨਮੋਹਨ ਸਿੰਘ ਦੇ ਚੰਗੇ ਕੰਮਾਂ ਤੇ ਗੁਣਾਂ ਨੂੰ ਵੀ ਲੁਕੋ ਲਿਆ ਹੈ ਜਦੋਂਕਿ ਪ੍ਰਧਾਨ ਮੰਤਰੀ ਦਾ ਇਨ੍ਹਾਂ ਘੁਟਾਲਿਆਂ ਨਾਲ ਕੋਈ ਸਬੰਧ ਨਹੀਂ ਸੀ। ਉਨ੍ਹਾਂ ਆਖਿਆ ਕਿ ਉਹ ਇਕ ਚੰਗੇ ਇਨਸਾਨ ਤੇ ਚੰਗੇ ਸਿੱਖ ਹਨ। ਜੇਕਰ ਉਹ ਅੰਮ੍ਰਿਤਸਰ ਵਿਚ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਲਈ ਚੋਣ ਪ੍ਰਚਾਰ ਵਾਸਤੇ ਆਉਂਦੇ ਤਾਂ ਇਸ ਦਾ ਲਾਭ ਹੋਣਾ ਸੀ।

# ਜੇਤਲੀ ਦੇ ਚੋਣ ਪ੍ਰਚਾਰ 'ਚੋਂ ਨਵਜੋਤ ਸਿੱਧੂ ਰਹੇ ਗੈਰਹਾਜ਼ਰ

**ਅੰਮ੍ਰਿਤਸਰ:** ਤਿੰਨ ਵਾਰ ਸੰਸਦ ਮੈਂਬਰ ਰਹੇ ਨਵਜੋਤ ਸਿੰਘ ਸਿੱਧੂ ਨੂੰ ਭਾਜਪਾ ਵੱਲੋਂ ਬਿਨਾਂ ਕੋਈ ਠੋਸ ਕਾਰਨ ਦੱਸੇ ਟਿਕਟ ਨਾ ਦੇਣ ਦੇ ਫੈਸਲੇ 'ਤੇ ਪੰਜਾਬ ਵਿਚ ਭਾਜਪਾ ਦੀ ਚੋਣ ਪ੍ਰਚਾਰ ਮੁਹਿੰਮ ਤੋਂ ਦੂਰ ਰਹਿਣ ਦੀ ਉਨ੍ਹਾਂ ਦੀ ਕਾਰਵਾਈ ਨਾਲ ਭਾਜਪਾ ਉਮੀਦਵਾਰ ਅਰੁਣ ਜੇਤਲੀ ਦੀ ਚੋਣ ਪ੍ਰਚਾਰ ਮੁਹਿੰਮ ਪ੍ਰਭਾਵਿਤ ਹੋਈ। ਭਾਵੇਂ ਅਕਾਲੀ-ਭਾਜਪਾ ਗੱਠਜੋੜ 'ਸਭ ਅੱਛਾ ਹੈ' ਆਖਦਾ ਰਿਹਾ ਪਰ ਅੰਦਰੂਨੀ ਤੌਰ 'ਤੇ ਗੱਠਜੋੜ ਦੇ ਆਗੂ ਮੰਨਦੇ ਹਨ ਕਿ ਸਿੱਧੂ ਪ੍ਰੇਮੀ ਖੁੱਲ੍ਹ ਕੇ ਚੋਣ ਪ੍ਰਚਾਰ ਮੁਹਿੰਮ ਦੌਰਾਨ ਭਾਜਪਾ ਉਮੀਦਵਾਰ ਨਾਲ ਨਹੀਂ ਚੱਲੇ।



ਵਧੇਰੇ ਸਿੱਧੂ ਪ੍ਰੇਮੀ ਜਾਂ ਤਾਂ ਚੁੱਪ ਰਹੇ ਜਾਂ ਮਜਬੂਰੀ ਕਾਰਨ ਨਾਲ ਹੋਣ ਦਾ ਭੁਲੇਖਾ ਪਾਉਂਦੇ ਰਹੇ। ਕਈ ਸਿੱਧੂ ਸਮਰਥਕ ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਦੂਜੇ ਪਾਸੇ ਸ. ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਵੀ ਪੂਰਬੀ ਹਲਕੇ ਵਿਚ ਸਿਰਫ਼ ਭਾਜਪਾ ਕੌਂਸਲਰਾਂ ਦੇ ਵਾਰਡਾਂ ਵਿਚ ਹੀ ਚੋਣ ਪ੍ਰਚਾਰ ਕੀਤਾ ਗਿਆ। ਉਹ ਅਕਾਲੀ ਵਾਰਡਾਂ ਵਿਚ ਜਾਣ ਤੋਂ ਗੁਰੇਜ਼ ਕਰਦੇ ਰਹੇ ਤੇ ਇਸ ਦਾ ਪ੍ਰਭਾਵ ਸ੍ਰੀ ਜੇਤਲੀ ਦੀ ਚੋਣ ਮੁਹਿੰਮ 'ਤੇ ਪਿਆ।

ਇਸ ਬਾਰੇ ਡਾ. ਸਿੱਧੂ ਨੇ ਆਖਿਆ ਕਿ ਉਨ੍ਹਾਂ ਅਕਾਲੀ ਕੌਂਸਲਰਾਂ ਦੀਆਂ ਵਾਰਡਾਂ ਵਿਚ ਜਾਣ ਤੋਂ ਗੁਰੇਜ਼ ਕੀਤਾ ਕਿਉਂਕਿ ਅਕਾਲੀ ਕੌਂਸਲਰ ਉਨ੍ਹਾਂ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦੇ ਹਨ। ਹਲਕੇ ਵਿਚ ਚੋਣ ਪ੍ਰਚਾਰ ਸਬੰਧੀ ਲਾਏ ਗਏ ਬੋਰਡਾਂ, ਇਸ਼ਤਿਹਾਰਾਂ, ਬੈਨਰਾਂ 'ਤੇ ਵੀ ਹਲਕਾ ਵਿਧਾਇਕ ਦੀ ਤਸਵੀਰ ਤੱਕ ਨਹੀਂ ਲਾਈ ਗਈ ਸੀ ਜਦੋਂਕਿ ਉਨ੍ਹਾਂ ਨੇ ਭਾਜਪਾ ਤੇ ਅਕਾਲੀ ਕੌਂਸਲਰਾਂ ਦੀ ਆਂ ਵਾਰਡਾਂ ਵਿਚ ਵਿਕਾਸ ਲਈ ਇਕੋ ਜਿੰਨਾ ਖਰਚ ਕੀਤਾ। ਇਸੇ ਕਾਰਨ ਉਨ੍ਹਾਂ ਅਕਾਲੀ ਕੌਂਸਲਰਾਂ ਦੀਆਂ ਵਾਰਡਾਂ ਵਿਚ ਪ੍ਰਚਾਰ ਲਈ ਜਾਣ ਤੋਂ ਗੁਰੇਜ਼ ਕੀਤਾ। ਇਸ ਬਾਰੇ ਉਹ ਸਮੁੱਚੀ ਹਾਲਤ ਬਾਰੇ ਭਾਜਪਾ ਤੇ ਅਕਾਲੀ ਹਾਈ ਕਮਾਂਡ ਨੂੰ ਵੀ ਸੂਚਿਤ ਕਰ ਚੁੱਕੇ ਹਨ।

# ਹੁਣ ਪੰਜਾਬ ਬਾਰੇ ਫਿਕਰ ਕਰਨ ਸਿਆਸਤਦਾਨ: ਮਨਪ੍ਰੀਤ

**ਚੰਡੀਗੜ੍ਹ:** ਬਠਿੰਡਾ ਲੋਕ ਸਭਾ ਹਲਕੇ ਲਈ ਕਾਂਗਰਸ-ਪੀ.ਪੀ.ਪੀ. ਤੇ ਸੀ.ਪੀ.ਆਈ. ਦੇ ਸਾਂਝੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਬਠਿੰਡਾ ਖੇਤਰ ਦਾ ਵਿਕਾਸ ਗੁੜਗਾਉਂ ਵਾਂਗ ਕਰਾਏ ਜਾਣ ਦੇ ਚਾਹਵਾਨ ਹਨ। ਉਹ ਪੰਜਾਬ ਦੇ ਮਾਲਵਾ ਖੇਤਰ ਵਿਚ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾਣ ਲਈ ਤੁਰਕਮੇਨਿਸਤਾਨ-ਅਫਗਾਨਿਸਤਾਨ-ਪਾਕਿਸਤਾਨ-ਇੰਡੀਆ (ਟੀ.ਏ.ਪੀ.ਆਈ.) ਪਾਈਪ ਲਾਈਨ ਦੇ ਛੇਤੀ ਆਗ਼ਾਜ਼ ਲਈ ਜ਼ੋਰ ਪਾਉਣਗੇ।

ਇਹ ਪਾਈਪ ਲਾਈਨ ਫਾਜ਼ਿਲਕਾ ਕੋਲੋਂ ਲੰਘਣੀ ਹੈ। ਪਾਈਪ ਲਾਈਨ ਤੇ ਬਠਿੰਡਾ ਨੂੰ ਸਿੱਖਿਆ ਤੇ ਸਿਹਤ ਸੈਕਟਰ ਦਾ ਕੇਂਦਰ ਬਣਾਏ ਜਾਣ ਤੋਂ ਇਲਾਵਾ ਹਰ ਸਾਲ ਬਿਨਾਂ ਭ੍ਰਿਸ਼ਟਾਚਾਰ ਦੇ 7000 ਤੋਂ 10,000 ਨੌਕਰੀਆਂ ਦੇ ਮੌਕੇ ਬਣਾਏ ਜਾਣ ਦਾ ਟੀਚਾ ਰੱਖਦੇ ਹਨ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਸਿਆਸਤਦਾਨਾਂ ਨੂੰ ਪਹਿਲਾਂ ਆਪਣੇ 'ਤੇ ਪਾਬੰਦੀਆਂ ਲਾਉਣੀਆਂ ਪੈਣਗੀਆਂ। ਸਿਆਸਤਦਾਨ ਲਾਲ ਬੱਤੀ ਵਾਲੇ ਵਾਹਨ ਛੱਡਣ ਤੇ ਖੁਦ ਵਾਹਨ ਚਲਾਉਣ, ਜ਼ਿੰਮੇਵਾਰੀ ਤੇ ਸੰਜਮ ਨਾਲ ਚੱਲਣ ਤੇ ਆਪਣੇ ਆਪ ਉਤੇ ਬਹੁਤਾ ਖਰਚਾ ਨਾ ਕੀਤਾ ਜਾਵੇ। ਪੰਜਾਬ ਨੇ ਮੁਲਕ ਨੂੰ ਸਿਰੇ ਦੇ ਕਿਸਾਨ, ਸਨਅਤਕਾਰ ਤੇ ਸੈਨਿਕ ਦਿੱਤੇ ਪਰ ਫਿਰ ਵੀ ਇਹ ਥੱਲੇ ਨੂੰ ਆ ਰਿਹਾ ਹੈ। ਉਨ੍ਹਾਂ ਕਿਹਾ ਪੰਜਾਬ ਦੇ ਨੌਜਵਾਨ ਧੁੱਸ ਦੇ ਕੇ, ਹੂੰਝਾਂ ਮਾਰ-ਮਾਰ ਕੇ ਆਪਣਾ ਰਾਹ ਬਣਾਉਣ,



ਆਪਣਾ ਰੋਸ ਦਰਜ ਕਰਾਉਣ ਤੇ ਉਸਾਰੂ ਵਿਕਾਸ ਵਿਚ ਯੋਗਦਾਨ ਪਾਉਣ।

ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਸਿੱਖਿਆ ਸੈਕਟਰ ਵਿਚ ਪੈਸਾ ਲਾਉਣਾ ਬੰਦ ਕਰ ਦਿੱਤਾ ਹੈ। ਦਹਾਕਾ ਕੁ ਪਹਿਲਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਹੁਤ ਚੰਗੀ ਹੁੰਦੀ ਸੀ। ਵਿਦਿਆਰਥੀਆਂ ਵਿਚ ਹੁਨਰ ਦੀ ਘਾਟ ਹੈ ਤੇ ਅਧਿਆਪਕ ਵੀ ਬਣਦੀ ਕਾਬਲੀਅਤ ਨਹੀਂ ਰੱਖਦੇ। ਨਕਲ ਸਿੱਖਿਆ ਤੰਤਰ ਦਾ ਹਿੱਸਾ ਹੋ ਗਈ ਹੈ। ਕੋਈ ਵੀ ਸਿਆਸੀ ਪਾਰਟੀ ਸਿੱਖਿਆ ਸੈਕਟਰ ਵਿਚ ਧਨ ਨਹੀਂ ਲਾਉਣਾ ਚਾਹੁੰਦੀ। ਨਾ ਕੋਈ ਇੱਛਾ ਸ਼ਕਤੀ ਹੈ। ਇਸ ਦੇ ਸਿੱਟੇ 15 ਕੁ ਸਾਲਾਂ ਮਗਰੋਂ ਸਾਹਮਣੇ ਆਉਣਗੇ।

ਮਨਪ੍ਰੀਤ ਬਾਦਲ ਅਨੁਸਾਰ ਸਨਅਤੀਕਰਨ ਲਈ ਸਿਹਤਮੰਦ ਮਾਹੌਲ ਦੀ ਲੋੜ ਹੁੰਦੀ ਹੈ ਜੋ ਪੰਜਾਬ ਵਿਚ ਨਹੀਂ ਹੈ। 1966 ਤੋਂ ਪਹਿਲਾਂ ਪੰਜਾਬ ਸਨਅਤੀਕਰਨ ਦੇ ਉਸ ਦੌਰ ਵਿਚ ਸੀ ਜਦੋਂ ਲੋੜ ਆਧਾਰਤ ਸਨਅਤਾਂ ਲੱਗ ਰਹੀਆਂ ਸਨ। ਉਸ ਵੇਲੇ ਕਾਨੂੰਨ ਦਾ ਰਾਜ ਸੀ। 1990ਵਿਆਂ ਦੇ ਸ਼ੁਰੂ ਵਿਚ ਦੱਖਣੀ ਸੂਬੇ ਵਿਕਾਸ ਪੱਖੋਂ ਛਾਲਾਂ ਮਾਰ ਕੇ ਅੱਗੇ ਲੰਘ ਗਏ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਥਰਮਲ ਪਲਾਂਟ ਕੋਲਾ ਉਤਪਾਦਨ ਕਰਨ ਵਾਲੇ ਰਾਜਾਂ (ਬਿਹਾਰ-ਉੜੀਸਾ) ਵਿਚ ਲਾਉਣੇ ਚਾਹੀਦੇ ਹਨ ਤਾਂ ਕਿ ਢੋਆ-ਢੁਆਈ ਦੀ ਕੀਮਤ ਤੇ ਪ੍ਰਦੂਸ਼ਣ ਘੱਟੋ-ਘੱਟ ਕੀਤੇ ਜਾ ਸਕਣ।

# ਭਗਤ ਸਿੰਘ ਨੂੰ ਨਿਰਦੋਸ਼ ਸਿੱਧ ਕਰਨ ਲਈ ਪਟੀਸ਼ਨ

**ਲਾਹੌਰ:** ਲਾਹੌਰ ਐਸ.ਐਸ.ਪੀ. ਹੱਤਿਆ ਕੇਸ 'ਚ 1928 ਵਿਚ ਭਗਤ ਸਿੰਘ ਵਿਰੁੱਧ ਦਰਜ ਐਫ.ਆਈ.ਆਰ. ਦੀ ਕਾਪੀ ਮੰਗੀ ਗਈ ਹੈ ਤਾਂ ਕਿ ਇਸ ਬਾਂਕੇ ਸ਼ਹੀਦ ਦਾ ਨਿਰਦੋਸ਼ ਹੋਣਾ ਸਿੱਧ ਕੀਤਾ ਜਾ ਸਕੇ। ਪਟੀਸ਼ਨਰ ਇਮਤਿਆਜ਼ ਰਾਸ਼ਿਦ ਕੁਰੈਸ਼ੀ ਜੋ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਹਨ, ਨੇ ਪਟੀਸ਼ਨ ਪਾ ਕੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਵਿਰੁੱਧ ਦਰਜ ਐਫ.ਆਈ.ਆਰ. ਦੀ ਤਸਦੀਕਸ਼ੁਦਾ ਕਾਪੀ ਮੰਗੀ ਹੈ। ਉਨ੍ਹਾਂ ਵਿਰੁੱਧ ਇਹ ਕੇਸ ਉਸ ਵੇਲੇ ਦੇ ਐਸ.ਐਸ.ਪੀ. ਜੌਹਨ ਪੀ. ਸਾਂਡਰਸ ਦੀ ਹੱਤਿਆ ਦੇ ਮਾਮਲੇ ਵਿਚ ਦਰਜ ਹੋਇਆ ਸੀ।

ਅਦਾਲਤ ਨੇ ਹੁਣ ਪੁਲਿਸ ਨੂੰ ਹੁਕਮ ਦਿੱਤੇ ਹਨ ਕਿ ਕੁਰੈਸ਼ੀ ਨੂੰ ਐਫ.ਆਈ.ਆਰ. ਦੀ ਕਾਪੀ ਮੁਹੱਈਆ ਕਰਵਾਈ ਜਾਵੇ। ਸ੍ਰੀ ਕੁਰੈਸ਼ੀ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਪੁਲਿਸ ਨੂੰ ਅਦਾਲਤੀ ਹੁਕਮ ਦਿਖਾ ਕੇ ਐਫ.ਆਈ.ਆਰ. ਦੀ ਕਾਪੀ ਮੰਗੀ ਸੀ, ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਸੈਸ਼ਨ ਕੋਰਟ ਨੇ ਲਾਹੌਰ ਪੁਲਿਸ ਦੇ ਮੁਖੀ ਚੌਧਰੀ ਸ਼ਫੀਕ ਨੂੰ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਬਾਬਤ ਨੋਟਿਸ ਜਾਰੀ ਕੀਤਾ ਹੈ ਅਤੇ ਸੁਣਵਾਈ ਦੋ ਹਫਤੇ ਅੱਗੇ ਪਾ ਦਿੱਤੀ ਹੈ।

ਸ੍ਰੀ ਕੁਰੈਸ਼ੀ ਨੇ ਦੱਸਿਆ ਕਿ ਪੰਜਾਬ ਪੁਲਿਸ ਕਾਨੂੰਨੀ ਮਾਮਲਿਆਂ ਦੇ ਦਫਤਰ ਕੋਲ 1895 ਤੋਂ 1928 ਤੱਕ ਦਾ ਰਿਕਾਰਡ ਹੈ, ਪਰ ਪੁਲਿਸ ਨੇ 1928 ਦੀ ਐਸ.ਐਸ.ਪੀ. ਦੇ ਮਾਰੇ ਜਾਣ ਬਾਰੇ ਦਰਜ ਐਫ.ਆਈ.ਆਰ. ਉਸ ਨੂੰ ਨਹੀਂ ਦਿੱਤੀ। ਭਗਤ ਸਿੰਘ ਦਾ ਕੇਸ ਜਿਹੜੇ ਟ੍ਰਿਬਿਊਨਲ ਕੋਲ ਸੀ, ਉਸ ਦੇ ਵਿਸ਼ੇਸ਼ ਜੱਜਾਂ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਸੀ ਅਤੇ ਕੇਸ ਦੇ 450 ਗਵਾਹਾਂ ਨੂੰ ਸੁਣਿਆ ਨਹੀਂ ਗਿਆ ਸੀ।

ਭਗਤ ਸਿੰਘ ਦੇ ਵਕੀਲਾਂ ਨੂੰ ਉਨ੍ਹਾਂ ਦੀ ਜਿਰ੍ਹਾ ਵੀ ਨਹੀਂ ਸੀ ਕਰਨ ਦਿੱਤੀ ਗਈ। ਸ੍ਰੀ ਕੁਰੈਸ਼ੀ ਨੇ ਲਾਹੌਰ ਹਾਈ ਕੋਰਟ ਵਿਚ ਵੀ ਪਟੀਸ਼ਨ ਪਾ ਕੇ ਭਗਤ ਸਿੰਘ ਦਾ ਕੇਸ ਮੁੜ ਖੋਲ੍ਹਣ ਦੀ ਬੇਨਤੀ ਕੀਤੀ ਹੈ। ਲਾਹੌਰ ਹਾਈ ਕੋਰਟ ਨੇ ਇਹ ਕੇਸ ਵੱਡਾ ਬੈਂਚ ਕਾਇਮ ਕਰਨ ਲਈ ਚੀਫ ਜਸਟਿਸ ਕੋਲ ਭੇਜ ਦਿੱਤਾ ਹੈ।

# ਮੁਸਲਿਮ ਬ੍ਰਦਰਹੁੱਡ ਦੇ ਮੁਖੀ ਸਮੇਤ 683 ਨੂੰ ਮੌਤ ਦੀ ਸਜ਼ਾ

**ਕਾਹਿਰਾ:** ਮਿਸਰ ਦੀ ਅਦਾਲਤ ਨੇ ਮੁਸਲਿਮ ਬਰਦਰਹੁੱਡ ਦੇ ਮੁਖੀ ਮੁਹੰਮਦ ਬੈਦੀ ਅਤੇ ਉਨ੍ਹਾਂ ਦੇ 682 ਸਮਰਥਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਦੇ ਇਸ ਫ਼ੈਸਲੇ ਨਾਲ ਮਿਸਰ ਵਿਚ ਤਣਾਅ ਵਧ ਰਿਹਾ ਹੈ। ਯਾਦ ਰਹੇ ਕਿ ਪਿਛਲੇ ਸਾਲ ਮੁਸਲਿਮ ਬਰਦਰਹੁੱਡ ਨਾਲ ਸਬੰਧਤ ਰਾਸ਼ਟਰਪਤੀ ਮੁਹੰਮਦ ਮੁਰਸੀ ਨੂੰ ਸੱਤਾ ਤੋਂ ਲਾਹ ਦਿੱਤਾ ਗਿਆ ਸੀ।

ਬੈਦੀ ਅਤੇ ਸਮਰਥਕਾਂ 'ਤੇ 14 ਅਗਸਤ 2013 ਨੂੰ ਦੱਖਣੀ ਮਿਨਾਇਆ ਸੂਬੇ ਵਿਚ ਪੁਲਿਸ ਮੁਲਾਜ਼ਮਾਂ ਨੂੰ ਕਤਲ ਕਰਨ ਅਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ ਗਏ ਸਨ। ਉਸ ਦਿਨ ਪੁਲਿਸ ਨੇ ਕਾਹਿਰਾ 'ਚ ਸੱਤਾ ਤੋਂ ਲਾਹੇ ਰਾਸ਼ਟਰਪਤੀ ਦੇ ਸੈਂਕੜੇ ਸਮਰਥਕਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਜਿਨ੍ਹਾਂ 683 ਵਿਅਕਤੀਆਂ ਨੂੰ ਸਜ਼ਾ ਸੁਣਾਈ ਗਈ, ਉਨ੍ਹਾਂ ਚੋਂ 50 ਹਿਰਾਸਤ 'ਚ ਹਨ ਜਦਕਿ ਬਾਕੀ ਜ਼ਮਾਨਤ 'ਤੇ ਹਨ ਜਾਂ ਭੱਜੇ ਹੋਏ ਹਨ।

ਇਕ ਵੱਖਰੇ ਹੁਕਮ ਵਿਚ ਅਦਾਲਤ ਨੇ ਪਿਛਲੇ ਮਹੀਨੇ 529 ਦੋਸ਼ੀਆਂ ਨੂੰ ਦਿੱਤੀ ਮੌਤ ਦੀ ਸਜ਼ਾ 'ਚੋਂ 492 ਦੋਸ਼ੀਆਂ ਬਾਰੇ ਫ਼ੈਸਲੇ ਨੂੰ ਪਲਟਦੇ ਹੋਏ ਉਨ੍ਹਾਂ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਬਦਲ ਦਿੱਤੀ ਹੈ। 70 ਸਾਲਾ ਪ੍ਰੋਫੈਸਰ ਮੁਹੰਮਦ ਬੈਦੀ 2010 ਵਿਚ ਬ੍ਰਦਰਹੁੱਡ ਦਾ ਮੁੱਖ ਗਾਈਡ ਬਣਿਆ ਸੀ। ਉਸ ਨੇ ਮਿਸਰ ਫ਼ੌਜ ਵਲੋਂ ਰਾਸ਼ਟਰਪਤੀ ਮੁਰਸੀ ਨੂੰ ਸੱਤਾ ਤੋਂ ਹਟਾਉਣ ਦੀ ਨਿਖੇਧੀ ਕੀਤੀ ਸੀ।

# ਕਤਲੇਆਮ 84: ਅਮਰੀਕੀ ਅਦਾਲਤ ਵੱਲੋਂ ਕਾਂਗਰਸ ਵਿਰੁਧ ਕੇਸ ਰੱਦ

**ਨਿਊ ਯਾਰਕ:** ਅਮਰੀਕੀ ਅਦਾਲਤ ਨੇ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਵੱਲੋਂ ਕਾਂਗਰਸ ਪਾਰਟੀ ਵਿਰੁੱਧ ਮਾਨਵੀ ਹੱਕਾਂ ਦੀ ਉਲੰਘਣਾ ਬਾਰੇ ਪਾਇਆ ਕੇਸ ਰੱਦ ਕਰ ਦਿੱਤਾ ਹੈ।

ਅਦਾਲਤ ਦਾ ਕਹਿਣਾ ਹੈ ਕਿ ਸਿੱਖ ਜਥੇਬੰਦੀ ਕੋਲ ਇਹ ਕੇਸ ਦਾਇਰ ਕਰਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ ਅਤੇ ਜਿਹੜੀਆਂ ਘਟਨਾਵਾਂ ਦਾ ਜ਼ਿਕਰ ਹੈ, ਉਨ੍ਹਾਂ ਦਾ ਅਮਰੀਕਾ ਨਾਲ ਸਿੱਧਾ ਸਬੰਧ ਨਹੀਂ ਹੈ। ਇਸ ਲਈ ਅਮਰੀਕੀ ਅਦਾਲਤ ਵਿਚ ਸੁਣਵਾਈ ਨਹੀਂ ਕੀਤੀ ਜਾ ਸਕਦੀ। ਜੱਜ ਰੌਬਰਟ ਸਵੀਟ ਨੇ ਸਬੰਧਤ ਮੋਸ਼ਨ ਵਿਚ ਹੁਣ ਹੋਰ ਸੋਧ ਕਰਨ ਦੀ ਆਗਿਆ ਨਹੀਂ ਹੈ। ਅਦਾਲਤ ਮੁਤਾਬਕ 'ਸਿੱਖਸ ਫਾਰ ਜਸਟਿਸ' 1984 ਦੀਆਂ ਘਟਨਾਵਾਂ ਦਾ ਅਮਰੀਕਾ ਨਾਲ ਸਿੱਧਾ ਸਬੰਧ ਸਿੱਧ ਕਰਨ ਵਿਚ ਅਸਫਲ ਰਹੀ ਹੈ।

ਉਧਰ ਐਸ.ਐਫ.ਜੇ. ਦਾ ਕਹਿਣਾ ਹੈ ਕਿ ਇਹ ਅਦਾਲਤ ਦੇ ਇਸ ਹੁਕਮ ਨੂੰ ਚੁਣੌਤੀ ਦੇਵੇਗੀ। ਜਥਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਇਹ ਜਥੇਬੰਦੀ ਦਸਤਾਵੇਜ਼ੀ ਸਬੂਤ ਅਤੇ ਗਵਾਹੀਆਂ ਨਾਲ ਅਪੀਲਾਂ ਬਾਰੇ ਅਦਾਲਤ 'ਚ ਸਿੱਧ ਕਰੇਗੀ ਕਿ ਕਾਂਗਰਸ ਪਾਰਟੀ ਕਥਿਤ ਤੌਰ 'ਤੇ ਨਿਊ ਯਾਰਕ ਦੀ ਆਈ.ਐਨ.ਓ.ਸੀ. ਨੂੰ ਚਲਾਉਂਦੀ ਅਤੇ ਕੰਟਰੋਲ ਕਰਦੀ ਹੈ ਅਤੇ ਨਾਲ ਹੀ ਇਹ ਦੱਸਿਆ ਜਾਵੇਗਾ ਕਿ ਇਸ ਮਾਮਲੇ ਦਾ ਅਮਰੀਕਾ ਨਾਲ ਸਬੰਧ ਹੈ।

ਅਦਾਲਤ ਨੇ ਵੀ ਕਿਹਾ ਹੈ ਕਿ ਜਥੇਬੰਦੀ ਕੋਲ 23 ਮਈ ਤੱਕ ਅਪੀਲ ਕਰਨ ਦਾ ਅਧਿਕਾਰ ਹੈ। ਇਸੇ ਦੌਰਾਨ ਕਾਂਗਰਸ ਪਾਰਟੀ ਦੇ ਅਟਾਰਨੀ ਰਵੀ ਬੱਤਰਾ ਨੇ ਦਾਅਵਾ ਕੀਤਾ ਹੈ ਕਿ ਜੱਜ ਨੇ ਫੈਸਲੇ ਵਿਚ ਇਹ ਕਿਹਾ ਹੈ ਕਿ ਕੇਸ ਵਿਚ ਐਸ.ਐਫ.ਜੇ. ਅਤੇ ਹੋਰ ਵਿਅਕਤੀਗਤ ਮੁੱਦਈ ਅਜਿਹਾ ਕੇਸ ਦਾਇਰ ਕਰਨ ਦਾ ਕਾਨੂੰਨੀ ਆਧਾਰ ਨਹੀਂ ਰੱਖਦੇ।

# ਕਾਲੇ ਧਨ ਦੇ ਕੇਸਾਂ 'ਚ 18 ਨਾਂ ਨਸ਼ਰ

**ਨਵੀਂ ਦਿੱਲੀ:** ਤਿੰਨ ਸਾਲਾਂ ਦੀ ਝਿਜਕ ਤੋਂ ਬਾਅਦ ਆਖ਼ਰਕਾਰ ਕੇਂਦਰ ਸਰਕਾਰ ਨੇ ਕਾਲ਼ੇ ਧਨ ਨਾਲ ਜੁੜੇ ਕੇਸਾਂ ਵਿਚ 18 ਵਿਅਕਤੀਆਂ ਦੇ ਨਾਵਾਂ ਦਾ ਖ਼ੁਲਾਸਾ ਕਰ ਦਿੱਤਾ।

ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਦਾਖ਼ਲ ਕੀਤੇ ਹਲਫ਼ੀਆ ਬਿਆਨ ਦੀ ਸੂਚੀ ਵਿਚ ਮੋਹਨ ਧੂਪੇਲੀਆ, ਅੰਬਰੀਸ਼, ਮਨੋਜ ਧੂਪੇਲੀਆ, ਭਵਿਆ ਮਨੋਜ ਧੂਪੇਲੀਆ, ਮਨੋਜ ਧੂਪੇਲੀਆ, ਰੂਪਾਲ ਧੂਪੇਲੀਆ (ਸਾਰੇ ਅੰਬਰੂਨੋਵਾ ਟਰੱਸਟ ਤੇ ਮੈਰਲੀਨ ਮੈਨੇਜਮੈਂਟ), ਰੂਵੀਸ਼ਾ ਟਰੱਸਟ ਦੇ ਚੰਦਰਕਾਂਤ ਈਸ਼ਵਰ ਲਾਲ ਗਾਂਧੀ, ਰਾਜੈਸਟ ਚੰਦਰਕਾਂਤ ਗਾਂਧੀ, ਵਿਰਾਜ ਚੰਦਰਕਾਂਤ ਗਾਂਧੀ ਤੇ ਧਨ ਲਕਸ਼ਮੀ ਚੰਦਰਕਾਂਤ ਗਾਂਧੀ, ਡੈਨਿਸ ਸਟਿੱਫਟਰਾ ਐਂਡ ਡਰਾਇਡ ਸਟਿਫਟਰਾ ਦੇ ਅਰੁਣ ਕੁਮਾਰ ਰਮਨੀਕ ਲਾਲ ਮਹਿਤਾ, ਹਰਸ਼ਦ ਰਮਨੀਕ ਲਾਲ, ਵੈਲਸਟਰ ਫਾਊਂਡੇਸ਼ਨ ਦੇ ਕੇ.ਐਮ. ਮੈਮਨ, ਉਰਵਸ਼ੀ ਫਾਊਂਡੇਸ਼ਨ ਤੋਂ ਅਰੁਣ ਕੋਛੜ ਤੇ ਰਾਜ ਫਾਊਂਡੇਸ਼ਨ ਤੋਂ ਅਸ਼ੋਕ ਜੈਪੁਰੀਆ ਸ਼ਾਮਲ ਹਨ।

# ਰਾਜੀਵ ਸੂਰੀ ਬਣਿਆ ਨੋਕੀਆ ਦਾ ਚੀਫ ਐਗਜ਼ੈਕਟਿਵ

**ਨਵੀਂ ਦਿੱਲੀ:** ਨੋਕੀਆ ਨੇ ਭਾਰਤ ਦੇ ਜਨਮੇ ਰਾਜੀਵ ਸੂਰੀ ਨੂੰ ਨਵਾਂ ਚੀਫ਼ ਐਗਜ਼ੈਕਟਿਵ ਥਾਪਿਆ ਹੈ। ਯਾਦ ਰਹੇ ਕਿ ਇਹ ਫਰਮ ਮਾਈਕਰੋ ਸੌਫਟ ਕਾਰਪੋਰੇਸ਼ਨ ਨੇ ਖਰੀਦ ਲਈ ਸੀ। 46 ਸਾਲਾ ਸੂਰੀ ਇਸ ਵੇਲੇ ਨੋਕੀਆ ਦੇ ਨੈੱਟਵਰਕ ਇਕੁਇਪਮੈਂਟ ਯੂਨਿਟ ਨੋਕੀਆ ਸੋਲਿਊਸ਼ਨਜ਼ ਤੇ ਨੈੱਟਵਰਕ ਦਾ ਮੁਖੀ ਹੈ। ਉਹਨੇ ਨਵਾਂ ਅਹੁਦਾ ਪਹਿਲੀ ਮਈ ਤੋਂ ਸੰਭਾਲ ਲਿਆ ਹੈ। ਉਹ ਸਟੀਫ਼ਨ ਇਲੋਪ ਦੀ ਥਾਂ ਲਵੇਗਾ। ਸੂਰੀ 1995 ਤੋਂ ਨੋਕੀਆ ਨਾਲ ਕੰਮ ਕਰ ਰਿਹਾ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**Convenience Store For Sale**

**Turn key convenience store with a lot of potential for sale in Bakersfield. 3400 Sqf. of space. Good location.**
**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**
ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ
**ਕੀਮਤ: $129,900+ਇਨਵੈਂਟਰੀ**
ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ
ਸੰਪਰਕ ਕਰੋ: ਜਿੰਮੀ ਬਸਰਾ

**Cell: 661-205-5450**
Miramar International, Fax: 866-605-4167





# ਅਕਾਲੀ ਉਮੀਦਵਾਰ ਸਾਰਿਆ ਤੋਂ ਵੱਧ ਮਾਇਆਧਾਰੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਮੈਦਾਨ ਵਿਚ ਨਿੱਤਰੇ ਅਕਾਲੀ ਦਲ ਤੇ ਭਾਜਪਾ ਦੇ ਉਮੀਦਵਾਰ ਸਭ ਤੋਂ ਵੱਧ ਅਮੀਰ ਹਨ। ਸਾਲਾਨਾ ਆਮਦਨ ਦੇ ਮਾਮਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਜੋ ਬਠਿੰਡਾ ਤੋਂ ਉਮੀਦਵਾਰ ਹਨ, 253 ਉਮੀਦਵਾਰਾਂ ਵਿਚੋਂ ਅੱਵਲ ਨੰਬਰ 'ਤੇ ਹਨ। ਉਨ੍ਹਾਂ ਦੀ ਸਾਲਾਨਾ ਆਮਦਨ 4.91 ਕਰੋੜ ਰੁਪਏ ਹੈ। ਅਕਾਲੀ ਦਲ ਦੇ ਫ਼ਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਕੁਲਵੰਤ ਸਿੰਘ ਦੀ ਸਾਲਾਨਾ ਆਮਦਨ 4.34 ਕਰੋੜ ਰੁਪਏ ਤੇ ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਤੋਂ ਉਮੀਦਵਾਰ ਅਰੁਣ ਜੇਤਲੀ ਦੀ ਸਾਲਾਨਾ ਆਮਦਨ 3.19 ਕਰੋੜ ਰੁਪਏ ਹੈ। ਇਹ ਤਿੰਨੇ ਸਾਰੇ ਉਮੀਦਵਾਰਾਂ ਨਾਲੋਂ ਅਮੀਰ ਵੀ ਹਨ।

'ਪੰਜਾਬ ਇਲੈਕਸ਼ਨ ਵਾਚ' ਜਥੇਬੰਦੀ ਵੱਲੋਂ ਸਮੁੱਚੇ ਉਮੀਦਵਾਰਾਂ ਦੇ ਜਾਰੀ ਕੀਤੇ ਅੰਕੜਿਆਂ ਮੁਤਾਬਕ ਭਾਜਪਾ ਦੇ ਤਿੰਨ ਉਮੀਦਵਾਰਾਂ ਦੀ ਔਸਤਨ ਜਾਇਦਾਦ 60 ਕਰੋੜ, ਅਕਾਲੀ ਦਲ ਦੇ ਉਮੀਦਵਾਰਾਂ ਦੀ 34 ਕਰੋੜ ਤੇ ਕਾਂਗਰਸ ਦੇ ਉਮੀਦਵਾਰਾਂ ਦੀ 32.70 ਕਰੋੜ ਰੁਪਏ, 'ਆਪ' ਦੇ ਉਮੀਦਵਾਰਾਂ ਦੀ ਔਸਤਨ ਸੰਪਤੀ 4.11 ਕਰੋੜ ਰੁਪਏ ਤੇ ਬਸਪਾ ਦੇ ਉਮੀਦਵਾਰਾਂ ਦੀ 1.46 ਕਰੋੜ ਰੁਪਏ ਹੈ। ਅੰਕੜਿਆਂ ਮੁਤਾਬਕ ਸ੍ਰੀਮਤੀ ਬਾਦਲ ਦੀ ਕੁੱਲ ਸੰਪਤੀ 108 ਕਰੋੜ, ਕੁਲਵੰਤ ਸਿੰਘ ਦੀ 139 ਕਰੋੜ ਤੇ ਅਰੁਣ ਜੇਤਲੀ ਦੀ ਸੰਪਤੀ 113 ਕਰੋੜ ਰੁਪਏ ਹੈ। ਚੋਣ ਲੜ ਰਹੇ ਕੁੱਲ 253 ਉਮੀਦਵਾਰਾਂ ਵਿਚੋਂ 56 ਕਰੋੜਪਤੀ ਤੇ ਕੁਝ ਅਰਬਪਤੀ ਵੀ ਹਨ।

ਨੈਸ਼ਨਲ ਇਲੈਕਸ਼ਨ ਵਾਚ ਮੁਤਾਬਕ ਪੰਜਾਬ ਦੇ ਚਾਰ ਸਿਆਸਤਦਾਨਾਂ ਵਿਜੈ ਇੰਦਰ ਸਿੰਗਲਾ, ਪ੍ਰਤਾਪ ਸਿੰਘ ਬਾਜਵਾ, ਸ਼ੇਰ ਸਿੰਘ ਘੁਬਾਇਆ ਤੇ ਪ੍ਰਨੀਤ ਕੌਰ ਦੀ ਸੰਪਤੀ ਵਿਚ ਪੰਜ ਸਾਲਾਂ ਦੇ ਸਮੇਂ ਦੌਰਾਨ ਰਿਕਾਰਡ ਵਾਧਾ ਹੋਇਆ ਹੈ। ਕਾਂਗਰਸ ਦੇ ਸੰਗਰੂਰ ਤੋਂ ਉਮੀਦਵਾਰ ਸ੍ਰੀ ਸਿੰਗਲਾ ਵੱਲੋਂ ਸਾਲ 2009 ਦੀਆਂ ਚੋਣਾਂ ਦੌਰਾਨ 3.47 ਕਰੋੜ ਰੁਪਏ ਦੀ ਸੰਪਤੀ ਦੱਸੀ ਗਈ ਸੀ ਤੇ ਇਸ ਵਾਰੀ 14.73 ਕਰੋੜ ਹੋ ਗਈ ਹੈ ਜੋ 324 ਫ਼ੀਸਦੀ ਦਾ ਵਾਧਾ ਹੈ। ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਸੰਪਤੀ ਵਿਚ 263 ਫ਼ੀਸਦੀ ਦਾ ਵਾਧਾ ਹੋਇਆ ਹੈ।

ਉਨ੍ਹਾਂ ਸਾਲ 2009 ਵਿਚ 6.80 ਕਰੋੜ ਰੁਪਏ ਸੰਪਤੀ ਦੱਸੀ ਸੀ ਤੇ ਇਸ ਵਾਰੀ 24.70 ਕਰੋੜ ਰੁਪਏ ਦੱਸੀ ਹੈ। ਅਕਾਲੀ ਦਲ ਦੇ ਸਿਟਿੰਗ ਐਮ.ਪੀ ਸ਼ੇਰ ਸਿੰਘ ਘੁਬਾਇਆ ਦੀ ਸੰਪਤੀ ਵਿਚ 201 ਫ਼ੀਸਦੀ ਤੇ ਪਰਮਜੀਤ ਕੌਰ ਗੁਲਸ਼ਨ ਦੀ ਸੰਪਤੀ ਵਿਚ 165 ਫ਼ੀਸਦੀ ਦਾ ਵਾਧਾ ਹੋਇਆ ਹੈ। ਕਾਂਗਰਸ ਦੀ ਸਿਟਿੰਗ ਐਮ.ਪੀ ਪ੍ਰਨੀਤ ਕੌਰ ਦੀ ਸੰਪਤੀ ਵਿਚ 104 ਫ਼ੀਸਦੀ ਤੇ ਹਰਸਿਮਰਤ ਕੌਰ ਦੀ ਸੰਪਤੀ ਵਿਚ 79 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਕਾਂਗਰਸ ਦੇ ਦੋ ਸਿਟਿੰਗ ਐਮ.ਪੀ ਮਹਿੰਦਰ ਸਿੰਘ ਕੇਪੀ ਤੇ ਰਵਨੀਤ ਸਿੰਘ ਬਿੱਟੂ ਅਜਿਹੇ ਸਿਆਸਤਦਾਨ ਹਨ ਜਿਨ੍ਹਾਂ ਦੀ ਸੰਪਤੀ ਵਿਚ ਕ੍ਰਮਵਾਰ 44 ਤੇ 47 ਫ਼ੀਸਦੀ ਦਾ ਵਾਧਾ ਹੋਇਆ ਹੈ। ਗੀਤਾ ਰਾਣੀ ਤੇ ਕੁਲਦੀਪ ਕੁਮਾਰ ਨਾਮੀ ਆਜ਼ਾਦ ਉਮੀਦਵਾਰ ਜੋ ਕ੍ਰਮਵਾਰ ਬਠਿੰਡਾ ਤੇ ਜਲੰਧਰ ਤੋਂ ਚੋਣ ਲੜ ਰਹੇ ਹਨ, ਨੇ ਜ਼ੀਰੋ ਸੰਪਤੀ ਦੱਸੀ ਹੈ। ਰਾਜਸੀ ਵਿਅਕਤੀਆਂ ਦੀ ਸੰਪਤੀ ਛੜੱਪੇ ਮਾਰ ਕੇ ਵੱਧ ਰਹੀ ਹੈ। ਸਾਲ 2009 ਵਿਚ ਉਮੀਦਵਾਰਾਂ ਦੀ ਔਸਤ ਸੰਪਤੀ ਜੇਕਰ 1.66 ਕਰੋੜ ਰੁਪਏ ਸੀ ਤਾਂ ਇਸ ਸਮੇਂ ਔਸਤਨ ਸੰਪਤੀ 4.48 ਕਰੋੜ ਰੁਪਏ ਹੈ।

ਇਨ੍ਹਾਂ ਉਮੀਦਵਾਰਾਂ ਵਿਚ ਬਹੁਤ ਸਾਰੇ ਆਜ਼ਾਦ ਉਮੀਦਵਾਰ ਅਜਿਹੇ ਹਨ ਜਿਨ੍ਹਾਂ ਦੀ ਸੰਪਤੀ ਸੈਂਕੜੇ ਰੁਪਈਆਂ ਵਿਚ ਹੀ ਹੈ। ਪੰਜਾਬ ਵਿਚ 81 ਉਮੀਦਵਾਰ ਅਜਿਹੇ ਹਨ ਜਿਨ੍ਹਾਂ ਨੇ ਪੈਨ ਨੰਬਰ ਨਹੀਂ ਦੱਸਿਆ ਤੇ 11 ਉਮੀਦਵਾਰ ਅਜਿਹੇ ਹਨ ਜਿਨ੍ਹਾਂ ਦੇ ਅਸਾਸਿਆਂ ਦੀ ਕੀਮਤ 50 ਲੱਖ ਤੋਂ ਜ਼ਿਆਦਾ ਤੇ ਆਮਦਨ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ।



## 23 ਦਾਗੀ ਤੇ 12 ਅਨਪੜ੍ਹ ਉਮੀਦਵਾਰ

ਪੰਜਾਬ ਵਿਚ ਚੋਣ ਮੈਦਾਨ ਵਿਚ ਉੱਤਰੇ 23 ਉਮੀਦਵਾਰ ਅਜਿਹੇ ਹਨ ਜਿਨ੍ਹਾਂ ਖ਼ਿਲਾਫ਼ ਪੁਲਿਸ ਕੇਸ ਦਰਜ ਹਨ। ਇਸ ਤੋਂ ਇਲਾਵਾ ਅੱਠ ਉਮੀਦਵਾਰ ਅੰਗੂਠਾ ਛਾਪ ਵੀ ਹਨ ਜਦੋਂਕਿ ਚਾਰ ਉਮੀਦਵਾਰਾਂ ਨੂੰ ਸਿਰਫ਼ ਦਸਤਖ਼ਤ ਕਰਨੇ ਹੀ ਆਉਂਦੇ ਹਨ। ਗੁਰਦਾਸਪੁਰ ਹਲਕਾ ਅਜਿਹਾ ਹੈ ਜਿਥੋਂ 13 ਉਮੀਦਵਾਰਾਂ ਵਿਚੋਂ ਕਿਸੇ ਵੀ ਉਮੀਦਵਾਰ ਦੀ ਯੋਗਤਾ 12ਵੀਂ ਤੋਂ ਘੱਟ ਨਹੀਂ ਹੈ।

ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਤਿੰਨ ਪੁਲਿਸ ਕੇਸ ਹਨ ਜਦੋਂ ਕਿ ਬਠਿੰਡਾ ਤੋਂ ਸੀ.ਪੀ.ਆਈ (ਐਮ.ਐਲ) ਲਿਬਰੇਸ਼ਨ ਦੇ ਉਮੀਦਵਾਰ 'ਤੇ ਵੀ ਤਿੰਨ ਪੁਲਿਸ ਕੇਸ ਦਰਜ ਹਨ। ਦੋ ਆਜ਼ਾਦ ਉਮੀਦਵਾਰਾਂ ਤੇ ਲੇਬਰ ਪਾਰਟੀ ਦੇ ਇਕ ਉਮੀਦਵਾਰ 'ਤੇ ਵੀ ਪੁਲਿਸ ਕੇਸ ਦਰਜ ਹੈ। ਲੁਧਿਆਣਾ ਹਲਕੇ ਤੋਂ ਚੋਣ ਲੜ ਰਹੇ ਉਮੀਦਵਾਰਾਂ 'ਤੇ ਅੱਧੀ ਦਰਜਨ ਪੁਲਿਸ ਕੇਸ ਦਰਜ ਹਨ। ਜਲੰਧਰ ਤੇ ਹੁਸ਼ਿਆਰਪੁਰ ਦੇ ਇਕ ਇਕ ਆਜ਼ਾਦ ਉਮੀਦਵਾਰ 'ਤੇ ਪੁਲਿਸ ਕੇਸ ਦਰਜ ਹਨ। ਖਡੂਰ ਸਾਹਿਬ ਹਲਕੇ ਤੋਂ ਚੋਣ ਲੜ ਰਹੇ ਪੰਜ ਉਮੀਦਵਾਰਾਂ ਖ਼ਿਲਾਫ਼ ਪੁਲਿਸ ਕੇਸ ਦਰਜ ਹਨ ਜਦੋਂ ਕਿ ਫ਼ਤਹਿਗੜ੍ਹ ਸਾਹਿਬ ਤੋਂ ਚੋਣ ਲੜ ਰਿਹਾ ਇਕ ਉਮੀਦਵਾਰ ਦਾਗ਼ੀ ਹੈ। ਸਿਰਫ਼ ਗੁਰਦਾਸਪੁਰ, ਆਨੰਦਪੁਰ ਸਾਹਿਬ, ਫ਼ਿਰੋਜ਼ਪੁਰ ਤੇ ਸੰਗਰੂਰ ਹਲਕੇ ਤੋਂ ਚੋਣ ਲੜਨ ਵਾਲੇ ਕਿਸੇ ਵੀ ਉਮੀਦਵਾਰ ਖ਼ਿਲਾਫ਼ ਕੋਈ ਪੁਲਿਸ ਕੇਸ ਨਹੀਂ ਹੈ।

## ਪੰਜਾਬ ਵਿਚ 56 ਉਮੀਦਵਾਰ ਕਰੋੜਪਤੀ

**ਚੰਡੀਗੜ੍ਹ:** ਸਿਆਸੀ ਧਿਰਾਂ ਨੇ ਪੰਜਾਬ ਦੇ ਚੋਣ ਪਿੜ ਵਿਚ 56 ਕਰੋੜਪਤੀ ਉਮੀਦਵਾਰ ਉਤਾਰੇ ਹਨ ਜਦੋਂ ਕਿ 163 ਉਮੀਦਵਾਰ ਲੱਖਪਤੀ ਹਨ। ਸਿਰਫ਼ 34 ਉਮੀਦਵਾਰ ਹੀ ਅਜਿਹੇ ਹਨ ਜਿਨ੍ਹਾਂ ਕੋਲ ਹਜ਼ਾਰਾਂ ਵਿਚ ਹੀ ਪੂੰਜੀ ਹੈ। ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿਚ ਸਿਰਫ਼ ਦੋ ਉਮੀਦਵਾਰ ਹੀ ਅਜਿਹੇ ਹਨ ਜਿਨ੍ਹਾਂ ਦੀ ਜੇਬ੍ਹ ਖ਼ਾਲੀ ਹੈ। ਬਠਿੰਡਾ ਦੀ ਮਹਿਲਾ ਉਮੀਦਵਾਰ ਗੀਤਾ ਰਾਣੀ ਕੋਲ ਕੋਈ ਚੱਲ-ਅਚੱਲ ਜਾਇਦਾਦ ਹੀ ਨਹੀਂ। ਇਵੇਂ ਜਲੰਧਰ ਹਲਕੇ ਤੋਂ ਆਜ਼ਾਦ ਉਮੀਦਵਾਰ ਕੁਲਦੀਪ ਸਿੰਘ ਕੋਲ ਵੀ ਕੋਈ ਸੰਪਤੀ ਨਹੀਂ। ਪੰਜਾਬ ਦੇ ਚੋਣ ਪਿੜ ਵਿਚ ਉਤਰੇ ਉਮੀਦਵਾਰਾਂ ਦੇ ਸੰਪਤੀ ਦੇ ਵੇਰਵਿਆਂ ਦੇ ਕੀਤੇ ਮੁਲਾਂਕਣ ਵਿਚ ਇਹ ਤੱਥ ਉਭਰੇ ਹਨ। ਸਭ ਤੋਂ ਅਮੀਰ ਫਤਹਿਗੜ੍ਹ ਸਾਹਿਬ ਤੋਂ ਅਕਾਲੀ ਉਮੀਦਵਾਰ ਕੁਲਵੰਤ ਸਿੰਘ ਹਨ। ਉਨ੍ਹਾਂ ਕੋਲ 139 ਕਰੋੜ ਰੁਪਏ ਦੀ ਜਾਇਦਾਦ ਹੈ। ਦੂਸਰੇ ਨੰਬਰ 'ਤੇ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਅਰੁਣ ਜੇਤਲੀ ਹਨ ਜਿਨ੍ਹਾਂ ਕੋਲ 113 ਕਰੋੜ ਰੁਪਏ ਦੀ ਸੰਪਤੀ ਹੈ। ਬਠਿੰਡਾ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦਾ ਤੀਜਾ ਨੰਬਰ ਹੈ ਜਿਸ ਕੋਲ 108 ਕਰੋੜ ਰੁਪਏ ਦੀ ਜਾਇਦਾਦ ਹੈ। ਸੰਪਤੀ ਦੇ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਚੌਥੇ ਨੰਬਰ 'ਤੇ ਹਨ ਜਿਨ੍ਹਾਂ ਕੋਲ 86.35 ਕਰੋੜ ਰੁਪਏ ਦੀ ਨਿੱਜੀ ਜਾਇਦਾਦ ਹੈ। ਆਨੰਦਪੁਰ ਸਾਹਿਬ ਤੇ ਪਟਿਆਲਾ ਤੋਂ ਸੱਤ-ਸੱਤ ਉਮੀਦਵਾਰ ਕਰੋੜਪਤੀ ਹਨ ਜਦੋਂ ਕਿ ਸਭ ਤੋਂ ਜ਼ਿਆਦਾ ਲੱਖਪਤੀ 19 ਉਮੀਦਵਾਰ ਬਠਿੰਡਾ ਤੋਂ ਹਨ। ਫਰੀਦਕੋਟ, ਹੁਸ਼ਿਆਰਪੁਰ ਤੇ ਜਲੰਧਰ ਹਲਕਿਆਂ ਤੋਂ ਸਿਰਫ਼ ਦੋ-ਦੋ ਉਮੀਦਵਾਰ ਹੀ ਕਰੋੜਪਤੀ ਹਨ। ਫਿਰੋਜ਼ਪੁਰ ਹਲਕੇ ਵਿਚ ਛੇ ਤੇ ਲੁਧਿਆਣਾ ਵਿਚ ਪੰਜ ਕਰੋੜਪਤੀ ਉਮੀਦਵਾਰ ਚੋਣ ਲੜ ਰਹੇ ਹਨ।

# ਪੰਜਾਬ ਦੇ ਚੋਣ ਮੈਦਾਨ ਵਿਚ ਸਿਰਫ 19 ਮਹਿਲਾ ਉਮੀਦਵਾਰ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਚ 19 ਔਰਤਾਂ ਚੋਣ ਮੈਦਾਨ ਵਿਚ ਹਨ। ਬਹੁਜਨ ਸਮਾਜ ਪਾਰਟੀ ਤੇ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕਿਸੇ ਵੀ ਮਹਿਲਾ ਉਮੀਦਵਾਰ ਨੂੰ ਮੈਦਾਨ ਵਿਚ ਨਹੀਂ ਉਤਾਰਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਚੌਥੀ ਵਾਰ ਚੋਣ ਲੜ ਰਹੇ ਹਨ। ਉਹ ਪਟਿਆਲਾ ਤੋਂ ਕਾਂਗਰਸ ਦੀ ਉਮੀਦਵਾਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਪ੍ਰਧਾਨ ਪਰਮਜੀਤ ਕੌਰ ਗੁਲਸ਼ਨ ਨੂੰ ਵੀ ਫਰੀਦਕੋਟ ਤੋਂ ਦੁਬਾਰਾ ਟਿਕਟ ਦਿੱਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਦੂਜੀ ਵਾਰ ਮੈਦਾਨ ਵਿਚ ਉਤਾਰਿਆ ਗਿਆ ਹੈ। ਕਾਂਗਰਸ ਵੱਲੋਂ ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ ਨੂੰ ਆਨੰਦਪੁਰ ਸਾਹਿਬ ਤੋਂ ਟਿਕਟ ਦਿੱਤੀ ਗਈ ਹੈ। ਉਹ ਇਥੋਂ ਦੂਜੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਇਸ ਤੋਂ ਪਹਿਲਾਂ ਉਹ ਹੁਸ਼ਿਆਰਪੁਰ ਹਲਕੇ ਤੋਂ ਇਕ ਵਾਰ ਚੋਣ ਹਾਰ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ 15 ਹੋਰ ਮਹਿਲਾ ਉਮੀਦਵਾਰ ਮੈਦਾਨ ਵਿਚ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ 13 ਔਰਤਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ। ਇਸ ਵਾਰ ਛੇ ਹੋਰ ਮਹਿਲਾਵਾਂ ਮੈਦਾਨ ਵਿਚ ਨਿੱਤਰੀਆਂ ਹਨ। ਪੰਜ ਲੋਕ ਸਭਾ ਹਲਕਿਆਂ ਖਡੂਰ ਸਾਹਿਬ, ਫ਼ਤਹਿਗੜ੍ਹ ਸਾਹਿਬ, ਫ਼ਿਰੋਜ਼ਪੁਰ, ਅੰਮ੍ਰਿਤਸਰ ਤੇ ਲੁਧਿਆਣਾ ਤੋਂ ਕੋਈ ਮਹਿਲਾ ਚੋਣ ਮੈਦਾਨ ਵਿਚ ਨਹੀਂ। ਬਾਕੀ ਹਲਕਿਆਂ ਵਿਚੋਂ ਆਨੰਦਪੁਰ ਸਾਹਿਬ ਤੋਂ ਤਿੰਨ, ਬਠਿੰਡਾ ਤੋਂ ਦੋ, ਫਰੀਦਕੋਟ ਤੋਂ ਪੰਜ, ਪਟਿਆਲਾ ਤੋਂ ਤਿੰਨ, ਜਲੰਧਰ ਤੋਂ ਤਿੰਨ, ਗੁਰਦਾਸਪੁਰ ਤੋਂ ਇਕ, ਸੰਗਰੂਰ ਤੋਂ ਦੋ ਤੇ ਹੁਸ਼ਿਆਰਪੁਰ ਤੋਂ ਇਕ ਮਹਿਲਾ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਪਟਿਆਲਾ ਤੋਂ ਕਾਂਗਰਸ ਦੀ ਪ੍ਰਨੀਤ ਕੌਰ ਤੋਂ ਇਲਾਵਾ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਤੇ ਰਣਜੀਤ ਕੌਰ ਚੋਣ ਮੈਦਾਨ ਵਿਚ ਹਨ। ਆਨੰਦਪੁਰ ਸਾਹਿਬ ਤੋਂ ਕਾਂਗਰਸ ਦੀ ਅੰਬਿਕਾ ਸੋਨੀ, ਬਲਜੀਤ ਕੌਰ ਤੇ ਰਾਮੇਸ਼ਵਰੀ ਨੇ ਕਾਗ਼ਜ਼ ਭਰੇ ਹਨ। ਜਲੰਧਰ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਜਯੋਤੀ ਮਾਨ ਤੇ ਮਨਜੀਤ ਕੌਰ ਪਿੜ ਵਿਚ ਹਨ। ਫ਼ਰੀਦਕੋਟ ਤੋਂ ਅਕਾਲੀ ਦਲ ਦੀ ਪਰਮਜੀਤ ਕੌਰ ਗੁਲਸ਼ਨ ਨੂੰ ਹੋਰਾਂ ਤੋਂ ਇਲਾਵਾ ਸੀਮਾ ਰਾਣੀ, ਰੀਨਾ ਰਾਣੀ ਤੇ ਮਨਜੀਤ ਕੌਰ ਨਾਂਅ ਦੀਆਂ ਮਹਿਲਾਵਾਂ ਨਾਲ ਮੁਕਾਬਲਾ ਕਰਨਾ ਪੈ ਰਿਹਾ ਹੈ। ਸੰਗਰੂਰ ਤੋਂ ਦੋ ਤੇ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੀ ਯਾਮਿਨੀ ਗੋਮਰ ਮੈਦਾਨ ਵਿਚ ਹਨ।

# ਅਮਰੀਕੀ ਸਿੱਖ ਨੂੰ ਕਿਰਪਾਨ ਸਣੇ ਜਿਊਰੀ 'ਚ ਜਾਣੋਂ ਰੋਕਿਆ

**ਵਾਸ਼ਿੰਗਟਨ:** ਕੈਲੀਫੋਰਨੀਆ ਦੀ ਅਦਾਲਤ ਵਿਚ ਇਕ ਅਮਰੀਕੀ ਸਿੱਖ ਨੂੰ ਜਿਊਰੀ ਵਜੋਂ ਕਿਰਪਾਨ ਨਾਲ ਲੈ ਕੇ ਨਹੀਂ ਜਾਣ ਦਿੱਤਾ ਗਿਆ। ਤਿੰਨ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਅੰਮ੍ਰਿਤ ਛਕ ਕੇ ਸਿੰਘ ਸਜੇ ਗੁਰਸੰਤ ਸਿੰਘ ਨੇ ਕਿਹਾ ਕਿ ਉਹ ਭਾਈਚਾਰੇ ਦੇ ਆਗੂਆਂ ਨਾਲ ਜਿਊਰੀ ਦੀ ਡਿਊਟੀ 'ਤੇ ਜਾਏਗਾ ਤੇ ਕਿਰਪਾਨ ਜਾਂ ਗਾਤਰੇ ਸਮੇਤ ਜਿਊਰੀ ਵਜੋਂ ਸੇਵਾ ਕਰਨ ਦਾ ਮੌਕਾ ਮੰਗੇਗਾ ਕਿਉਂਕਿ ਇਹ ਅੰਮ੍ਰਿਤਧਾਰੀ ਸਿੱਖਾਂ ਦੀ ਆਸਥਾ ਤਹਿਤ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਅਮਰੀਕਾ ਦੇ ਨਾਗਰਿਕ ਦੀ ਹੈਸੀਅਤ ਵਿਚ ਉਹ ਬੜੇ ਜ਼ੋਰ-ਸ਼ੋਰ ਨਾਲ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਜਿਊਰੀ ਵਜੋਂ ਕੰਮ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ ਪਰ ਉਨ੍ਹਾਂ ਨੂੰ ਅਜਿਹੀ ਸਥਿਤੀ ਵਿਚ ਪਾ ਦਿੱਤਾ ਹੈ ਕਿ ਜਾਂ ਤਾਂ ਉਹ ਆਪਣੇ ਧਰਮ ਦੀ ਅਵੱਗਿਆ ਕਰਨ ਜਾਂ ਫਿਰ ਕਾਨੂੰਨ ਤੋੜਨ। ਅਦਾਲਤ ਨੇ ਉਨ੍ਹਾਂ ਨੂੰ ਅਦਾਲਤੀ ਕਮਰੇ ਵਿਚ ਜਿਊਰੀ ਮੈਂਬਰ ਵਜੋਂ ਕਿਰਪਾਨ ਸਣੇ ਨਾ ਜਾਣ ਦੀ ਮਨਜ਼ੂਰੀ ਦੇ ਸਟੈਂਡ ਨੂੰ ਸਹੀ ਕਰਾਰ ਦਿੱਤਾ ਹੈ।

ਸੁਟਰ ਕਾਊਂਟੀ ਜਿਊਰੀ ਕਮਿਸ਼ਨਰ ਮੇਰੀ ਬੱਥ ਟੌਡ ਨੇ ਕਿਹਾ ਕਿ ਲੋਕਾਂ ਦੇ ਮਸਲੇ ਸੁਣਨ ਸਮੇਂ ਉਨ੍ਹਾਂ ਨੂੰ ਚੰਗਾ ਤੇ ਸੁਰੱਖਿਅਤ ਮਾਹੌਲ ਮੁਹੱਈਆ ਕਰਾਉਣਾ ਜ਼ਰੂਰੀ ਹੈ। ਸ੍ਰੀ ਸਿੰਘ ਲਈ ਬਦਲਵਾਂ ਹੱਲ ਸੋਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਹੱਲ ਤਾਂ ਇਹ ਹੈ ਕਿ ਹੋਰ ਦੇਸ਼ਾਂ ਵਾਂਗ ਸਿੱਖ ਆਪਣੀ ਕਿਰਪਾਨ ਸੁਰੱਖਿਆ ਅਮਲੇ ਕੋਲ ਜਮ੍ਹਾਂ ਕਰਵਾ ਦੇਣ। ਇਸ ਬਾਰੇ ਸੰਵੇਦਨਸ਼ੀਲ ਹੋਣਾ ਬਹੁਤ ਜ਼ਰੂਰੀ ਹੈ ਤੇ ਅਦਾਲਤ ਵੀ ਇਸ ਬਾਰੇ ਸੰਵੇਦਨਾ ਨਾਲ ਵਿਚਾਰ ਕਰ ਰਹੀ ਹੈ।

# ਕੋਠੇ ਗੱਜਣ ਸਿੰਘ ਦੇ ਕਿਸੇ ਵੀ ਬਾਸ਼ਿੰਦੇ ਨੇ ਨਹੀਂ ਵੇਖਿਆ ਥਾਣੇ ਦਾ ਮੂੰਹ

**ਫਰੀਦਕੋਟ:** ਸਿਆਸੀ ਪਾਟੋਧਾੜ ਤੇ ਨਸ਼ਿਆਂ ਦੇ ਜਾਲ ਵਿਚ ਧਸਦੇ ਜਾ ਰਹੇ ਪੰਜਾਬ ਵਿਚ ਕੋਠੇ ਗੱਜਣ ਸਿੰਘ ਵਾਲਾ ਇਕ ਅਜਿਹਾ ਪਿੰਡ ਹੈ ਜਿਸ ਨੇ ਸਰਕਾਰ 'ਤੇ ਟੇਕ ਰੱਖਣ ਦੀ ਥਾਂ ਆਪਣੇ ਦਮ 'ਤੇ ਵੱਡੀਆਂ ਪੁਲਾਂਘਾ ਪੁੱਟੀਆਂ ਹਨ। ਮੁਲਕ ਦੇ ਬਟਵਾਰੇ ਮਗਰੋਂ ਇਸ ਪਿੰਡ ਦੇ ਕਿਸੇ ਵੀ ਬਾਸ਼ਿੰਦੇ 'ਤੇ ਕੋਈ ਪੁਲਿਸ ਕੇਸ ਦਰਜ ਨਹੀਂ ਹੋਇਆ। ਜ਼ਾਹਿਰ ਹੈ ਕਿ ਪਿੰਡ ਦੇ ਕਿਸੇ ਵਿਅਕਤੀ ਨੇ ਕਦੇ ਥਾਣੇ ਜਾਂ ਕਚਹਿਰੀ ਦਾ ਮੂੰਹ ਨਹੀਂ ਦੇਖਿਆ। ਇਸ ਗੱਲ 'ਤੇ ਪਿੰਡ ਦੇ ਲੋਕ ਮਾਣ ਕਰਦੇ ਹਨ। ਖ਼ਾਸ ਗੱਲ ਇਹ ਹੈ ਕਿ ਪੂਰਾ ਪਿੰਡ ਇਕੋ ਮੋਰੀ ਨਿਕਲਦਾ ਹੈ।

ਭਾਈਚਾਰੇ ਤੇ ਅਪਣੱਤ ਦੀ ਰਾਹ ਇਹ ਪਿੰਡ ਦਿਖਾਉਂਦਾ ਹੈ। ਜਦੋਂ ਪੰਚਾਇਤ ਚੋਣਾਂ ਹੁੰਦੀਆਂ ਹਨ ਤਾਂ ਇਹ ਪਿੰਡ ਸਰਬਸੰਮਤੀ ਨੂੰ ਹੀ ਆਪਣਾ ਧਰਮ ਸਮਝਦਾ ਹੈ। ਇਸ ਵਿਚ ਕਈ ਦਹਾਕਿਆਂ ਤੋਂ ਕਦੇ ਪੰਚਾਇਤੀ ਚੋਣ ਨਹੀਂ ਹੋਈ। 200 ਵੋਟਰ ਹਨ ਜੋ ਸਰਬਸੰਮਤੀ ਨਾਲ ਹੀ ਪੰਚਾਇਤ ਚੁਣ ਲੈਂਦੇ ਹਨ। ਲੋਕ ਸਭਾ ਚੋਣਾਂ ਵਿਚ ਹੁਣ ਜਦੋਂ ਪੂਰਾ ਪੰਜਾਬ ਗੂੰਜ ਰਿਹਾ ਹੈ ਤਾਂ ਕੋਠੇ ਗੱਜਣ ਸਿੰਘ ਵਾਲਾ ਦੇ ਲੋਕ ਇਸ ਅੜੀ ਤੋਂ ਬਾਹਰ ਹਨ।



ਪਿੰਡ ਦੇ ਸਾਰੇ ਵਸਨੀਕ ਚਾਰ ਪੰਜ ਬਾਬਿਆਂ ਦੀ ਹੀ ਔਲਾਦ ਹਨ ਜਿਸ ਕਰਕੇ ਸਭ ਆਪਣੇ ਹੀ ਹਨ, ਬੇਗਾਨਾ ਕੋਈ ਵੀ ਨਹੀਂ ਹੈ। ਪਿੰਡ ਵਿਚ ਕਦੇ ਅਜਿਹਾ ਝਗੜਾ ਹੋਇਆ ਹੀ ਨਹੀਂ ਜਿਸ ਕਰਕੇ ਲੋਕਾਂ ਨੂੰ ਕਿਸੇ ਨੇਤਾ ਦੇ ਬੂਹੇ 'ਤੇ ਵੀ ਨਹੀਂ ਜਾਣਾ ਪਿਆ। ਪਿੰਡ ਦੇ ਲੋਕ ਮਿਹਨਤੀ ਹਨ ਤੇ ਆਪੋ-ਆਪਣੇ ਕੰਮ ਵਿਚ ਜੁਟੇ ਹੋਏ ਸਨ। ਕਿਸੇ ਦੀ ਸਿਆਸਤ ਵਿਚ ਬਹੁਤੀ ਦਿਲਚਸਪੀ ਨਹੀਂ। ਚੋਣਾਂ ਵੇਲੇ ਵੀ ਮਾਹੌਲ ਪੂਰੀ ਤਰ੍ਹਾਂ ਸ਼ਾਂਤ ਹੀ ਹੁੰਦਾ ਹੈ, ਚੋਣ ਛੋਟੀ ਹੋਵੇ ਤੇ ਚਾਹੇ ਵੱਡੀ। ਪਿੰਡ ਦੇ ਕੁਝ ਲੋਕਾਂ ਦਾ ਸ਼ਿਕਵਾ ਸੀ ਕਿ ਉਹ ਵਰ੍ਹਿਆਂ ਤੋਂ ਸਰਬਸੰਮਤੀ ਦੇ ਰਾਹ ਪਏ ਹੋਏ ਹਨ ਪਰ ਸਰਕਾਰ ਨੇ ਪੰਚਾਇਤ ਨੂੰ ਇਸ ਦਾ ਕਦੇ ਕੋਈ ਢੁਕਵਾਂ ਇਨਾਮ ਨਹੀਂ ਦਿੱਤਾ ਹੈ।

ਕਈ ਵਰ੍ਹੇ ਪਹਿਲਾਂ ਪੰਜਾਬ ਪੁਲਿਸ ਵੱਲੋਂ ਬਠਿੰਡਾ ਜ਼ੋਨ ਦੇ ਪਿੰਡਾਂ ਦੀ ਜੁਰਮ ਦਰ ਦੀ ਸਥਿਤੀ ਦੇਖੀ ਗਈ ਸੀ ਜਿਸ ਵਿਚੋਂ ਮਾਲਵਾ ਖ਼ਿੱਤੇ ਦਾ ਇਕੱਲਾ ਇਹੋ ਪਿੰਡ ਸਾਹਮਣੇ ਆਇਆ ਸੀ ਜਿਸ ਦੇ ਕਿਸੇ ਵੀ ਵਸਨੀਕ 'ਤੇ ਕੋਈ ਪੁਲਿਸ ਕੇਸ ਦਰਜ ਨਹੀਂ ਸੀ ਹੋਇਆ। ਪਿੰਡ ਦਾ ਮੌਜੂਦਾ ਸਰਪੰਚ ਦਰਸ਼ਨ ਸਿੰਘ ਦੱਸਦਾ ਹੈ ਕਿ ਉਨ੍ਹਾਂ ਦੇ ਪਿੰਡ ਵਿਚ ਕਦੇ ਵੀ ਕੋਈ ਪੁਲਿਸ ਵਾਲਾ ਨਹੀਂ ਆਇਆ। ਚੋਣਾਂ ਵੇਲੇ ਬੂਥ ਵੀ ਇਕੋ ਹੀ ਲੱਗਦਾ ਹੈ। ਉਸ ਨੇ ਦੱਸਿਆ ਕਿ ਐਤਕੀਂ ਕੁਝ ਨੌਜਵਾਨ ਆਮ ਆਦਮੀ ਪਾਰਟੀ (ਆਪ) ਨਾਲ ਜ਼ਰੂਰ ਜੁੜੇ ਹਨ ਪਰ ਕਿਸੇ ਵਿਚ ਵਖਰੇਵਾਂ ਕੋਈ ਨਹੀਂ।

ਫਰੀਦਕੋਟ ਜ਼ਿਲ੍ਹੇ ਦੇ ਇਸ ਪਿੰਡ ਵਿਚ ਸ਼ਰਾਬ ਦਾ ਠੇਕਾ ਨਹੀਂ। ਲੋਕ ਆਸਤਿਕ ਹਨ ਪਰ ਗੁਰੂਘਰ ਕੋਈ ਨਹੀਂ। ਪਿੰਡ ਵਿਚ ਦਲਿਤ ਆਬਾਦੀ ਵੀ ਨਹੀਂ ਹੈ। ਪੂਰੇ ਪਿੰਡ ਵਿਚ ਢਿੱਲੋਂ ਗੋਤ ਦੇ ਹੀ ਲੋਕ ਰਹਿੰਦੇ ਹਨ। ਪਿੰਡ ਦੀ ਸਾਬਕਾ ਮਹਿਲਾ ਸਰਪੰਚ ਜਸਪ੍ਰੀਤ ਕੌਰ ਦਾ ਕਹਿਣਾ ਸੀ ਕਿ ਪਿੰਡ ਦੇ ਕਿਸੇ ਵੀ ਵਸਨੀਕ ਦੇ ਗੁੱਸੇ ਦਾ ਸਮਾਂ ਪੰਜ ਸੱਤ ਘੰਟਿਆਂ ਤੋਂ ਜ਼ਿਆਦਾ ਦਾ ਨਹੀਂ। ਲੋਕ ਇੰਨੇ ਇਕਮੱਤ ਹਨ ਕਿ ਲੜਾਈ-ਝਗੜੇ ਦਾ ਕੇਸ ਵੀ ਪੰਚਾਇਤ ਕੋਲ ਨਹੀਂ ਪੁੱਜਦਾ। ਪਿੰਡ ਦੀਆਂ ਔਰਤਾਂ ਦਾ ਇਹ ਪੱਕਾ ਫੈਸਲਾ ਹੈ ਕਿ ਪਿੰਡ ਵਿਚ ਕਦੇ ਸ਼ਰਾਬ ਦਾ ਠੇਕਾ ਨਹੀਂ ਖੁੱਲ੍ਹਣ ਦੇਣਾ।

ਪਿੰਡ ਵਿਚ ਇਕ ਸਰਕਾਰੀ ਪ੍ਰਾਇਮਰੀ ਸਕੂਲ ਹੈ ਤੇ ਇਕ ਪ੍ਰਾਈਵੇਟ ਗੁਰੂਕੁਲ ਸਕੂਲ ਹੈ ਜਿਸ ਦੇ ਇੰਚਾਰਜ ਜਸਵਿੰਦਰ ਸਿੰਘ ਦਾ ਕਹਿਣਾ ਸੀ ਕਿ ਪਿੰਡ ਦੇ ਤਾਂ ਬੱਚੇ ਵੀ ਸਿਆਣੇ ਹਨ। ਪਿੰਡ ਵਿਚ ਤਿੰਨ ਸਾਬਕਾ ਫੌਜੀ ਹਨ ਤੇ ਚਾਰ ਪਰਿਵਾਰ ਵਿਦੇਸ਼ ਵੀ ਗਏ ਹੋਏ ਹਨ। ਜ਼ਿਆਦਾ ਲੋਕ ਖੇਤੀ ਦਾ ਕੰਮ ਹੀ ਕਰਦੇ ਹਨ ਪਰ ਤਿੰਨ ਚਾਰ ਪਰਿਵਾਰਾਂ ਨੇ ਸਰਵਿਸ ਸਟੇਸ਼ਨ ਵੀ ਖੋਲ੍ਹੇ ਹੋਏ ਹਨ।

# ਗੁਰਮਤਿ ਸੰਗੀਤ ਮਾਹਰ ਪ੍ਰੋ. ਪਰਮਿੰਦਰ ਕੌਰ ਦਾ ਦੇਹਾਂਤ

**ਯੂਨੀਅਨ ਸਿਟੀ (ਬਿਊਰੋ):** ਗੁਰਮਤਿ ਸੰਗੀਤ ਦੇ ਮਾਹਰ ਪ੍ਰੋ. ਪਰਮਿੰਦਰ ਕੌਰ ਲੰਘੀ 27 ਅਪਰੈਲ ਨੂੰ ਇਥੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੀ ਹਾਲਤ ਕੁਝ ਸਮੇਂ ਤੋਂ ਕਾਫੀ ਢਿੱਲੀ ਸੀ। ਉਹ ਗੁਰਮਤਿ ਸੰਗੀਤ ਦੇ ਉਚ ਕੋਟੀ ਦੇ ਗਿਆਤਾ ਪ੍ਰੋ. ਦਲਬੀਰ ਸਿੰਘ ਦੀ



ਧਰਮਪਤਨੀ ਅਤੇ ਵਾਇਲਨ ਦੀ ਸੰਗੀਤਕ ਦੁਨੀਆਂ ਵਿਚ ਉਭਰਦੇ ਕਲਾਕਾਰ ਰਾਗਿੰਦਰ ਸਿੰਘ ਦੇ ਮਾਤਾ ਜੀ ਸਨ। ਉਹ ਆਪਣੇ ਪਿਛੇ ਪਤੀ ਅਤੇ ਪੁੱਤ ਤੋਂ ਇਲਾਵਾ ਇਕ ਧੀ ਰਾਗਨੀ ਕੌਰ ਛੱਡ ਗਏ ਹਨ।

ਬੀਬੀ ਪਰਮਿੰਦਰ ਕੌਰ ਨੇ ਗੁਰਦੁਆਰਾ ਫਰੀਮਾਂਟ ਦੇ ਖਾਲਸਾ ਸਕੂਲ ਵਿਚ ਇਕ ਦਹਾਕੇ ਤੋਂ ਵੱਧ ਕੀਰਤਨ ਦੀ ਵਿਦਿਆ ਨਾਲ ਛੋਟੇ-ਵੱਡੇ ਬੱਚਿਆਂ ਨੂੰ ਜੋੜਿਆ। ਉਨ੍ਹਾਂ ਦਾ ਗੁਰਮਤਿ ਸੰਗੀਤ ਸਿਖਾਉਣ ਦਾ ਇਕ ਵਿਲੱਖਣ ਅੰਦਾਜ਼ ਸੀ। ਉਹ ਨਿੱਘੇ ਸੁਭਾਅ ਦੇ ਸਨ ਤੇ ਬੱਚੇ ਉਨ੍ਹਾਂ ਕੋਲੋਂ ਸ਼ਬਦ ਕੀਰਤਨ ਦੀ ਸਿਖਿਆ ਲੈਣ ਵਿਚ ਅਨੰਦ ਮਹਿਸੂਸ ਕਰਦੇ ਸਨ। ਉਹ ਸੰਗੀਤ ਦੀ ਡੂੰਘੀ ਸੋਝੀ ਦੇ ਮਾਲਕ ਸਨ ਤੇ ਵੱਖ ਵੱਖ ਰਾਗੀਆਂ ਦੁਆਰਾ ਗਾਏ ਸ਼ਬਦਾਂ ਦੇ ਰਾਗ ਦੀ ਇਕ ਦਮ ਪਛਾਣ ਕਰ ਦਿੰਦੇ ਸਨ ਕਿ ਆਹ ਸ਼ਬਦ ਰਾਗ ਤੋਂ ਬਾਹਰ ਗਾਇਆ ਜਾ ਰਿਹਾ ਹੈ ਪਰ ਕਿਸੇ ਦੇ ਨੁਕਸ ਨਹੀਂ ਸਨ ਕਢੱਦੇ।

ਬੀਬੀ ਪਰਮਿੰਦਰ ਕੌਰ ਦਾ ਅੰਤਿਮ ਸਸਕਾਰ 3 ਮਈ, ਸਨਿਚਰਵਾਰ ਨੂੰ ਬਾਅਦ ਦੁਪਹਿਰ ਇਕ ਤੋਂ ਤਿੰਨ ਵਜੇ ਤੱਕ ਹੇਅਵਡ ਦੇ ਚੈਪਲ ਆਫ ਚਾਈਮਜ਼-ਮਿਸ਼ਨ ਬੁੱਲੇਵਾਰਡ ਵਿਚ ਹੋਵੇਗਾ। ਉਪਰੰਤ ਗੁਰਦੁਆਰਾ ਫਰੀਮਾਂਟ ਵਿਚ ਸਹਿਜ ਪਾਠ ਦੀ ਸੰਪੂਰਨਤਾ ਤੋਂ ਬਾਦ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 510-209-3213 ਰਾਹੀਂ ਕੀਤਾ ਜਾ ਸਕਦਾ ਹੈ।

# ਪੰਜਵੀਂ ਪਾਸ ਮੰਤਰੀ ਨੂੰ ਚੇਅਰਮੈਨੀ ਦੇਣ 'ਤੇ ਪਿਆ ਰੌਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਉਸ ਸਮੇਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਵੀਂ ਪਾਸ ਮੌਜੂਦਾ ਟਰਾਂਸਪੋਰਟ ਮੰਤਰੀ ਨੂੰ ਸੜਕ ਸੁਰੱਖਿਆ ਕੌਂਸਲ ਦਾ ਚੇਅਰਮੈਨ ਥਾਪਣ 'ਤੇ ਸਵਾਲ ਖੜ੍ਹੇ ਕਰ ਦਿੱਤੇ। ਮੁੱਦਾ ਇਸ ਪੱਖੋਂ ਵੀ ਗੰਭੀਰ ਹੈ ਕਿ ਉਮਰ ਦੇ 9ਵੇਂ ਦਹਾਕੇ ਨੂੰ ਢੁੱਕੇ ਹੋਏ ਟਰਾਂਸਪੋਰਟ ਮੰਤਰੀ ਕੋਲ ਸੜਕ ਸੁਰੱਖਿਆ ਦੇ ਖੇਤਰ ਵਿਚ ਕੋਈ ਠੋਸ ਤਜਰਬਾ ਵੀ ਨਹੀਂ।

ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਤੇ ਸੜਕ ਸੁਰੱਖਿਆ ਦੇ ਖੇਤਰ ਵਿਚ ਹੀ ਲਗਾਤਾਰ ਤਿੰਨ ਵਾਰ ਸਟੇਟ ਐਵਾਰਡ ਹਾਸਲ ਕਰਨ ਵਾਲੇ ਡਾਕਟਰ ਕਮਲਜੀਤ ਸਿੰਘ ਸੋਈ ਵੱਲੋਂ ਨਕੋਦਰ ਨੇੜੇ ਸੜਕ ਹਾਦਸੇ ਵਿਚ 13 ਸਕੂਲੀ ਬੱਚਿਆਂ ਦੀ ਦਰਦਨਾਕ ਮੌਤ ਹੋ ਜਾਣ 'ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਫਿਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੜਕ ਸੁਰੱਖਿਆ ਪ੍ਰਤੀ ਗੰਭੀਰ ਹੋਣ ਲਈ ਚਿੱਠੀ ਲਿਖੀ ਤਾਂ ਕੋਈ ਜਵਾਬ ਨਾ ਆਉਣ 'ਤੇ ਉਨ੍ਹਾਂ ਇਹੋ ਚਿੱਠੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਤਕਾਲੀ ਚੀਫ਼ ਜਸਟਿਸ ਨੂੰ ਭੇਜ ਦਿੱਤੀ। ਹਾਈ ਕੋਰਟ ਨੇ ਇਸ ਚਿੱਠੀ ਨੂੰ ਇੰਨੀ ਗੰਭੀਰਤਾ ਨਾਲ ਲਿਆ ਕਿ ਇਸ 'ਤੇ ਹੀ ਅਦਾਲਤੀ ਸਵੈ ਨੋਟਿਸ ਵਜੋਂ ਜਨਹਿੱਤ ਪਟੀਸ਼ਨ ਦੇ ਤੌਰ 'ਤੇ ਕੇਸ ਅਰੰਭਦਿਆਂ ਪੰਜਾਬ ਸਰਕਾਰ ਨੂੰ ਮਾਹਿਰਾਂ ਦੀ ਸ਼ਮੂਲੀਅਤ ਵਾਲੀ ਸਟੇਟ ਰੋਡ ਸੇਫ਼ਟੀ ਕੌਂਸਲ ਦਾ ਗਠਨ ਕਰਨ ਦੇ ਹੁਕਮ ਦੇ ਦਿੱਤੇ ਜਿਸ ਨੂੰ ਲੈ ਕੇ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਟਰਾਂਸਪੋਰਟ ਮੰਤਰੀ ਨੂੰ ਚੇਅਰਮੈਨ ਵਜੋਂ ਸ਼ਾਮਲ ਕਰਨ ਤੋਂ ਇਲਾਵਾ ਸੂਬੇ ਦੇ ਪ੍ਰਿੰਸੀਪਲ ਸੈਕਟਰੀ (ਟਰਾਂਸਪੋਰਟ), ਪ੍ਰਿੰਸੀਪਲ ਸੈਕਟਰੀ (ਵਿੱਤ), ਪ੍ਰਿੰਸੀਪਲ ਸੈਕਟਰੀ (ਸਿੱਖਿਆ), ਚੀਫ਼ ਇੰਜੀਨੀਅਰ (ਬੀ.ਐਂਡ.ਆਰ) ਤੇ ਰਾਜ ਟਰਾਂਸਪੋਰਟ ਕਮਿਸ਼ਨਰ ਨੂੰ ਵੀ ਮੈਂਬਰ ਸਕੱਤਰ ਵਜੋਂ ਸ਼ਾਮਲ ਕੀਤਾ ਗਿਆ ਹੈ ਜੋ ਇਸ ਕੌਂਸਲ ਵਿਚ ਹੋਰ ਸ਼ਾਮਲ ਕੀਤੇ ਜਾਣ ਵਾਲੇ ਸੜਕ ਸੁਰੱਖਿਆ ਮਾਹਿਰਾਂ ਨਾਲ ਤਾਲਮੇਲ ਬਣਾ ਕੇ ਢੁਕਵੇਂ ਫ਼ੈਸਲੇ ਲਿਆ ਕਰਨਗੇ।

ਹਾਈ ਕੋਰਟ ਦੇ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਕੋਲ ਪੰਜਾਬ ਦੇ ਟਰਾਂਸਪੋਰਟ ਵਿਭਾਗ ਦਾ ਉਕਤ ਹਲਫ਼ਨਾਮਾ ਪੇਸ਼ ਕੀਤਾ ਤਾਂ ਮੌਕੇ 'ਤੇ ਹੀ ਮੌਜੂਦ ਡਾ. ਕਮਲਜੀਤ ਸਿੰਘ ਸੋਈ ਨੇ ਟਰਾਂਸਪੋਰਟ ਮੰਤਰੀ ਨੂੰ ਚੇਅਰਮੈਨ ਬਣਾਏ ਜਾਣ 'ਤੇ ਟਿੱਪਣੀ ਕਰਦਿਆਂ ਸਪਸ਼ਟ ਕੀਤਾ ਕਿ ਤਜਵੀਜ਼ਸ਼ੁਦਾ ਕੌਮੀ ਸੜਕ ਸੁਰੱਖਿਆ ਤੇ ਆਵਾਜਾਈ ਪ੍ਰਬੰਧਨ ਐਕਟ ਮੁਤਾਬਕ ਇਸ ਕੌਂਸਲ ਦੀ ਥਾਂ ਅਸਲ ਰੂਪ ਵਿਚ ਬੋਰਡ ਗਠਿਤ ਕੀਤੇ ਜਾਣੇ ਹਨ ਜਿਸ ਬਾਰੇ ਸ਼ਰਤਾਂ ਮੁਤਾਬਕ ਇਸ ਦਾ ਚੇਅਰਮੈਨ ਲਾਏ ਜਾਣ ਵਾਲੇ ਵਿਅਕਤੀ ਨੂੰ ਸੜਕ ਸੁਰੱਖਿਆ ਦੇ ਖੇਤਰ 'ਚ ਹੀ ਘੱਟੋ ਘੱਟ 10 ਸਾਲ ਦੇ ਠੋਸ ਤਜ਼ਰਬੇ ਦਾ ਧਾਰਨੀ ਹੀ ਨਹੀਂ, ਬਲਕਿ ਸੁਚੱਜੀ ਤਰ੍ਹਾਂ ਪੜ੍ਹਿਆ ਲਿਖਿਆ ਤੇ 65 ਸਾਲ ਉਮਰ ਤੱਕ ਦਾ ਹੋਣਾ ਚਾਹੀਦਾ ਹੈ।

ਹਾਈ ਕੋਰਟ ਦਾ ਸਖ਼ਤ ਰੁਖ ਵੇਖਦਿਆਂ ਸੁਣਵਾਈ ਮੌਕੇ ਹੀ ਪੰਜਾਬ ਸਰਕਾਰ ਦੇ ਵਕੀਲ ਨੇ ਹਾਈ ਕੋਰਟ ਨੂੰ ਪੱਕਾ ਭਰੋਸਾ ਦਿੱਤਾ ਕਿ ਹੁਣ ਡਾ. ਸੋਈ ਨੂੰ ਨਵੀਂ ਕਮੇਟੀ ਵਿਚ ਹਰ ਹਾਲ ਸ਼ਾਮਲ ਕੀਤਾ ਜਾਵੇਗਾ। ਹਾਈ ਕੋਰਟ ਨੇ ਇਸ ਕੇਸ ਵਿਚ ਅਗਲੀ ਸੁਣਵਾਈ ਤੋਂ ਤਿੰਨ ਦਿਨ ਪਹਿਲਾਂ ਤੱਕ ਪਾਲਣਾ ਰਿਪੋਰਟਾਂ ਦੇਣ ਦੇ ਹੁਕਮ ਜਾਰੀ ਕਰਦਿਆਂ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤ ਅਧਿਕਾਰੀਆਂ ਨੂੰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ ਦੀ ਤਾਕੀਦ ਕੀਤੀ ਹੈ। ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ।

## ਪਤਨੀ ਨੂੰ ਬੱਚਿਆਂ ਦੇ ਸਾਹਮਣੇ ਤਸੀਹੇ ਦੇ ਕੇ ਮਾਰਿਆ

**ਵੈਨਕੂਵਰ:** ਕਲੀਅਰ ਵਾਟਰ ਸ਼ਹਿਰ ਵਿਚ ਪਤੀ ਨੇ ਤਿੰਨ ਬੱਚਿਆਂ ਦੇ ਸਾਹਮਣੇ ਹੀ ਆਪਣੀ ਪਤਨੀ ਨੂੰ ਤਸੀਹੇ ਦੇ ਕੇ ਮਾਰ ਦਿੱਤਾ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੇ 6, 4 ਤੇ 2 ਸਾਲ ਦੇ ਬੱਚੇ ਸਨ। ਕਾਮਲ ਲਾਅ ਨਾਂ ਦਾ ਵਿਅਕਤੀ ਕਈ ਸਾਲਾਂ ਤੋਂ ਨਰਸ ਐਂਜਲਾ ਵਿਲਸਨ ਨਾਲ ਰਹਿ ਰਿਹਾ ਸੀ ਪਰ ਕੁਝ ਦਿਨ ਪਹਿਲਾਂ ਨਰਸ ਨੇ ਉਸ ਤੋਂ ਵੱਖ ਹੋਣ ਦਾ ਫ਼ੈਸਲਾ ਕਰ ਲਿਆ ਸੀ। ਇਸੇ ਗੱਲੋਂ ਦੁਖੀ ਹੋਏ ਪਤੀ ਨੇ ਇਹ ਘਿਨੌਣਾ ਕਾਰਾ ਕਰ ਦਿੱਤਾ।


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
17-18





Security Cameras
Special promotion
for limited time only
1000 TVL camera for the price of 700 TVL camera
Limit 4 for each customer only
For more Details, Contact:
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available



India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਮਈ 2014*

# ਚੋਣਾਂ, ਪੰਜਾਬ ਤੇ ਪਰਵਾਸ

ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਅਮਲ ਮੁਕੰਮਲ ਹੋ ਗਿਆ ਹੈ। ਹੁਣ ਸਭ ਦੀ ਨਿਗ੍ਹਾ 16 ਮਈ ਉਤੇ ਹੈ ਜਿਸ ਦਿਨ ਨਤੀਜਿਆਂ ਦਾ ਐਲਾਨ ਹੋਣਾ ਹੈ। ਇਸ ਵਾਰ ਚੋਣ ਮੁਹਿੰਮਾਂ ਵੀ ਬੜੀਆਂ ਦਿਲਚਸਪ ਰਹੀਆਂ ਹਨ ਅਤੇ ਐਤਕੀਂ ਨਤੀਜੇ ਵੀ ਅਲੋਕਾਰ ਰਹਿਣ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ। ਕਾਂਗਰਸ ਦੇ ਦਸ ਸਾਲ ਦੇ ਰਾਜ ਤੋਂ ਆਮ ਬੰਦੇ ਦਾ ਇਕ ਵਾਰ ਫਿਰ ਮੋਹ-ਭੰਗ ਹੋਇਆ ਪਿਆ ਹੈ, ਪਰ ਕਾਂਗਰਸ ਦੀ ਥਾਂ ਜਿਹੜੀ ਭਾਰਤੀ ਜਨਤਾ ਪਾਰਟੀ ਅਗਾਂਹ ਵਧਣ ਦਾ ਯਤਨ ਕਰ ਰਹੀ ਹੈ, ਉਸ ਦੀ ਚੋਣ ਮੁਹਿੰਮ ਅਜਿਹੇ ਸ਼ਖਸ ਦੇ ਹੱਥ ਹੈ ਜਿਸ ਦੇ ਹੱਥ ਗੁਜਰਾਤ ਦੇ ਮੁਸਲਮਾਨਾਂ ਦੇ ਲਹੂ ਨਾਲ ਕਥਿਤ ਲਿਬੜੇ ਹੋਏ ਹਨ। ਇਸ ਤੋਂ ਵੀ ਵੱਡੀ ਗੱਲ, ਇਸ ਸ਼ਖਸ ਨੇ ਆਪਣੇ ਇਸ ਕਾਰੇ ਦਾ ਕਦੀ ਪਛਤਾਵਾ ਵੀ ਨਹੀਂ ਕੀਤਾ ਹੈ। ਇਹ ਸ਼ਖਸ ਨਰੇਂਦਰ ਮੋਦੀ ਹੈ ਜਿਸ ਨੇ ਗੁਜਰਾਤ ਦੇ ਸਿੱਖ ਕਿਸਾਨਾਂ ਨੂੰ ਉਜਾੜਨ ਲਈ ਵੀ ਕੋਈ ਕਸਰ ਨਹੀਂ ਛੱਡੀ ਹੈ। ਭਾਰਤ ਭਰ ਵਿਚ ਜਦੋਂ ਚੋਣ ਮੁਹਿੰਮ ਲਈ ਵੱਖ-ਵੱਖ ਪਾਰਟੀਆਂ ਅਜੇ ਉਡਾਣ ਭਰਨ ਦੀ ਕੋਸ਼ਿਸ਼ ਵਿਚ ਹੀ ਸਨ, ਐਨ ਉਸੇ ਵਕਤ ਕਾਂਗਰਸ ਨੇ ਪੈਰ ਪਿਛਾਂਹ ਖਿੱਚਣੇ ਅਰੰਭ ਕਰ ਦਿੱਤੇ ਸਨ। ਦਰਅਸਲ, ਅਰਬਾਂ-ਕਰੋੜਾਂ ਦੇ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਨੇ ਪਾਰਟੀ ਅਤੇ ਪਾਰਟੀ ਲੀਡਰਾਂ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਸੀ ਛੱਡਿਆ। ਸੋ, ਇਨ੍ਹਾਂ ਹਾਲਾਤ ਵਿਚ ਇਸ ਪਾਰਟੀ ਨੇ ਇਨ੍ਹਾਂ ਚੋਣਾਂ ਵਿਚ ਇਕ ਤਰ੍ਹਾਂ ਨਾਲ ਆਪਣੀ ਹਾਰ ਹੀ ਸਵੀਕਾਰ ਕਰ ਲਈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਜੋ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਲਈ ਸਦਾ ਤਰਲੋ-ਮੱਛੀ ਹੋਈ ਰਹਿੰਦੀ ਹੈ, ਨੂੰ ਵੀ ਭਾਸਣ ਲੱਗ ਪਿਆ ਕਿ ਐਤਕੀਂ ਦਿੱਲੀ ਬਹੁਤੀ ਦੂਰ ਨਹੀਂ ਹੈ ਅਤੇ ਦਿੱਲੀ ਵਿਚ ਝਬਦੇ ਹੀ ਆਪਣੀ ਸਰਕਾਰ ਬਣਾਈ ਜਾ ਸਕਦੀ ਹੈ, ਪਰ ਭਾਰਤ ਦੇ ਸਿਆਸੀ ਪਿੜ ਵਿਚ ਆਮ ਆਦਮੀ ਪਾਰਟੀ (ਆਪ) ਦੀ ਅਚਾਨਕ ਆਮਦ ਨੇ ਇਨ੍ਹਾਂ ਦੋਹਾਂ ਮੁੱਖ ਪਾਰਟੀਆਂ ਦੀਆਂ ਸਭ ਗਿਣਤੀਆਂ-ਮਿਣਤੀਆਂ ਝੰਜੋੜ ਸੁੱਟੀਆਂ। ਪਹਿਲਾਂ-ਪਹਿਲ ਤਾਂ 'ਆਪ' ਨੂੰ ਬਹੁਤਾ ਗੌਲਿਆ ਹੀ ਨਹੀਂ ਗਿਆ, ਪਰ ਦਿੱਲੀ ਵਿਧਾਨ ਸਭਾ ਦੇ ਨਤੀਜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ। ਜਿਸ ਤਰ੍ਹਾਂ ਲੋਕਾਂ ਨੇ ਕਿਸੇ ਵੇਲੇ ਸਮਾਜ-ਸੇਵੀ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਖਿਲਾਫ ਅੰਦੋਲਨ ਨੂੰ ਹੁੰਗਾਰਾ ਭਰਿਆ ਸੀ, ਐਨ ਉਸੇ ਤਰ੍ਹਾਂ ਆਮ ਲੋਕਾਂ ਨੇ ਚੋਣ ਮੁਹਿੰਮਾਂ ਵਿਚ 'ਆਪ' ਨੂੰ ਹੁੰਗਾਰਾ ਭਰਿਆ। ਥਾਂ-ਥਾਂ ਆਪ-ਮੁਹਾਰਾ ਅੰਦੋਲਨ ਰੂਪ ਅਖਤਿਆਰ ਕਰਨ ਲੱਗਾ। 'ਆਪ' ਦੇ ਇਸ ਆਪ-ਮੁਹਾਰੇ ਅੰਦੋਲਨ ਨੇ ਹੀ ਫਿਰ ਇਨ੍ਹਾਂ ਦੋਹਾਂ ਮੁੱਖ ਪਾਰਟੀਆਂ ਦੀ ਨੀਂਦ ਉਡਾਈ। 'ਆਪ' ਦੇ ਖਤਰੇ ਕਰ ਕੇ ਇਨ੍ਹਾਂ ਪਾਰਟੀਆਂ ਨੂੰ ਆਪਣੀਆਂ ਚੋਣ ਰਣਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕਰਨੀਆਂ ਪਈਆਂ। ਹੁਣ 'ਆਪ' ਲਈ ਮੁੱਖ ਮਸਲਾ ਚੋਣਾਂ ਜਿੱਤਣਾ ਨਹੀਂ ਸੀ ਰਹਿ ਗਿਆ, ਬਲਕਿ ਲੋਕਾਂ ਨੂੰ ਵੱਖ-ਵੱਖ ਮਸਲਿਆਂ ਬਾਰੇ ਸੁਚੇਤ ਕਰ ਕੇ ਇਹ ਤਾਂ ਅਗਾਊਂ ਹੀ ਜਿੱਤਾਂ ਹਾਸਲ ਕਰ ਚੁੱਕੀ ਹੈ। ਅੱਜ 'ਆਪ' ਭਾਰਤੀ ਸਿਆਸਤ ਵਿਚ ਇਕ ਵਰਤਾਰਾ ਹੋ ਨਿਬੜੀ ਹੈ ਅਤੇ ਸਿਆਸੀ ਮਾਹਿਰਾਂ ਦੀ ਗਿਣਤੀ-ਮਿਣਤੀ ਮੁਤਾਬਕ ਇਹ ਪਾਰਟੀ ਸਿਆਸੀ ਪਿੜ ਵਿਚ ਨਵੀਆਂ ਪੈੜਾਂ ਪਾ ਸਕਦੀ ਹੈ।

ਪੰਜਾਬ ਦਾ ਦ੍ਰਿਸ਼ ਵੀ ਭਾਰਤ ਦੇ ਸਮੁੱਚੇ ਦ੍ਰਿਸ਼ ਤੋਂ ਕੋਈ ਬਹੁਤਾ ਵੱਖਰਾ ਨਹੀਂ। ਪੰਜਾਬ ਵਿਚ ਤਾਂ ਸਗੋਂ 'ਆਪ' ਨੇ ਸਿਆਸੀ ਸਮੀਕਰਨ ਉਕਾ ਹੀ ਉਲਟਾ ਕੇ ਰੱਖ ਦਿੱਤੇ ਹਨ। ਚੋਣਾਂ ਦੇ ਐਲਾਨ ਵੇਲੇ, ਪੰਜਾਬ ਵਿਚ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਕਾਂਗਰਸ ਨਿਸੱਤੀ ਹੋਈ ਪਈ ਸੀ। ਧੜੇਬੰਦੀ ਨੇ ਪਾਰਟੀ ਨੂੰ ਖੋਖਲੀ ਕਰ ਛੱਡਿਆ ਸੀ। ਕਾਂਗਰਸ ਦੀ ਇਸੇ ਕਮਜ਼ੋਰੀ ਕਰ ਕੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਾਘੀਆਂ ਪਾ ਰਹੇ ਸਨ, ਪਰ ਕਾਂਗਰਸ ਹਾਈ ਕਮਾਂਡ ਦੇ ਇਕ ਹੀ ਫੈਸਲੇ ਨੇ ਪੈਂਦੀ ਸੱਟੇ ਸਭ ਹਾਲਤ ਬਦਲ ਦਿੱਤੇ। ਕਾਂਗਰਸ ਹਾਈ ਕਮਾਂਡ ਨੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ ਅਤੇ ਇਨ੍ਹਾਂ ਆਗੂਆਂ, ਖਾਸ ਕਰ ਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੈਦਾਨ ਵਿਚ ਡਟਣ ਸਾਰ ਦਿਨਾਂ ਵਿਚ ਹੀ ਪੰਜਾਬ ਕਾਂਗਰਸ ਦੀ ਕਾਇਆ-ਕਲਪ ਹੋ ਗਈ। ਕੁਝ ਹੀ ਸਮੇਂ ਵਿਚ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਬਰਾਬਰ ਦੀ ਟੱਕਰ ਦਿਸਣ ਲੱਗ ਪਈ। ਸਿਆਸੀ ਵਿਸ਼ਲੇਸ਼ਣਕਾਰ ਵੀ ਇਨ੍ਹਾਂ ਦੋਹਾਂ ਪਾਰਟੀਆਂ ਵਿਚਕਾਰ ਕਰੜੇ ਮੁਕਾਬਲੇ ਬਾਰੇ ਭਵਿੱਖਵਾਣੀ ਕਰਨ ਲੱਗੇ। ਇਸ ਦੌਰਾਨ ਹੀ 'ਆਪ' ਦੇ ਉਮੀਦਵਾਰਾਂ ਦੀ ਚਰਚਾ ਸ਼ੁਰੂ ਹੋਈ ਅਤੇ ਪੜ੍ਹੇ-ਲਿਖੇ ਮੱਧ-ਵਰਗ ਨੇ ਇਸ ਪਾਰਟੀ ਨੂੰ ਇਸ ਕਦਰ ਹੁੰਗਾਰਾ ਭਰਿਆ ਕਿ ਸਮੁੱਚੇ ਸੂਬੇ ਦਾ ਚੋਣ ਦ੍ਰਿਸ਼ ਹੀ ਬਦਲ ਗਿਆ। ਦੇਖਦਿਆਂ-ਦੇਖਦਿਆਂ ਪੰਜਾਬ ਦੇ ਕੁੱਲ 13 ਵਿਚੋਂ ਬਹੁਤੇ ਹਲਕਿਆਂ ਉਤੇ ਮੁਕਾਬਲਾ ਤਿਕੋਣਾ ਜਾਂ ਚਾਰਕੋਣਾ ਹੋ ਗਿਆ। ਅਸਲ ਵਿਚ ਪੰਜਾਬ ਦੇ ਲੋਕਾਂ ਨੂੰ 'ਆਪ' ਦੇ ਰੂਪ ਵਿਚ ਤੀਜਾ ਬਦਲ ਦਿਸ ਪਿਆ ਸੀ। ਇਸ ਤਰ੍ਹਾਂ ਦਾ ਕ੍ਰਿਸ਼ਮਾ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਹੋਇਆ ਸੀ ਜਦੋਂ ਸ. ਮਨਪ੍ਰੀਤ ਸਿੰਘ ਬਾਦਲ ਨੇ ਬਾਦਲਾਂ ਨੂੰ ਵੰਗਾਰਨ ਦਾ ਜੇਰਾ ਕੀਤਾ ਸੀ। ਉਦੋਂ ਉਸ ਦੀ ਸਭ ਤੋਂ ਵੱਧ ਮਦਦ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਪਰਵਾਸੀਆਂ ਨੇ ਕੀਤੀ ਸੀ। ਇਸ ਵਾਰ ਵੀ ਪਰਵਾਸੀਆਂ ਨੇ ਉਹੀ ਇਤਿਹਾਸ ਦੁਹਰਾਇਆ ਹੈ। ਕਈ ਪਰਵਾਸੀ ਤਾਂ ਪ੍ਰਚਾਰ ਖਾਤਰ ਉਚੇਚੇ ਪੰਜਾਬ ਵੀ ਗਏ। ਜਿਹੜੇ ਆਪਣੇ ਕੰਮਾਂ-ਕਾਰਾਂ ਦੇ ਰੁਝੇਵਿਆਂ ਕਰ ਕੇ ਨਹੀਂ ਜਾ ਸਕੇ, ਉਨ੍ਹਾਂ ਨੇ ਵਿਦੇਸ਼ਾਂ ਤੋਂ ਹੀ ਬਣਦੀ-ਸਰਦੀ ਇਮਦਾਦ ਕੀਤੀ। ਪੰਜਾਬ ਦੀਆਂ 13 ਲੋਕ ਸਭਾ ਦੇ ਨਤੀਜੇ ਜੋ ਮਰਜ਼ੀ ਆਉਣ, ਪਰ 'ਆਪ' ਦੀ ਆਮਦ ਨੇ ਇਹ ਆਸ ਬਣਾ ਦਿੱਤੀ ਹੈ ਕਿ ਹੰਭਲਾ ਮਾਰ ਕੇ ਅਸਲੀ ਅਤੇ ਨਿੱਗਰ ਤੀਜਾ ਸਿਆਸੀ ਫਰੰਟ ਖੋਲ੍ਹਿਆ ਜਾ ਸਕਦਾ ਹੈ। ਹੁਣ ਮੁੱਖ ਮਸਲਾ ਲੋਕਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਨੂੰ ਜਥੇਬੰਦ ਕਰ ਕੇ ਲੀਹ ਉਤੇ ਪਾਉਣ ਦਾ ਹੈ। 'ਆਪ' ਦੇ ਕਰਤਾ-ਧਰਤਾ ਜੇ ਇਸ ਅਗਨੀ ਪ੍ਰੀਖਿਆ ਵਿਚੋਂ ਪਾਸ ਹੋ ਗਏ ਤਾਂ ਉਹ ਦਿਨ ਦੂਰ ਨਹੀਂ, ਜਦੋਂ ਲੀਹੋਂ ਲੱਥਾ ਨਿਜ਼ਾਮ ਲੀਹ ਉਤੇ ਚੜ੍ਹਨ ਲਈ ਅਹੁਲੇਗਾ ਅਤੇ ਇਸ ਤਰੱਦਦ ਵਿਚ ਆਮ ਲੋਕਾਂ ਵੱਲੋਂ ਭਰੇ ਆਪ-ਮੁਹਾਰੇ ਹੁੰਗਾਰੇ ਦਾ ਸਭ ਤੋਂ ਵੱਡਾ ਯੋਗਦਾਨ ਹੋਵੇਗਾ। ਫਿਰ ਇਹੀ 'ਆਪ' ਦੀ ਜਿੱਤ ਹੋਵੇਗੀ।


## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅੱਜ ਲਈ ਅਰਜ!*

ਮੌਕਾ ਆ ਗਿਆ ਠੋਕਵਾਂ ਦਿਉ ਉਤਰ, ਸਬਜਬਾਗ ਦਿਖਾਉਣ ਦੇ ਲਾਰਿਆਂ ਦਾ।
ਦਿਲ ਦੇ ਰੋਹ ਨੂੰ ਚਾੜ੍ਹ ਕੇ ਸਾਣ ਉਤੇ, ਪੁੱਛ ਲਿਉ ਹਿਸਾਬ ਅਜ 'ਕਾਰਿਆਂ' ਦਾ।
ਵੋਟ ਤੁਸਾਂ ਦੀ ਕਰੂ ਇਲਾਜ ਪੂਰਾ, ਕੁਰਸੀ-ਨਸ਼ੇ ਦੇ ਨਾਲ ਹੰਕਾਰਿਆਂ ਦਾ।
ਮਰਜੀ 'ਆਪ' ਦੀ ਨਾਲ ਹੀ ਵੋਟ ਪਾਵੋ, ਹੋਵੇ ਅਸਰ ਨਾ ਦਬਕੇ ਮਾਰਿਆਂ ਦਾ।
ਸ਼ਾਮ ਤੱਕ ਹੀ ਡੋਰ ਐ ਹੱਥ ਤੁਹਾਡੇ, ਜਲਵਾ ਦੱਸੋ ਖਾਂ ਹੱਥਾਂ ਕਰਾਰਿਆਂ ਦਾ!
ਅੱਜ ਦੱਬ'ਤਾ ਬਟਨ ਜੇ ਗਲਤ ਯਾਰੋ, ਬਣੂ ਫੇਰ ਪੰਜਾਬ ਘਸਿਆਰਿਆਂ ਦਾ!

# ਪੰਜਾਬੀਆਂ ਦੀ ਕੌਮੀ ਸ਼ਨਾਖਤ



ਡਾ. ਤਾਹਿਰ ਮਹਿਮੂਦ

ਸਾਂਝੇ ਪੰਜਾਬ ਦਾ ਇਤਿਹਾਸਕ ਵਿਰਸਾ ਢਹਿ-ਢੇਰੀ ਹੋ ਰਿਹਾ ਹੈ; ਜਿਵੇਂ ਮਰੇ ਹੋਏ ਕਿਸੇ ਇਨਸਾਨ ਦਾ ਸਰੀਰ ਹੌਲੀ-ਹੌਲੀ ਆਪਣੀ ਸ਼ਨਾਖ਼ਤ ਗੁਆ ਕੇ ਮਿੱਟੀ ਦੇ ਢੇਰ ਵਿਚ ਬਦਲ ਜਾਂਦਾ ਹੈ। ਪੰਜਾਬ ਦੀ ਵੰਡ ਹੋਇਆਂ 65 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਮਿਟਦੀ ਹੋਈ ਸ਼ਨਾਖ਼ਤ ਦਾ ਇਹੋ ਵੱਡਾ ਕਾਰਨ ਹੈ।

ਲਹਿੰਦੇ ਪੰਜਾਬ (ਪਾਕਿਸਤਾਨ ਵਾਲੇ ਪੰਜਾਬ) ਦੇ ਪਿੰਡਾਂ ਤੇ ਸ਼ਹਿਰਾਂ ਵਿਚ ਪਵਿੱਤਰ ਅਸਥਾਨ ਹੀ ਨਹੀਂ, ਬਲਕਿ ਮੁਹੱਬਤਾਂ ਪਾਉਣ ਤੇ ਨਿਭਾਉਣ ਦੀਆਂ ਯਾਦਗਾਰਾਂ (ਨਿਸ਼ਾਨੀਆਂ) ਵੀ ਧੁੱਪ ਵਿਚ ਪਈ ਬਰਫ਼ ਵਾਂਗ ਖੁਰਦੀਆਂ ਜਾ ਰਹੀਆਂ ਹਨ। ਝੰਗ ਚਲਿਉਟ ਰੋਡ 'ਤੇ ਸਾਹਿਬਾਂ ਦੇ ਮਾਪਿਆਂ ਦਾ ਪਿੰਡ ਖੀਵਾ ਹੈ। ਇਸ ਪਿੰਡ ਅੰਦਰਲੀ ਮਸਜਿਦ ਲੰਮੇ ਸਮੇਂ ਤੋਂ ਵੀਰਾਨ ਅਤੇ ਉਜੜੀ ਪਈ ਹੈ। ਇਸ ਮਸਜਿਦ ਦੇ ਉਜੜਨ ਦਾ ਕਾਰਨ ਮਿਰਜ਼ਾ ਸਾਹਿਬਾਂ ਹੀ ਹਨ। ਨਿੱਕੇ ਹੁੰਦਿਆਂ ਇਹ ਦੋਵੇਂ ਇਸ ਮਸਜਿਦ ਵਿਚ ਮੌਲਵੀ ਕੋਲ ਪੜ੍ਹਨ ਜਾਂਦੇ ਸਨ। ਯਾਦ ਰਹੇ ਕਿ ਸਾਹਿਬਾਂ, ਮਿਰਜ਼ੇ ਦੇ ਮਾਮੇ ਦੀ ਧੀ ਸੀ। ਮਿਰਜ਼ੇ ਦੇ ਮਾਪਿਆਂ ਨੇ ਉਹਨੂੰ ਪੜ੍ਹਨ ਲਈ ਨਾਨਕਿਆਂ ਦੇ ਘਰ ਭੇਜਿਆ ਹੋਇਆ ਸੀ। ਖੀਵੇ ਪਿੰਡ ਦੀ ਜਿਸ ਮਸੀਤ ਵਿਚ ਮਿਰਜ਼ਾ ਸਾਹਿਬਾਂ ਨਿੱਕੇ ਹੁੰਦਿਆਂ ਪੜ੍ਹਨ ਆਉਂਦੇ ਸਨ, ਉਸ ਦੀ ਹਾਲਤ ਬਹੁਤ ਖਸਤਾ ਹੈ ਤੇ ਇਹ ਢਹਿ-ਢੇਰੀ ਹੋਣ ਦੇ ਲਾਗੇ ਪਹੁੰਚ ਗਈ ਹੈ। ਇਸ ਮਸਜਿਦ ਦੀ ਮੁਰੰਮਤ ਤੇ ਇਸ ਨੂੰ ਰੰਗ-ਰੋਗਨ ਕਰਨ ਦੀ ਇਜਾਜ਼ਤ ਖੀਵਾ ਪਿੰਡ ਦੀ ਸਿਆਲ ਕੌਮ ਵੱਲੋਂ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਮਿਰਜ਼ਾ ਸਾਹਿਬਾਂ ਰਾਤ ਦੇ ਹਨੇਰੇ ਵਿਚ ਸਾਡੀ ਇੱਜ਼ਤ ਮਿੱਟੀ ਵਿਚ ਮਿਲਾ ਕੇ ਭੱਜ ਗਏ ਸਨ। ਮਿਰਜ਼ਾ ਸਾਹਿਬਾਂ ਦੇ ਭੱਜਣ ਦਾ ਗੁੱਸਾ ਇਸ ਇਤਿਹਾਸਕ ਮਸਜਿਦ ਉਤੇ ਕੱਢਿਆ ਜਾ ਰਿਹਾ ਹੈ, ਜੋ ਪੰਜਾਬ ਦਾ ਵਿਰਸਾ ਹੈ।

ਪੰਜਾਬ ਨੂੰ ਵੰਡ ਕੇ ਹਿੰਦੂ-ਸਿੱਖਾਂ ਨੂੰ ਲਹਿੰਦੇ ਪੰਜਾਬੋਂ ਅਤੇ ਮੁਸਲਮਾਨਾਂ ਨੂੰ ਚੜ੍ਹਦੇ ਪੰਜਾਬੋਂ ਦੇਸ਼ ਨਿਕਾਲਾ ਦਿੱਤਾ ਗਿਆ; ਪਰ ਲਗਦਾ ਹੈ ਕਿ ਇਸ ਦੇ ਨਾਲ-ਨਾਲ ਪੰਜਾਬੀ ਜ਼ਬਾਨ ਨੂੰ ਵੀ ਕੈਦ ਕਰਨ ਦਾ ਫ਼ੈਸਲਾ ਕਰ ਲਿਆ ਗਿਆ ਸੀ। ਪੰਜਾਬ ਦਾ ਇਤਿਹਾਸ ਤੇ ਪੰਜਾਬ ਦਾ ਇਲਮ-ਓ-ਅਦਬ ਦੋਵੇਂ ਤਬਾਹੀ ਦਾ ਸ਼ਿਕਾਰ ਹਨ। ਲਹਿੰਦੇ ਪੰਜਾਬ ਵਿਚ ਪੰਜਾਬੀ ਇਲਮ-ਓ-ਅਦਬ ਨੂੰ ਜੋ ਰੰਗ ਦਿੱਤਾ ਗਿਆ ਹੈ, ਉਹ ਰੰਗ ਉਸ ਰੰਗ ਤੋਂ ਬਿਲਕੁਲ ਵੱਖਰਾ ਹੈ ਜੋ ਚੜ੍ਹਦੇ ਪੰਜਾਬ ਵਿਚ ਪੰਜਾਬੀ ਇਤਿਹਾਸ ਤੇ ਇਲਮ-ਓ-ਅਦਬ ਨੂੰ ਦਿੱਤਾ ਗਿਆ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਹਜ਼ਾਰਾਂ ਕਿਤਾਬਾਂ ਇਸ ਦਾਅਵੇ ਦੀਆਂ ਗਵਾਹ ਹਨ। ਇਸ ਤੋਂ ਇਲਾਵਾ ਦੋਵਾਂ ਪੰਜਾਬਾਂ ਵਿਚ ਪੰਜਾਬੀ ਸ਼ਬਦਾਂ ਦਾ ਭੰਡਾਰ 70 ਫ਼ੀਸਦੀ ਵੱਖਰਾ-ਵੱਖਰਾ ਹੋ ਗਿਆ ਹੈ। ਇਸ ਵਾਸਤੇ ਹੀ ਚੜ੍ਹਦੇ ਪੰਜਾਬ ਵਿਚ ਸ਼ਾਹਮੁਖੀ ਪੜ੍ਹਨਾ ਖ਼ਾਸ ਤੌਰ 'ਤੇ ਇਸ ਨੂੰ ਸਮਝਣਾ ਬਹੁਤੀ ਔਖੀ ਗੱਲ ਬਣ ਗਈ ਹੈ। ਇੰਝ ਹੀ ਲਹਿੰਦੇ ਪੰਜਾਬ ਵਿਚ ਗੁਰਮੁਖੀ ਪੜ੍ਹਨਾ, ਖ਼ਾਸ ਤੌਰ 'ਤੇ ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਬਣ ਗਿਆ ਹੈ। ਲਹਿੰਦੇ ਪੰਜਾਬ ਵਿਚ ਪੰਜਾਬੀ ਸ਼ਬਦਾਂ ਦੇ ਭੰਡਾਰ ਵਿਚ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ ਹੈ। ਇੰਝ ਹੀ ਚੜ੍ਹਦੇ ਪੰਜਾਬ ਵਿਚ ਪੰਜਾਬੀ ਸ਼ਬਦਾਂ ਦੇ ਖਜ਼ਾਨੇ ਨੂੰ ਸੰਸਕ੍ਰਿਤ, ਹਿੰਦੀ ਤੇ ਪਤਾ ਨਹੀਂ ਹੋਰ ਕਿਹੜੀਆਂ-ਕਿਹੜੀਆਂ ਜ਼ਬਾਨਾਂ ਦੇ ਸ਼ਬਦ ਮਿਟਾਈ ਜਾ ਰਹੇ ਹਨ। ਪੰਜਾਬੀ ਮਾਂ-ਬੋਲੀ ਦਾ ਲਹਿਜ਼ਾ ਤੇ ਰੰਗ-ਢੰਗ ਚੜ੍ਹਦੇ ਅਤੇ ਲਹਿੰਦੇ, ਦੋਹਾਂ ਪੰਜਾਬਾਂ ਵਿਚ ਹੀ ਵੱਖਰੇ-ਵੱਖਰੇ ਹੋ ਗਏ ਹਨ। ਹੁਣ ਉਹ ਸਮਾਂ ਦੂਰ ਨਹੀਂ, ਜਦ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਆਉਣ-ਜਾਣ ਵਾਲੀ ਚਿੱਠੀ, ਅਖ਼ਬਾਰ ਜਾਂ ਕਿਤਾਬ ਪੜ੍ਹਨ ਲਈ ਕਿਸੇ ਮਾਹਰ ਦੀ ਜ਼ਰੂਰਤ ਪਵੇਗੀ ਜੋ ਪੜ੍ਹ ਕੇ ਸੁਣਾਏਗਾ ਵੀ ਅਤੇ ਸ਼ਬਦਾਂ ਦਾ ਅਰਥ ਵੀ ਸਮਝਾਏਗਾ। ਮੈਂ 17 ਸਾਲ ਤੋਂ ਗੁਰਮੁਖੀ ਲਿਪੀ ਪੜ੍ਹ ਤੇ ਲਿਖ ਰਿਹਾ ਹਾਂ, ਪਰ ਗੁਰਮੁਖੀ ਲਿਪੀ ਦਾ ਸਾਰਾ ਮਜ਼ਮੂਨ ਜਾਂ ਚਿੱਠੀ ਪੜ੍ਹਨ ਦੇ ਬਾਵਜੂਦ ਇਸ ਵਿਚ ਲਿਖੇ ਗਏ ਸ਼ਬਦਾਂ ਦੇ ਅਰਥਾਂ ਨੂੰ 40 ਫ਼ੀਸਦੀ ਮੈਂ ਵੀ ਹਾਲੇ ਤੱਕ ਨਹੀਂ ਸਮਝ ਸਕਦਾ। ਜੇ ਮੇਰਾ ਇਹ ਹਾਲ ਹੈ ਤਾਂ ਬਾਕੀ 95 ਫ਼ੀਸਦੀ ਪੰਜਾਬੀ ਜੋ ਲਹਿੰਦੇ ਪੰਜਾਬ ਵਿਚ ਰਹਿੰਦੇ ਹਨ, ਕਿਸ ਬਾਗ ਦੀ ਮੂਲੀ ਹਨ? ਸਭ ਤੋਂ ਵੱਡਾ ਜ਼ੁਲਮ ਤਾਂ ਇਹ ਹੈ ਕਿ ਪੰਜਾਬੀ ਜ਼ਬਾਨ ਜੋ ਸਾਡੀ ਮਾਂ-ਬੋਲੀ ਹੈ, ਅਸੀਂ ਉਸ ਨੂੰ ਘਰਾਂ ਵਿਚੋਂ ਕੱਢਣ ਲਈ ਭਰਪੂਰ ਯਤਨ ਕਰ ਰਹੇ ਹਾਂ।

ਪੰਜਾਬ ਦੀ ਤਾਂ ਅਸੀਂ ਪਹਿਲਾਂ ਹੀ ਵੱਢ-ਟੁੱਕ ਕਰਵਾ ਲਈ ਹੈ, ਜੇ ਪੰਜਾਬੀ ਜ਼ਬਾਨ ਦੀ ਸ਼ਕਲ ਵਿਗਾੜ ਕੇ ਇਸ ਨੂੰ ਦੁਨੀਆਂ ਵਿਚੋਂ ਕੱਢਣ ਦੇ ਯਤਨਾਂ ਤੋਂ ਅਸੀਂ ਬਾਜ਼ ਨਾ ਆਏ, ਤਾਂ ਸਾਡੀ ਪੰਜਾਬੀਅਤ ਦੀ ਸ਼ਨਾਖ਼ਤ ਮੁਕੰਮਲ ਤੌਰ 'ਤੇ ਖ਼ਤਮ ਹੋ ਜਾਵੇਗੀ। ਪੰਜਾਬੀਆਂ ਦੀ ਸ਼ਨਾਖ਼ਤ ਜਾਣਨ ਬਾਰੇ ਵਿਦਿਆਰਥੀ ਇਤਿਹਾਸਕ ਕਿਤਾਬਾਂ ਦਾ ਹੀ ਸਹਾਰਾ ਲਿਆ ਕਰਨਗੇ। ਸੰਸਾਰ ਭਰ ਵਿਚ 6700 ਤੋਂ ਜ਼ਿਆਦਾ ਜ਼ਬਾਨਾਂ ਬੋਲੀਆਂ ਤੇ ਸਮਝੀਆਂ ਜਾਂਦੀਆਂ ਹਨ, ਪਰ ਅੰਗਰੇਜ਼ੀ ਜ਼ਬਾਨ ਦੁਨੀਆਂ ਵਿਚ 3000 ਤੋਂ ਵੀ ਵੱਧ ਬੋਲੀਆਂ ਜਾਣ ਵਾਲੀਆਂ ਖੇਤਰੀ ਜ਼ਬਾਨਾਂ ਲਈ ਖ਼ਤਰਾ ਬਣ ਗਈ ਹੈ।

ਦੁਨੀਆਂ ਭਰ ਵਿਚ 20 ਕਰੋੜ ਦੇ ਲਗਭਗ ਲੋਕ ਪੰਜਾਬੀ ਜ਼ਬਾਨ ਬੋਲਦੇ ਹਨ। ਪੰਜਾਬੀ ਸੰਸਾਰ ਦੀ 11ਵੀਂ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਜ਼ਬਾਨ ਹੈ। ਪਾਕਿਸਤਾਨ ਵਿਚ 10 ਕਰੋੜ ਤੋਂ ਵੱਧ ਲੋਕ ਪੰਜਾਬੀ ਬੋਲਦੇ ਤੇ ਸਮਝਦੇ ਹਨ ਜੋ ਪਾਕਿਸਤਾਨ ਦੀ ਆਬਾਦੀ ਦਾ 60 ਫ਼ੀਸਦੀ ਹਨ।

ਅਮਰੀਕਾ, ਕੈਨੇਡਾ, ਬਰਤਾਨੀਆ ਤੇ ਆਸਟਰੇਲੀਆ ਵਿਚ ਪੰਜਾਬੀ ਜ਼ਬਾਨ ਨੂੰ ਘੱਟ-ਗਿਣਤੀ ਆਬਾਦੀ ਦੀ ਜ਼ਬਾਨ ਮਿਥਿਆ ਗਿਆ ਹੈ। ਹਿੰਦੁਸਤਾਨ ਦੀ ਵੰਡ ਦਾ ਸਭ ਤੋਂ ਵੱਡਾ ਅਸਰ ਪੰਜਾਬੀ ਜ਼ਬਾਨ 'ਤੇ ਪਿਆ, ਕਿਉਂਕਿ ਉਹ ਹਿੰਦੂ ਭਾਈਚਾਰਾ ਜੋ ਸਦੀਆਂ ਤੋਂ ਪੰਜਾਬੀ ਬੋਲਦਾ ਆ ਰਿਹਾ ਸੀ, ਉਹ ਪੰਜਾਬੀ ਛੱਡ ਕੇ ਹਿੰਦੀ ਨੂੰ ਆਪਣੀ ਮਾਂ-ਬੋਲੀ ਲਿਖਵਾਉਣ ਤੇ ਅਖਵਾਉਣ ਲੱਗ ਪਿਆ। ਇੰਝ ਇਹ ਦੁਰਘਟਨਾ ਪੰਜਾਬੀ ਜ਼ਬਾਨ 'ਤੇ ਸਭ ਤੋਂ ਵੱਡਾ ਡਾਕਾ ਬਣ ਗਈ।

ਪੰਜਾਬ ਵਿਚ ਗੁਰੂਆਂ, ਪੀਰਾਂ, ਫ਼ਕੀਰਾਂ, ਦਰਵੇਸ਼ਾਂ ਤੇ ਸੂਫ਼ੀਆਂ ਨੇ ਆਪਣੀਆਂ ਤਹਿਰੀਰਾਂ, ਕਵਿਤਾਵਾਂ ਤੇ ਧਾਰਮਿਕ ਤਾਲੀਮ ਲਈ ਪੰਜਾਬੀ ਜ਼ਬਾਨ ਨੂੰ ਹੀ ਵਰਤਿਆ। ਇੰਝ ਇਹ ਰੂਹਾਨੀ ਤੇ ਮਹਾਨ ਹਸਤੀਆਂ ਪੰਜਾਬੀ ਜ਼ਬਾਨ ਨੂੰ ਧਰਤੀ ਤੋਂ ਚੁੱਕ ਕੇ ਆਕਾਸ਼ 'ਤੇ ਲੈ ਗਈਆਂ। ਸਈਅਦ ਵਾਰਸ ਸ਼ਾਹ, ਹਾਸ਼ਮ ਸ਼ਾਹ, ਮੀਆਂ ਮੁਹੰਮਦ ਬਖਸ਼, ਬਾਬਾ ਬੁੱਲ੍ਹੇਸ਼ਾਹ, ਖਵਾਜਾ ਫ਼ਰੀਦ, ਬਾਬਾ ਫ਼ਰੀਦ ਸ਼ਕਰਗੰਜ ਨੇ ਪੰਜਾਬੀ ਜ਼ਬਾਨ ਲਈ ਬਹੁਤ ਸੇਵਾ ਨਿਭਾਈ। ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ ਤੇ ਸੁਰਜੀਤ ਪਾਤਰ ਦੀਆਂ ਮਾਂ-ਬੋਲੀ ਬਾਰੇ ਸੇਵਾਵਾਂ ਨੂੰ ਵੀ ਕਦੀ ਨਹੀਂ ਭੁਲਾਇਆ ਜਾ ਸਕਦਾ।

> ***ਮਾਂ-ਬੋਲੀ ਕਿਸੇ ਵੀ ਕੌਮ ਦੀ ਸ਼ਨਾਖ਼ਤ ਹੁੰਦੀ ਹੈ ਜੋ ਲੋਕਾਂ ਨੂੰ ਆਪਸ ਵਿਚ ਜੋੜੀ ਰੱਖਦੀ ਹੈ। ਮਾਂ-ਬੋਲੀ ਨੂੰ ਵੱਜਣ ਵਾਲੀ ਸੱਟ ਦਰਅਸਲ ਉਸ ਬੋਲੀ ਨਾਲ ਪਿਆਰ ਕਰਨ ਵਾਲੇ ਤੇ ਉਸ ਨੂੰ ਬੋਲਣ ਵਾਲਿਆਂ ਦੇ ਦਿਲਾਂ 'ਤੇ ਵੱਜਦੀ ਹੈ। ਮਾਂ-ਬੋਲੀ ਦੇ ਹਰ ਸ਼ਬਦ ਤੇ ਹਰ ਲਿਖਤ ਵਿਚ ਉਸ ਬੋਲੀ ਨੂੰ ਬੋਲਣ ਵਾਲੀ ਕੌਮ ਦੇ ਰਸਮੋ-ਰਿਵਾਜ, ਸਭਿਆਚਾਰ ਤੇ ਵਿਰਸੇ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਮਾਂ-ਬੋਲੀ ਕਾਰਨ ਹੀ ਅਸੀਂ ਕਿਸੇ ਵੀ ਕੌਮ ਦੇ ਇਤਿਹਾਸ, ਉਸ ਦੇ ਵਿਰਸੇ ਤੇ ਰਸਮੋ-ਰਿਵਾਜ ਨੂੰ ਸਹੀ ਤੌਰ 'ਤੇ ਸਮਝਣ ਦੇ ਕਾਬਲ ਹੁੰਦੇ ਹਾਂ। ਜਿਸ ਸੁਸਾਇਟੀ ਵਿਚ ਮਾਂ-ਬੋਲੀ ਦਾ ਸਤਿਕਾਰ ਨਹੀਂ ਕੀਤਾ ਜਾਂਦਾ, ਉਸ ਸੁਸਾਇਟੀ ਦੇ ਲੋਕ ਖ਼ਾਸ ਤੌਰ 'ਤੇ ਜਵਾਨ ਪੀੜ੍ਹੀ ਆਪਣੇ ਇਤਿਹਾਸ, ਵਿਰਸੇ ਤੇ ਰਸਮੋ-ਰਿਵਾਜ ਤੱਕ ਪਹੁੰਚ ਨਹੀਂ ਰੱਖ ਸਕਦੀ।***

ਮਾਂ-ਬੋਲੀ ਕਿਸੇ ਵੀ ਕੌਮ ਦੀ ਸ਼ਨਾਖ਼ਤ ਹੁੰਦੀ ਹੈ ਜੋ ਲੋਕਾਂ ਨੂੰ ਆਪਸ ਵਿਚ ਜੋੜੀ ਰੱਖਦੀ ਹੈ। ਮਾਂ-ਬੋਲੀ ਨੂੰ ਵੱਜਣ ਵਾਲੀ ਸੱਟ ਦਰਅਸਲ ਉਸ ਬੋਲੀ ਨਾਲ ਪਿਆਰ ਕਰਨ ਵਾਲੇ ਤੇ ਉਸ ਨੂੰ ਬੋਲਣ ਵਾਲਿਆਂ ਦੇ ਦਿਲਾਂ 'ਤੇ ਵੱਜਦੀ ਹੈ। ਮਾਂ-ਬੋਲੀ ਦੇ ਹਰ ਸ਼ਬਦ ਤੇ ਹਰ ਲਿਖਤ ਵਿਚ ਉਸ ਬੋਲੀ ਨੂੰ ਬੋਲਣ ਵਾਲੀ ਕੌਮ ਦੇ ਰਸਮੋ-ਰਿਵਾਜ, ਸਭਿਆਚਾਰ ਤੇ ਵਿਰਸੇ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਮਾਂ-ਬੋਲੀ ਕਾਰਨ ਹੀ ਅਸੀਂ ਕਿਸੇ ਵੀ ਕੌਮ ਦੇ ਇਤਿਹਾਸ, ਉਸ ਦੇ ਵਿਰਸੇ ਤੇ ਰਸਮੋ-ਰਿਵਾਜ ਨੂੰ ਸਹੀ ਤੌਰ 'ਤੇ ਸਮਝਣ ਦੇ ਕਾਬਲ ਹੁੰਦੇ ਹਾਂ। ਜਿਸ ਸੁਸਾਇਟੀ ਵਿਚ ਮਾਂ-ਬੋਲੀ ਦਾ ਸਤਿਕਾਰ ਨਹੀਂ ਕੀਤਾ ਜਾਂਦਾ, ਉਸ ਸੁਸਾਇਟੀ ਦੇ ਲੋਕ ਖ਼ਾਸ ਤੌਰ 'ਤੇ ਜਵਾਨ ਪੀੜ੍ਹੀ ਆਪਣੇ ਇਤਿਹਾਸ, ਵਿਰਸੇ ਤੇ ਰਸਮੋ-ਰਿਵਾਜ ਤੱਕ ਪਹੁੰਚ ਨਹੀਂ ਰੱਖ ਸਕਦੀ। ਇੰਝ ਲੋਕ ਆਪਣੇ ਵਿਰਸੇ 'ਤੇ ਮਾਣ ਕਰਨ ਦੀ ਥਾਂ ਗ਼ੈਰਾਂ ਦੇ ਵਿਰਸੇ ਤੇ ਰਸਮੋ-ਰਿਵਾਜ ਦੇ ਗੁਲਾਮ ਬਣ ਜਾਂਦੇ ਹਨ ਤੇ ਇੰਝ ਆਪਣੀ ਪਛਾਣ ਗੁਆ ਬੈਠਦੇ ਹਨ।

ਕੋਈ ਵੀ ਜ਼ਬਾਨ ਕੇਵਲ ਆਪਸ ਵਿਚ ਗੱਲਬਾਤ ਕਰਨ ਦਾ ਜ਼ਰੀਆ ਨਹੀਂ, ਬਲਕਿ ਇਸ ਨੂੰ ਬੋਲਣ ਤੇ ਸਮਝਣ ਵਾਲੇ ਕਰੋੜਾਂ ਲੋਕਾਂ ਦਾ ਸਦੀਆਂ ਪੁਰਾਣਾ ਤਜਰਬਾ ਤੇ ਇਤਿਹਾਸ ਵੀ ਇਸ ਵਿਚ ਸੁਰੱਖਿਅਤ ਹੁੰਦਾ ਹੈ। ਆਪਣੀ ਮਾਂ-ਬੋਲੀ ਤੋਂ ਹਟ ਕੇ ਦੂਜੀਆਂ ਜ਼ਬਾਨਾਂ ਸਿੱਖਣ ਵਿਚ ਕੋਈ ਹਰਜ ਨਹੀਂ ਹੈ, ਪਰ ਆਪਣੀ ਮਾਂ-ਬੋਲੀ ਬੋਲਦਿਆਂ ਸ਼ਰਮ ਮਹਿਸੂਸ ਕਰਨਾ, ਉਸ ਨੂੰ ਘਟੀਆ ਸਮਝਣਾ ਬਹੁਤ ਸ਼ਰਮਨਾਕ ਗੱਲ ਹੈ। 2008 ਵਿਚ ਸੰਯੁਕਤ ਰਾਸ਼ਟਰ ਨੇ ਮਾਂ-ਬੋਲੀ ਬਾਰੇ ਮਤਾ ਪਾਸ ਕੀਤਾ ਅਤੇ ਹਰ ਸਾਲ 21 ਫਰਵਰੀ ਦਾ ਦਿਨ ਮਾਂ-ਬੋਲੀ ਦੇ ਨਾਂ ਕਰ ਦਿੱਤਾ। ਅੱਜ ਦੇ ਸਮੇਂ ਮਾਂ-ਬੋਲੀ ਨੂੰ ਇਨਸਾਨੀ ਹੱਕ ਦੇ ਤੌਰ 'ਤੇ ਤਸਲੀਮ ਕੀਤਾ ਜਾਂਦਾ ਹੈ। ਸੰਸਾਰ ਭਰ ਵਿਚ ਮਾਂ-ਬੋਲੀ ਨੂੰ ਸਤਿਕਾਰ ਦੇਣ ਦੇ ਹੱਕ ਨੂੰ ਤਸਲੀਮ ਕਰਨ ਦੇ ਬਾਵਜੂਦ ਉਸ ਨੂੰ ਬਣਦਾ ਰੁਤਬਾ ਨਹੀਂ ਦਿੱਤਾ ਜਾ ਸਕਿਆ। ਵਿਸ਼ਵ ਭਰ ਦੀਆਂ 3000 ਜ਼ਬਾਨਾਂ ਦਾ ਤਾਂ ਜਨਾਜ਼ਾ ਨਿਕਲਣ ਦਾ ਖ਼ਤਰਾ ਨਜ਼ਰ ਆ ਰਿਹਾ ਹੈ।

ਸਾਰੀ ਦੁਨੀਆਂ ਦੇ ਤਾਲੀਮੀ ਮਾਹਿਰ ਇਸ ਗੱਲ 'ਤੇ ਸਹਿਮਤ ਹਨ ਕਿ ਬੱਚੇ ਨੂੰ ਮੁਢਲੀ ਤਾਲੀਮ ਉਸ ਦੀ ਮਾਂ-ਬੋਲੀ ਵਿਚ ਦੇਣੀ ਚਾਹੀਦੀ ਹੈ। ਬੱਚੇ ਦੇ ਆਲੇ-ਦੁਆਲੇ ਤੇ ਹਰ ਸਮੇਂ ਉਸ ਦੇ ਨਾਲ ਰਹਿਣ ਵਾਲੇ ਬੋਲੀ ਹੋਰ ਬੋਲਣ ਤੇ ਬੱਚੇ ਨੂੰ ਤਾਲੀਮ ਕਿਸੇ ਹੋਰ ਜ਼ਬਾਨ ਵਿਚ ਦਿੱਤੀ ਜਾਏ, ਇੰਝ ਬੱਚੇ ਦੀ ਸ਼ਖ਼ਸੀਅਤ ਤੇ ਸਿੱਖਿਆ ਅਧੂਰੀ ਰਹੇਗੀ ਤੇ ਦਿਮਾਗ ਵਿਚ ਭੰਬਲਭੂਸਾ ਪੈਦਾ ਹੋਵੇਗਾ। ਅਧੂਰੀ ਸੋਚ, ਅਧੂਰਾ ਜ਼ਿਹਨ ਕਿਸੇ ਇਕ ਸੋਚ 'ਤੇ ਮੁਕੰਮਲ ਤੌਰ 'ਤੇ ਪਹਿਰਾ ਨਾ ਦੇਣਾ, ਇਹ ਜ਼ਿਹਨੀ ਬਿਮਾਰੀਆਂ ਸਾਰੀ ਜ਼ਿੰਦਗੀ ਉਸ ਦਾ ਪਿੱਛਾ ਨਹੀਂ ਛੱਡਣਗੀਆਂ। ਜੋ ਕੌਮ ਆਪਣੇ ਬੱਚਿਆਂ ਨੂੰ ਮੁਢਲੀ ਤਾਲੀਮ ਆਪਣੀ ਮਾਂ-ਬੋਲੀ ਵਿਚ ਹੀ ਦਿੰਦੀ ਹੈ ਤਾਂ ਉਹ ਕੌਮ 97 ਫ਼ੀਸਦੀ ਪੜ੍ਹੀ-ਲਿਖੀ ਕੌਮ ਬਣ ਜਾਂਦੀ ਹੈ।

ਪਾਕਿਸਤਾਨ ਵਿਚ ਉਰਦੂ ਤੇ ਅੰਗਰੇਜ਼ੀ ਅਤੇ ਹਿੰਦੁਸਤਾਨ ਅੰਦਰ ਅੰਗਰੇਜ਼ੀ ਤੇ ਹਿੰਦੀ ਉਤੇ ਗ਼ੈਰ-ਜ਼ਰੂਰੀ ਜ਼ੋਰ ਦੇਣ ਕਾਰਨ ਮਾਂ-ਬੋਲੀ ਪੰਜਾਬੀ ਤੇ ਦੂਜੀਆਂ ਖੇਤਰੀ ਜ਼ਬਾਨਾਂ ਨੂੰ ਬਹੁਤ ਸੱਟ ਵੱਜੀ ਹੈ। ਇਸ ਦੇ ਨਾਲ-ਨਾਲ ਉਰਦੂ, ਹਿੰਦੀ ਜ਼ਬਾਨਾਂ ਦੇ ਖੇਤਰੀ ਜ਼ਬਾਨਾਂ ਨਾਲ ਟਕਰਾਅ ਦੀ ਹਾਲਤ ਬਣ ਗਈ ਹੈ।

ਇਹ ਠੀਕ ਹੈ ਕਿ ਪਾਕਿਸਤਾਨ ਦੀ ਕੌਮੀ ਜ਼ਬਾਨ ਉਰਦੂ ਅਤੇ ਹਿੰਦੁਸਤਾਨ ਵਿਚ ਹਿੰਦੀ ਦਾ ਬੋਲਬਾਲਾ ਹੈ, ਤੇ ਇਹ ਹਿੰਦੁਸਤਾਨ ਦੀ ਕੌਮੀ ਜ਼ਬਾਨ ਵੀ ਹੈ, ਪਰ ਕੌਮੀ ਜ਼ਬਾਨਾਂ ਦੇ ਹਥਿਆਰ ਨਾਲ ਇਸ ਖਿੱਤੇ ਦੀਆਂ ਖੇਤਰੀ (ਮਾਂ-ਬੋਲੀਆਂ) ਜ਼ਬਾਨਾਂ ਨੂੰ ਕਤਲ ਨਹੀਂ ਕੀਤਾ ਜਾ ਸਕਦਾ। ਹੁਣ ਚਾਹੀਦਾ ਇਹ ਹੈ ਕਿ ਕੌਮੀ ਜ਼ਬਾਨ, ਖੇਤਰੀ ਜ਼ਬਾਨਾਂ ਦੀ ਸਾਂਭ-ਸੰਭਾਲ ਲਈ ਆਪਣਾ ਬਣਦਾ ਕਿਰਦਾਰ ਵਧੀਆ ਢੰਗ ਨਾਲ ਨਿਭਾਏ।

ਹਿੰਦੁਸਤਾਨ, ਪਾਕਿਸਤਾਨ ਦੇ ਬਹੁਗਿਣਤੀ ਅੰਗਰੇਜ਼ੀ ਬੋਲਣ ਵਾਲੇ ਦੇਸੀ ਲੋਕ ਮਾਂ-ਬੋਲੀ ਬੋਲਣ ਵਾਲਿਆਂ ਨੂੰ ਜਾਹਲ ਤੇ ਅਨਪੜ੍ਹ ਸਮਝਦੇ ਹਨ। ਵਿਦੇਸ਼ੀ ਜ਼ਬਾਨ ਅੰਗਰੇਜ਼ੀ ਜੋ ਸਾਡੇ ਜ਼ਿਹਨ ਵਿਚ ਦਿਮਾਗੀ ਗੁਲਾਮੀ ਵਜੋਂ ਚਿੰਬੜੀ ਹੋਈ ਹੈ, ਨੂੰ ਬੋਲਣ ਵਿਚ ਉਹ ਫ਼ਖ਼ਰ ਮਹਿਸੂਸ ਕਰਦੇ ਹਨ। ਇਹ ਠੀਕ ਹੈ ਕਿ ਸਾਨੂੰ ਅੰਗਰੇਜ਼ੀ ਬੋਲਣੀ ਅਤੇ ਪੜ੍ਹਨੀ ਵਧੀਆ ਢੰਗ ਨਾਲ ਸਿੱਖਣੀ ਚਾਹੀਦੀ ਹੈ, ਕਿਉਂਕਿ ਸੰਸਾਰ ਭਰ ਵਿਚ ਇਹ ਰਾਬਤੇ ਦੀ ਵੱਡੀ ਜ਼ਬਾਨ ਹੈ, ਤੇ ਬਹੁਤਾ ਸਾਇੰਸੀ ਇਲਮ ਵੀ ਇਸੇ ਜ਼ਬਾਨ ਵਿਚ ਹੈ। ਇਸ ਲਈ ਅੰਗਰੇਜ਼ੀ ਬੋਲਣੀ, ਲਿਖਣੀ ਸਿੱਖਣਾ ਅੱਜ ਦੇ ਸਮੇਂ ਦੀ ਲੋੜ ਹੈ, ਪਰ

*(ਬਾਕੀ ਅਗਲੇ ਸਫੇ ਉਤੇ)*

# ਇਨਸਾਫ ਉਡੀਕਦੀਆਂ ਭਗਾਣਾ ਦੀਆਂ ਦਲਿਤ ਧੀਆਂ

***ਦਲਿਤਾਂ ਨਾਲ ਹੋ ਰਹੇ ਜਬਰ ਦੀ ਕਹਾਣੀ ਸਦੀਆਂ ਪੁਰਾਣੀ ਹੈ। ਭਾਰਤ ਵਿਚ ਭਾਵੇਂ ਹੁਣ ਜਮਹੂਰੀ ਨਿਜ਼ਾਮ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਅਜੇ ਵੀ ਖਾਸ ਕਰ ਕੇ ਦਿਹਾਤੀ ਇਲਾਕਿਆਂ ਵਿਚ ਜਗੀਰੂ ਢਾਂਚਾ ਇੰਨਾ ਪੀਡਾ ਅਤੇ ਭਿਅੰਕਰ ਹੈ ਕਿ ਆਏ ਦਿਨ ਦਲਿਤਾਂ ਨੂੰ ਜਬਰ ਸਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਤੋਂ ਬਾਅਦ ਸਰਕਾਰੇ-ਦਰਬਾਰੇ ਕਿਉਂਕਿ ਹੀਲੇ-ਵਸੀਲੇ ਵਾਲਿਆਂ ਦੀ ਹੀ ਚੱਲਦੀ ਹੈ, ਇਸ ਲਈ ਇਨ੍ਹਾਂ ਪੀੜਤ ਲੋਕਾਂ ਨੂੰ ਥਾਣਿਆਂ-ਕੋਰਟ-ਕਚਹਿਰੀਆਂ ਵਿਚ ਵੀ ਇਨਸਾਫ ਨਹੀਂ ਮਿਲਦਾ। ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਹਰਿਆਣਾ ਦੇ ਪਿੰਡ ਭਗਾਣਾ ਵਿਚ ਦਲਿਤ ਬੱਚੀਆਂ ਨਾਲ ਹੋਏ ਜਬਰ ਜਨਾਹ ਬਾਰੇ ਟਿੱਪਣੀ ਕੀਤੀ ਹੈ। ਕਿਸੇ ਵੀ ਪਾਰਟੀ ਨੇ ਇਸ ਮੁੱਦੇ ਉਤੇ ਕੋਈ ਸਰਗਰਮੀ ਕਰਨ ਦੀ ਲੋੜ ਨਹੀਂ ਸਮਝੀ। ਸਭ ਆਪੋ-ਆਪਣੇ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਹਨ। ਇਨ੍ਹਾਂ ਰੁਝੇਵਿਆਂ ਵਿਚ ਮੀਡੀਆ ਨੂੰ ਵੀ ਬੱਚੀਆਂ ਉਤੇ ਹੋਇਆ ਇਹ ਜ਼ੁਲਮ ਕੋਈ ਖਾਸ ਖਬਰ ਨਹੀਂ ਲੱਗਿਆ। -ਸੰਪਾਦਕ***

25 ਮਾਰਚ ਨੂੰ ਹਰਿਆਣਾ ਵਿਚ ਵਾਪਰੇ ਸਮੂਹਿਕ ਜਬਰ ਜਨਾਹ ਕਾਂਡ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਕਿ ਹਿੰਦੁਸਤਾਨ ਦੇ ਸਮਾਜ ਵਿਚ ਔਰਤ ਕਿੰਨੀ ਗ਼ੈਰ-ਮਹਿਫ਼ੂਜ਼ ਹੈ ਅਤੇ ਲੋਕਤੰਤਰ ਕਹਾਉਣ ਵਾਲੇ ਇਸ ਨਿਜ਼ਾਮ ਦੀਆਂ, ਔਰਤਾਂ ਦੀ ਸੁਰੱਖਿਆ ਬਾਰੇ ਕਾਨੂੰਨੀ ਪੇਸ਼ਬੰਦੀਆਂ ਕਿੰਨੀਆਂ ਖੋਖਲੀਆਂ ਅਤੇ ਢੌਂਗੀ ਹਨ!

25 ਮਾਰਚ 2014 ਦੀ ਰਾਤ ਨੂੰ ਜ਼ਿਲ੍ਹਾ ਹਿਸਾਰ ਦੇ ਪਿੰਡ ਭਗਾਣਾ ਦੇ ਦਲਿਤ ਭਾਈਚਾਰੇ ਦੀਆਂ ਚਾਰ ਕੁੜੀਆਂ ਨੂੰ ਉੱਚ ਜਾਤੀ ਜਾਟਾਂ ਦਾ ਗਰੋਹ ਕਾਰ ਵਿਚ ਸੁੱਟ ਕੇ ਲੈ ਗਿਆ। ਦੋ ਦਿਨ ਤਕ ਇਕ ਦਰਜਨ ਦਰਿੰਦੇ ਉਨ੍ਹਾਂ ਨਾਲ ਜਬਰ ਜਨਾਹ ਕਰਦੇ ਰਹੇ ਅਤੇ ਫਿਰ ਉਨ੍ਹਾਂ ਨੂੰ ਬਠਿੰਡੇ ਰੇਲਵੇ ਸਟੇਸ਼ਨ ਲਾਗੇ ਸੁੱਟ ਗਏ। ਇਨ੍ਹਾਂ ਵਿਚੋਂ ਦੋ ਕੁੜੀਆਂ ਅਜੇ ਨਾਬਾਲਗ ਹਨ। ਹੰਗਾਮਾ ਖੜ੍ਹਾ ਹੋਣ 'ਤੇ ਪੁਲਿਸ ਨੇ ਐਫ.ਆਈ.ਆਰ. ਦਰਜ ਕਰ

**ਬੂਟਾ ਸਿੰਘ**

ਕੇ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਡਾਕਟਰੀ ਮੁਆਇਨੇ ਵਿਚ ਕੁੜੀਆਂ ਨਾਲ ਜਬਰ ਜਨਾਹ ਦੀ ਤਸਦੀਕ ਵੀ ਹੋ ਗਈ, ਪਰ ਰਾਜਤੰਤਰ ਵਿਚ ਇਨ੍ਹਾਂ ਹੰਕਾਰੇ ਹੋਏ ਜਾਟਾਂ ਦੀ ਜਾਤਪਾਤੀ ਧੌਂਸ ਅਤੇ ਦਾਬੇ ਨੂੰ ਨੱਥ ਪਾਉਣ ਦੀ ਹਿੰਮਤ ਨਹੀਂ ਹੈ। ਉੱਚ ਜਾਤੀ ਅਨਸਰ ਦਲਿਤ ਭਾਈਚਾਰੇ ਦੇ ਹੌਸਲੇ ਪਸਤ ਕਰ ਕੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਬੇਅਸਰ ਬਣਾਉਣ ਲਈ ਲਗਾਤਾਰ ਨਵੇਂ ਤੋਂ ਨਵੇਂ ਹੱਥਕੰਡੇ ਇਸਤੇਮਾਲ ਕਰ ਰਹੇ ਹਨ, ਕਿਉਂਕਿ ਦੋਸ਼ੀ ਸਿੱਧੇ ਤੌਰ 'ਤੇ ਪਿੰਡ ਦੇ ਸਰਪੰਚ ਦੇ ਖ਼ਾਸ-ਮ-ਖ਼ਾਸ ਹਨ। ਸਮਾਜਕ ਦਾਬਾ ਇਸ ਕਦਰ ਹੈ ਕਿ 2011 'ਚ ਮੁਢਲਾ ਝਗੜਾ ਹੁੰਦੇ ਸਾਰ ਹੀ ਹੋਰ ਜਾਤਾਂ ਦੇ 138 ਦਲਿਤ ਪਰਿਵਾਰਾਂ ਨੇ ਤਾਂ ਪਿੰਡ ਛੱਡ ਕੇ ਹਿਸਾਰ ਦੇ ਮਿੰਨੀ ਸਕੱਤਰੇਤ ਵਿਖੇ ਸ਼ਰਨ ਲੈ ਲਈ ਸੀ ਅਤੇ 2 ਸਾਲ ਤੋਂ ਉਥੇ ਲਗਾਤਾਰ ਧਰਨਾ ਦੇ ਰਹੇ ਹਨ; ਪਰ ਧਾਨਕ ਜਾਤ ਦੇ ਦਲਿਤ ਪਿੰਡ ਵਿਚ ਹੀ ਰਹੇ ਜਿਸ ਦੀ ਸਜ਼ਾ ਹੁਣ ਉਨ੍ਹਾਂ ਦੀਆਂ ਧੀਆਂ ਨਾਲ ਜਬਰ ਜਨਾਹ ਕਰ ਕੇ ਦਿੱਤੀ ਗਈ ਹੈ। ਕੁਝ ਕਾਰਕੁਨਾਂ ਦੀ ਮਦਦ ਨਾਲ ਉਹ ਆਪਣੇ ਨਾਲ ਲਗਾਤਾਰ ਹੋ ਰਹੇ ਘੋਰ ਜ਼ੁਲਮਾਂ ਨੂੰ ਜੱਗ ਜ਼ਾਹਰ ਕਰਨ ਅਤੇ ਇਨਸਾਫ਼ ਦੀ ਖ਼ਾਤਰ ਦਿੱਲੀ ਧਰਨੇ 'ਤੇ ਬੈਠੇ ਹਨ।

ਹਰਿਆਣੇ ਵਿਚ ਜਾਤਪਾਤੀ ਦਾਬੇ, ਧੱਕੇ ਅਤੇ ਵਿਤਕਰੇ ਦੇ ਸਤਾਏ ਦੱਬੇ-ਕੁਚਲੇ ਹਿੱਸਿਆਂ ਦੀ ਨਾਜ਼ੁਕ ਹਾਲਤ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਉਥੇ ਦਲਿਤਾਂ ਦੇ ਕਤਲਾਂ, ਦਲਿਤ ਔਰਤਾਂ ਨਾਲ ਜਬਰ ਜਨਾਹਾਂ, ਉਨ੍ਹਾਂ ਦੇ ਘਰ ਅੱਗ ਲਾ ਕੇ ਸਾੜਨ ਅਤੇ ਹੋਰ ਜ਼ੁਲਮਾਂ ਦੀਆਂ ਵਾਰਦਾਤਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਮਸਲਨ ਫਰਵਰੀ 2011 'ਚ ਪਿੰਡ ਦੌਲਤਪੁਰਾ (ਜ਼ਿਲ੍ਹਾ ਹਿਸਾਰ) ਵਿਚ ਉੱਚ ਜਾਤਾਂ ਵੱਲੋਂ ਰੁੱਖ ਥੱਲੇ ਰੱਖੇ ਘੜੇ ਵਿਚੋਂ ਪਾਣੀ ਪੀਣ ਦੀ ਗੁਸਤਾਖ਼ੀ ਬਦਲੇ ਨੌਜਵਾਨ ਦੇ ਹੱਥ ਵੱਢ ਦੇਣਾ, ਸਤੰਬਰ 2012 'ਚ ਪਿੰਡ ਡਾਬੜਾ (ਜ਼ਿਲ੍ਹਾ ਹਿਸਾਰ) ਵਿਚ ਦਲਿਤ ਕੁੜੀ ਨਾਲ ਸਮੂਹਿਕ ਜਬਰ ਜਨਾਹ, ਅਕਤੂਬਰ 2012 'ਚ ਪਿੰਡ ਸੱਚਾਖੇੜਾ (ਜ਼ਿਲ੍ਹਾ ਜੀਂਦ) ਵਿਚ ਦਲਿਤ ਕੁੜੀ ਨਾਲ ਪੰਜ ਬੰਦਿਆਂ ਵਲੋਂ ਸਮੂਹਕ ਜਬਰ ਜਨਾਹ (ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੀ ਹਮਦਰਦੀ ਦਿਖਾਉਣ ਉਸ ਦੇ ਘਰ ਗਈ, ਪਰ ਨਿਆਂ ਨਾ ਮਿਲਣ ਦੀ ਸੂਰਤ 'ਚ ਕੁੜੀ ਖ਼ੁਦਕੁਸ਼ੀ ਕਰ ਗਈ), 3 ਨਵੰਬਰ 2012 ਪਿੰਡ ਮੰਗਾਲੀ (ਜ਼ਿਲ੍ਹਾ ਹਿਸਾਰ) ਵਿਚ ਦਲਿਤ ਕੁੜੀ ਨਾਲ ਸਮੂਹਕ ਜਬਰ ਜਨਾਹ, ਜਨਵਰੀ 2013 ਜ਼ਿਲ੍ਹਾ ਪਲਵਲ ਵਿਚ ਉੱਚ ਜਾਤੀ ਹਜੂਮ ਵਲੋਂ ਦਲਿਤਾਂ ਉਪਰ ਹਮਲਾ, ਫਰਵਰੀ 2013 'ਚ ਪਿੰਡ ਰਤੇੜਾ (ਜ਼ਿਲ੍ਹਾ ਭਿਵਾਨੀ) ਵਿਚ ਦਲਿਤ ਨੌਜਵਾਨ ਨੂੰ ਘੋੜੀ ਚੜ੍ਹਨ ਤੋਂ ਰੋਕਣ ਲਈ ਬੇਰਹਿਮੀ ਨਾਲ ਕੁੱਟਮਾਰ, 29 ਮਾਰਚ 2013 ਨੂੰ ਢੋਬੀ (ਜ਼ਿਲ੍ਹਾ ਹਿਸਾਰ) ਵਿਚ ਦਲਿਤ ਨੌਜਵਾਨ ਦਾ ਕਤਲ, ਮਾਰਚ 2013 ਵਿਚ ਪਿੰਡ ਮਦੀਨਾ (ਜ਼ਿਲ੍ਹਾ ਰੋਹਤਕ) ਦੇ ਦਲਿਤ ਮੁਹੱਲੇ ਉਪਰ ਉੱਚ ਜਾਤੀ ਅਨਸਰਾਂ ਵਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਦਲਿਤਾਂ ਦੀ ਹੱਤਿਆ, ਅਪਰੈਲ 2013 ਰਿਵਾਸਾ ਪਿੰਡ (ਜ਼ਿਲ੍ਹਾ ਭਿਵਾਨੀ) ਵਿਚ ਦਲਿਤ ਔਰਤ ਨਾਲ ਸਮੂਹਕ ਜਬਰ ਜਨਾਹ, 25 ਅਗਸਤ 2013 ਨੂੰ ਬਨੀਆਖੇੜਾ (ਜ਼ਿਲ੍ਹਾ) ਦੀ ਦਲਿਤ ਵਿਦਿਆਰਥਣ ਦਾ ਸਮੂਹਕ ਜਬਰ ਜਨਾਹ ਪਿੱਛੋਂ ਕਤਲ ਆਦਿ ਕੁਝ ਵਧ ਚਰਚਿਤ ਘਟਨਾਵਾਂ ਹਨ। 2009 'ਚ ਜੇ ਦਲਿਤਾਂ ਉਪਰ ਜ਼ੁਲਮਾਂ ਦੇ 303 ਮਾਮਲੇ ਦਰਜ ਹੋਏ, ਤਾਂ 2010 ਵਿਚ ਇਹ ਵਧ ਕੇ 380 ਅਤੇ 2011 ਵਿਚ 408 (60 ਮਾਮਲਿਆਂ 'ਚ ਔਰਤਾਂ ਨਾਲ ਜਬਰ ਜਨਾਹ) ਤਕ ਜਾ ਪਹੁੰਚੇ; ਭਾਵ 35 ਫ਼ੀਸਦੀ ਵਾਧਾ ਅਤੇ ਦਲਿਤ ਔਰਤਾਂ ਨਾਲ ਜਬਰ ਜਨਾਹਾਂ ਵਿਚ 15 ਫ਼ੀਸਦੀ ਦਾ ਵਾਧਾ ਨੋਟ ਕੀਤਾ ਗਿਆ।

ਦਰਅਸਲ, ਜੱਗ ਜ਼ਾਹਰ ਘਟਨਾਵਾਂ ਦੇ ਮੁਕਾਬਲੇ ਅਸਲ ਹਾਲਤ ਇਸ ਤੋਂ ਕਈ ਗੁਣਾਂ ਭਿਆਨਕ ਹੈ। ਇਸੇ ਦੇ ਮੱਦੇਨਜ਼ਰ ਹਾਲ ਹੀ ਵਿਚ ਕੌਮੀ ਸੂਚੀਦਰਜ ਜਾਤੀ ਕਮਿਸ਼ਨ ਨੇ ਹਰਿਆਣਾ ਸਰਕਾਰ ਦੇ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ 2011 ਤੋਂ ਲੈ ਕੇ 2014 ਤਕ ਪਿਛਲੇ ਤਿੰਨ ਵਰ੍ਹਿਆਂ ਦੇ ਅਰਸੇ ਵਿਚ ਦਲਿਤਾਂ ਉਪਰ ਜ਼ੁਲਮਾਂ ਦੇ ਦਰਜ ਕੀਤੇ ਮਾਮਲਿਆਂ ਦੀ ਪੂਰੀ ਰਿਪੋਰਟ 10 ਦਿਨਾਂ ਦੇ ਵਿਚ ਮੰਗ ਲਈ ਹੈ। ਇਹ ਤਾਂ ਵਕਤ ਦੱਸੇਗਾ ਕਿ ਹਰਿਆਣਾ ਹਕੂਮਤ ਇਸ ਮਾਮਲੇ 'ਚ ਕੀ ਰਿਪੋਰਟ ਪੇਸ਼ ਕਰਦੀ ਹੈ, ਤੇ ਕਮਿਸ਼ਨ ਇਸ ਨੂੰ ਲੈ ਕੇ ਕੀ ਕਦਮ ਚੁੱਕਦਾ, ਜਾਂ ਕੀ ਕਾਨੂੰਨੀ ਕਾਰਵਾਈ ਕਰਵਾਉਂਦਾ ਹੈ, ਪਰ ਭਗਾਣਾ ਦੇ ਦਲਿਤਾਂ ਲਈ ਇਨਸਾਫ਼ ਦਾ ਸਵਾਲ ਅੱਜ ਸਭ ਤੋਂ ਵੱਡਾ ਮੁੱਦਾ ਬਣ ਚੁੱਕਿਆ ਹੈ ਜਿਨ੍ਹਾਂ ਦੇ ਪੂਰੇ ਭਾਈਚਾਰੇ ਦਾ ਪਿਛਲੇ ਦੋ ਵਰ੍ਹਿਆਂ ਤੋਂ ਸਮਾਜੀ ਬਾਈਕਾਟ ਨੇ ਜਿਉਣਾ ਮੁਸ਼ਕਿਲ ਕੀਤਾ ਹੋਇਆ ਹੈ; ਜਦਕਿ ਜਮਹੂਰੀਅਤ ਦੀ ਚੋਣ ਕਵਾਇਦ ਵਿਚ ਰੁੱਝੇ ਸਿਆਸੀ ਖਿਡਾਰੀਆਂ ਨੂੰ ਕੋਈ ਪ੍ਰਵਾਹ ਨਹੀਂ ਹੈ।




ਦਲਿਤਾਂ ਦਾ ਜਾਟਾਂ ਨਾਲ ਜ਼ਮੀਨ ਦਾ ਝਗੜਾ ਹੈ। ਦਰਅਸਲ, ਜਾਟਾਂ ਨੇ ਦਲਿਤਾਂ ਦੀ ਬਸਤੀ ਅੱਗੇ ਕੰਧ ਉਸਾਰ ਕੇ ਉਨ੍ਹਾਂ ਦੇ ਹਿੱਸੇ ਦੀ ਸ਼ਾਮਲਾਤ 'ਤੇ ਕਬਜ਼ਾ ਕਰ ਲਿਆ ਸੀ। ਇਸ ਦਾ ਵਿਰੋਧ ਕਰਨ 'ਤੇ ਉਦੋਂ ਤੋਂ ਹੀ ਦਲਿਤਾਂ ਦਾ ਸਮਾਜੀ ਬਾਈਕਾਟ ਚੱਲ ਰਿਹਾ ਹੈ। ਉੱਚ ਅਦਾਲਤ, ਮਨੁੱਖੀ ਅਧਿਕਾਰ ਕਮਿਸ਼ਨ, ਕੌਮੀ ਸੂਚੀਦਰਜ ਜਾਤੀ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਟਿੱਚ ਜਾਣਦਿਆਂ ਉਥੇ ਜਾਟਾਂ ਨੇ ਆਪਣੇ ਹੀ ਜਗੀਰੂ ਕਾਇਦੇ-ਕਾਨੂੰਨ ਲਾਗੂ ਕੀਤੇ ਹੋਏ ਹਨ। ਇਸੇ ਸਮਾਜੀ ਜ਼ੁਲਮ ਦੇ ਸਿਲਸਿਲੇ ਵਿਚ ਦਲਿਤ ਕੁੜੀਆਂ ਨਾਲ ਸਮੂਹਕ ਜਬਰ ਜਨਾਹ ਨੂੰ ਗਿਣ-ਮਿਥ ਕੇ ਅੰਜ਼ਾਮ ਦਿੱਤਾ ਗਿਆ ਹੈ। ਹਿੰਦੁਸਤਾਨ ਦੇ ਜਾਤਪਾਤ ਦੇ ਜ਼ਹਿਰ ਦੇ ਡੰਗੇ ਸਮਾਜ ਵਿਚ ਦਲਿਤ ਹੋਣ ਦੇ ਮਾਇਨੇ ਹੀ ਹੋਰ ਹਨ। ਜੇ ਇਹੀ ਜ਼ਮੀਨ ਦਾ ਝਗੜਾ ਅਖੌਤੀ ਉੱਚੀਆਂ ਜਾਤਾਂ ਦਾ ਆਪਸ ਵਿਚ ਹੁੰਦਾ, ਤਾਂ ਇਸ ਨੇ ਰਵਾਇਤੀ ਪੰਚਾਇਤ ਤੋਂ ਹੁੰਦੇ ਹੋਏ ਥਾਣੇ-ਕਚਹਿਰੀ ਵਿਚ ਕਾਨੂੰਨੀ ਝਗੜੇ ਦੀ ਸ਼ਕਲ ਅਖ਼ਤਿਆਰ ਕਰਨੀ ਸੀ। ਇਕ ਧਿਰ ਨੇ ਦੂਜੀ ਨਾਲ ਲੜਾਈ ਤੇ ਕਾਨੂੰਨੀ ਚਾਰਾਜੋਈ ਰਾਹੀਂ ਨਜਿੱਠਣਾ ਸੀ, ਪਰ ਜਿਥੇ ਦੂਜੀ ਧਿਰ ਦਲਿਤ ਹੋਵੇ, ਉਥੇ ਉੱਚ ਜਾਤਾਂ ਵਾਲਿਆਂ ਦੇ ਵਿਰੋਧੀ ਧਿਰ ਨਾਲ ਨਜਿੱਠਣ, ਉਸ ਨੂੰ ਸਬਕ ਸਿਖਾਉਣ ਅਤੇ ਉਨ੍ਹਾਂ ਨੂੰ ਆਪਣੀ ਜਗੀਰੂ ਧੌਂਸ ਨਾਲ ਦਬਾਉਣ ਦੇ ਤੌਰ-ਤਰੀਕੇ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਇਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਜਾਤਪਾਤੀ ਜ਼ੁਲਮਾਂ ਤੋਂ ਲੈ ਕੇ ਸਮਾਜੀ ਬਾਈਕਾਟ ਮੁੱਖ ਹਥਿਆਰ ਹੈ। ਇਸ ਦਾ ਭਾਵ ਹੈ ਹਾਸ਼ੀਆਗ੍ਰਸਤ, ਸਾਧਨਾਂ ਤੋਂ ਵਾਂਝੇ ਮੁਹਤਾਜ ਭਾਈਚਾਰੇ ਦੀ ਸਮੁੱਚੀ ਸਮਾਜੀ, ਆਰਥਿਕ ਜ਼ਿੰਦਗੀ ਦਾ ਘੋਰ ਸੰਕਟ ਦੀ ਲਪੇਟ ਵਿਚ ਆ ਜਾਣਾ ਅਤੇ ਉਨ੍ਹਾਂ ਦਾ ਘਰੋਂ ਵਿਚੋਂ ਨਿਕਲਣਾ ਹੀ ਬੰਦ ਕਰ ਦੇਣਾ।

ਅਜੇ ਤਕ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਂਦਾ ਰਾਜਤੰਤਰ ਅਤੇ ਇਸ ਦੀ ਸੁਪਰੀਮ ਕੋਰਟ ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਮਿਰਚਪੁਰ ਪਿੰਡ ਦੇ ਸਮਾਜੀ ਸੰਕਟ ਦਾ ਨਿਬੇੜਾ ਹੀ ਨਹੀਂ ਕਰਵਾ ਸਕੇ। ਉਪਰੋਂ ਨਿੱਤ ਨਵੇਂ ਤੋਂ ਨਵੇਂ ਜ਼ੁਲਮ ਮੀਡੀਆ ਦੀਆਂ ਸੁਰਖ਼ੀਆਂ ਬਣਦੇ ਜਾਂਦੇ ਹਨ। ਮਿਰਚਪੁਰ ਵਿਚ 2010 ਵਿਚ ਦਲਿਤਾਂ ਦੇ ਕੁੱਤੇ ਦੇ ਭੌਂਕਣ ਦੀ ਸਜ਼ਾ ਉੱਚੀਆਂ ਜਾਤਾਂ ਨੇ 21 ਅਪਰੈਲ ਦੇ ਦਿਨ ਉਨ੍ਹਾਂ ਦੀ ਪੂਰੀ ਬਸਤੀ ਨੂੰ ਰਾਖ਼ ਦਾ ਢੇਰ ਬਣਾ ਕੇ ਦਿੱਤੀ ਸੀ ਜਿਸ ਵਿਚ ਇਕ ਅਪਾਹਜ ਲੜਕੀ ਤੇ ਇਕ ਬਜ਼ੁਰਗ ਜਿਉਂਦੇ ਸੜ ਗਏ ਸਨ। ਪੂਰੇ ਦਲਿਤ ਭਾਈਚਾਰੇ ਨੂੰ ਪਿੰਡ ਛੱਡ ਕੇ ਹਿਸਾਰ ਵਿਚ ਸ਼ਰਨ ਲੈਣੀ ਪਈ ਸੀ। ਕਾਂਗਰਸੀ ਆਗੂ ਰਾਹੁਲ ਗਾਂਧੀ ਵਲੋਂ ਇਨ੍ਹਾਂ ਦਲਿਤਾਂ ਦਾ ਹਾਲਚਾਲ ਪੁੱਛਣ ਲਈ ਉਚੇਚੇ ਦੌਰਾ ਕਰਨ ਦੇ ਬਾਵਜੂਦ ਹਾਲਤ ਜਿਉਂ ਦੀ ਤਿਉਂ ਬਣੀ ਹੋਈ ਹੈ। ਚਾਰ ਅਪਰੈਲ ਨੂੰ ਹਰਿਆਣਾ ਹਕੂਮਤ ਨੇ ਸੁਪਰੀਮ ਵਿਚ ਜਵਾਬ ਦਾਅਵਾ ਪੇਸ਼ ਕਰ ਕੇ ਜੋ ਜਾਣਕਾਰੀ ਦਿੱਤੀ, ਉਹ ਅੱਖਾਂ ਖੋਲ੍ਹਣ ਵਾਲੀ ਹੈ। ਇਸ ਮਾਮਲੇ ਵਿਚ ਸੁਰੱਖਿਆ ਲਈ ਤਾਇਨਾਤ ਸੀ.ਆਰ.ਪੀ.ਐਫ. ਉਪਰ 11 ਕਰੋੜ, ਪੁਲਿਸ ਸੁਰੱਖਿਆ ਉਪਰ 4 ਚਾਰ ਕਰੋੜ ਰੁਪਏ ਸਮੇਤ ਵੱਖ-ਵੱਖ 'ਸੁਰੱਖਿਆ ਉਪਾਵਾਂ' ਉਪਰ 19 ਕਰੋੜ ਰੁਪਏ ਖ਼ਰਚੇ ਜਾ ਚੁੱਕੇ ਹਨ। ਇਸ ਤੋਂ ਛੁੱਟ 49 ਦਲਿਤਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਵੀ ਕੀਤਾ ਗਿਆ, ਜਦਕਿ ਹਿਊਮੈਨ ਰਾਈਟਸ ਲਾਅ ਨੈੱਟਵਰਕ ਨੇ ਹਕੂਮਤੀ ਦਾਅਵਿਆਂ ਨੂੰ ਝੂਠੇ ਕਰਾਰ ਦਿੰਦਿਆਂ ਖ਼ੁਲਾਸਾ ਕੀਤਾ ਕਿ ਚੰਦ ਜਣਿਆਂ ਨੂੰ ਹੀ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਸਨ, ਬਾਕੀਆਂ ਨੂੰ ਠੇਕੇ ਦੇ ਕੰਮ 'ਚ ਲਗਾਇਆ ਗਿਆ ਸੀ ਜਿਨ੍ਹਾਂ ਨੂੰ ਹੁਣ ਕੰਮ ਤੋਂ ਹਟਾਇਆ ਜਾ ਚੁੱਕਾ ਹੈ। ਦਲਿਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਮਾਣ-ਸਨਮਾਨ ਦੀ ਬਹਾਲੀ ਦਾ ਸਵਾਲ ਅਜੇ ਵੀ ਉਥੇ ਦਾ ਉਥੇ ਖੜ੍ਹਾ ਹੈ। ਡਾਬੜਾ ਪਿੰਡ ਦੀ ਦਲਿਤ ਬੱਚੀ ਦੀ ਦਾਸਤਾਂ ਵੀ ਘੱਟ ਭਿਆਨਕ ਨਹੀਂ ਹੈ ਜਿਸ ਨਾਲ 14 ਬੰਦਿਆਂ ਨੇ ਸਮੂਹਕ ਜਬਰ ਜਨਾਹ ਕੀਤਾ ਸੀ। ਉਸ ਦਾ ਬਾਪ ਥਾਣੇ ਰਪਟ ਲਿਖਾਉਣ ਲਈ ਵਾਰ-ਵਾਰ ਗੇੜੇ ਮਾਰਦਾ ਜਦੋਂ ਵਾਪਸ ਮੁੜਦਾ ਸੀ ਤਾਂ ਉਚ ਜਾਤੀ ਵਾਲੇ ਮੋਬਾਇਲ ਫ਼ੋਨ ਉਪਰ ਉਸ ਨਾਲ ਧੀ ਨਾਲ ਜਬਰ ਜਨਾਹ ਕੀਤੇ ਜਾਣ ਵਕਤ ਬਣਾਇਆ ਵੀਡੀਓ ਕਲਿਪ ਉਸ ਨੂੰ ਦਿਖਾ ਕੇ ਵਾਰ-ਵਾਰ ਜ਼ਲੀਲ ਕਰਦੇ ਸਨ ਜਿਸ ਤੋਂ ਤੰਗ ਆ ਕੇ ਉਹ ਖ਼ੁਦਕੁਸ਼ੀ ਕਰ ਗਿਆ ਸੀ। ਇਹ ਨੌਬਤ ਆਉਣ 'ਤੇ ਹੀ ਕਾਨੂੰਨ ਦੇ ਰਖਵਾਲਿਆਂ ਨੇ ਰਪਟ ਦਰਜ ਕੀਤੀ, ਕੁਝ ਮੁਜਰਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਪਰ ਜ਼ਿਆਦਾਤਰ ਅਜੇ ਵੀ ਸ਼ਰੇਆਮ ਘੁੰਮਦੇ ਹਨ। ਹੁਣ ਅਦਾਲਤੀ ਹੁਕਮ 'ਤੇ ਇਕ ਸਰਕਾਰੀ ਅੰਗ-ਰੱਖਿਅਕ ਹਰ ਵਕਤ ਪ੍ਰਛਾਵੇਂ ਵਾਂਗ ਕੁੜੀ ਦੀ ਹਿਫ਼ਾਜ਼ਤ ਲਈ ਉਸ ਦੇ ਨਾਲ ਰਹਿੰਦਾ ਹੈ, ਕਿਉਂਕਿ ਉਸ ਉਪਰ ਵਾਰ-ਵਾਰ ਹਮਲੇ ਹੋ ਚੁੱਕੇ ਹਨ।

ਭਗਾਣਾ ਮਾਮਲੇ ਦਾ ਇਕ ਹੋਰ ਕਾਬਲੇ-ਗ਼ੌਰ ਪਹਿਲੂ ਵੀ ਹੈ। ਹਰ ਮਾਮਲੇ ਪ੍ਰਤੀ ਸਿਆਸੀ ਤਾਕਤਾਂ, ਬੁੱਧੀਜੀਵੀਆਂ ਭਾਵ ਮੁਲਕ ਦੀ ਰਾਜਧਾਨੀ ਦਾ ਪ੍ਰਤੀਕਰਮ ਵੱਖੋ-ਵੱਖਰਾ ਹੈ। ਦਾਮਨੀ ਮਾਮਲੇ (ਦਿੱਲੀ ਜਬਰ ਜਨਾਹ ਕੇਸ) ਵਿਚ ਦਿੱਲੀ ਦੇ ਲੋਕਾਂ ਦੇ ਸੜਕਾਂ 'ਤੇ ਆ ਕੇ ਇਨਸਾਫ਼ ਲਈ ਪੁਲਿਸ-ਪ੍ਰਸ਼ਾਸਨ ਨਾਲ ਟਕਰਾਉਣ ਅਤੇ ਮੀਡੀਆ ਵਲੋਂ ਇਸ ਮਾਮਲੇ ਨੂੰ ਵਿਸ਼ੇਸ਼ ਫੋਕਸ ਕਰਨ ਦਾ ਮਤਲਬ ਇਹ ਨਹੀਂ ਕਿ ਦਿੱਲੀ ਦਾ ਸਮਾਜ ਅਤੇ ਮੀਡੀਆ ਔਰਤ ਵਰਗ ਨਾਲ ਵਧੀਕੀ ਦੇ ਹਰ ਮਾਮਲੇ ਪ੍ਰਤੀ ਇਕੋ ਜਿੰਨੇ ਸੰਵੇਦਨਸ਼ੀਲ ਹਨ! ਬੇਸ਼ੱਕ ਦਾਮਨੀ ਮਾਮਲਾ ਇਨਸਾਨੀਅਤ ਦੇ ਖ਼ਿਲਾਫ਼ ਸਿਰੇ ਦਾ ਸੰਗੀਨ ਜੁਰਮ ਸੀ, ਪਰ ਅਜਿਹੇ ਬੇਸ਼ੁਮਾਰ ਮਾਮਲੇ ਵਾਪਰਦੇ ਹਨ ਜਿਨ੍ਹਾਂ ਨੂੰ ਗੌਲਿਆ ਹੀ ਨਹੀਂ ਜਾਂਦਾ। ਦਿੱਲੀ ਦੇ ਲੋਕ ਖੈਰਲਾਂਜੀ ਕਾਂਡ (ਮਹਾਰਾਸ਼ਟਰ), ਕੁਨਨ-ਪੌਸ਼ਪੁਰਾ (ਕਸ਼ਮੀਰ), ਸਲਵਾ ਜੂਡਮ ਅਤੇ ਓਪਰੇਸ਼ਨ ਗ੍ਰੀਨ ਹੰਟ ਦੌਰਾਨ ਹਕੂਮਤੀ ਤਾਕਤਾਂ ਵਲੋਂ ਸੈਂਕੜੇ ਔਰਤਾਂ ਨਾਲ ਸਮੂਹਿਕ ਜਬਰ ਜਨਾਹਾਂ ਵਰਗੇ ਮਾਮਲਿਆਂ ਨੂੰ ਕਦੇ ਗੰਭੀਰਤਾ ਨਾਲ ਨਹੀਂ ਲੈਂਦੇ। ਜਦੋਂ ਦਾਮਨੀ ਕਾਂਡ ਹੋਇਆ ਸੀ, ਉਸੇ ਸਾਲ 9 ਫਰਵਰੀ 2012 ਨੂੰ ਦਿੱਲੀ ਵਿਚੋਂ 19 ਸਾਲ ਦੀ ਕਿਰਨ ਨੇਗੀ ਨੂੰ ਅਗਵਾ ਕਰ ਕੇ ਸਮੂਹਕ ਜਬਰ ਕਰਨ ਮਗਰੋਂ ਦਰਿੰਦਿਆਂ ਨੇ ਬੇਹੋਸ਼ੀ ਦੀ ਹਾਲਤ ਵਿਚ ਹਰਿਆਣਾ ਦੇ ਰੇਵਾੜੀ ਜ਼ਿਲ੍ਹੇ ਦੇ ਇਕ ਪਿੰਡ ਦੇ ਖੇਤਾਂ ਵਿਚ ਸੁੱਟ ਦਿੱਤਾ ਸੀ। ਉਥੇ ਉਹ ਬੇਹੋਸ਼ੀ ਦੀ ਹਾਲਤ 'ਚ ਚਾਰ ਦਿਨ ਖੇਤਾਂ ਵਿਚ ਤਿਲ-ਤਿਲ ਮਰਦੀ ਰਹੀ ਸੀ। ਉਦੋਂ ਦਿੱਲੀ ਖ਼ਾਮੋਸ਼ ਰਹੀ ਸੀ, ਤੇ ਮੀਡੀਆ ਵੀ।

ਹਾਲ ਹੀ ਵਿਚ ਭਗਾਣਾ ਦੇ ਦਲਿਤਾਂ ਨੇ ਰਾਜਧਾਨੀ ਪਹੁੰਚ ਕੇ ਆਪਣੇ ਉਪਰ ਹੋ ਰਹੇ ਜ਼ੁਲਮਾਂ ਦੀ ਦੁਹਾਈ ਦਿੱਤੀ। ਪਤਾ ਲੱਗਣ 'ਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਇਨ੍ਹਾਂ ਬੱਚੀਆਂ ਨੂੰ ਨਾਲ ਲੈ ਕੇ ਹਰਿਆਣਾ ਭਵਨ ਅਤੇ ਜੰਤਰ-ਤੰਤਰ ਵਿਖੇ ਜ਼ੋਰਦਾਰ ਪ੍ਰਦਰਸ਼ਨ, 24 ਅਪਰੈਲ ਨੂੰ ਮੋਮਬੱਤੀ ਮਾਰਚ ਅਤੇ 27 ਅਪਰੈਲ ਨੂੰ ਗ੍ਰਹਿ ਮੰਤਰੀ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਕੇ ਅਵਾਮ ਦਾ ਧਿਆਨ ਖਿੱਚਿਆ। ਮਜ਼ਲੂਮਾਂ ਨੇ ਆਪਣੀ ਹਾਲਤ ਬਿਆਨ ਕਰਨੀ ਚਾਹੀ ਤਾਂ ਮੀਡੀਆ ਨੇ ਇਸ ਨੂੰ ਉਕਾ ਹੀ ਦਰ-ਕਿਨਾਰ ਕਰ ਦਿੱਤਾ। ਕਾਰਕੁਨਾਂ ਵਲੋਂ ਮੀਡੀਆ ਦੇ ਇਸ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਬਾਰੇ ਸਵਾਲ ਉਠਾਉਣ ਦੇ ਬਾਵਜੂਦ ਅਜੇ ਤਕ ਵੀ ਮੁੱਖਧਾਰਾ ਮੀਡੀਆ ਨੇ ਇਸ ਕਾਂਡ ਨੂੰ ਗੰਭੀਰਤਾ ਨਾਲ ਨਹੀਂ ਲਿਆ। ਹੋਰ ਵੀ ਸਿਤਮਜ਼ਰੀਫ਼ੀ ਦੇਖੋ, ਦਾਮਨੀ ਮਾਮਲੇ 'ਚ ਸਰਗਰਮ ਤਾਕਤਾਂ, ਬੁੱਧੀਜੀਵੀਆਂ ਲਈ ਵੀ ਹੁਣ ਔਰਤਾਂ 'ਤੇ ਜ਼ੁਲਮ ਕੋਈ ਮੁੱਦਾ ਨਹੀਂ ਹੈ, ਕਿਉਂਕਿ ਉਹ ਹੁਣ ਸ਼ਾਇਦ ਚੋਣਾਂ ਦੇ 'ਜਮਹੂਰੀ ਅਮਲ' ਵਿਚ ਮਸਰੂਫ਼ ਹਨ! ਹਾਲ ਹੀ ਵਿਚ 12 ਅਵਾਮੀ ਜਥੇਬੰਦੀਆਂ ਨੇ ਸਾਂਝੀ ਮੀਟਿੰਗ ਕਰ ਕੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦਾ ਬੀੜਾ ਚੁੱਕਿਆ ਹੈ... ਤੇ ਭਗਾਣਾ ਦੀਆਂ ਦਲਿਤ ਬੱਚੀਆਂ ਦਿੱਲੀ ਦੇ ਜੰਤਰ-ਮੰਤਰ ਵਿਖੇ ਧਰਨੇ 'ਤੇ ਬੈਠੀਆਂ ਇਨਸਾਫ਼ ਦਾ ਰਾਹ ਤੱਕ ਰਹੀਆਂ ਹਨ।

---

# ਪੰਜਾਬੀਆਂ ਦੀ ਕੌਮੀ ਸ਼ਨਾਖਤ

ਆਪਣੀ ਮਾਂ-ਬੋਲੀ ਦੀ ਹਿੱਕ 'ਤੇ ਅੰਗਰੇਜ਼ੀ ਜ਼ਬਾਨ ਨੂੰ ਖੜ੍ਹੀ ਕਰਨਾ ਬਿਲਕੁਲ ਮੁਨਾਸਬ ਨਹੀਂ ਹੈ।

ਮਾਂ-ਬੋਲੀ ਆਪਣੀ ਧਰਤੀ ਤੇ ਕੌਮ ਨਾਲ ਪਿਆਰ ਨੂੰ ਜ਼ਾਹਰ ਕਰਦੀ ਹੈ। ਇਕ ਅਪਣੱਤ ਦਾ ਅਹਿਸਾਸ ਦਿਵਾਉਂਦੀ ਹੈ ਅਤੇ ਇਸ ਦੇ ਨਾਲ-ਨਾਲ ਨਫ਼ਰਤ ਦੀ ਬੁਨਿਆਦ 'ਤੇ ਖੜ੍ਹੀਆਂ ਸਰਹੱਦਾਂ ਦਾ ਫ਼ਰਕ ਮਿਟਾਉਂਦੀ ਹੈ। ਇਕ ਕੌਮ ਹੋਣ ਦਾ ਅਹਿਸਾਸ ਵੀ ਜਗਾਉਂਦੀ ਹੈ।

ਰਾਂਝੇ ਦੀ ਵੰਝਲੀ ਦੀਆਂ ਸੁਰਾਂ ਪੰਜਾਬੀ ਜ਼ਬਾਨ ਦੀਆਂ ਹੀ ਲਹਿਰਾਂ ਬਣ ਕੇ ਹੀਰ ਸਿਆਲ ਦੇ ਦਿਲ ਦੇ ਤਾਰ ਹਿਲਾਉਂਦੀਆਂ ਰਹੀਆਂ ਸਨ। ਜੇ ਰਾਂਝਾ ਅਰਬੀ ਬੋਲਦਾ ਤਾਂ ਸ਼ਾਇਦ ਹੀਰ ਉਸ ਨੂੰ ਕਦੀ ਵੀ ਆਪਣੇ ਰੰਗਲੇ ਪਲੰਘ 'ਤੇ ਸੌਣ ਨਾ ਦਿੰਦੀ। ਮਾਂ-ਬੋਲੀ ਹੀ ਦਿਲਾਂ ਵਿਚ ਮੁਹੱਬਤਾਂ ਦੇ ਫੁੱਲ-ਬੂਟੇ ਲਾਉਂਦੀ ਹੈ। ਮੁਹੱਬਤਾਂ ਦਾ ਰੂਪ ਧਾਰੀ ਸਾਨੂੰ ਆਪਣੀ ਮਾਂ-ਬੋਲੀ ਨੂੰ ਪਹਿਲ ਦੇਣੀ ਚਾਹੀਦੀ ਹੈ। ਅਮਲੀ ਤੌਰ 'ਤੇ ਸਾਨੂੰ ਹਾਲੇ ਆਪਣੀ ਮਾਂ-ਬੋਲੀ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਆਪਣੀ ਮਾਂ-ਬੋਲੀ ਨੂੰ ਉਸ ਦਾ ਬਣਦਾ ਰੁਤਬਾ ਤੇ ਸਤਿਕਾਰ ਜੇ ਅਸੀਂ ਪੰਜਾਬੀ ਨਾ ਦਿਆਂਗੇ ਤਾਂ ਫਿਰ ਹੋਰ ਕੌਣ ਦੇਵੇਗਾ? ਪੰਜਾਬੀ ਜ਼ਬਾਨ ਦੇ ਵਿਰੋਧੀ ਤਾਂ ਪੰਜਾਬੀਆਂ ਨੂੰ ਢੱਗਾ (ਬਲਦ) ਕਹਿੰਦੇ ਹਨ, ਪਰ ਇਨ੍ਹਾਂ ਨੂੰ ਸ਼ਾਇਦ ਇਹ ਇਲਮ ਨਹੀਂ ਹੈ ਕਿ ਪੰਜਾਬੀਆਂ ਦਾ ਇਤਿਹਾਸ ਪੰਜ ਹਜ਼ਾਰ ਸਾਲ ਪੁਰਾਣਾ ਹੈ। ਇਹ ਇਤਿਹਾਸ ਕੁਰਬਾਨੀਆਂ, ਸ਼ਹਾਦਤਾਂ, ਦੁੱਖ-ਸੁੱਖ, ਵਿਛੋੜੇ ਤੇ ਇਸ਼ਕੋ-ਮੁਹੱਬਤ ਵਿਚ ਆਪਣਾ-ਆਪ ਤੱਕ ਵਾਰ ਦੇਣ ਦੇ ਸੂਹੇ ਰੰਗਾਂ ਨਾਲ ਰੰਗੀਨ ਹੈ।


ਹਿੰਦੁਸਤਾਨੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਹਕੂਮਤੀ ਲੀਡਰਾਂ ਨੂੰ ਆਪਣੇ-ਆਪਣੇ ਹਕੂਮਤੀ ਕੇਂਦਰ ਕੋਲੋਂ ਇਜਾਜ਼ਤ ਲੈ ਕੇ ਵਾਹਗਾ ਸਰਹੱਦ 'ਤੇ ਸਾਂਝੇ ਪੰਜਾਬੀ ਸਭਿਆਚਾਰਕ ਕੇਂਦਰ ਬਣਾਉਣੇ ਚਾਹੀਦੇ ਹਨ। ਦੋਵਾਂ ਪੰਜਾਬਾਂ ਦੇ ਸਾਂਝੇ ਪੰਜਾਬੀ ਟੈਲੀਵਿਜ਼ਨ ਚੈਨਲ ਹੋਣੇ ਚਾਹੀਦੇ ਹਨ। ਸਾਨੂੰ ਦੋਵਾਂ ਪੰਜਾਬਾਂ ਦੇ ਪੰਜਾਬੀਆਂ ਨੂੰ ਰਲ ਕੇ ਇਕ ਤਾਰੀਖ ਮਿਥਣੀ ਚਾਹੀਦੀ ਹੈ ਆਪਣੀ ਮਾਂ-ਬੋਲੀ ਦਾ ਦਿਨ ਮਨਾਉਣ ਦੀ। ਮੇਰੀ ਜ਼ਾਤੀ ਰਾਇ ਹੈ ਕਿ ਵਿਸਾਖ ਦੀ ਪਹਿਲੀ ਤਾਰੀਖ ਬਹੁਤ ਮੁਨਾਸਿਬ ਰਹੇਗੀ। ਵਿਸਾਖ ਦੀ ਪਹਿਲੀ ਤਾਰੀਖ਼ ਹੀ ਖਾਲਸੇ ਦਾ ਜਨਮ ਦਿਹਾੜਾ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਦਾ ਮਾਂ-ਬੋਲੀ ਨਾਲ ਪਿਆਰ ਸਾਡੀਆਂ ਆਪਸੀ ਸਾਂਝਾਂ ਨੂੰ ਹੋਰ ਮਜ਼ਬੂਤ ਬਣਾ ਦੇਵੇਗਾ। ਸਾਡੇ ਪੁਰਾਣੇ ਪਿਆਰਾਂ ਨੂੰ ਸੱਜਰੀਆਂ ਮੁਹੱਬਤਾਂ ਦਾ ਨਵਾਂ ਰੰਗ-ਰੂਪ ਚੜ੍ਹ ਜਾਏਗਾ। ਇੰਝ ਅਸੀਂ ਪੰਜਾਬ ਦੀ ਹਿੱਕ 'ਤੇ ਖਿੱਚੀ ਹੋਈ ਖੂਨੀ ਲਕੀਰ ਦੇ ਅਰਥਾਂ ਨੂੰ ਬੇਅਰਥ ਕਰ ਸਕਦੇ ਹਾਂ। ਮਾਂ-ਬੋਲੀ ਦੇ ਸ਼ਬਦ ਚਮਕਦੇ-ਦਮਕਦੇ ਮੋਤੀਆਂ ਦੀ ਤਰ੍ਹਾਂ ਹਨ ਜੋ ਇਸ ਖਿੱਤੇ ਦੇ ਪੰਜਾਬੀਆਂ ਨੂੰ ਇਕ ਲੜੀ ਵਿਚ ਪਰੋਅ ਸਕਦੇ ਹਨ।

ਮੈਂ ਪੰਜਾਬ ਦੀ ਸਰਹੱਦ ਦੇ ਇਕ ਪਾਰ ਖੜ੍ਹਾ ਪੰਜਾਬੀ, ਦੂਜੇ ਪਾਸੇ ਵੱਸਦੇ ਪੰਜਾਬੀਆਂ ਨੂੰ ਵਾਜਾਂ ਮਾਰ ਰਿਹਾ ਹਾਂ। ਆਓ! ਆਪਾਂ ਦੋ ਹੋ ਕੇ ਵੀ ਇਕ ਲੱਗੀਏ। ਅਸੀਂ ਆਰ ਰਹੀਏ ਜਾਂ ਪਾਰ, ਪਰ ਅਸੀਂ ਆਪਣੀ ਮਾਂ-ਬੋਲੀ ਦੀ ਰਾਖੀ ਆਪ ਕਰੀਏ। ਅਸੀਂ ਇਸ ਡਿਗਦੀ ਹੋਈ ਮਜ਼ਲੂਮ ਦਾ ਆਪ ਸਹਾਰਾ ਬਣੀਏ। ਉਮੀਦ ਹੈ ਕਿ ਤੁਸੀਂ ਇਸ ਮਜ਼ਮੂਨ ਵਿਚ ਮਾਰੀਆਂ ਹੋਈਆਂ 'ਵਾਜਾਂ ਜ਼ਰੂਰ ਸੁਣੋਗੇ। ਜੇ ਨਾ ਸੁਣੀਆਂ ਤਾਂ ਦਿਲ 'ਤੇ ਹੱਥ ਰੱਖ ਕੇ ਇਹ ਕਹਿਣ 'ਤੇ ਮਜਬੂਰ ਹੋ ਜਾਵਾਂਗਾ:

*'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ*
*ਕਿਸੇ ਨੇ ਮੇਰੀ ਗੱਲ ਨਾ ਸੁਣੀ।*
*ਡਾਰਾਂ ਕੂੰਜਾਂ ਦੀਆਂ ਉੱਡ-ਉੱਡ ਆਉਂਦੀਆਂ*
*ਮੇਰੇ ਕੋਲੋਂ ਦੀ ਇਹ ਲੰਘ-ਲੰਘ ਜਾਂਦੀਆਂ।*
*ਨਾਲ ਸੈਨਤਾਂ ਬੁਲਾਇਆ ਕਈ ਵਾਰ ਮੈਂ*
*ਕਿਸੇ ਨੇ ਮੇਰੀ ਗੱਲ ਨਾ ਸੁਣੀ...।*

# ਸ਼ਾਹ ਮੁਹੰਮਦ ਰੋ ਰਿਹਾ ਹੋਵੇਗਾ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਅਤੇ ਹੁਣ ਅਮਰੀਕਾ ਵਿਚ ਵਸਦੀ ਇਕ ਪਾਠਕ ਬੀਬੀ ਨੇ ਮੈਨੂੰ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਬਾਰੇ ਸਵਾਲ ਪੁੱਛਿਆ, 'ਇਹ ਤਾਂ ਅਸੀਂ ਜਾਣਦੇ ਹਾਂ ਕਿ ਪੁਰਾਤਨ ਵੇਲਿਆਂ ਤੋਂ ਬਾਬਾ ਸੰਤੋਖ ਦਾਸ ਨਾਂ ਦੇ ਸਾਧੂ ਵੱਲੋਂ ਖੋਦੀ ਜ਼ਮੀਨਦੋਜ਼ ਹੰਸਲੀ ਰਾਹੀਂ ਉਸ ਸਰੋਵਰ ਵਿਚ ਜਲ ਪਾਇਆ ਜਾਂਦਾ ਹੈ, ਪਰ ਜਦੋਂ ਅਰੰਭ ਵਿਚ ਇਸ ਤਾਲ ਦੀ ਖੁਦਾਈ ਚੌਥੇ ਗੁਰੂ ਜੀ ਨੇ ਕਰਵਾਈ ਸੀ, ਉਦੋਂ ਇਸ ਵਿਚ ਜਲ ਕਿੱਥੋਂ ਤੇ ਕਿਵੇਂ ਪਾਇਆ ਗਿਆ ਹੋਵੇਗਾ?' ਉਸ ਪਵਿੱਤਰ ਅਸਥਾਨ ਦੇ ਇਤਿਹਾਸ ਬਾਰੇ ਪੁਸਤਕਾਂ ਤਾਂ ਮੈਂ ਵੀ ਪੜ੍ਹਦਾ ਰਹਿੰਦਾ ਹਾਂ, ਪਰ ਇਸ ਪੱਖ ਤੋਂ ਕੋਈ ਸਿੱਕੇਬੰਦ ਜਾਣਕਾਰੀ ਨਾ ਹੋਣ ਕਾਰਨ, ਮੈਂ ਉਨ੍ਹਾਂ ਨਾਲ ਵਾਅਦਾ ਕਰ ਲਿਆ ਕਿ ਜਲਦੀ ਹੀ ਕਿਤਿਉਂ ਪਤਾ ਕਰ ਕੇ ਦੱਸ ਦਿਆਂਗਾ।

ਬੀਤੇ ਦਿਨੀਂ ਯੋਗ ਜਿਹਾ ਸਮਾਂ ਸਮਝ ਕੇ ਮੈਂ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਦਫ਼ਤਰ ਉਕਤ ਜਾਣਕਾਰੀ ਲੈਣ ਲਈ ਫੋਨ ਕੀਤਾ। ਫੋਨ ਚੁੱਕਣ ਵਾਲੇ ਨੇ ਮੇਰਾ ਨਾਂ ਸੁਣ ਕੇ ਮੈਨੂੰ ਪਛਾਣਦਿਆਂ, ਕੋਈ ਹੋਰ ਗੱਲ ਕਰਨ ਦੀ ਥਾਂ ਥੋੜ੍ਹੀ ਰੁੱਖੀ ਜਿਹੀ ਬੋਲੀ ਵਿਚ ਇਹ 'ਆਦੇਸ਼' ਦਿੱਤਾ, "ਹਾਂ ਜੀ, ਦਸਾਂ ਕੁ ਮਿੰਟਾਂ ਤੱਕ ਮੇਰੇ ਮੋਬਾਇਲ 'ਤੇ ਫੋਨ ਕਰਿਉ ਗੁਰਮੁਖੋ!" ਸਿੱਖ ਸ਼ਬਦਾਵਲੀ ਦਾ ਇਹ 'ਗੁਰਮੁਖੋ' ਵਾਲਾ ਸੰਬੋਧਨੀ ਸ਼ਬਦ ਹੈ ਤਾਂ ਬਹੁਤ ਨਿਮਰਤਾ ਅਤੇ ਸਤਿਕਾਰ ਭਰਿਆ, ਪਰ ਅੰਬਰਸਰੀਆਂ, ਖਾਸ ਕਰ ਕੇ ਸ਼ੋਮਣੀ ਕਮੇਟੀ ਦੇ ਮੁਲਾਜ਼ਮਾਂ ਮੂੰਹੋਂ ਇਹ ਸ਼ਬਦ ਸੁਣ ਕੇ ਇਉਂ ਭਾਸਣ ਲੱਗ ਪੈਂਦਾ ਹੈ ਕਿ ਇਹ ਸਾਡੇ ਗਲ ਪਏ ਕਿ ਪਏ!

ਉਹੀ ਗੱਲ ਹੋਈ! ਹੁਕਮ ਦੀ ਪਾਲਣਾ ਕਰਦਿਆਂ ਜਦੋਂ ਮੈਂ ਦਸ-ਪੰਦਰਾਂ ਮਿੰਟਾਂ ਬਅਦ ਸੈਲ ਫੋਨ ਖੜਕਾਇਆ ਤਾਂ ਅੱਗਿਉਂ ਸ੍ਰੀਮਾਨ ਜੀ ਮੇਰਾ ਨਾਂ ਲੈ ਕੇ ਕਹਿਣ ਲੱਗੇ, "... ਉਹ ਫਿਰੇ ਨੱਥ ਘੜਾਉਣ ਨੂੰ, ਤੇ ਅਗਲਾ ਫਿਰੇ ਨੱਥ ਵਢਾਉਣ ਨੂੰ! ਅਹੀਂ ਸਰੋਵਰ ਦਾ ਹੁਣ ਵਾਲਾ ਜਲ ਬਚਾਉਣ ਦੇ ਫਿਕਰਾਂ 'ਚ ਸੁੱਕਣ ਡਹੇ ਆਂ, ਤੁਹੀਂ 'ਬਾਹਰ ਬੈਠੇ' ਮਾਹਰਾਜ ਜੀਆਂ ਦੇ ਵੇਲਿਆਂ ਦੇ ਜਲ ਬਾਰੇ ਪੁੱਛਣ ਡਹੇ ਜੇ!"

ਉਸ ਦੀ 'ਇਸ਼ਾਰੇ ਮਾਤਰ' ਕਹੀ ਇਸ ਗੱਲ ਤੋਂ ਮੈਂ ਥੋੜ੍ਹਾ-ਥੋੜ੍ਹਾ ਅੰਦਾਜ਼ਾ ਤਾਂ ਲਾ ਲਿਆ ਕਿ ਇਹ 'ਕਿੱਥੇ' ਤੀਰ ਮਾਰ ਰਿਹਾ ਹੈ, ਫਿਰ ਵੀ ਉਹਦੇ ਮੂੰਹੋਂ ਹੀ ਪੂਰੀ ਗੱਲ ਸੁਣਨ ਦੀ ਇੱਛਾ ਧਾਰਦਿਆਂ ਮੈਂ ਅਣਜਾਣ ਜਿਹਾ ਬਣ ਕੇ ਮੋੜਵਾਂ ਸਵਾਲ ਕੀਤਾ ਕਿ 'ਇਹੋ ਜਿਹੀ ਕਿਹੜੀ ਆਫ਼ਤ ਆ ਗਈ ਅਚਾਨਕ! ਸਰੋਵਰ ਦੇ ਜਲ ਦਾ ਕਿਹੜਾ ਵੈਰੀ ਆ ਗਿਆ ਹੁਣ?' ਮੇਰੇ ਮੂੰਹੋਂ ਨਿਕਲੇ ਇਸ ਸਵਾਲ ਵਿਚਲੇ ਕੁਝ ਸ਼ਬਦਾਂ ਨੂੰ ਹੀ ਜ਼ਰਾ ਘਰੋੜ ਕੇ ਬੋਲਦਿਆਂ ਉਹ ਇਕ ਤਰ੍ਹਾਂ ਨਾਲ ਮੇਰੇ ਉਤੇ ਟੁੱਟ ਕੇ ਹੀ ਪੈ ਗਿਆ!

"ਕੀ ਆਖਿਆ ਈ? ਅਚਾਨਕ?... ਹੁਣ?... ਕਿਹੜਾ ਵੈਰੀ? ਜਾਣ-ਬੁੱਝ ਕੇ ਅਣਜਾਣ ਬਣ ਰਹੇ ਜੇ...!"

ਉਹ ਇੰਜ ਅੰਦਰੋਂ ਬੋਲਣ ਲੱਗਾ, ਜਿਵੇਂ ਕਿਤੇ ਮੇਰਾ ਫੋਨ ਹੀ ਉਡੀਕ ਰਿਹਾ ਹੁੰਦਾ ਹੈ। ਸੰਨ 1909 ਵਿਚ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤਾਂ ਰੱਖ ਦੇਣ ਤੋਂ ਸ਼ੁਰੂ ਕਰ ਕੇ, ਉਹ ਜੂਨ ਚੁਰਾਸੀ ਤੱਕ ਆਣ ਪਹੁੰਚਾ। ਸ੍ਰੀ ਅੰਮ੍ਰਿਤਸਰ ਦੇ ਗਲੀਆਂ ਬਜ਼ਾਰਾਂ ਵਿਚ ਲੰਬੇ ਡੰਡਿਆਂ ਉਤੇ ਸਿਗਰਟ ਬੀੜੀਆਂ ਦੀਆਂ ਡੱਬੀਆਂ ਬੰਨ੍ਹ ਕੇ 'ਸਿਗਰਟ ਬੀੜੀ ਪੀਏਂਗੇ, ਸ਼ਾਨ ਨਾਲ



ਜੀਏਂਗੇ' ਦੇ ਨਾਅਰੇ ਮਾਰਦੇ ਜਲੂਸ ਅਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਲੱਗੀ ਹੋਈ ਸ੍ਰੀ ਗੁਰੂ ਰਾਮ ਦਾਸ ਜੀ ਦੀ ਤਸਵੀਰ ਨੂੰ ਭੰਨਣ-ਤੋੜਨ ਵਾਲੇ ਵਾਕਿਆਤ, ਇਕੋ ਸਾਹੇ ਬਿਆਨ ਕਰ ਕੇ ਉਹ ਅੱਜ ਬਾਰੇ ਦੱਸਣ ਲੱਗਾ, "ਸ੍ਰੀ ਦਰਬਾਰ ਸਾਹਿਬ, ਪਾਵਨ ਸਰੋਵਰ ਅਤੇ ਸਿੱਖੀ ਦੇ ਦੋਖੀ, ਉਪਰੋਕਤ ਫਾਸ਼ੀਵਾਦੀ ਲੋਕਾਂ ਦੀ ਵਿਚਾਰਧਾਰਾ ਦੇ ਗੁਲਾਮਾਂ ਪਾਸ ਅੱਜ ਸ਼ੋਮਣੀ ਕਮੇਟੀ ਦਾ ਰਾਜ-ਭਾਗ ਆਇਆ ਹੋਇਐ, ਉਹ ਆਪਣੇ ਮਾਲਕਾਂ ਨੂੰ ਚਾਈਂ-ਚਾਈਂ ਸ੍ਰੀ ਦਰਬਾਰ ਸਾਹਿਬ ਬਿਠਾ ਕੇ ਸਿਰੋਪਾਓ ਭੇਟ ਕੀਤੇ ਜਾ ਰਹੇ ਨੇ। ਉਨ੍ਹਾਂ ਦੀ ਚੋਣਾਂ ਵਿਚ ਜਿੱਤ ਹੋਣ ਦੀਆਂ ਅਰਦਾਸਾਂ ਕੀਤੀਆਂ-ਕਰਵਾਈਆਂ ਜਾ ਰਹੀਆਂ ਨੇ।... ਖੁਦਾ ਨਾ ਖਾਸਤਾ, ਜੇ ਇਹ ਲੋਕ ਪਾਵਰ ਵਿਚ ਆ ਗਏ ਤਾਂ ਆਪੇ ਸੋਚ ਲਵੋ ਕਿ ਇਹ ਸਿੱਖ ਫਲਸਫੇ, ਸ੍ਰੀ ਦਰਬਾਰ ਸਾਹਿਬ ਅਤੇ ਇਸ ਸਰੋਵਰ ਦੇ ਨਿਰਮਲ ਜਲ ਦੇ ਕਿੰਨੇ ਕੁ ਖ਼ੈਰ-ਖਵਾਹ ਹੋਣਗੇ!"

ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਕੋਈ ਹੋਰ ਸਵਾਲ ਕਰਦਾ, ਉਹ ਭਰਿਆ-ਡਿੱਸਿਆ ਪਿਆ ਮੈਨੂੰ ਹੀ ਪੁੱਛਣ ਲੱਗਾ ਕਿ ਪੰਜਾਬ ਵਿਚ ਸ. ਬਾਦਲ ਪਿਉ-ਪੁੱਤ ਤੋਂ ਦੂਜੀ ਥਾਂ, ਸਭ ਤੋਂ ਵੱਡੀ ਸੁਪਰ ਪਾਵਰ ਮਜੀਠੀਏ ਦੀ ਕਰਤੂਤ ਸੁਣ ਲਈ ਐ? ਉਸ ਵੇਲੇ ਤੱਕ ਮੈਂ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਏ ਦਾ ਸ਼ਹੀਦ ਊਧਮ ਸਿੰਘ ਹਾਲ ਅੰਮ੍ਰਿਤਸਰ ਵਾਲਾ 'ਵੀਡੀਓ ਕਲਿਪਸ' ਨਹੀਂ ਸੀ ਦੇਖਿਆ ਹਾਲੇ।

"ਤੁਸੀਂ 'ਵਟਸ-ਐਪ' ਉਤੇ ਹੈਗੇ ਓ ਨਾ?" ਮੇਰੇ ਵੱਲੋਂ 'ਹਾਂ' ਸੁਣ ਕੇ ਉਹ ਬੋਲਿਆ, "ਲਉ ਪਹਿਲਾਂ ਦਿਲ 'ਤੇ ਹੱਥ ਰੱਖ ਕੇ ਅਹਿ ਵੇਖੋ, ਮੈਂ ਤੁਹਾਨੂੰ 'ਸੈਂਡ' ਕਰ ਰਿਹਾਂ।... ਐਥੇ ਵੇਖੋ ਕੀ ਕੁਫਰ ਹੋਣ ਡਿਹੈ! ਤੁਹੀਂ ਚਾਰ ਸਦੀਆਂ ਤੋਂ ਪਹਿਲਾਂ ਦੇ ਇਤਿਹਾਸ ਦਾ ਸਵਾਲ ਪੁੱਛ ਰਹੇ ਜੇ!"

ਸੱਚਮੁੱਚ ਜਦੋਂ ਮੈਂ 'ਕਲਿਪ' ਡਾਊਨਲੋਡ ਕਰ ਕੇ ਚਲਾਇਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸ੍ਰੀ ਮਜੀਠੀਆ ਸ਼ਾਹੀ ਅੰਦਾਜ਼ ਨਾਲ ਚਿੱਥ-ਚਿੱਥ ਕੇ ਭਾਸ਼ਣ ਦੇ ਰਹੇ ਨੇ। ਡਾਇਸ ਦੇ ਆਲੇ-ਦੁਆਲੇ ਨੀਲੀਆਂ-ਪੀਲੀਆਂ ਦਸਤਾਰਾਂ ਅਤੇ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਦਰਸ਼ਨੀ ਸਿੰਘਾਂ ਦੇ ਨਾਲ ਸਿਰੋਂ ਨੰਗੇ ਕਲੀਨ-ਸ਼ੇਵ ਵੀਰ ਵੀ ਖੜ੍ਹੇ ਹਨ। ਸਰੋਤਿਆਂ ਵਿਚ ਵੀ ਆਮ ਚੋਣ ਜਲਸਿਆਂ ਵਾਂਗ ਬਹੁਤੇ ਹਾਜ਼ਰੀਨ ਨੰਗੇ ਸਿਰ ਹੀ ਬੈਠੇ ਹਨ। ਜਾਹੋ-ਜਲਾਲ ਨਾਲ ਉਤਾਹ ਨੂੰ ਬਾਹਾਂ ਉਲਾਰ ਕੇ ਸ੍ਰੀ ਮਜੀਠੀਆ ਇਉਂ ਗਰਜਦੇ ਹਨ,

"...ਮੈਂ ਜਿਹੜੀ ਗੱਲ ਕਹਿਣ ਲੱਗਿਆਂ... ਸਾਰਿਆਂ ਨੇ ਦੋਵੇਂ ਹੱਥ ਖੜ੍ਹੇ ਕਰ ਕੇ ਮੇਰੇ ਨਾਲ...ਇਨ੍ਹਾਂ ਸ਼ਬਦਾਂ ਨੂੰ ਪੜ੍ਹਨੈ-ਦੇਹਿ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨਾ ਡਰੂੰ, ਨਾ ਡਰੂੰ ਅਰਿ ਸਿਉਂ ਜਬ ਜਾਏ ਲੜੂੰ, ਨਿਸ਼ਚੈ ਕਰ 'ਅਰੁਣ ਜੇਤਲੀ' ਕੀ ਜਿੱਤ ਕਰਉਂ।" ਸਰੋਤਿਆਂ ਵੱਲੋਂ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡੇ ਜਾਂਦੇ ਹਨ।

ਦਸਮ ਗ੍ਰੰਥ ਵਿਚਲੇ ਇਸ ਪ੍ਰਸਿੱਧ ਸਵੱਈਏ ਵਿਚ ਅੰਮ੍ਰਿਤਸਰ ਤੋਂ ਚੋਣ ਲੜ ਰਹੇ ਭਾਜਪਾ ਉਮੀਦਵਾਰ ਅਰੁਣ ਜੇਤਲੀ ਦਾ ਨਾਂ ਜੋੜ ਦਿੱਤਾ ਗਿਆ। ਬੇਸ਼ੱਕ ਸਿੱਖ ਪੰਥ ਵਿਚ ਦਸਮ ਗ੍ਰੰਥ ਦੀਆਂ ਰਚਨਾਵਾਂ ਬਾਰੇ ਮੱਤਭੇਦ ਹਨ ਅਤੇ ਉਪਰੋਕਤ ਸਵੱਈਏ ਬਾਰੇ ਵੀ ਬਹੁਤੇ ਸਿੱਖ ਇਸ ਨੂੰ ਸ੍ਰੀ ਦਸਮੇਸ਼ ਗੁਰੂਕ੍ਰਿਤ ਨਹੀਂ ਸਵੀਕਾਰਦੇ, ਪਰ ਕਿਸੇ ਨੂੰ ਵੀ ਇਹ ਹੱਕ ਨਹੀਂ ਕਿ ਇਸ ਦੀਆਂ ਰਚਨਾਵਾਂ ਨੂੰ ਤੋੜ-ਮਰੋੜ ਕੇ ਬੋਲਿਆ, ਪੜ੍ਹਿਆ ਜਾਂ ਲਿਖਿਆ ਜਾਵੇ। ਪਾਠਕਾਂ ਨੂੰ ਯਾਦ ਹੋਵੇਗਾ ਕਿ ਗਾਇਕ ਸਤਿੰਦਰ ਸਰਤਾਜ ਨੇ ਸ਼ਾਇਰ ਤ੍ਰਿਲੋਕ ਜੱਜ ਦੀ ਕੋਈ ਗਜ਼ਲ ਭੰਨ-ਤੋੜ ਕੇ ਗਾਈ ਸੀ। ਤਦ ਸ੍ਰੀ ਜੱਜ ਨੇ ਸਰਤਾਜ 'ਤੇ ਮੁਕੱਦਮਾ ਠੋਕ ਦਿੱਤਾ ਸੀ। ਸਰਤਾਜ ਨੇ ਮੁਆਫ਼ੀ ਮੰਗ ਕੇ ਜਾਨ ਛੁਡਾਈ ਸੀ।

ਇਹ ਵੀ ਸਭ ਨੂੰ ਪਤਾ ਹੈ ਕਿ ਹਰ ਛੋਟੀ ਬੜੀ ਕਿਤਾਬ ਦੇ ਆਰੰਭਲੇ ਪੰਨਿਆਂ ਉਤੇ ਇਹ ਸੂਚਨਾ ਜ਼ਰੂਰ ਛਪੀ ਹੁੰਦੀ ਹੈ ਕਿ ਸਭ ਹੱਕ ਲੇਖਕ/ਪ੍ਰਕਾਸ਼ਕ ਦੇ ਰਾਖਵੇਂ ਹਨ। ਕੀ ਸਿੱਖ ਸਾਹਿਤ ਦੇ ਹੱਕਾਂ ਦਾ ਕੋਈ ਵਾਲੀ-ਵਾਰਿਸ ਨਹੀਂ? ਕੋਈ ਵੀ ਉਠ ਕੇ ਪੁਰਾਤਨ ਰਚਨਾਵਾਂ ਵਿਚ ਮਨ-ਮਰਜ਼ੀ ਦੀ ਭੰਨ-ਤੋੜ ਕਰ ਸਕਦਾ ਹੈ? ਅੱਜ ਇਕ ਸਰਕਰਦਾ 'ਅਕਾਲੀ' ਨੇ ਇਸ ਸਵੱਈਏ ਵਿਚ ਅਰੁਣ ਜੇਤਲੀ ਦਾ ਨਾਂ ਜੋੜ ਕੇ ਬੋਲਿਆ ਹੈ, ਕੱਲ੍ਹ ਨੂੰ ਕੋਈ ਜੇਤਲੀ ਦੇ ਨਾਂ ਵਾਲੇ ਸਵੱਈਏ ਨੂੰ ਵੱਡੇ ਹੋਰਡਿੰਗ 'ਤੇ ਲਿਖਵਾ ਦੇਵੇਗਾ! ਹੌਲੀ-ਹੌਲੀ ਕਿਤਾਬਾਂ ਵਿਚ ਵੀ ਛਪ ਸਕਦਾ ਹੈ। ਸਿੱਖ ਸਾਹਿਤ ਵਿਚ ਬੀਜੇ ਹੋਏ ਪਹਿਲੇ ਕੰਡੇ ਚੁਗਣ ਦਾ ਕੋਈ ਹੀਲਾ-ਵਸੀਲਾ ਬਣਦਾ ਦਿਖਾਈ ਨਹੀਂ ਦਿੰਦਾ, ਤੇ ਨਵਿਆਂ ਦੀ ਬਿਜਾਈ ਸ਼ੁਰੂ!

ਜੇ ਕਿਤੇ ਇਹੀ ਹਿਮਾਕਤ ਕਿਸੇ ਕਾਂਗਰਸੀ ਸਿੱਖ ਆਗੂ ਨੇ ਕੀਤੀ ਹੁੰਦੀ, ਫਿਰ ਵੱਖਰਾ ਹੀ ਨਜ਼ਾਰਾ ਹੋਣਾ ਸੀ। ਚਹੁੰ ਕੂੰਟਾਂ 'ਚੋਂ ਉਸ ਨੂੰ 'ਤਲਬ ਕਰੋ-ਤਲਬ ਕਰੋ' ਦੀ ਘੂਕਰ ਮਚਣੀ ਸੀ। ਸਿੰਘ ਸਾਹਿਬਾਨ ਦੀਆਂ ਫੌਰਨ ਹੰਗਾਮੀ ਮੀਟਿੰਗਾਂ ਹੋ ਜਾਣੀਆਂ ਸਨ। ਪੁਤਲਾ ਸਾੜੂ ਬ੍ਰਿਗੇਡ ਨੇ ਧੂੰਆਂ-ਰਾਲੀ ਮਚਾ ਦੇਣੀ ਸੀ। ਪਾਵਨ ਬਾਣੀ ਨੂੰ ਤੋੜਨ-ਮਰੋੜਨ ਦਾ ਬੱਜਰ ਪਾਪ ਹੋਇਆ ਐਲਾਨਿਆ ਜਾਣਾ ਸੀ। ਪੰਥ ਵਿਚੋਂ ਛੇਕਣ ਤੱਕ ਦੀ ਨੌਬਤ ਲਿਆ ਦਿੱਤੀ ਜਾਣੀ ਸੀ।

ਪਰ ਹੁਣ ਕੀ ਹੋਵੇਗਾ? ਦੰਦੀਆਂ ਕਰੀਚਦੀਆਂ ਕੁਝ ਕੁ ਜਥੇਬੰਦੀਆਂ ਦੇ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ, ਮਜੀਠੀਏ ਖਿਲਾਫ਼ ਮੈਮੋਰੰਡਮ ਲੈ ਕੇ ਜਾਣਗੇ। ਹੋ ਸਕਦਾ ਹੈ ਕਿ ਸਿੰਘ ਸਾਹਿਬ ਜੀ ਦੀ 'ਗੈਰ-ਹਾਜ਼ਰੀ' ਵਿਚ ਉਨ੍ਹਾਂ ਦਾ ਕੋਈ ਸਹਾਇਕ ਮੈਮੋਰੰਡਮ ਫੜਨ ਦਾ ਦਲੇਰਾਨਾ ਕਾਰਜ ਕਰੇ। ਇਹ ਵੀ ਹੋ ਸਕਦਾ ਹੈ ਕਿ ਸਿੰਘ ਸਾਹਿਬ ਕੁੱਛੜ ਵਿਚੋਂ ਮੁੰਗਲੀ ਕੱਢਣ ਵਾਂਗ ਇਹ ਆਖ ਦੇਣ ਕਿ ਮਜੀਠੀਆ ਸਾਹਬ ਦਾ ਮੁਆਫ਼ੀਨਾਮਾ ਤਾਂ ਮੇਰੇ ਪਾਸ ਕਦੋਂ ਦਾ ਹੀ ਪਹੁੰਚ ਚੁੱਕਾ ਹੈ। ਫਿਰ ਵੀ ਸਿੱਖ ਜਥੇਬੰਦੀਆਂ ਦੇ ਰੋਹ ਦੀਆਂ ਅੱਖਾਂ ਪੂੰਝਣ ਵਾਸਤੇ ਉਹ ਵਾਅਦਾ ਕਰਨਗੇ ਕਿ ਬਹੁਤ ਜਲਦ ਹੀ ਪੰਜਾਂ ਜਥੇਦਾਰਾਂ ਦੀ ਹੰਗਾਮੀ ਮੀਟਿੰਗ ਸੱਦੀ ਜਾਵੇਗੀ ਜਿਸ ਵਿਚ ਇਸ ਗੰਭੀਰ ਮਸਲੇ ਬਾਰੇ ਸੋਚ-ਵਿਚਾਰ ਕੀਤੀ ਜਾਵੇਗੀ।

ਜਦੋਂ ਵੀ ਕਿਤੇ ਹੋਈ, ਇਸ ਸੋਚ-ਵਿਚਾਰ ਦਾ ਇਹ ਹੀ ਸਿੱਟਾ ਨਿਕਲੇਗਾ, 'ਸਿੰਘ ਸਾਹਿਬਾਨ ਵੱਲੋਂ ਸ਼ੋਮਣੀ ਕਮੇਟੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਸ. ਮਜੀਠੀਏ ਵਾਲੇ ਮਾਮਲੇ ਦੀ ਜਾਂਚ ਪੜਤਾਲ ਵਾਸਤੇ ਸਬ ਕਮੇਟੀ ਦਾ ਗਠਨ ਕਰੇ!' ਬਾਦਲ ਦਲ ਦੇ ਹਿੱਤਾਂ ਖਿਲਾਫ ਉਠੇ ਕਿਸੇ ਵੀ ਮਾਮਲੇ 'ਤੇ ਸਬ ਕਮੇਟੀ ਬਣਾਉਣ ਦਾ ਅਸਲ ਅਰਥ ਹੁੰਦਾ ਹੈ, 'ਸਭ ਕਾਸੇ ਉਤੇ ਮਿੱਟੀ ਪਾਉ!'

ਗੈਰ-ਸਿੱਖ ਹੁੰਦਿਆਂ ਵੀ ਸੱਚਾ ਪੰਜਾਬੀ ਹੋਣ ਨਾਤੇ ਮੁਦਕੀ ਸਭਰਾਵਾਂ ਦੀਆਂ ਜੰਗਾਂ ਵੇਲੇ ਗੱਜ-ਵੱਜ ਕੇ ਸਿੱਖਾਂ ਦੇ ਸੋਹਲੇ ਗਾਉਣ ਵਾਲਾ ਸ਼ਾਹ ਮੁਹੰਮਦ ਕਹਿ ਉਠਿਆ ਸੀ, 'ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜਿਹੜੀ ਕਰੇਗਾ ਖਾਲਸਾ ਪੰਥ ਮੀਆਂ!' ਪਰ ਅੱਜ ਖੂਨ ਦੇ ਅੱਥਰੂ ਰੋ ਰਹੇ ਖਾਲਸਾ ਪੰਥ ਦੀ ਬੇਵਸੀ ਦੇਖਦਿਆਂ ਸ਼ਾਹ ਮੁਹੰਮਦ ਵੀ ਰੋ ਰਿਹਾ ਹੋਵੇਗਾ!

# ਮਜੀਠੀਏ ਨੇ ਕੀਤਾ ਬੱਜਰ ਗੁਨਾਹ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਅਪਰੈਲ ਦੀ 24 ਤਰੀਕ ਨੂੰ ਭਾਰਤੀ ਜਨਤਾ ਪਾਰਟੀ ਤੇ ਅਕਾਲੀ ਦਲ ਦੇ ਅੰਮ੍ਰਿਤਸਰ ਤੋਂ ਉਮੀਦਵਾਰ ਅਰੁਣ ਜੇਤਲੀ ਦੀ ਰੈਲੀ ਦੌਰਾਨ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਦੀਆਂ ਤੁਕਾਂ ਬਦਲ ਕੇ ਬਾਬਾ ਰਾਮ ਰਾਏ ਤੋਂ ਵੀ ਦਸ ਕਦਮ ਅੱਗੇ ਲੰਘ ਗਏ। ਉਦੋਂ ਔਰੰਗਜ਼ੇਬ ਨੇ ਭਰੇ ਦਰਬਾਰ ਵਿਚ ਸੱਤਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰ ਰਾਏ ਜੀ ਦੇ ਸਪੁੱਤਰ ਬਾਬਾ ਰਾਮ ਰਾਏ ਨੂੰ ਇਹ ਸਵਾਲ ਕੀਤਾ ਕਿ ਤੁਹਾਡੇ ਧਾਰਮਿਕ ਗ੍ਰੰਥ ਵਿਚ ਇਸਲਾਮ ਅਤੇ ਮੁਸਲਮਾਨਾਂ ਬਾਰੇ ਇਹ ਕਿਉਂ ਲਿਖਿਆ ਗਿਆ ਹੈ ਕਿ ਮਿੱਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ; ਤਾਂ ਬਾਬਾ ਰਾਮ ਰਾਏ ਜੀ ਨੇ ਔਰੰਗਜ਼ੇਬ ਦੇ ਸਾਹਮਣੇ ਝੂਠ ਬੋਲਿਆ ਅਤੇ ਆਖਿਆ ਬਾਦਸ਼ਾਹ ਸਲਾਮਤ! ਤੁਹਾਨੂੰ ਕਿਸੇ ਨੇ ਗਲਤ ਦੱਸਿਆ ਹੈ, ਸਾਡੀ ਗੁਰਬਾਣੀ ਵਿਚ ਮਿੱਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ ਲਿਖਿਆ ਹੈ। ਉਸ ਵੇਲੇ ਔਰੰਗਜ਼ੇਬ ਤਾਂ ਖੁਸ਼ ਹੋ ਗਿਆ ਪਰ ਜਦੋਂ ਇਹ ਗੱਲ ਗੁਰੂ ਦਰਬਾਰ ਵਿਚ ਪਹੁੰਚੀ ਤਾਂ ਸੱਤਵੇਂ ਗੁਰਾਂ ਨੇ ਉਸੇ ਵੇਲੇ ਹੀ ਬਚਨ ਕੀਤੇ ਕਿ ਰਾਮ ਰਾਏ ਨੇ ਵੱਡੇ ਸਤਿਗੁਰਾਂ ਦੀ ਬਾਣੀ ਬਦਲ ਕੇ ਘੋਰ ਅਪਰਾਧ ਕੀਤਾ ਹੈ, ਇਸ ਲਈ ਅੱਜ ਤੋਂ ਬਾਅਦ ਅਸੀਂ ਰਾਮ ਰਾਏ ਦਾ ਮੂੰਹ ਨਹੀਂ ਵੇਖਾਂਗੇ ਅਤੇ ਨਾ ਹੀ ਸਿੱਖ ਸੰਗਤਾਂ ਉਸ ਨੂੰ ਕਦੀ ਮੂੰਹ ਲਾਉਣਗੀਆਂ।

ਗੁਰੂਘਰ ਦੇ ਇਸ ਫਰਮਾਨ ਉਪਰੰਤ ਬਾਬਾ ਰਾਮ ਰਾਏ ਜੀਵਨ ਭਰ ਭਟਕਦੇ ਰਹੇ, ਪਰ ਉਹ ਗੁਰੂਘਰ ਵੱਲੋਂ ਕਦੀ ਬਖ਼ਸ਼ੇ ਨਾ ਗਏ। ਜੇ ਗੁਰੂ ਹਰ ਰਾਏ ਜੀ ਚਾਹੁੰਦੇ ਤਾਂ ਰਾਮ ਰਾਏ ਨੂੰ ਬਖ਼ਸ਼ ਵੀ ਦਿੰਦੇ, ਕਿਉਂਕਿ ਰਾਮ ਰਾਏ ਉਨ੍ਹਾਂ ਦਾ ਪੁੱਤਰ ਸੀ; ਪਰ ਸਾਰੇ ਸਤਿਗੁਰਾਂ ਨੇ ਗੁਰਬਾਣੀ ਨੂੰ ਸਦਾ ਹੀ ਸਰਵ ਉਤਮ ਸਤਿਕਾਰ ਦਿੱਤਾ ਅਤੇ ਇਕ ਪਰੰਪਰਾ ਵੀ ਕਾਇਮ ਕਰ ਦਿੱਤੀ।

ਹੁਣ ਤਾਂ ਸਾਰੀਆਂ ਹੱਦਾਂ ਹੀ ਮੁੱਕ ਗਈਆਂ। ਬਿਕਰਮ ਸਿੰਘ ਮਜੀਠੀਆ ਨੇ ਰੈਲੀ ਵਿਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਜਿਥੇ ਆਪ ਬੱਜਰ ਗੁਨਾਹ ਕੀਤਾ, ਉਥੇ ਆਪਣੇ ਸਪੋਰਟਰਾਂ ਅਤੇ ਵੋਟਰਾਂ ਤੋਂ ਵੀ ਇਹ ਬੱਜਰ ਗੁਨਾਹ ਕਰਵਾ ਦਿੱਤਾ। ਉਸ ਨੇ ਸਟੇਜ 'ਤੇ ਉਨ੍ਹਾਂ ਦੇ ਨਾਲ ਖੜ੍ਹੇ ਲੋਕਾਂ ਅਤੇ ਸਾਹਮਣੇ ਬੈਠੇ ਵੋਟਰਾਂ ਨੂੰ ਆਖਿਆ, "ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਮੈਂ ਬੋਲਣ ਲੱਗਾ ਹਾਂ, ਮੇਰੇ ਮਗਰੋਂ ਉਸ ਨੂੰ ਤੁਸੀਂ ਸਾਰਿਆਂ ਨੇ ਵੀ ਬੋਲਣਾ ਹੈ।" ਤੇ ਇਵੇਂ ਹੀ ਹੋਇਆ... ਸ਼ਬਦ ਸੀ- 'ਦੇਹਿ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਡਰੋਂ, ਨਾ ਡਰੋਂ ਅਰ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ', ਪਰ ਸ਼ਬਦ ਦੀ ਦੂਜੀ ਪੰਕਤੀ ਦਾ ਅੱਧਾ ਹਿੱਸਾ ਇਵੇਂ ਬੋਲਿਆ ਅਤੇ ਬੁਲਵਾਇਆ ਗਿਆ, 'ਨਿਸਚੈ ਕਰ 'ਅਰੁਣ ਜੇਤਲੀ' ਦੀ ਜੀਤ ਕਰੋਂ।' ਹੁਣ ਇਹ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਸ਼ਾਇਦ ਉਨ੍ਹਾਂ ਨੇ ਕੋਈ ਨਸ਼ਾ-ਪੱਤਾ ਕੀਤਾ ਹੋਇਆ ਸੀ, ਜਾਂ ਉਹ ਅਰੁਣ ਜੇਤਲੀ ਦੇ ਪ੍ਰੇਮ ਵਿਚ ਇੰਨੇ ਖੀਵੇ ਹੋ ਗਏ ਕਿ ਉਨ੍ਹਾਂ ਨੇ ਅਰੁਣ ਜੇਤਲੀ ਨੂੰ ਗੁਰੂ ਸਾਹਿਬ ਦੇ ਸਿੰਘਾਸਨ 'ਤੇ ਹੀ ਬਿਠਾ ਦਿੱਤਾ। ਇਸ ਘੋਰ ਅਪਮਾਨ ਦੀਆਂ ਝਲਕੀਆਂ ਚੈਨਲਾਂ 'ਤੇ ਸਾਰੀ ਦੁਨੀਆਂ ਦੇਖ ਚੁੱਕੀ ਹੈ ਅਤੇ ਦੇਖ ਵੀ ਰਹੀ ਹੈ। ਇਸ ਘਟਨਾ ਤੋਂ ਮਗਰੋਂ ਮੁਜ਼ਾਹਰੇ ਵੀ ਹੋਏ, ਪੁਤਲੇ ਵੀ ਫੂਕੇ ਗਏ ਅਤੇ ਸਿਆਪੇ ਵੀ ਕੀਤੇ ਗਏ ਪਰ ਜੋ ਸਭ ਤੋਂ ਦੁਖਦਾਈ ਤੇ ਦਰਦ ਭਰੀ ਗੱਲ ਹੈ, ਉਹ ਇਹ ਕਿ ਇਹ ਰੋਸ ਮੁਜ਼ਾਹਰੇ ਵੀ ਸਿਰਫ਼ ਕਾਂਗਰਸੀਆਂ ਵੱਲੋਂ ਹੀ ਕੀਤੇ ਜਾ ਰਹੇ ਹਨ, ਜਿਨ੍ਹਾਂ ਕਾਂਗਰਸੀਆਂ ਨੂੰ ਸਾਡਾ ਪੰਥ ਅਤੇ ਪੰਜਾਬ ਸਰਕਾਰ ਗੁਰੂ ਦੇ ਸਿੱਖ ਮੰਨਣ ਨੂੰ ਹੀ ਤਿਆਰ ਨਹੀਂ ਹਨ। ਜਿਨ੍ਹਾਂ ਨੂੰ ਗੁਰੂ ਦੇ ਪ੍ਰਵਾਨਤ ਸਿੱਖ ਮੰਨਿਆ ਜਾਂਦਾ ਹੈ, ਉਹ ਸਾਰੇ ਖਾਮੋਸ਼ ਬੈਠੇ ਹਨ।

ਸੁਣਦੇ ਆਏ ਹਾਂ ਕਿ ਹਕੂਮਤ ਦਾ ਨਸ਼ਾ ਚੰਗੇ ਭਲੇ ਆਦਮੀ ਦੀ ਬੁਧੀ ਨੂੰ ਭ੍ਰਿਸ਼ਟ ਕਰ ਦਿੰਦਾ ਹੈ ਅਤੇ ਆਦਮੀ ਚੰਮ ਦੀਆਂ ਚਲਾਉਣੀਆਂ ਸ਼ੁਰੂ ਕਰ ਦਿੰਦਾ ਹੈ, ਪਰ ਦੁਖਾਂਤ ਇਹ ਹੈ ਕਿ ਸ. ਮਜੀਠੀਆ ਤਾਂ ਅਵੱਗਿਆ ਕਰਨ ਲੱਗੇ ਸਿੱਧੇ ਗੁਰੂ ਸ਼ਬਦ ਦੀ ਤੌਹੀਨ 'ਤੇ ਹੀ ਉਤਰ ਆਏ। ਮਗਰੋਂ ਝੱਟ-ਪੱਟ ਮੁਆਫ਼ੀ ਵੀ ਮੰਗ ਲਈ ਕਿ ਮੇਰੇ ਕੋਲੋਂ ਜਾਣੇ-ਅਣਜਾਣੇ ਵਿਚ ਗਲਤੀ ਹੋ ਗਈ ਹੈ। ਉਧਰ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਬਿਆਨ ਆਇਆ ਹੈ, ਉਹ ਵੀ ਫਰਮਾ ਰਹੇ ਹਨ ਕਿ ਇਸ ਗੱਲ ਨੂੰ ਅਜੇ ਵਿਚਾਰਿਆ ਜਾਵੇਗਾ, ਫਿਰ ਕੋਈ ਫੈਸਲਾ ਹੋਵੇਗਾ, ਪਰ ਕੁੱਲ ਲੁਕਾਈ ਜਾਣਦੀ ਹੈ ਕਿ ਫੈਸਲਾ ਕੀ ਹੋਣਾ ਹੈ? ਇਲੈਕਸ਼ਨ ਸਿਰ 'ਤੇ ਹੈ, ਸੱਤਾਧਾਰੀਆਂ ਦਾ ਸਭ ਕੁਝ ਦਾਅ 'ਤੇ ਲੱਗਾ ਹੋਇਆ ਹੈ। ਸ਼ੋਮਣੀ ਅਕਾਲੀ ਦਲ ਦੀ ਸਰਕਾਰ ਤਾਂ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ ਦੇ ਸਾਹਮਣੇ ਲਿਲਕੜੀਆਂ ਕੱਢਦੀ ਰਹਿੰਦੀ ਹੈ। ਸੋ, ਸਾਡੀ ਧਾਰਮਿਕ ਲੀਡਰਸ਼ਿਪ ਵੀ ਵੋਟਾਂ ਪੈਣ ਤੱਕ ਮੋਨ ਧਾਰੇਗੀ। ਉਪਰੰਤ ਜਦੋਂ ਪੰਜਾਬ ਸਰਕਾਰ ਦਾ ਹੁਕਮ ਹੋਵੇਗਾ ਤਾਂ ਫਿਰ ਸ. ਮਜੀਠੀਆ ਨੂੰ ਬੁਲਾ ਕੇ ਬਰਤਨ ਮਾਂਜਣ ਦੀ ਤਨਖਾਹ ਲਾਈ ਜਾਵੇਗੀ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਪਰਿਕਰਮਾ ਵਿਚ ਬੈਠ ਕੇ ਚਾਰ ਗਿਲਾਸ ਧੋ ਦੇਣਗੇ, ਫੋਟੋਆਂ ਖਿੱਚੀਆਂ ਜਾਣਗੀਆਂ ਅਤੇ ਦੂਜੇ ਦਿਨ ਉਹ ਸਾਰੀਆਂ ਫੋਟੋ ਅਖ਼ਬਾਰਾਂ ਵਿਚ ਛਪੀਆਂ ਹੋਣਗੀਆਂ। ਸਾਰੇ ਕਾਰਜ ਸਿੱਧ ਹੋ ਜਾਣਗੇ।

ਦੇਖਣ-ਸੋਚਣ ਵਾਲੀ ਗੱਲ ਹੈ ਕਿ ਬਿਕਰਮ ਸਿੰਘ ਮਜੀਠੀਆ ਜਦੋਂ ਦੇ ਸਿੰਘਾਸਨ 'ਤੇ ਬੈਠੇ ਹਨ, ਉਨ੍ਹਾਂ ਨੇ ਹਰ ਵਾਰੀ ਜੱਗੋਂ ਤੇਰ੍ਹਵੀਆਂ ਹੀ ਕੀਤੀਆਂ ਹਨ। ਉਨ੍ਹਾਂ ਦਾ ਨਾਮ ਕਿੱਥੇ-ਕਿੱਥੇ ਜੁੜ ਰਿਹਾ ਹੈ, ਜਾਂ ਕਿਹੜੇ-ਕਿਹੜੇ ਕੰਮਾਂ ਵਿਚ ਉਨ੍ਹਾਂ ਦਾ ਨਾਮ ਬੋਲ ਰਿਹਾ ਹੈ, ਉਹ ਵੀ ਪੰਜਾਬ ਦੀ ਜਨਤਾ ਅਤੇ ਸਿੱਖਾਂ ਦੇ ਸਾਹਮਣੇ ਹੀ ਹੈ। ਆਉਣ ਵਾਲੇ ਦਿਨਾਂ ਵਿਚ ਇਸ ਬੱਜਰ ਗੁਨਾਹ ਦੀ ਕਾਰਵਾਈ ਕਿਸ ਪਾਸੇ ਨੂੰ ਤੁਰਦੀ ਹੈ, ਜਾਂ ਕਿੰਨਾ ਕੁ ਇਨਸਾਫ਼ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਕ ਸਿਆਸੀ ਪਾਰਟੀ ਨੂੰ ਛੱਡ ਕੇ ਬਾਕੀ ਸਾਰੇ ਸਿੱਖਾਂ ਦਾ ਚੁੱਪ ਰਹਿਣਾ ਅਤੇ ਇਸ ਘਟਨਾ ਦੀ ਨਿੰਦਿਆ ਤੱਕ ਨਾ ਕਰਨੀ ਵੀ ਸਿੱਖਾਂ ਦੀ ਸੁੱਤੀ ਹੋਈ ਅਵਸਥਾ ਵੱਲ ਹੀ ਇਸ਼ਾਰੇ ਕਰ ਰਹੀ ਹੈ। ਰੱਬ ਕਰੇ, ਸਿੱਖ ਜਾਗ ਪੈਣ!

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਹੀਰ ਹੋਰ ਹੀ ਲੈ ਚੱਲੇ!*

ਅਸੀਂ ਤੇਰਾਂ ਹੀ ਤੇਰਾਂ ਤੋਲ ਦਿਆਂਗੇ, ਛੋਟੇ ਬਾਦਲ ਦਾ ਇਹ ਫੁਰਮਾਨ ਅੜਿਆ।
ਦਾਅਵੇ ਜਿੱਤ ਦੇ ਏਦਾਂ ਕਰੀ ਜਾਂਦੇ, ਰਹਿੰਦਾ ਇਨ੍ਹਾਂ ਕੋਲ ਜਿਵੇਂ ਭਗਵਾਨ ਅੜਿਆ।
ਦਿਲ ਨੂੰ ਝੂਠੇ ਧਰਵਾਸੇ ਇਹ ਲੱਖ ਦੇਵਣ, ਬਾਗ ਕਾਂਗਰਸ ਦਾ ਹੋਊ ਵਿਰਾਨ ਅੜਿਆ।
ਖੰਭ ਖਿਲਾਰੇ ਨੇ ਝਾੜੂ ਦੇ ਮੋਰ ਵਾਂਗੂੰ, ਰੋਂਦਾ ਗੋਪੀਆਂ ਗਲੇ ਲੱਗ ਕਾਹਨ ਅੜਿਆ।
ਲੋਕੀ ਜਾਗ ਪਏ, ਇਨ੍ਹਾਂ ਦੀ ਅੱਖ ਲੱਗੀ, ਸੁਪਨੇ ਇਨ੍ਹਾਂ ਦੇ ਹੂੰਝ ਦਊ ਮਾਨ ਅੜਿਆ।
ਪਹਿਲਾਂ ਤੀਰ ਕਮਾਨ 'ਚੋਂ ਨਿਕਲਦਾ ਸੀ, ਹੁਣ ਤੀਰ 'ਚੋਂ ਨਿਕਲਦਾ ਕਮਾਨ ਅੜਿਆ।
ਭਾਗ ਤੇਰਿਆਂ ਨੂੰ ਲੱਗਦਾ ਢੁਰ ਪੈ ਜੂ, ਆਂਹਦਾ ਧਰਤੀ ਦੇ ਕੰਨੀਂ ਅਸਮਾਨ ਅੜਿਆ।
ਪਾਣੀ ਪੰਜਾਂ ਦਰਿਆਵਾਂ ਦਾ ਪਾਕਿ ਹੈ ਜੂ, ਗਾਉਂਦਾ ਗੀਤ ਇਹ ਕੁੱਲ ਜਹਾਨ ਅੜਿਆ।
ਥੱਕ ਹਾਰ ਕੇ ਸੌਂਕਣਾਂ ਬੈਠ ਗਈਆਂ, ਰੁੱਤ ਮੁੱਕ ਗਈ ਝਗੜੇ-ਝੇੜਿਆਂ ਦੀ।
'ਭੌਰੇ' ਹੀਰ ਵਿਆਹੁਣ ਲਈ ਹੋਰ ਢੁਕਿਆ, ਨਾ ਇਹ ਰਾਂਝੇ ਦੀ ਰਹੂ ਨਾ ਖੇੜਿਆਂ ਦੀ।

# ਪੱਖ-ਪਾਤੀ ਚੋਣ ਪ੍ਰਬੰਧ 'ਚ ਆਮ ਲੋਕਾਂ ਦੇ ਭਲੇ ਦੀ ਉਮੀਦ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਭਾਰਤ ਦੇ ਚੋਣ ਪ੍ਰਬੰਧ ਅਤੇ ਨਿਆਂ ਪ੍ਰਬੰਧ ਦੀ ਇਸ ਕਮਜ਼ੋਰੀ ਦੇ ਕਾਰਨ ਇਹ ਵਰਤਾਰਾ ਚਿਰਾਂ ਤੋਂ ਚੱਲੀ ਜਾ ਰਿਹਾ ਹੈ ਤੇ ਸਾਡੇ ਦੇਸ਼ ਦੇ ਲੋਕ ਇਹ ਸਮਝੀ ਜਾਂਦੇ ਹਨ ਕਿ ਭਾਰਤ ਵਿਚ ਲੋਕਤੰਤਰ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਹਨ। ਜੜ੍ਹਾਂ ਇਸ ਦੀਆਂ ਬਹੁਤ ਮਜ਼ਬੂਤ ਹਨ, ਪਰ ਉਨ੍ਹਾਂ ਚੁਸਤ ਲੋਕਾਂ ਲਈ ਮਜ਼ਬੂਤ ਹਨ, ਜਿਹੜੇ ਇਸ ਪ੍ਰਬੰਧ ਦੀ ਵਰਤੋਂ ਦੇ ਨਾਲ ਦੁਰਵਰਤੋਂ ਵੀ ਕਰਨੀ ਜਾਣਦੇ ਹਨ, ਆਮ ਆਦਮੀ ਲਈ ਤਾਂ ਭਾਰਤ ਦਾ ਚੋਣ ਪ੍ਰਬੰਧ ਦੁਸ਼ਵਾਰੀਆਂ ਨੂੰ ਹੋਰ ਵਧਾਉਣ ਤੇ ਬੇਵੱਸੀ ਦਾ ਪ੍ਰਭਾਵ ਦੇਣ ਤੋਂ ਸਿਵਾਏ ਕੁਝ ਪੇਸ਼ ਹੀ ਨਹੀਂ ਕਰ ਰਿਹਾ।***

ਬਹੁਤ ਸਾਰੀਆਂ ਪਿਛਲੀਆਂ ਚੋਣਾਂ ਵਾਂਗ ਅਸੀਂ ਇਸ ਵਾਰੀ ਦੀ ਚੋਣ ਵੀ ਇਸ ਆਸ ਨਾਲ ਵੇਖੀ ਅਤੇ ਵਿਚਾਰੀ ਹੈ ਕਿ ਸ਼ਾਇਦ ਇਸ ਵਿਚੋਂ ਸਾਡੇ ਦੇਸ਼ ਦੇ ਲੋਕਾਂ ਦੇ ਭਲੇ ਦਾ ਰਾਹ ਨਿਕਲ ਆਵੇਗਾ। ਹੁਣ ਇਹ ਆਸ ਪੂਰੀ ਹੋਣ ਵਾਲੀ ਕੋਈ ਆਸ ਦਿਖਾਈ ਨਹੀਂ ਦੇ ਰਹੀ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪਾਰਲੀਮੈਂਟ ਚੋਣਾਂ ਕਿਸੇ ਲੋਕਤੰਤਰੀ ਦੇਸ਼ ਦਾ ਮਹਾਂ-ਕੁੰਭ ਹੁੰਦੀਆਂ ਹਨ। ਕੁੰਭ ਹੋਵੇ ਜਾਂ ਮਹਾਂ-ਕੁੰਭ, ਉਸ ਵਿਚ ਜਾਣ ਵਾਲੇ ਲੋਕ ਆਪਣੀ ਜ਼ਮੀਰ ਤੋਂ ਪਾਪਾਂ ਦਾ ਬੋਝ ਲਾਹੁਣ ਲਈ ਸਾਫ ਮਨ ਨਾਲ ਜਾਂਦੇ ਹਨ, ਤੇ ਇਹ ਵੀ ਸੱਚ ਹੈ ਕਿ ਪਾਪਾਂ ਦਾ ਬੋਝ ਲਾਹੁਣ ਵਾਲੇ ਹੀ ਨਹੀਂ, ਮੌਕੇ ਦੀ ਤਾੜ ਵਿਚ ਲੁੱਟ-ਮਾਰ ਤੇ ਹੋਰ ਪਾਪ ਕਰਨ ਵਾਲੇ ਵੀ ਉਥੇ ਜਾ ਪਹੁੰਚਦੇ ਹਨ। ਇੰਜ ਹੀ ਲੋਕਤੰਤਰ ਦੇ ਮਹਾਂ-ਕੁੰਭ ਵਿਚ ਵੀ ਬਹੁਤ ਸਾਰੇ ਇਹੋ ਜਿਹੇ ਲੋਕ ਸ਼ਾਮਲ ਹੋ ਜਾਂਦੇ ਹਨ, ਜਿਹੜੇ ਸਾਰੇ ਅਸੂਲਾਂ ਦੀ ਉਲੰਘਣਾ ਕਰ ਕੇ ਇਸ ਨੂੰ ਆਪਣੀ ਮਰਜ਼ੀ ਦੇ ਸਿੱਟੇ ਕੱਢਣ ਲਈ ਵਰਤਣ ਦਾ ਯਤਨ ਕਰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਇਸ ਨੂੰ ਖੇਡ ਦੀ ਭਾਵਨਾ ਨਾਲ ਲੈਣਾ ਚਾਹੀਦਾ ਹੈ ਤੇ ਵੋਟਰ ਨੂੰ ਮਨ ਦੇ ਮੁਤਾਬਕ ਆਪਣੀ ਰਾਏ ਦੇਣ ਦਾ ਹੱਕ ਹੋਣਾ ਚਾਹੀਦਾ ਹੈ। ਇਹ ਤਦੇ ਹੋ ਸਕਦਾ ਹੈ, ਜੇ ਖੇਡ ਦਾ ਰੈਫਰੀ ਜਾਂ ਅੰਪਾਇਰ ਨਿਰਪੱਖ ਹੋਵੇ। ਉਸ ਦਾ ਨਿਰਪੱਖ ਹੋਣਾ ਹੀ ਕਾਫੀ ਨਹੀਂ, ਉਹ ਆਪਣੇ ਫਰਜ਼ ਪ੍ਰਤੀ ਸੁਚੇਤ ਵੀ ਹੋਣਾ ਚਾਹੀਦਾ ਹੈ ਤੇ ਏਨਾ ਕੁ ਸਖਤ ਵੀ ਕਿ ਜਦੋਂ ਕੋਈ ਨਿਯਮਾਂ ਦੀ ਉਲੰਘਣਾ ਕਰੇ, ਉਸ ਨੂੰ ਖੇਡ ਤੋਂ ਬਾਹਰ ਕਰਨ ਦੀ ਹਿੰਮਤ ਕਰ ਸਕਦਾ ਹੋਵੇ। ਇਥੇ ਏਦਾਂ ਦਾ ਕੁਝ ਵੀ ਨਹੀਂ ਹੈ।


ਅਸੀਂ ਪਿਛਲੇ ਦਿਨਾਂ ਵਿਚ ਸਿਆਸੀ ਲੀਡਰਾਂ ਨੂੰ ਬਿਨਾਂ ਬਰੇਕਾਂ ਤੋਂ ਜ਼ਬਾਨ ਵਾਹੁੰਦੇ ਵੇਖਿਆ ਹੈ ਤੇ ਜਿਸ ਚੋਣ ਕਮਿਸ਼ਨ ਤੋਂ ਬੜੀ ਆਸ ਰੱਖੀ ਜਾਂਦੀ ਸੀ, ਉਹ ਕਿਸੇ ਦਾ ਕੱਖ ਨਹੀਂ ਵਿਗਾੜ ਸਕਿਆ। ਉਤਰ ਪ੍ਰਦੇਸ਼ ਵਿਚ ਨਰਿੰਦਰ ਮੋਦੀ ਦਾ ਲਫਟੈਣ ਅਮਿਤ ਸ਼ਾਹ ਸਿੱਧੇ ਤੌਰ 'ਤੇ ਇੱਕ ਭਾਈਚਾਰੇ ਦੇ ਵੋਟਰਾਂ ਨੂੰ ਦੂਸਰਿਆਂ ਤੋਂ ਬਦਲਾ ਲੈਣ ਲਈ ਉਕਸਾਉਂਦਾ ਰਿਹਾ, ਚੋਣ ਕਮਿਸ਼ਨ ਨੇ ਕੋਈ ਖਾਸ ਸਖਤੀ ਨਹੀਂ ਵਿਖਾਈ। ਇੱਕ ਮੰਤਰੀ ਆਜ਼ਮ ਖਾਨ ਨੇ ਚੋਣ ਜਲਸੇ ਵਿਚ ਆਪਣੇ ਭਾਈਚਾਰੇ ਦੇ ਲੋਕਾਂ ਦਾ ਜ਼ਿਕਰ ਕਰ ਕੇ ਭਾਰਤੀ ਫੌਜ ਵਿਚ ਧਰਮ ਦੇ ਨਾਂ ਉਤੇ ਵੰਡ ਦਾ ਪ੍ਰਭਾਵ ਦੇਣ ਦਾ ਯਤਨ ਕੀਤਾ। ਚੋਣ ਕਮਿਸ਼ਨ ਇਥੇ ਵੀ ਕੋਈ ਖਾਸ ਕਾਰਵਾਈ ਨਹੀਂ ਕਰ ਸਕਿਆ। ਇਹੋ ਜਿਹੇ ਮੌਕਿਆਂ ਉਤੇ ਚੋਣ ਕਮਿਸ਼ਨ ਪਹਿਲਾਂ ਚੇਤਾਵਨੀ ਜਾਰੀ ਕਰ ਦਿੰਦਾ ਹੈ, ਜ਼ਰਾ ਸਖਤੀ ਵਿਖਾਉਣੀ ਹੋਵੇ ਤਾਂ ਨਿਖੇਧੀ ਕਰ ਛੱਡਦਾ ਹੈ। ਦੋਵੇਂ ਹਾਲਤਾਂ ਵਿਚ ਕਿਸੇ ਰਾਜਸੀ ਆਗੂ ਦਾ ਕੁਝ ਨਹੀਂ ਵਿਗੜਦਾ। ਜੇ ਕਿਤੇ ਪੱਛਮੀ ਦੇਸ਼ ਹੋਣ ਤਾਂ ਚਿਤਾਵਨੀ ਨਾਲ ਕਾਂਬਾ ਛਿੜ ਜਾਵੇ ਤੇ ਨਿਖੇਧੀ ਦੇ ਬਾਅਦ ਆਗੂ ਦੇ ਚੋਣ ਮੈਦਾਨ ਛੱਡਣ ਦੀ ਨੌਬਤ ਆ ਜਾਵੇ, ਪਰ ਭਾਰਤ ਦੇ ਲੀਡਰ ਏਦਾਂ ਦੀ ਹਰ ਚੇਤਾਵਨੀ ਤੇ ਨਿਖੇਧੀ ਨੂੰ ਚੂਰਨ ਵਾਂਗ ਚੱਟ ਕੇ ਮਸਤ ਰਹਿੰਦੇ ਹਨ। ਚੋਣ ਕਮਿਸ਼ਨ ਚੁੱਪ ਹੋ ਜਾਂਦਾ ਹੈ।

ਮਰਾਠਾ ਸਰਦਾਰ ਵਜੋਂ ਜਾਣੇ ਜਾਂਦੇ ਐਨ ਸੀ ਪੀ ਪਾਰਟੀ ਦੇ ਆਗੂ ਸ਼ਰਦ ਪਵਾਰ ਨੇ ਵੋਟਰਾਂ ਨੂੰ ਇਹ ਕਿਹਾ ਕਿ ਤੁਹਾਡੇ ਹਲਕੇ ਦੀ ਵੋਟ ਪਹਿਲਾਂ ਪੈਣੀ ਹੈ, ਸਿਆਹੀ ਦਾ ਨਿਸ਼ਾਨ ਬੁਝਾ ਕੇ ਕੁਝ ਦਿਨ ਬਾਅਦ ਦੂਸਰੇ ਹਲਕੇ ਵਿਚ ਵੋਟ ਪਾ ਆਇਓ। ਇਹ ਸਿੱਧੇ ਤੌਰ 'ਤੇ ਵੋਟਰਾਂ ਨੂੰ ਜਾਅਲੀ ਵੋਟਾਂ ਪਾਉਣ ਲਈ ਉਕਸਾਉਣਾ ਸੀ। ਸ਼ਿਕਾਇਤ ਹੋਈ ਤਾਂ ਕਹਿ ਦਿੱਤਾ ਕਿ ਮਜ਼ਾਕ ਕੀਤਾ ਸੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਫ ਕਿਹਾ ਕਿ ਚੋਣਾਂ ਮੌਕੇ ਕਰੋੜਾਂ ਰੁਪਏ ਖਰਚ ਹੁੰਦੇ ਹਨ, ਚੋਣ ਕਮਿਸ਼ਨ ਤੋਂ ਬਚਾ ਕੇ ਸਿਰਫ ਲੱਖਾਂ ਦਾ ਖਰਚ ਦਿਖਾਉਣਾ ਪੈਂਦਾ ਹੈ, ਇਸ ਲਈ ਸਾਡੇ ਉਮੀਦਵਾਰ ਨੂੰ ਚੋਣ ਕਮਿਸ਼ਨ ਦੀ ਟੀਮ ਤੋਂ ਅੱਖ ਬਚਾ ਕੇ ਅੰਦਰ-ਖਾਤੇ ਫੰਡ ਦੇ ਦਿਓ। ਸ਼ਿਕਾਇਤ ਹੋ ਗਈ ਤਾਂ ਬਾਦਲ ਸਾਹਿਬ ਨੇ ਵੀ ਇਸ ਨੂੰ ਸਧਾਰਨ ਜਿਹਾ ਹਾਸਾ-ਠੱਠਾ ਬਣਾ ਕੇ ਪੇਸ਼ ਕਰ ਦਿੱਤਾ। ਰਾਹ ਜਾਂਦੇ ਆਮ ਆਦਮੀ ਨੂੰ ਫੜ ਕੇ ਪੁਲਿਸ ਇਹ ਕੇਸ ਬਣਾ ਦਿੰਦੀ ਹੈ ਕਿ ਇਹ ਆਪਣੇ ਸਾਥੀਆਂ ਨਾਲ ਕਿਸੇ ਥਾਂ ਡਾਕਾ ਮਾਰਨ ਦੀ ਸਾਜ਼ਿਸ਼ ਘੜਨ ਦੀ ਤਿਆਰੀ ਕਰਦਾ ਫੜਿਆ ਗਿਆ ਹੈ। ਲੀਡਰ ਸਿੱਧੇ ਤੌਰ 'ਤੇ ਕਾਨੂੰਨ ਤੋੜਨ ਤਾਂ ਮਜ਼ਾਕ ਮੰਨਿਆ ਜਾਂਦਾ ਹੈ।

ਦੇਸ਼ ਦਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਜਦੋਂ ਕਾਨੂੰਨ ਮੰਤਰੀ ਹੁੰਦਾ ਸੀ, ਉਦੋਂ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਲਾਭ ਦੇਣ ਦਾ ਫੈਸਲਾ ਹੋਇਆ ਸੀ, ਪਰ ਅਦਾਲਤ ਨੇ ਵਿਧਾਨ ਸਭਾ ਚੋਣਾਂ ਕਾਰਨ ਰੋਕ ਦਿੱਤਾ ਸੀ। ਚੋਣਾਂ ਦੇ ਇੱਕ ਜਲਸੇ ਵਿਚ ਸਲਮਾਨ ਖੁਰਸ਼ੀਦ ਨੇ ਕਹਿ ਦਿੱਤਾ ਕਿ ਅਸੀਂ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਦੇਣੀ ਹੈ, ਚੋਣ ਕਮਿਸ਼ਨ ਨੇ ਜੋ ਵਿਗਾੜਨਾ ਹੈ, ਵਿਗਾੜ ਲਵੇ। ਇਸ ਭਾਸ਼ਣ ਦੀ ਸ਼ਿਕਾਇਤ ਹੋ ਗਈ। ਸਲਮਾਨ ਖੁਰਸ਼ੀਦ ਨੇ ਕਹਿ ਦਿੱਤਾ ਕਿ ਉਸ ਤੋਂ ਅਣਜਾਣੇ ਵਿਚ ਭੁੱਲ ਹੋ ਗਈ, ਉਸ ਨੂੰ ਪਤਾ ਨਹੀਂ ਸੀ ਕਿ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। ਕਾਨੂੰਨ ਮੰਤਰੀ ਨੂੰ ਵੀ ਜੇ ਇਹ ਨਹੀਂ ਸੀ ਪਤਾ ਕਿ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ ਤਾਂ ਪਤਾ ਕਿਸ ਨੂੰ ਹੋਵੇਗਾ? ਚੋਣ ਕਮਿਸ਼ਨ ਇਸ ਮਾਮਲੇ ਵਿਚ ਵੀ ਬਹੁਤੀ ਸਖਤੀ ਨਹੀਂ ਸੀ ਕਰ ਸਕਿਆ ਤੇ ਨਤੀਜੇ ਵਜੋਂ ਇਹ ਖੇਡ ਚੱਲਦੀ ਰਹੀ ਸੀ।

ਹੁਣ ਸਾਡੇ ਪੰਜਾਬ ਵਿਚ ਕੀ ਹੋ ਰਿਹਾ ਹੈ? ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼ ਲੱਗਦੇ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਬਹੁਤੀ ਕਾਰਵਾਈ ਨਹੀਂ ਕੀਤੀ ਜਾਂਦੀ। ਜਲੰਧਰ ਵਿਚ ਡਿਪਟੀ ਮੁੱਖ ਮੰਤਰੀ ਨੇ ਮੇਅਰ ਤੇ ਹੋਰ ਅਧਿਕਾਰੀਆਂ ਨੂੰ ਸਖਤੀ ਨਾਲ ਹੁਕਮ ਕੀਤਾ ਕਿ ਪੰਦਰਾਂ ਦਿਨਾਂ ਵਿਚ ਸੜਕਾਂ ਬਣਾਈਆਂ ਜਾਣ। ਚੋਣ ਚੱਲਦੀ ਦੌਰਾਨ ਇਹੋ ਜਿਹਾ ਵਿਕਾਸ ਦਾ ਕੰਮ ਕਹਿ ਕੇ ਕਰਵਾਉਣਾ ਚੋਣ ਜ਼ਾਬਤੇ ਦੀ ਉਲੰਘਣਾ ਸੀ। ਰਾਜ ਦੇ ਚੋਣ ਦਫਤਰ ਨੇ ਇਸ ਦਾ ਕੋਈ ਨੋਟਿਸ ਹੀ ਨਹੀਂ ਲਿਆ ਤੇ ਸੜਕਾਂ ਬਣਾਉਣ ਦਾ ਕੰਮ ਅਗਲੇ ਦਿਨ ਤੋਂ ਸ਼ੁਰੂ ਹੋ ਗਿਆ। ਇਸ ਨਾਲ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਬਾਰੇ ਇਹੋ ਜਿਹਾ ਪ੍ਰਭਾਵ ਪਿਆ, ਜਿਹੜਾ ਨਹੀਂ ਸੀ ਪੈਣਾ ਚਾਹੀਦਾ।

ਸਾਡੇ ਸਾਹਮਣੇ ਦੋ ਮਿਸਾਲਾਂ ਚੋਣ ਹਲਕਿਆਂ ਦੇ ਰਿਟਰਨਿੰਗ ਅਫਸਰਾਂ ਦੀਆਂ ਹਨ, ਜਿੱਥੇ ਸਾਫ ਪੱਖ-ਪਾਤ ਦੀ ਝਲਕ ਮਿਲਦੀ ਹੈ। ਇਨ੍ਹਾਂ ਦੋਵਾਂ ਹਲਕਿਆਂ ਵਿਚ ਦੋ ਉਮੀਦਵਾਰਾਂ ਦੇ ਬਰਾਬਰ ਓਸੇ ਨਾਂ ਵਾਲੇ ਦੋ ਡੰਮੀ ਉਮੀਦਵਾਰ ਖੜੇ ਕੀਤੇ ਗਏ ਹਨ। ਜਿਨ੍ਹਾਂ ਦੋ ਉਮੀਦਵਾਰਾਂ ਅੱਗੇ ਡੰਮੀ ਉਮੀਦਵਾਰ ਖੜੇ ਕੀਤੇ ਗਏ, ਉਨ੍ਹਾਂ ਵਿਚੋਂ



ਪ੍ਰਵੀਨ ਤੋਗੜੀਆ

ਇੱਕ ਹੁਣ ਆਮ ਆਦਮੀ ਪਾਰਟੀ ਵੱਲੋਂ ਤੇ ਇੱਕ ਕਾਂਗਰਸ ਦੀ ਟਿਕਟ ਉਤੇ ਲੜ ਰਹੇ ਹਨ, ਦੋਵੇਂ ਜਣੇ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਪੀਪਲਜ਼ ਪਾਰਟੀ ਦੇ ਉਮੀਦਵਾਰ ਸਨ ਤੇ ਉਨ੍ਹਾਂ ਕੋਲ 'ਪਤੰਗ' ਦਾ ਚੋਣ ਨਿਸ਼ਾਨ ਸੀ। ਉਨ੍ਹਾਂ ਨਾਲ ਮਿਲਦੇ ਨਾਂ ਦੇ ਜਿਹੜੇ ਉਮੀਦਵਾਰ ਹੁਣ ਖੜੇ ਕੀਤੇ ਗਏ ਹਨ, ਉਨ੍ਹਾਂ ਨੂੰ 'ਪਤੰਗ' ਦਾ ਉਹੋ ਚੋਣ ਨਿਸ਼ਾਨ ਅਲਾਟ ਕਰਾਇਆ ਗਿਆ ਹੈ। ਰਿਟਰਨਿੰਗ ਅਫਸਰਾਂ ਨੇ ਇਹ ਚੁਸਤੀ ਆਪਣੇ ਤੌਰ 'ਤੇ ਨਹੀਂ ਕੀਤੀ, ਕਿਸੇ ਨੇ ਕਰਵਾਈ ਹੈ, ਤੇ ਕਿਸ ਨੇ ਕਰਵਾਈ ਹੈ, ਪੰਜਾਬ ਦੇ ਲੋਕ ਜਾਣਦੇ ਹਨ। ਪੰਜਾਬ ਦੇ ਮੁੱਖ ਚੋਣ ਅਫਸਰ ਨੇ ਇਸ ਬਾਰੇ ਵੀ ਕੋਈ ਦਖਲ ਦੇਣ ਦੀ ਲੋੜ ਨਹੀਂ ਸਮਝੀ। ਉਸ ਦੀ ਇਸ ਖਾਮੋਸ਼ੀ ਨਾਲ ਉਸ ਬਾਰੇ ਚੰਗਾ ਪ੍ਰਭਾਵ ਨਹੀਂ ਪਿਆ। ਜਦੋਂ ਚੋਣਾਂ ਸ਼ੁਰੂ ਹੋਣ ਲੱਗੀਆਂ ਸਨ, ਇਹ ਚਰਚਾ ਉਦੋਂ ਵੀ ਚੱਲ ਪਈ ਸੀ ਕਿ ਪੰਜਾਬ ਦਾ ਮੁੱਖ ਚੋਣ ਅਧਿਕਾਰੀ ਇੱਕ ਦਿਨ ਇੱਕ ਵੱਡੇ ਪੁਲਿਸ ਅਫਸਰ ਦੇ ਘਰ ਗਿਆ ਤੇ ਫਿਰ ਸਿਵਲ ਪ੍ਰਸ਼ਾਸਨ ਦੇ ਪੰਜਾਬ ਦੇ ਸਿਖਰਲੇ ਅਧਿਕਾਰੀ ਨੂੰ ਮਿਲਿਆ ਹੈ। ਹੁਣ ਜਦੋਂ ਉਹ ਏਦਾਂ ਦੇ ਮਾਮਲੇ ਵੀ ਅੱਖੋਂ-ਪਰੋਖੇ ਕਰੀ ਜਾ ਰਿਹਾ ਹੈ ਤਾਂ ਇਸ ਨਾਲ ਚੰਗਾ ਪ੍ਰਭਾਵ ਪੈ ਹੀ ਨਹੀਂ ਸਕਦਾ।

ਅਸਲ ਵਿਚ ਰਾਜਾਂ ਦੇ ਚੋਣ ਅਧਿਕਾਰੀਆਂ ਦੀ ਵੀ ਮਜਬੂਰੀ ਹੁੰਦੀ ਹੈ। ਚੋਣਾਂ ਦਾ ਕੰਮ ਤਾਂ ਮਹੀਨੇ ਭਰ ਦਾ ਹੈ ਤੇ ਨੌਕਰੀ ਬਾਅਦ ਵਿਚ ਵੀ ਉਸੇ ਰਾਜ ਵਿਚ ਮੌਕੇ ਦੇ ਹੁਕਮਰਾਨ ਦੇ ਅਧੀਨ ਕਰਨੀ ਪੈ ਸਕਦੀ ਹੈ। ਟੀ ਐਨ ਸੇਸ਼ਾਨ ਦੇ ਮੁੱਖ ਚੋਣ ਕਮਿਸ਼ਨਰ ਹੋਣ ਸਮੇਂ ਇਹ ਕੰਮ ਠੀਕ ਕੀਤਾ ਗਿਆ ਕਿ ਚੋਣ ਦੇ ਅਬਜ਼ਰਵਰ ਉਸੇ ਰਾਜ ਦੇ ਨਾ ਰੱਖ ਕੇ ਕਿਸੇ ਦੂਸਰੇ ਰਾਜ ਤੋਂ ਲਿਆ ਕੇ ਲਾਏ ਜਾਣ, ਪਰ ਜੇ ਏਨਾ ਕੀਤਾ ਹੈ ਤਾਂ ਰਾਜਾਂ ਵਿਚ ਮੁੱਖ ਚੋਣ ਅਧਿਕਾਰੀ ਵੀ ਉਸੇ ਰਾਜ ਦੇ ਨਾ ਰੱਖ ਕੇ ਦੂਸਰੇ ਤੋਂ ਲਿਆਂਦੇ ਜਾ ਸਕਦੇ ਹਨ।

ਗੁਜਰਾਤ ਦੇ ਦੰਗਿਆਂ ਪਿੱਛੋਂ ਜਦੋਂ ਮੁੱਖ ਚੋਣ ਕਮਿਸ਼ਨਰ ਨੇ ਉਸ ਰਾਜ ਦਾ ਦੌਰਾ ਕੀਤਾ ਤਾਂ ਜਿਹੜੀ ਤਸਵੀਰ ਉਸ ਨੂੰ ਗੁਜਰਾਤ ਦੇ ਚੋਣ ਅਧਿਕਾਰੀਆਂ ਨੇ ਦਿੱਲੀ ਭੇਜੀ ਸੀ, ਰਾਜ ਦੇ ਹਾਲਾਤ ਐਨ ਉਸ ਤੋਂ ਉਲਟ ਸਨ। ਉਸ ਨੇ ਮੌਕੇ ਉਤੇ ਗੁਜਰਾਤ ਦੇ ਚੋਣ ਅਧਿਕਾਰੀਆਂ ਨੂੰ ਝਾੜਿਆ ਸੀ। ਜਿਹੜੀ ਮਜਬੂਰੀ ਉਸ ਵਕਤ ਗੁਜਰਾਤ ਦੇ ਚੋਣ ਅਧਿਕਾਰੀਆਂ ਦੀ ਸੀ, ਉਹ ਅੱਜ ਦੇ ਪੰਜਾਬ ਦੇ ਚੋਣ ਅਧਿਕਾਰੀਆਂ ਤੇ ਜ਼ਿਲਾ ਪੱਧਰ ਦੇ ਰਿਟਰਨਿੰਗ ਅਫਸਰਾਂ ਦੀ ਵੀ ਹੋ ਸਕਦੀ ਹੈ। ਇਸ ਦਾ ਕੋਈ ਰਾਹ ਕੱਢਿਆ ਜਾਣਾ ਚਾਹੀਦਾ ਹੈ, ਪਰ ਕਿਸੇ ਵੀ ਰੰਗ ਦੀ ਕੋਈ ਵੀ ਸਰਕਾਰ ਇਸ ਦਾ ਰਾਹ ਕੱਢਣ ਦੇ ਪੱਖ ਵਿਚ ਨਹੀਂ ਖੜੋ ਸਕਦੀ।

ਜੇ ਚੋਣ ਅਧਿਕਾਰੀ ਜਾਂ ਚੋਣ ਕਮਿਸ਼ਨ ਸਖਤੀ ਵੀ ਕਰਨ ਲੱਗਣ ਤਾਂ ਵੱਧ ਤੋਂ ਵੱਧ ਕਿਸੇ ਦੇ ਖਿਲਾਫ ਕੇਸ ਹੀ ਦਰਜ ਕਰਵਾ ਸਕਦੇ ਹਨ, ਪਰ ਉਹ ਕੇਸ ਸਿਰੇ ਕਦੋਂ ਲੱਗੇਗਾ, ਇਸ ਦੀ ਕੋਈ ਗਾਰੰਟੀ ਨਹੀਂ। ਚੱਲਦੀ ਚੋਣ ਵਿਚਾਲੇ ਗੁਜਰਾਤ ਵਿਚ ਜਾ ਕੇ ਪ੍ਰਵੀਨ ਤੋਗੜੀਆ ਜਦੋਂ ਇਹ ਕਹਿੰਦਾ ਹੈ ਕਿ ਹਿੰਦੂ ਮੁਹੱਲੇ ਵਿਚ ਮੁਸਲਮਾਨ ਨੂੰ ਨਹੀਂ ਰਹਿਣ ਦੇਣਾ, ਉਸ ਦਾ ਘਰ ਖਰੀਦ ਲਵੋ ਜਾਂ ਟਮਾਟਰ ਤੇ ਪੱਥਰ ਮਾਰ ਕੇ ਡਰਾਵੋ ਅਤੇ ਜੇ ਫਿਰ ਵੀ ਨਾ ਮੰਨੇ ਤਾਂ ਉਸ ਘਰ ਨੂੰ ਧੱਕੇ ਨਾਲ ਕਬਜ਼ੇ ਵਿਚ ਕਰ ਲਵੋ। ਉਹ ਨਾਲ ਇੱਕ ਗੱਲ ਹੋਰ ਕਹਿੰਦਾ ਹੈ ਕਿ ਕੇਸਾਂ ਤੋਂ ਡਰਨ ਦੀ ਲੋੜ ਨਹੀਂ, ਭਾਰਤ ਵਿਚ ਕੇਸ ਕਈ-ਕਈ ਸਾਲ ਲੰਮੇ ਚੱਲਦੇ ਹੁੰਦੇ ਹਨ, ਤੇਈ ਸਾਲ ਪਹਿਲਾਂ ਮਾਰ ਦਿੱਤੇ ਗਏ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਅੱਜ ਤੱਕ ਸਜ਼ਾ ਨਹੀਂ ਮਿਲ ਸਕੀ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੀਡਰ ਦੀ ਏਡੀ ਗੁਸਤਾਖ ਬੋਲੀ ਬੋਲਣ ਦੀ ਹਿੰਮਤ ਇਸ ਲਈ ਪਈ ਹੈ ਕਿ ਇਸ ਦੇਸ਼ ਵਿਚ ਅਦਾਲਤਾਂ ਵਿਚ ਕੇਸਾਂ ਦਾ ਤਜਰਬਾ ਇਹੋ ਹੈ।

ਪੰਜ ਸਾਲ ਪਹਿਲਾਂ ਭਾਜਪਾ ਦੀ ਆਗੂ ਸੁਸ਼ਮਾ ਸਵਰਾਜ ਨੇ ਵਿਦਿਸ਼ਾ ਦੀ ਸੀਟ ਤੋਂ ਚੋਣ ਲੜੀ ਤਾਂ ਕਾਂਗਰਸ ਦੇ ਉਮੀਦਵਾਰ ਰਾਜਕੁਮਾਰ ਪਟੇਲ ਦੇ ਨਾਮਜ਼ਦਗੀ ਕਾਗਜ਼ ਹੀ ਰਿਟਰਨਿੰਗ ਅਫਸਰ ਨੇ ਰੱਦ ਕਰ ਦਿੱਤੇ ਸਨ। ਪਟੇਲ ਨੇ ਇਸ ਦੀ ਪਟੀਸ਼ਨ ਅਦਾਲਤ ਵਿਚ ਪਾਈ ਤਾਂ ਸੁਸ਼ਮਾ ਨੇ ਉਸ ਦੀ ਪਟੀਸ਼ਨ ਰੱਦ ਕਰਨ ਦੀ ਅਰਜ਼ੀ ਪਾ ਦਿੱਤੀ। ਸਾਢੇ ਚਾਰ ਸਾਲ ਲੰਘਾ ਕੇ ਸਿਰਫ ਏਨਾ ਫੈਸਲਾ ਹੋਇਆ ਕਿ ਸੁਸ਼ਮਾ ਸਵਰਾਜ ਦੀ ਅਰਜ਼ੀ ਰੱਦ ਕਰ ਦਿੱਤੀ ਜਾਵੇ ਅਤੇ ਉਸ ਦੇ ਖਿਲਾਫ ਰਾਜਕੁਮਾਰ ਪਟੇਲ ਦੀ ਪਟੀਸ਼ਨ ਦੇ ਮੁਤਾਬਕ ਕੇਸ ਚੱਲਣ ਦਿੱਤਾ ਜਾਵੇ। ਹਾਈ ਕੋਰਟ ਦੇ ਇਸ ਆਰਡਰ ਦੇ ਖਿਲਾਫ ਸੁਸ਼ਮਾ ਸਵਰਾਜ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਜਾ ਪਾਈ। ਉਥੋਂ 14 ਫਰਵਰੀ 2014 ਨੂੰ ਇਸ ਕੇਸ ਦੀ ਕਾਰਵਾਈ ਰੋਕਣ ਦਾ ਹੁਕਮ ਜਾਰੀ ਹੋ ਗਿਆ ਹੈ। ਕੇਸ ਅੱਗੇ ਚੱਲੇਗਾ ਜਾਂ ਨਹੀਂ, ਇਹ ਫੈਸਲਾ ਹੋਣ ਤੋਂ ਪਹਿਲਾਂ ਉਦੋਂ ਦੀ ਜਿੱਤੀ ਹੋਈ ਸੁਸ਼ਮਾ 5 ਸਾਲ ਪੂਰੇ ਕਰ ਕੇ ਉਸੇ ਵਿਦਿਸ਼ਾ ਹਲਕੇ ਤੋਂ ਫਿਰ ਚੋਣ ਲੜਨ ਲੱਗੀ ਹੋਈ ਹੈ।

ਇਸ ਦਾ ਅਰਥ ਤਾਂ ਇਹ ਨਿਕਲਦਾ ਹੈ ਕਿ ਰਿਟਰਨਿੰਗ ਅਫਸਰ ਕੋਈ ਵੀ ਫੈਸਲਾ ਦੇ ਦੇਵੇ, ਉਸ ਨੇ ਗਲਤ ਕੀਤਾ ਸੀ ਜਾਂ ਠੀਕ, ਇਸ ਦਾ ਨਿਬੇੜਾ ਹੋਣ ਵਿਚ ਪੰਜ ਸਾਲ ਲੰਘ ਜਾਂਦੇ ਹਨ। ਉਸ ਤੋਂ ਬਾਅਦ ਵੀ ਨਿਬੇੜਾ ਹੋਵੇ ਤਾਂ ਕਿਸੇ ਰਿਟਰਨਿੰਗ ਅਫਸਰ ਦੇ ਗਲ਼ ਇਸ ਗੱਲੋਂ ਕੋਈ ਫਾਹਾ ਕਦੇ ਨਹੀਂ ਪੈਂਦਾ ਕਿ ਉਸ ਨੇ ਜਾਣ-ਬੁੱਝ ਕੇ ਪੱਖ-ਪਾਤ ਕੀਤਾ ਸੀ। ਭਾਰਤ ਦੇ ਚੋਣ ਪ੍ਰਬੰਧ ਅਤੇ ਨਿਆਂ ਪ੍ਰਬੰਧ ਦੀ ਇਸ ਕਮਜ਼ੋਰੀ ਦੇ ਕਾਰਨ ਇਹ ਵਰਤਾਰਾ ਚਿਰਾਂ ਤੋਂ ਚੱਲੀ ਜਾ ਰਿਹਾ ਹੈ ਤੇ ਸਾਡੇ ਦੇਸ਼ ਦੇ ਲੋਕ ਇਹ ਸਮਝੀ ਜਾਂਦੇ ਹਨ ਕਿ ਭਾਰਤ ਵਿਚ ਲੋਕਤੰਤਰ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਹਨ। ਜੜ੍ਹਾਂ ਇਸ ਦੀਆਂ ਬਹੁਤ ਮਜ਼ਬੂਤ ਹਨ, ਪਰ ਉਨ੍ਹਾਂ ਚੁਸਤ ਲੋਕਾਂ ਲਈ ਮਜ਼ਬੂਤ ਹਨ, ਜਿਹੜੇ ਇਸ ਪ੍ਰਬੰਧ ਦੀ ਵਰਤੋਂ ਦੇ ਨਾਲ ਦੁਰਵਰਤੋਂ ਵੀ ਕਰਨੀ ਜਾਣਦੇ ਹਨ, ਆਮ ਆਦਮੀ ਲਈ ਤਾਂ ਭਾਰਤ ਦਾ ਚੋਣ ਪ੍ਰਬੰਧ ਦੁਸ਼ਵਾਰੀਆਂ ਨੂੰ ਹੋਰ ਵਧਾਉਣ ਤੇ ਬੇਵੱਸੀ ਦਾ ਪ੍ਰਭਾਵ ਦੇਣ ਤੋਂ ਸਿਵਾਏ ਕੁਝ ਪੇਸ਼ ਹੀ ਨਹੀਂ ਕਰ ਰਿਹਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਬਾਦਲਾਂ ਦੀਆਂ ਬੱਸਾਂ ਨੇ ਲੀਹੋਂ ਲਾਹੀ ਰੋਡਵੇਜ਼ ਦੀ ਲਾਰੀ

**ਚੰਡੀਗੜ੍ਹ:** ਪੰਜਾਬ ਦੇ ਬੱਸ ਅੱਡਿਆਂ 'ਤੇ ਬਾਦਲਾਂ ਦੀ ਮਾਲਕੀ ਵਾਲੀਆਂ ਬੱਸਾਂ ਦਾ ਇੰਨਾ ਦਬਦਬਾ ਹੈ ਕਿ ਇਸ ਬਾਰੇ ਨਾ ਤਾਂ ਕੋਈ ਟਰਾਂਸਪੋਰਟ ਦਾ ਅਧਿਕਾਰੀ ਮੂੰਹ ਖੋਲ੍ਹਣ ਨੂੰ ਤਿਆਰ ਹਨ ਤੇ ਨਾ ਹੀ ਪੰਜਾਬ ਰੋਡਵੇਜ਼ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਕੀਤੀਆਂ ਜਾਂਦੀਆਂ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਹਨ। ਬਾਦਲਾਂ ਦੀਆਂ ਨਿੱਜੀ ਕੰਪਨੀ ਵਾਲੀਆਂ ਬੱਸਾਂ ਔਰਬਿਟ, ਡੱਬਵਾਲੀ ਤਾਜ ਟਰੈਵਲ, ਮਰਸੀਡੀਜ਼ ਬੈਨਜ਼ ਤੇ ਇੰਡੋ-ਕਨੇਡੀਅਨ ਬੱਸ ਸਰਵਿਸ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਚੰਡੀਗੜ੍ਹ ਤੇ ਦਿੱਲੀ ਨੂੰ ਚੱਲਦੀਆਂ ਹਨ। ਅੰਮ੍ਰਿਤਸਰ ਤੇ ਜਲੰਧਰ ਤੋਂ ਚੰਡੀਗੜ੍ਹ ਨੂੰ ਜਾਣ ਵਾਲੀਆਂ ਮਰਸੀਡੀਜ਼ ਬੈਨਜ਼ ਬੱਸਾਂ ਹਮੇਸ਼ਾ ਹੀ ਦੋ-ਦੋ ਚੱਲਦੀਆਂ ਹਨ ਜਦਕਿ ਇਸ ਰੂਟ 'ਤੇ ਇਕ ਪਰਮਿਟ ਹੁੰਦਾ ਹੈ ਤੇ ਉਸ 'ਤੇ ਦੋ ਤੋਂ ਵੱਧ ਬੱਸਾਂ ਚਲਾਈਆਂ ਜਾ ਰਹੀਆਂ ਹਨ। ਬੀਤੇ ਦਿਨੀਂ ਔਰਬਿਟ ਬੱਸ ਦੇ ਕਰਿੰਦਿਆਂ ਵੱਲੋਂ ਪੀ.ਆਰ.ਟੀ.ਸੀ ਦੀ ਬੱਸ ਨੂੰ ਖਾਲੀ ਕਰਾਉਣ ਦਾ ਮਾਮਲਾ ਵੀ ਥਾਣੇ ਚਲਾ ਗਿਆ ਸੀ। ਪੰਜਾਬ ਰੋਡਵੇਜ਼ ਦੀਆਂ ਵੱਖ-ਵੱਖ ਜਥੇਬੰਦੀਆਂ ਇਸ ਬਾਰੇ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀਆਂ ਤੇ ਟਰਾਂਸਪੋਰਟ ਮੰਤਰੀ ਨੂੰ ਸ਼ਿਕਾਇਤਾਂ ਕਰ ਚੁੱਕੀਆਂ ਹਨ ਪਰ ਉਸ ਦਾ ਨਤੀਜਾ ਕੋਈ ਨਹੀਂ ਨਿਕਲਿਆ। ਇਸ ਬਾਰੇ ਜਦੋਂ ਜਨਰਲ ਮੈਨੇਜਰਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਕੋਈ ਵੀ ਖੁੱਲ੍ਹ ਕੇ ਗੱਲ ਕਰਨ ਨੂੰ ਤਿਆਰ ਹੀ ਨਹੀਂ ਹੁੰਦਾ।




ਜਲੰਧਰ ਦੇ ਬੱਸ ਅੱਡੇ ਤੋਂ ਚੰਡੀਗੜ੍ਹ ਤੇ ਲੁਧਿਆਣਾ ਨੂੰ ਚੱਲਣ ਵਾਲੀਆਂ ਸਰਕਾਰੀ ਬੱਸਾਂ ਦੇ ਟਾਈਮ ਜਾਣ-ਬੁੱਝ ਕੇ ਮਿੱਸ ਕਰਵਾਏ ਜਾਂਦੇ ਹਨ ਤੇ ਬਾਦਲਾਂ ਦੀਆਂ ਬੱਸਾਂ ਨੂੰ ਭਰਨ ਲਈ ਕਈ ਵਾਰ ਬੱਸ ਅੱਡਿਆਂ 'ਤੇ ਉੱਚ ਅਧਿਕਾਰੀ ਨੂੰ ਹਾਜ਼ਰ ਰਹਿਣਾ ਪੈਂਦਾ ਹੈ, ਤਾਂ ਜੋ ਇਹ ਯਕੀਨੀ ਹੋ ਸਕੇ ਕਿ ਇਹ ਬੱਸਾਂ ਸਵਾਰੀਆਂ ਨਾਲ ਭਰ ਗਈਆਂ ਹਨ ਜਾਂ ਨਹੀਂ। ਹਾਲਾਂਕਿ ਪੰਜਾਬ ਰੋਡਵੇਜ਼ ਤੇ ਹੋਰ ਨਿੱਜੀ ਬੱਸ ਕੰਪਨੀਆਂ ਦੇ ਡਰਾਈਵਰ ਇਕ-ਇਕ ਮਿੰਟ ਲਈ ਨਿੱਤ ਇਕ-ਦੂਜੇ ਨਾਲ ਗਾਲੋ-ਗਾਲੀ ਹੁੰਦੇ ਰਹਿੰਦੇ ਹਨ ਪਰ ਜਦੋਂ ਬੱਸ ਅੱਡੇ 'ਤੇ ਬਿਨਾਂ ਟਾਈਮ ਤੋਂ ਬਾਦਲਾਂ ਦੀਆਂ ਬੱਸਾਂ ਲੱਗ ਜਾਂਦੀਆਂ ਹਨ ਤਾਂ ਫਿਰ ਟਰਾਂਸਪੋਰਟ ਦੇ ਅਧਿਕਾਰੀ ਵੀ ਮੂੰਹ ਫੇਰ ਲੈਂਦੇ ਹਨ ਤੇ ਪੰਜਾਬ ਰੋਡਵੇਜ਼ ਦੇ ਡਰਾਈਵਰ ਤੇ ਕੰਡਕਟਰ ਬੁਰਾ-ਭਲਾ ਤਾਂ ਕਹਿੰਦੇ ਹਨ ਪਰ ਉਨ੍ਹਾਂ ਦੀ ਪੇਸ਼ ਕੋਈ ਨਹੀਂ ਜਾਂਦੀ।

ਮਿਲੀ ਜਾਣਕਾਰੀ ਮੁਤਾਬਕ ਲੁਧਿਆਣਾ ਬੱਸ ਸਟੈਂਡ ਤੋਂ ਬਠਿੰਡਾ, ਫਾਜ਼ਿਲਕਾ, ਗੰਗਾਨਗਰ, ਜੀਵਨਨਗਰ, ਜੈਤੋ, ਡੱਬਵਾਲੀ, ਅਬੋਹਰ ਆਦਿ ਰੂਟਾਂ 'ਤੇ ਰੋਡਵੇਜ਼ ਦੇ 15 ਟਾਈਮ ਮਿੱਸ ਹਨ ਤੇ ਇਨ੍ਹਾਂ ਰੂਟਾਂ 'ਤੇ ਸਿਰਫ ਬਾਦਲਾਂ ਦੀਆਂ ਬੱਸਾਂ ਹੀ ਦਨਦਨਾਉਂਦੀਆਂ ਫਿਰਦੀਆਂ ਹਨ। ਪੰਜਾਬ ਰੋਡਵੇਜ਼ ਮੁਲਾਜ਼ਮਾਂ ਦੀਆਂ ਵੱਖ-ਵੱਖ ਜਥੇਬੰਦੀਆਂ ਕਈ ਵਾਰ ਧਰਨੇ ਲਾ ਚੁੱਕੀਆਂ ਹਨ ਤੇ ਧੱਕੇ ਨਾਲ ਭਰੀਆਂ ਜਾ ਰਹੀਆਂ ਬਾਦਲਾਂ ਦੀਆਂ ਬੱਸਾਂ ਨੂੰ ਘੇਰਦੇ ਵੀ ਆ ਰਹੇ ਹਨ ਪਰ ਉਨ੍ਹਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੁੰਦੀ। ਪੰਜਾਬ ਦੇ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ ਤੇ ਪਟਿਆਲਾ ਅਜਿਹੇ ਬੱਸ ਅੱਡੇ ਹਨ ਜਿਥੇ ਵੱਡੇ ਪੱਧਰ 'ਤੇ ਸਵਾਰੀਆਂ ਆਉਂਦੀਆਂ-ਜਾਂਦੀਆਂ ਹਨ।

## ਘਰੇਲੂ ਪ੍ਰੇਸ਼ਾਨੀ ਕਾਰਨ ਪਿਉ ਵੱਲੋਂ ਦੋ ਬੱਚਿਆਂ ਸਮੇਤ ਖੁਦਕੁਸ਼ੀ

**ਜ਼ੀਰਾ:** ਘਰੇਲੂ ਪਰੇਸ਼ਾਨੀ ਕਾਰਨ ਇਕ ਵਿਅਕਤੀ ਨੇ ਆਪਣੇ ਦੋ ਬੱਚਿਆਂ ਸਮੇਤ ਨਹਿਰ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਉਧਰ ਮ੍ਰਿਤਕ ਸੁਖਰਾਜ ਸਿੰਘ ਦੀ ਪਤਨੀ ਪਰਮਜੀਤ ਕੌਰ ਨੇ ਆਪਣੇ ਸਹੁਰਾ, ਸੱਸ, ਦਿਓਰ ਤੇ ਮਾਮਾ ਸਹੁਰਾ 'ਤੇ ਆਤਮਦਾਹ ਲਈ ਉਕਸਾਉਣ ਦਾ ਦੋਸ਼ ਲਾਉਂਦੇ ਹੋਏ ਇਨ੍ਹਾਂ ਵਿਰੁੱਧ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਪਰਮਜੀਤ ਕੌਰ ਪੁੱਤਰੀ ਸੁਖਚੈਨ ਸਿੰਘ ਵਾਸੀ ਜ਼ੀਰਾ ਨੇ ਦੱਸਿਆ ਕਿ ਉਸ ਦਾ ਵਿਆਹ 12 ਸਾਲ ਪਹਿਲਾਂ ਸੁਖਰਾਜ ਸਿੰਘ ਵਾਸੀ ਧਗਾਣਾ (ਤਰਨਤਾਰਨ) ਨਾਲ ਹੋਇਆ ਸੀ, ਜਿਸ ਉਪਰੰਤ ਉਨ੍ਹਾਂ ਦੇ ਘਰ ਇਕ ਲੜਕਾ ਤੇ ਲੜਕੀ ਪੈਦਾ ਹੋਈ ਪਰ ਤਕਰੀਬਨ ਡੇਢ ਵਰ੍ਹੇ ਬਾਅਦ ਸਹੁਰਾ ਪਰਿਵਾਰ ਨੇ ਬਿਨਾਂ ਹਿੱਸਾ ਦਿੱਤੇ ਉਸ ਦੇ ਪਤੀ ਨੂੰ ਵਿਦੇਸ਼ ਭੇਜ ਦਿੱਤਾ। ਵਿਦੇਸ਼ ਤੋਂ ਪਰਤਣ ਪਿੱਛੋਂ ਉਸ ਦਾ ਪਤੀ ਜਾਇਦਾਦ ਦਾ ਹਿੱਸਾ ਲੈਣ ਲਈ ਪੰਚਾਇਤਾਂ ਕੋਲ ਗਿਆ ਪਰ ਇਨਸਾਫ ਨਾ ਮਿਲਣ ਕਾਰਨ ਉਸ ਨੇ ਆਪਣੇ ਦੋ ਬੱਚੀਆਂ ਸਮੇਤ ਮੌਤ ਗਲੇ ਲਾ ਲਈ।

## ਨੂੰਹ ਮਾਰਨ ਵਾਲੇ ਸਹੁਰਾ ਪਰਿਵਾਰ ਦੇ 4 ਜੀਆਂ ਨੂੰ ਉਮਰ ਕੈਦ

**ਸ੍ਰੀ ਮੁਕਤਸਰ ਸਾਹਿਬ:** ਜ਼ਿਲ੍ਹਾ ਅਦਾਲਤ ਨੇ ਵਿਆਹੁਤਾ ਨੂੰ ਮਾਰਨ ਦੇ ਦੋਸ਼ ਵਿਚ ਮ੍ਰਿਤਕਾ ਦੇ ਪਤੀ, ਉਸ ਦੇ ਸੱਸ-ਸਹੁਰਾ ਤੇ ਦਾਦੇ ਨੂੰ ਉਮਰ ਕੈਦ ਦੀ ਸਜ਼ਾ ਤੇ ਜੁਰਮਾਨੇ ਦਾ ਹੁਕਮ ਦਿੱਤਾ ਹੈ। ਪਿੰਡ ਸਰਾਵਾਂ (ਫ਼ਰੀਦਕੋਟ) ਦੇ ਰਹਿਣ ਵਾਲੇ ਬਲਵਿੰਦਰ ਸਿੰਘ ਦੀ ਲੜਕੀ ਹਰਪ੍ਰੀਤ ਕੌਰ ਸਿਮਰਨਜੀਤ ਸਿੰਘ ਉਰਫ ਗੋਰਾ ਨਾਲ ਵਿਆਹੀ ਸੀ। ਵਿਆਹ ਦੇ ਦੋ ਕੁ ਮਹੀਨੇ ਪਿੱਛੋਂ 26 ਅਕਤੂਬਰ 2008 ਨੂੰ ਹਰਪ੍ਰੀਤ ਕੌਰ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਇਸ ਬਾਰੇ ਥਾਣਾ ਸਦਰ ਮੁਕਤਸਰ ਵਿਖੇ ਮ੍ਰਿਤਕਾ ਦੇ ਪਿਤਾ ਬਲਵਿੰਦਰ ਸਿੰਘ ਦੇ ਬਿਆਨਾਂ 'ਤੇ 28 ਅਕਤੂਬਰ ਨੂੰ ਪਤੀ ਸਿਮਰਨਜੀਤ ਸਿੰਘ, ਪਿਤਾ ਜਬਰਜੰਗ ਸਿੰਘ, ਮਾਤਾ ਸੁਖਦੀਪ ਕੌਰ, ਦਾਦਾ ਗੁਰਦੇਵ ਸਿੰਘ ਤੇ ਦਾਦੀ ਬਸੰਤ ਕੌਰ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕੀਤਾ ਸੀ।

ਮੁੱਦਈ ਬਲਵਿੰਦਰ ਸਿੰਘ ਦੇ ਬਿਆਨਾਂ ਮੁਤਾਬਕ ਮ੍ਰਿਤਕਾ ਦਾ ਸਹੁਰਾ ਪਰਿਵਾਰ ਉਸ ਨੂੰ ਪਸੰਦ ਨਹੀਂ ਸੀ ਕਰਦਾ। ਅਦਾਲਤ ਨੇ ਸਰਕਾਰੀ ਵਕੀਲ ਦੀਆਂ ਦਲੀਲਾਂ ਤੇ ਪੁਲਿਸ ਵੱਲੋਂ ਪੇਸ਼ ਸਬੂਤਾਂ ਦੇ ਆਧਾਰ 'ਤੇ ਸਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਤੇ ਜੁਰਮਾਨੇ ਦਾ ਹੁਕਮ ਦਿੱਤਾ ਹੈ। ਦੋਸ਼ੀਆਂ ਵਿਚ ਸ਼ਾਮਲ ਮ੍ਰਿਤਕਾ ਦੀ ਦਾਦੀ ਬਸੰਤ ਕੌਰ ਦਾ ਪਹਿਲਾਂ ਹੀ ਦਿਹਾਂਤ ਹੋ ਚੁੱਕਿਆ ਹੈ।

# ਗਦਰੀ ਬਾਬਿਆਂ ਦੀ ਭੂਮੀ 'ਤੇ ਟੁੱਟਿਆ ਨਸ਼ਿਆਂ ਦਾ ਕਹਿਰ

**ਚੰਡੀਗੜ੍ਹ:** ਜਲੰਧਰ ਜ਼ਿਲ੍ਹੇ ਦਾ ਇਤਿਹਾਸਕ ਪਿੰਡ ਬਿਲਗਾ ਕਦੇ ਗ਼ਦਰੀ ਬਾਬਿਆਂ ਦੀ ਭੂਮੀ ਵਜੋਂ ਜਾਣਿਆ ਜਾਂਦਾ ਸੀ ਪਰ ਅੱਜ ਨਸ਼ਿਆਂ ਦੇ ਵਪਾਰ ਵਿਚ ਅੱਗੇ ਜਾਣ ਕਰਕੇ ਬਦਨਾਮੀ ਖੱਟ ਰਿਹਾ ਹੈ। ਵੱਖ-ਵੱਖ ਸੂਤਰਾਂ ਤੋਂ ਇਕੱਤਰ ਜਾਣਕਾਰੀ ਅਨੁਸਾਰ ਬਿਲਗਾ ਥਾਣੇ ਵਿਚ ਪੈਂਦੇ 35 ਪਿੰਡਾਂ ਵਿਚ ਪਿਛਲੇ ਇਕ ਸਾਲ ਦੌਰਾਨ 70 ਦੇ ਤਕਰੀਬਨ ਨੌਜਵਾਨ 'ਚਿੱਟਾ' ਖਾਣ ਦੇ ਆਦੀ ਹੋਣ ਕਾਰਨ ਮੌਤ ਦੇ ਮੂੰਹ ਜਾ ਪਏ ਹਨ।

ਸੂਚਨਾ ਮੁਤਾਬਕ ਇਕੱਲੇ ਪਿੰਡ ਬਿਲਗਾ ਵਿਚ ਹੀ ਪਿਛਲੇ ਅੱਠ ਮਹੀਨਿਆਂ ਦੌਰਾਨ 18 ਨੌਜਵਾਨ ਨਸ਼ੇ ਦੀ ਭੇਟ ਚੜ੍ਹ ਗਏ ਹਨ। 'ਚਿੱਟਾ' ਇਕ ਨਸ਼ੀਲਾ ਪਾਊਡਰ ਹੈ ਜਿਸ ਦੇ ਖਾਣ ਨਾਲ ਇਕ ਵਾਰ ਨਸ਼ਾ ਤਾਂ ਆਉਂਦਾ ਹੈ ਪਰ ਇਹ ਨਸ਼ਾ ਏਨਾ ਮਾਰੂ ਹੈ ਕਿ ਇਕ ਵਾਰ ਜਿਸ ਨੂੰ ਇਸ ਦੀ ਲਤ ਲੱਗ ਗਈ, ਫਿਰ ਉਸ ਲਈ ਖਹਿੜਾ ਛੁਡਾਉਣਾ ਮੁਸ਼ਕਲ ਹੋ ਜਾਂਦਾ ਹੈ ਤੇ ਦੂਜਾ ਇਸ ਨੂੰ ਖਾਣ ਵਾਲਾ ਛੇ ਕੁ ਮਹੀਨੇ ਦਾ ਪ੍ਰਾਹੁਣਾ ਹੁੰਦਾ ਹੈ।

ਪਿੰਡ ਦੇ ਲੋਕ ਕਹਿ ਰਹੇ ਸਨ ਕਿ ਪਹਿਲਾਂ ਲੋਕ ਅਫੀਮ, ਪੋਸਤ ਜਾਂ ਭੁੱਕੀ ਆਦਿ ਖਾਂਦੇ ਸਨ। ਇਹ ਨਸ਼ਾ ਕਰਨ ਨਾਲ ਲੋਕਾਂ ਵਿਚ ਜਾਨ ਲਾ ਕੇ ਕੰਮ ਕਰਨ ਦੀ ਸ਼ਕਤੀ ਵਧਦੀ ਸੀ ਤੇ ਇਹ ਨਸ਼ੇ ਜਿਸਮਾਨੀ ਤੌਰ 'ਤੇ ਇਕਦਮ ਵੱਡਾ ਨੁਕਸਾਨ ਨਹੀਂ ਸਨ ਕਰਦੇ ਪਰ ਹੁਣ ਜਿਹੜੇ ਕੈਮੀਕਲ ਨਸ਼ੇ ਖਾਸ ਤੌਰ 'ਤੇ ਚਿੱਟਾ ਪਾਊਡਰ ਆ ਗਿਆ ਹੈ, ਪਹਿਲੀ ਗੱਲ ਤਾਂ ਇਸ ਦਾ ਸੇਵਨ ਕਰਨ ਵਾਲਾ ਕੰਮ ਕਰਨ ਦੇ ਯੋਗ ਹੀ ਨਹੀਂ ਰਹਿੰਦਾ ਤੇ ਦੂਜਾ ਕੁਝ ਸਮੇਂ ਵਿਚ ਹੀ ਇਹ ਨਸ਼ਾ ਕਿਡਨੀ ਤੇ ਲੀਵਰ ਉੱਪਰ ਅਸਰ ਕਰਨ ਲੱਗ ਜਾਂਦਾ ਹੈ ਤੇ ਇਹੀ ਕਾਰਨ ਹੈ ਕਿ ਛੇ ਮਹੀਨਿਆਂ ਵਿਚ ਹੀ ਨਸ਼ੇ ਦੇ ਆਦੀ ਰੱਬ ਨੂੰ ਪਿਆਰੇ ਹੋਣ ਲੱਗਦੇ ਹਨ।

### 'ਚਿੱਟੇ' ਨੇ ਨਿਗਲੇ ਬਿਲਗਾ ਖੇਤਰ ਦੇ ਨੌਜਵਾਨ




ਬਿਲਗਾ ਵਾਸੀ 75 ਸਾਲਾ ਬਜ਼ੁਰਗ ਔਰਤ ਕ੍ਰਿਸ਼ਨਾ ਨੇ ਦੱਸਿਆ ਕਿ ਉਸ ਦਾ 23 ਸਾਲ ਦਾ ਪੋਤਰਾ ਦੁਬਈ ਤੋਂ ਆਇਆ ਸੀ ਤੇ ਇਥੇ ਆ ਕੇ ਅਜਿਹੀ ਮਾੜੀ ਸੰਗਤ ਵਿਚ ਪਿਆ ਕਿ ਜਾਨ ਤੋਂ ਹੱਥ ਧੋ ਬੈਠਾ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਇਕ ਕਲਾਸ ਵਨ ਅਧਿਕਾਰੀ ਦਾ ਇਕਲੌਤਾ ਲੜਕਾ ਵੀ ਅਜਿਹਾ 'ਚਿੱਟੇ' ਦੇ ਮਗਰ ਲੱਗਾ ਕਿ ਇਕ ਦਿਨ ਵਿਲਕਦੇ ਮਾਪਿਆਂ ਨੂੰ ਉਸ ਦੀ ਲਾਸ਼ ਖੇਤਾਂ ਵਿਚ ਪਈ ਮਿਲੀ। ਇਕ-ਇਕ ਕਰਕੇ ਬਿਲਗਾ ਪਿੰਡ ਦੇ ਲੋਕ 18 ਬਦਨਸੀਬ ਪਰਿਵਾਰਾਂ ਦੀ ਕਹਾਣੀ ਬਿਆਨ ਕਰਦੇ ਹਨ। ਮੁਆਈ ਪਿੰਡ ਵਿਚ ਅਜਿਹੀਆਂ ਤਿੰਨ ਮੌਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ।

ਕਾ: ਸੰਤੋਖ ਸਿੰਘ ਨੇ ਦੱਸਿਆ ਕਿ 7 ਅਪਰੈਲ ਨੂੰ ਇਕ ਦਿਨ ਵਿਚ ਹੀ ਤਿੰਨ ਮੌਤਾਂ ਹੋਈਆਂ। ਬਿਲਗਾ ਪਿੰਡ ਦੇ ਸਾਬਕਾ ਫੌਜੀ ਤੇ ਸੇਵਾਮੁਕਤ ਅਧਿਆਪਕ ਜੋਗਿੰਦਰ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਤੇ ਰਾਜਸੀ ਲੋਕਾਂ ਦੀ ਮਿਲੀਭੁਗਤ ਨਾਲ ਸ਼ਰੇਆਮ ਨਸ਼ੇ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ 'ਚਿੱਟਾ' ਖਾਣ ਵਾਲਿਆਂ ਨੂੰ ਤਾਂ ਪੁਲਿਸ ਫੜਦੀ ਰਹਿੰਦੀ ਹੈ ਪਰ ਵੇਚਣ ਵਾਲਿਆਂ ਨੂੰ ਕਦੇ ਹੱਥ ਨਹੀਂ ਪਾਇਆ। ਬਿਲਗਾ ਦੇ ਦੁਕਾਨਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਨਸ਼ਿਆਂ ਦੇ ਇਸ ਕੋਹੜ ਨੇ ਪਹਿਲਾਂ-ਪਹਿਲ ਬਹੁਤਾ ਕਰਕੇ ਦਲਿਤਾਂ ਨੂੰ ਆਪਣੇ ਕਲਾਵੇ ਵਿਚ ਲਿਆ, ਫਿਰ ਜੱਟਾਂ ਦੇ ਘਰਾਂ ਵਿਚ ਆ ਵੜਿਆ ਤੇ ਹੁਣ ਤਾਂ ਮਹਾਜਨਾਂ ਦੇ ਘਰਾਂ ਅੱਗੇ ਵੀ ਦਸਤਕ ਦੇਣ ਲੱਗ ਪਿਆ ਹੈ।

ਉਨ੍ਹਾਂ ਕਿਹਾ ਕਿ ਹੁਣ ਚਿੱਟਾ ਚਲੇ ਗਏ 70 ਨੌਜਵਾਨਾਂ ਦੀ ਨਹੀਂ ਸਗੋਂ ਉਨ੍ਹਾਂ ਦੇ ਪਿੱਛੇ 700 ਨੌਜਵਾਨਾਂ ਦੀ ਲੱਗੀ ਹੋਰ ਕਤਾਰ ਦੀ ਹੈ। ਪਿੰਡਾਂ ਦੇ ਲੋਕ ਸ਼ਰੇਆਮ ਨਸ਼ੇ ਵੇਚਣ ਵਾਲਿਆਂ ਦਾ ਨਾਂ ਲੈਂਦੇ ਹਨ। ਯੂਥ ਅਕਾਲੀ ਦਲ ਦਾ ਇਕ ਆਗੂ ਨਸ਼ਿਆਂ ਦੇ ਵਪਾਰ ਵਿਚ ਮੋਹਰੀ ਦੱਸਿਆ ਜਾਂਦਾ ਹੈ। ਸਿਆਸੀ ਸਰਪ੍ਰਸਤੀ ਤੇ ਪੁਲਿਸ ਦੀ ਸਾਂਠ-ਗਾਂਠ ਨਾਲ ਨਸ਼ੇ ਦੇ ਪਸਰਦੇ ਪੈਰਾਂ ਤੋਂ ਲੋਕ ਭੈਅਭੀਤ ਹਨ।

# ਜੀ ਐਚ ਜੀ ਅਕੈਡਮੀ ਦਾ ਸਭਿਆਚਾਰਕ ਗਤੀਵਿਧੀਆਂ ਸਬੰਧੀ ਕੈਂਪ 11 ਜੁਲਾਈ ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਜੀ ਐਚ ਜੀ ਅਕੈਡਮੀ ਵੱਲੋਂ ਛੇਵਾਂ ਸਾਲਾਨਾ ਭੰਗੜਾ, ਗਿੱਧਾ, ਮਲਵਈ ਗਿੱਧਾ, ਕਵੀਸ਼ਰੀ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਸਬੰਧੀ ਕੈਂਪ 11 ਤੋਂ 25 ਜੁਲਾਈ ਤੱਕ ਫਰਿਜ਼ਨੋ ਪੰਜਾਬੀ ਸਕੂਲ ਵਿਚ ਲਗਾਇਆ ਜਾਵੇਗਾ। ਕੈਂਪ ਲਈ ਬੱਚਿਆਂ ਦਾ ਦਾਖਲਾ 6 ਜੁਲਾਈ ਨੂੰ ਪੰਜਾਬੀ ਸਕੂਲ ਵਿਖੇ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੰਸਥਾ ਨੇ ਅੰਤਰ ਰਾਸ਼ਟਰੀ ਯੁਵਕ ਮੇਲਾ 26 ਜੁਲਾਈ ਨੂੰ ਰੋਇਡਿੰਗ ਪਾਰਕ ਵਿਚ ਰੱਖਿਆ ਹੈ।



ਇਸ ਸਬੰਧੀ ਸੰਸਥਾ ਦੇ ਬੋਰਡ ਮੈਂਬਰਾਂ ਦੀ ਇੱਕ ਮੀਟਿੰਗ ਇਥੇ ਪੰਜਾਬੀ ਸਕੂਲ ਵਿਚ ਹੋਈ। ਮੀਟਿੰਗ ਦੀ ਕਾਰਵਾਈ ਨੂੰ ਅੱਗ ਤੋਰਦਿਆਂ ਗੁਰਦੀਪ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਆਖਿਆ। ਬੋਰਡ ਮੈਂਬਰਾਂ ਨੇ ਕੈਂਪ ਅਤੇ ਅੰਤਰ-ਰਾਸ਼ਟਰੀ ਯੁਵਕ ਮੇਲੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਕੈਂਪ ਦੌਰਾਨ ਬੱਚਿਆਂ ਨੂੰ ਪੌਸ਼ਟਿਕ ਭੋਜਨ ਦੇਣ ਅਤੇ ਲੰਗਰ ਵਿਚ ਗੁਰ ਮਰਯਾਦਾ ਅਨੁਸਾਰ ਹਰ ਸਾਲ ਦੀ ਤਰ੍ਹਾਂ ਦਾਲ ਫੁਲਕੇ ਨੂੰ ਹੀ ਮਹੱਤਤਾ ਦੇਣ ਸਬੰਧੀ ਸਹਿਮਤੀ ਪ੍ਰਗਟ ਕੀਤੀ ਗਈ। ਜੀ ਐਚ ਜੀ ਬੈਸਟ ਮੁਟਿਆਰ ਤੇ ਬੈਸਟ ਗੱਭਰੂ ਮੁਕਾਬਲੇ ਵਿਚ ਕਈ ਨਵੀਆਂ ਮਦਾਂ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ। ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਦਸਤਾਰ ਮੁਕਾਬਲਾ ਵੀ ਕਰਵਾਇਆ ਜਾਵੇਗਾ।

ਸੰਸਥਾ ਵਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਅੰਤਰ-ਰਾਸ਼ਟਰੀ ਭੰਗੜਾ ਮੁਕਾਬਲੇ ਵਿਚ 12 ਟੀਮਾਂ ਹਿੱਸਾ ਲੈਣਗੀਆਂ। ਪਹਿਲੇ, ਦੂਜੇ ਅਤੇ ਤੀਜੇ ਥਾਂ ਆਉਣ ਵਾਲੀਆਂ ਟੀਮਾਂ ਨੂੰ ਇਨਾਮ ਦਿਤੇ ਜਾਣਗੇ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਦੀਪ ਸ਼ੇਰਗਿਲ, ਉਦੈਦੀਪ ਸਿੱਧੂ, ਦਵਿੰਦਰ ਗਰੇਵਾਲ, ਰਾਜਿੰਦਰ ਧਾਲੀਵਾਲ, ਅਰਵਿੰਦਰ ਕਾਹਲੋਂ, ਸ਼ੇਰ ਸਿੰਘ, ਰਾਣਾ ਮਾਨ, ਦਵਿੰਦਰ ਨਾਗੀ, ਜਗਰੂਪ ਧਾਲੀਵਾਲ, ਸੁਖਦੇਵ ਚੀਮਾ, ਬਲਦੇਵ ਰੰਧਾਵਾ, ਸੁਖਮਿੰਦਰ ਸਰੋਏ, ਪਰਮਜੀਤ ਧਾਲੀਵਾਲ, ਅਮਨਦੀਪ ਧਾਲੀਵਾਲ, ਹਰਦੀਪ ਕਲੇਰ, ਜਗਜੀਤ ਸਿੰਘ ਬਿੰਦ, ਗੁਰਪ੍ਰੀਤ ਧਾਲੀਵਾਲ, ਰੇਸ਼ਮ ਸਿੰਘ, ਕੁਲਵੰਤ ਉਭੀ, ਜਤਿੰਦਰਪਾਲ ਮਾਨ, ਤਰਨਜੀਤ ਕੌਰ ਕਲੇਰ, ਸ਼ਗਨਦੀਪ ਕੌਰ ਵੜੈਚ, ਜਤਿੰਦਰ ਕੌਰ ਮਾਹਲ, ਸੀਤਲ ਮਾਹਲ, ਪ੍ਰੀਤਮ ਪਾਸਲਾ, ਸੁਖਦੇਵ ਸਿੰਘ, ਸੁਰਿੰਦਰ ਸਿੰਘ ਬਿੰਦ, ਗੁਰਮੀਤ ਸਿੰਘ, ਜੀਤ ਸਿੰਘ ਅਤੇ ਗੁਰਇਕਬਾਲ ਸਿੰਘ ਹਾਜ਼ਰ ਸਨ।

ਹੋਰ ਜਾਣਕਾਰੀ ਲਈ ਗੁਰਦੀਪ ਸ਼ੇਰਗਿੱਲ ਫੋਨ: (559)-349-1481 ਤੇ ਉਦੈਦੀਪ ਸਿੱਧੂ ਫੋਨ: (559)-355-4065 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਲੇਖਕ ਐਸ. ਅਸ਼ੋਕ ਭੌਰੇ ਦਾ ਆਪਣੇ ਪਿੰਡ ਬਾਰੇ ਗੀਤ

**ਬੰਗਾ (ਬਿਊਰੋ):** ਵੱਖ-ਵੱਖ ਟੀ.ਵੀ. ਚੈਨਲਾਂ ਵਲੋਂ ਪੰਜਾਬ ਦੀ ਵਿਰਾਸਤ ਅਤੇ ਸਭਿਆਚਾਰ ਨੂੰ ਪੇਸ਼ ਕਰਨ ਲਈ ਪੰਜਾਬ ਦੇ ਪਿੰਡਾਂ ਬਾਰੇ ਟੀ.ਵੀ. ਸੀਰੀਅਲ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਇਸ ਰਵਾਇਤ ਨੂੰ ਜਾਰੀ ਰੱਖਦਿਆਂ ਕੁਲਜੀਤ ਸਿੰਘ ਦਿਲਬਰ ਦੇ ਢਾਡੀ ਜਥੇ ਨੇ ਦੋਆਬੇ ਦੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭੌਰਾ ਬਾਰੇ ਕਾਲਮਨਵੀਸ ਤੇ ਗੀਤਕਾਰ ਐਸ. ਅਸ਼ੋਕ ਭੌਰਾ ਦਾ ਲਿਖਿਆ ਗੀਤ 'ਵਿਚ ਦੇਸ਼ ਦੋਆਬੇ ਦੇ, ਸੋਹਣਾ ਵਸਦਾ ਹੈ ਪਿੰਡ ਭੌਰਾ' ਗਾਇਆ ਹੈ।

ਸ੍ਰੀ ਭੌਰਾ ਨੇ ਦੱਸਿਆ ਕਿ ਇਹ ਗੀਤ ਸਰੋਤਿਆਂ ਵਲੋਂ ਗਲੋਬਲ ਪੰਜਾਬ ਟੀ.ਵੀ. ਕੈਨੇਡਾ ਇੰਟਰਨੈਟ 'ਤੇ ਆਨਲਾਈਨ ਦੇਖਿਆ/ਸੁਣਿਆ ਜਾ ਸਕਦਾ ਹੈ। ਇਸ ਗੀਤ ਵਿਚ ਪਿੰਡ ਭੌਰਾ ਦੇ ਇਤਿਹਾਸ ਵਿਕਾਸ, ਕੁਦਰਤੀ ਸੁੰਦਰਤਾ ਅਤੇ ਸਭਿਆਚਾਰ ਦਾ ਵਰਣਨ ਹੈ।



*ਅਸ਼ੋਕ ਭੌਰਾ ਕੁਲਜੀਤ ਸਿੰਘ ਦਿਲਬਰ ਦੇ ਢਾਡੀ ਜਥੇ ਨਾਲ*

# ਵਿਪਸਾਅ ਵਲੋਂ ਮਰਹੂਮ ਸ਼ਾਇਰਾਂ ਦੀ ਯਾਦ 'ਚ ਬਹੁ-ਭਾਸ਼ੀ ਕਵੀ ਦਰਬਾਰ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਵਲੋਂ ਮਰਹੂਮ ਸ਼ਾਇਰ ਡਾ. ਜਗਤਾਰ, ਸੰਤ ਰਾਮ ਉਦਾਸੀ ਅਤੇ ਅਵਤਾਰ ਪਾਸ਼ ਦੀ ਯਾਦ ਵਿਚ ਇਥੇ ਬੀਤੇ ਦਿਨੀਂ ਇਕ ਬਹੁ-ਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੇ ਅਰੰਭ ਵਿਚ ਅਕੈਡਮੀ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਜਸਪਾਲ ਸੂਸ, ਈਸ਼ਰ ਸਿੰਘ ਮੋਮਨ ਅਤੇ ਮਰਹੂਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ।

ਇਸ ਮੌਕੇ ਵਿਪਸਾਅ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਡਾ. ਜਗਤਾਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਨਾਲ ਬਿਤਾਏ ਪਲ ਯਾਦ ਕੀਤੇ ਅਤੇ ਕਿਹਾ ਕਿ ਡਾ. ਸਾਹਿਬ ਨੂੰ ਪ੍ਰਕਿਰਤੀ ਨਾਲ ਬਹੁਤ ਪਿਆਰ ਸੀ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਉਨ੍ਹਾਂ ਕੋਲੋਂ ਕੁਝ ਸਿੱਖਿਆ ਹੈ। ਸੁਰਿੰਦਰ ਸਿੰਘ ਸੀਰਤ ਨੇ ਡਾ. ਜਗਤਾਰ ਦੀਆਂ ਅਮਰੀਕਾ ਫ਼ੇਰੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾ. ਜਗਤਾਰ ਨੇ ਪਹਿਲੀ ਵਾਰੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ 2000 ਵਿਚ ਕਰਵਾਈ ਕਾਨਫਰੰਸ ਵਿਚ ਭਾਗ ਲਿਆ ਅਤੇ ਉਸ ਤੋਂ ਬਾਅਦ ਆਉਣ-ਜਾਣ ਬਣਿਆ ਰਿਹਾ। ਇਨ੍ਹਾਂ ਫੇਰੀਆਂ ਕਾਰਨ ਉਨ੍ਹਾਂ ਦੀ ਅਮਰੀਕੀ ਸ਼ਾਇਰਾਂ ਨਾਲ ਦਿਲੀ ਸਾਂਝ ਬਣ ਗਈ ਅਤੇ ਉਨ੍ਹਾਂ ਨੇ ਆਪਣੀ ਸੰਪਾਦਿਤ ਪੁਸਤਕ 'ਬਰਫ ਵਿਚ ਦੱਬੇ ਹਰਫ' ਵਿਚ ਅਮਰੀਕੀ ਸ਼ਾਇਰਾਂ ਨੂੰ ਸ਼ਾਮਿਲ ਕੀਤਾ। ਸ੍ਰੀ ਸੀਰਤ ਨੇ ਕਿਹਾ ਕਿ ਡਾ. ਜਗਤਾਰ ਪੰਜਾਬੀ ਸਾਹਿਤ ਜਗਤ ਦਾ ਧਰੂ ਤਾਰਾ ਸੀ।

ਕਮਲ ਦੇਵ ਪਾਲ ਨੇ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਾਹਿਤ ਮਿਹਨਤਕਸ਼ ਲੋਕਾਂ ਦੀ ਅਵਾਜ਼ ਬਣ ਕੇ ਉਭਰਿਆ ਹੈ। ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਨੇ ਆਪਣੇ ਪਿਤਾ ਦੀ ਜਨਮ ਤਾਰੀਖ 20 ਅਪਰੈਲ ਨੂੰ ਚੇਤੇ ਕਰਦਿਆਂ ਉਨ੍ਹਾਂ ਦੇ ਸਾਹਿਤਕ ਸਫ਼ਰ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਕਵੀ ਪਾਸ਼ ਨੂੰ ਸ਼ਰਧਾਂਜਲੀ ਦਿੰਦਿਆਂ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਪਾਸ਼ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਸ਼ਾਇਰ ਹੈ। ਬੀਬੀ ਕੰਬੋਜ ਨੇ ਕਿਹਾ ਕਿ ਉਨ੍ਹਾਂ ਦੀ ਕਲਮ ਪਾਸ਼ ਦੀ ਸ਼ਾਇਰੀ ਤੋਂ ਪ੍ਰਭਾਵਿਤ ਹੈ। ਪਾਸ਼ ਦੀ ਬੇਟੀ ਵਿੰਕਲ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਹਾਜ਼ਰੀਨ ਨੂੰ ਸੰਬੋਧਨ ਕੀਤਾ।

ਕਾਲਮਨਵੀਸ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਸ਼ਾਇਰ ਉਹ ਹੀ ਹੈ ਜਿਹੜਾ ਲੋਕਾਂ ਦੀ ਗੱਲ ਕਰਦਾ ਹੈ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਿਲ ਨਿੱਜਰ ਨੇ ਕਿਹਾ ਕਿ ਉਹ ਇਨ੍ਹਾਂ ਤਿੰਨਾਂ ਮਹਾਨ ਸ਼ਾਇਰਾਂ ਦੀ ਕਲਮ ਤੋਂ ਪ੍ਰਭਾਵਿਤ ਹਨ। ਮਹਿੰਗਾ ਸਿੰਘ ਸਰਪੰਚ ਨੇ ਭਾਵੁਕ ਹੁੰਦਿਆਂ ਆਪਣੇ ਮਰਹੂਮ ਦੋਸਤ ਪਾਸ਼ ਨਾਲ ਬਿਤਾਏ ਸਮੇਂ ਅਤੇ ਦੋਸਤੀ ਦਾ ਜ਼ਿਕਰ ਕੀਤਾ। ਰੰਗ ਮੰਚ ਦੇ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਵਿਪਸਾਅ ਵਲੋਂ ਆਪਣੇ ਵੱਡਿਆਂ ਦੀ ਯਾਦ ਵਿਚ ਕੀਤਾ ਇਹ ਸਮਾਗਮ ਇਕ ਵਧੀਆ ਉਪਰਾਲਾ ਹੈ।






ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦਾ ਕਹਾਣੀ ਸੰਗ੍ਰਿਹ 'ਖੁਸ਼ਕ ਅੱਖ ਦਾ ਖਾਬ' ਕਹਾਣੀਕਾਰ ਰਾਠੇਸ਼ਵਰ ਸਿੰਘ ਸੂਰਾਪੁਰੀ, ਜਸਪਾਲ ਸੂਸ, ਸੁਰਿੰਦਰ ਸੀਰਤ, ਤਾਰਾ ਸਿੰਘ ਸਾਗਰ, ਦਿਲ ਨਿੱਜਰ, ਸੁਖਵਿੰਦਰ ਕੰਬੋਜ ਅਤੇ ਨੀਲਮ ਸੈਣੀ ਵਲੋਂ ਲੋਕ ਅਰਪਿਤ ਕੀਤਾ ਗਿਆ। ਨੀਲਮ ਸੈਣੀ ਨੇ 'ਖੁਸ਼ਕ ਅੱਖ ਦਾ ਖਾਬ' ਦੀ ਜਾਣ-ਪਛਾਣ ਕਰਵਾਉਂਦੇ ਦੱਸਿਆ ਕਿ ਇਸ ਕਹਾਣੀ ਸੰਗ੍ਰਿਹ ਵਿਚ ਅਜਮੇਰ ਸਿੱਧੂ ਦੀਆਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਮੱਸਿਆਵਾਂ ਨਾਲ ਸਬੰਧਤ 8 ਲੰਮੀਆਂ ਕਹਾਣੀਆਂ ਹਨ। ਇਹ ਕਹਾਣੀ ਸੰਗ੍ਰਿਹ ਹਾਸ਼ੀਆਗ੍ਰਸਤ ਲੋਕਾਂ ਲਈ ਚੇਤਨਾ ਦੀ ਲੀਹ ਹੈ।

ਸੁਖਦੇਵ ਸਾਹਿਲ ਅਤੇ ਵੀਨਾ ਸਾਗਰ ਨੇ ਗੀਤ-ਸੰਗੀਤ ਰਾਹੀਂ ਵਿਛੜੇ ਸਾਇਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸੈਸ਼ਨ ਦਾ ਮੰਚ ਸੰਚਾਲਨ ਸੁਖਵਿੰਦਰ ਕੰਬੋਜ ਨੇ ਕੀਤਾ। ਇਸ ਉਪਰੰਤ ਹੋਏ ਕਵੀ ਦਰਬਾਰ ਵਿਚ ਈਸ਼ਰ ਸਿੰਘ ਮੋਮਨ, ਕਮਲ ਬੰਗਾ, ਤਾਰਾ ਸਿੰਘ ਸਾਗਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਰਚਨਾ ਪਾਂਡੇ, ਸੁਦੇਸ਼ ਨੂਰ, ਅਸ਼ਰਫ਼ ਖੁਆਜਾ, ਅਮਰਜੀਤ ਜੌਹਲ, ਗੁਰਦਿਆਲ ਸਿੰਘ ਨੂਰਪੁਰੀ, ਜੱਸ ਫਿਜ਼ਾ, ਦਿਲ ਨਿੱਜਰ, ਇੰਦਰਜੀਤ ਗਰੇਵਾਲ, ਜਯੋਤੀ ਸਿੰਘ, ਨਵਨੀਤ ਪਨੂੰ, ਨੀਲਮ ਸੈਣੀ, ਸ਼ਸ਼ੀ ਪਾਲ ਸਮੁੰਦਰਾ, ਕਮਲ ਦੇਵ ਪਾਲ, ਜਸਪਾਲ ਸੂਸ ਅਤੇ ਸੁਰਿੰਦਰ ਸਿੰਘ ਧਨੋਆ ਨੇ ਭਾਗ ਲਿਆ।

## ਟੋਰਾਂਟੋ ਪੰਜਾਬੀ ਫ਼ਿਲਮ ਮੇਲੇ ਦਾ ਰਸਮੀ ਉਦਘਾਟਨ

**ਟੋਰਾਂਟੋ:** ਮਈ ਵਿਚ ਹੋਣ ਜਾ ਰਹੇ ਪੰਜ ਦਿਨਾਂ ਪੰਜਾਬੀ ਕੌਮਾਂਤਰੀ ਫ਼ਿਲਮ ਮੇਲੇ (ਪਿੱਫ) ਦਾ ਰਸਮੀ ਉਦਘਾਟਨ ਬੀਤੇ ਦਿਨੀਂ ਜੋਸ਼ੋ-ਖਰੋਸ਼ ਨਾਲ ਕੀਤਾ ਗਿਆ। ਮਿਸੀਸਾਗਾ ਦੇ ਲਿਵਿੰਗ ਆਰਟ ਸੈਂਟਰ ਵਿਚ ਫ਼ਿਲਮ 'ਜੱਟ ਜੇਮਜ਼ ਬੌਂਡ' ਦਾ ਪ੍ਰੀਮੀਅਰ ਸ਼ੋਅ ਵੀ ਕਰਵਾਇਆ ਗਿਆ।

ਫ਼ਿਲਮ ਫੈਸਟੀਵਲ ਆਪਣੇ ਤੀਜੇ ਵਰ੍ਹੇ ਵਿਚ ਦਾਖ਼ਲ ਹੋ ਗਿਆ ਹੈ ਤੇ ਹੁਣ ਇਹ ਉੱਤਰੀ ਅਮਰੀਕਾ ਦੇ ਸਭ ਤੋਂ ਵੱਡੇ 'ਸਾਊਥ ਏਸ਼ੀਅਨ ਫ਼ਿਲਮ ਮੇਲੇ' ਵਜੋਂ ਜਾਣਿਆ ਜਾਂਦਾ ਹੈ। ਅਗਲੇ ਮਹੀਨੇ 15 ਤੋਂ 19 ਮਈ ਤੱਕ ਚੱਲਣ ਵਾਲੇ ਇਸ ਮੇਲੇ ਵਿਚ ਪੰਜਾਬੀ ਤੇ ਦੱਖਣ ਭਾਰਤੀ ਸੱਭਿਆਚਾਰ ਦੇ ਵਿਸ਼ਾ ਵਸਤੂ ਨਾਲ ਸਬੰਧਤ ਫੀਚਰ ਫ਼ਿਲਮਾਂ, ਦਸਤਾਵੇਜ਼ੀ, ਲਘੂ ਫ਼ਿਲਮ ਮੁਕਾਬਲੇ, ਵਰਕਸ਼ਾਪਾਂ, ਪਾਰਟੀਆਂ ਤੇ ਕਾਂਸਰਟ ਹੋਣਗੇ।

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*


*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?


ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*
Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਕਾਲਿਆਂ ਵਾਲਾ ਖੂਹ: ਸਰਕਾਰ ਨੇ ਅਸਥੀਆਂ ਬਾਰੇ ਘੇਸਲ ਮਾਰੀ

**ਅਜਨਾਲਾ:** ਅਜਨਾਲਾ ਦੇ ਕਾਲਿਆਂ ਵਾਲੇ ਖੂਹ ਵਿਚ 157 ਵਰ੍ਹਿਆਂ ਤੋਂ ਦਫ਼ਨ ਰਾਸ਼ਟਰੀ ਵਿਦਰੋਹ ਦੇ ਸੈਨਿਕਾਂ ਦੀਆਂ ਕੱਢੀਆਂ ਅਸਥੀਆਂ ਤੇ ਉਥੇ ਉਸਾਰੇ ਜਾਣ ਵਾਲੇ ਸਮਾਰਕ ਸਬੰਧੀ ਆਰਕੋਲਾਜੀ ਸਰਵੇ ਆਫ਼ ਇੰਡੀਆ, ਐਨਥਰੋਲਾਜੀ, ਫੋਰੇਂਸਿਕ ਸਾਇੰਸ ਤੇ ਡੀ.ਐਨ.ਏ. ਮਾਹਿਰਾਂ ਦੀ ਉੱਚ-ਪੱਧਰੀ ਟੀਮ ਨੇ ਅਜਨਾਲਾ ਦੇ ਸ਼ਹੀਦੀ ਖੂਹ ਦਾ ਦੌਰਾ ਕਰਕੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਸੀ ਪਰ ਅਜੇ ਤਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਪੰਜਾਬ ਸਰਕਾਰ ਵੱਲੋਂ ਉਪਰੋਕਤ ਸ਼ਹੀਦੀ ਖੂਹ ਸਬੰਧੀ ਉਸਾਰੇ ਜਾਣ ਵਾਲੇ ਸਮਾਰਕ ਤੇ ਅਸਥੀਆਂ ਦੇ ਰੱਖ-ਰਖਾਵ ਨੂੰ ਲੈ ਕੇ ਬਣਾਈ ਗਈ ਸਲਾਹਕਾਰ ਕਮੇਟੀ ਦੇ ਮੈਂਬਰ ਇਤਿਹਾਸਕਾਰ ਤੇ ਖੋਜਕਰਤਾ ਸੁਰਿੰਦਰ ਕੋਛੜ ਨੇ ਦੱਸਿਆ ਕਿ ਉਪਰੋਕਤ ਜਾਂਚ ਟੀਮ ਨੇ ਪੰਜਾਬ ਸਰਕਾਰ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਲਿਖਿਆ ਹੈ ਕਿ ਅਸਥੀਆਂ ਦੇ ਰੱਖ-ਰਖਾਵ ਦੇ ਮਾਮਲੇ ਵਿਚ ਕੀਤੀ ਗਈ ਹੋਰ ਥੋੜ੍ਹੀ ਜਿਹੀ ਦੇਰ ਵੀ ਅਸਥੀਆਂ ਨੂੰ ਭਾਰੀ ਨੁਕਸਾਨ



ਪਹੁੰਚਾ ਸਕਦੀ ਹੈ।

ਸ੍ਰੀ ਕੋਛੜ ਨੇ ਕਿਹਾ ਕਿ ਖੂਹ ਦੀ ਖੁਦਾਈ ਦੌਰਾਨ 90 ਤੋਂ ਵਧੇਰੇ ਸਾਬਤ ਖੋਪਰੀਆਂ ਬਾਹਰ ਕੱਢੀਆਂ ਗਈਆਂ ਸਨ ਪਰ ਰੱਖ-ਰਖਾਵ ਦੀ ਕਮੀ ਕਾਰਨ ਹੁਣ ਕੁਝ-ਇਕ ਖੋਪਰੀਆਂ ਹੀ ਸਾਬਤ ਬਚੀਆਂ ਹਨ। ਇਸ ਲਈ ਬਾਕੀ ਖੋਪਰੀਆਂ ਤੇ ਹੋਰ ਸਾਬਤ ਬਚੀਆਂ ਅਸਥੀਆਂ ਦੇ ਰੱਖ-ਰਖਾਵ ਲਈ ਜਲਦੀ ਉਚਿਤ ਕਾਰਵਾਈ ਕਰਨ ਦੀ ਜ਼ਰੂਰਤ ਹੈ। ਸ੍ਰੀ ਕੋਛੜ ਨੇ ਕਿਹਾ ਕਿ ਬ੍ਰਿਟਿਸ਼ ਸਰਕਾਰ ਪਾਸੋਂ ਸ਼ਹੀਦ ਸੈਨਿਕਾਂ ਦੇ ਨਾਵਾਂ ਦੀ ਸੂਚੀ ਮੰਗਵਾਉਣ ਲਈ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ।


ਉਨ੍ਹਾਂ ਦੱਸਿਆ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਗ੍ਰੇਟ ਬ੍ਰਿਟੇਨ ਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ, ਬਰਮਿੰਘਮ ਨੇ ਬ੍ਰਿਟਿਸ਼ ਸਰਕਾਰ ਪਾਸੋਂ ਉਪਰੋਕਤ ਸੈਨਿਕਾਂ ਦੀ ਪਛਾਣ ਪਤਾ ਕਰਨ ਤੇ ਇਸ ਕਾਂਡ ਲਈ ਮੌਜੂਦਾ ਬ੍ਰਿਟਿਸ਼ ਸਰਕਾਰ ਪਾਸੋਂ ਮੁਆਫ਼ੀ ਮੰਗਵਾਉਣ ਲਈ ਗ੍ਰਹਿ ਮੰਤਰਾਲੇ ਦੀ ਮਾਰਫ਼ਤ ਪੰਜਾਬ ਸਰਕਾਰ ਨੂੰ ਪੱਤਰ ਜਾਰੀ ਕਰਕੇ ਜਾਣਕਾਰੀ ਮੰਗਵਾਈ ਸੀ ਜਿਸ ਦੇ ਜਵਾਬ ਵਿਚ ਸ੍ਰੀ ਕੋਛੜ ਨੇ ਅਜਨਾਲਾ ਦੇ ਉਪਰੋਕਤ ਖੂਹ ਦੇ ਪਿਛੋਕੜ ਤੇ 1857 ਦੇ ਉਪਰੋਕਤ ਹਿੰਦੁਸਤਾਨੀ ਸਿਪਾਹੀਆਂ ਨਾਲ ਹੋਏ ਵਹਿਸ਼ਿਆਨਾ ਵਰਤਾਅ ਦੀ ਸਾਰੀ ਜਾਣਕਾਰੀ ਤਸਵੀਰਾਂ ਸਹਿਤ ਉਪਰੋਕਤ ਸੰਸਥਾਵਾਂ ਸਹਿਤ ਕਲਚਰਲ, ਪੁਰਾਤੱਤਵ ਤੇ ਮਿਊਜ਼ੀਅਮ ਵਿਭਾਗ ਪੰਜਾਬ ਨੂੰ ਦੋ ਹਫ਼ਤੇ ਪਹਿਲਾਂ ਭੇਜ ਦਿੱਤੀ ਸੀ ਪਰ ਇਸ ਸਬੰਧ ਵਿਚ ਉਪਰੋਕਤ ਸੰਸਥਾਵਾਂ ਸਹਿਤ ਭਾਰਤੀ ਗ੍ਰਹਿ ਮੰਤਰਾਲੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

## ਸਿੱਖਾਂ ਲਈ ਚੋਣਾਂ ਦਾ ਕੋਈ ਅਰਥ ਨਹੀਂ: ਦਲ ਖਾਲਸਾ

**ਹੁਸ਼ਿਆਰਪੁਰ:** ਦਲ ਖ਼ਾਲਸਾ ਨੇ ਕਿਹਾ ਕਿ ਸਿੱਖ ਕੌਮ ਲਈ ਲੋਕ ਸਭਾ ਚੋਣਾਂ ਬੇ-ਮਾਇਨੇ ਤੇ ਬੇ-ਅਰਥ ਹਨ, ਕਿਉਂਕਿ ਭਾਰਤੀ ਸਟੇਟ ਸਿੱਖਾਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਹੱਕੀ ਮੰਗਾਂ ਦਾ ਹੱਲ ਤਲਾਸ਼ਣ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਤੇ ਫਰਜ਼ੀ ਮੁਕਾਬਲਿਆਂ ਵਿਚ ਨੌਜਵਾਨਾਂ ਦਾ ਘਾਣ ਕਰਨ ਵਾਲੇ ਦੋਸ਼ੀ ਅਫਸਰਾਂ ਨੂੰ ਸਜ਼ਾਵਾਂ ਦੇਣ, ਸਿੱਖ ਨਜ਼ਰਬੰਦਾਂ ਨੂੰ ਰਿਹਾਅ ਕਰਨ ਤੇ 'ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ' ਲਈ ਇਸ ਖਿੱਤੇ ਵਿਚ ਮਾਹੌਲ ਤੇ ਹਾਲਾਤ ਦੇਣ ਵਿਚ ਬੁਰੀ ਤਰ੍ਹਾਂ ਨਾਲ ਅਸਫਲ ਹੋਈ ਹੈ।

ਜਥੇਬੰਦੀ ਵੱਲੋਂ ਕਰਵਾਏ ਸੈਮੀਨਾਰ ਦੌਰਾਨ ਭਾਰਤੀ ਚੋਣ-ਸਿਸਟਮ 'ਤੇ ਭਖਵੀਂ ਬਹਿਸ ਹੋਈ। ਸੈਮੀਨਾਰ ਦੇ ਪ੍ਰਬੰਧਕਾਂ ਵੱਲੋਂ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ, ਸਿੱਖ ਯੂਥ ਆਫ ਪੰਜਾਬ ਦੇ ਆਗੂ ਪ੍ਰਭਜੋਤ ਸਿੰਘ ਤੇ ਪੰਚ ਪ੍ਰਧਾਨੀ ਅਕਾਲੀ ਦਲ ਦੇ ਆਗੂ ਹਰਪਾਲ ਸਿੰਘ ਚੀਮਾ ਦੇ ਇਕ ਪੈਨਲ ਨੇ ਬਹਿਸ ਵਿਚ ਹਿੱਸਾ ਲਿਆ ਤੇ ਹਾਜ਼ਰ ਮੈਂਬਰਾਂ ਦੇ ਸੁਆਲਾਂ ਦੇ ਜਵਾਬ ਦਿੱਤੇ। ਉਨ੍ਹਾਂ 'ਕੀ ਖੱਟਿਆ ਤੇ ਕੀ ਗੁਆਇਆ' ਵਿਸ਼ੇ 'ਤੇ ਬਹਿਸ ਨੂੰ ਅੱਗੇ ਤੋਰਿਆ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਸਾਰੇ ਪ੍ਰਬੰਧ ਮੁਕੰਮਲ



**ਚੰਡੀਗੜ੍ਹ:** ਉਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਨੇ ਕਿਹਾ ਹੈ ਕਿ ਸ੍ਰੀ ਹੇਮਕੁੰਟ ਸਾਹਿਬ ਤੇ ਚਾਰ ਧਾਮਾਂ ਦੀ ਯਾਤਰਾ ਲਈ ਰਾਜ ਸਰਕਾਰ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਨ੍ਹਾਂ ਗੁਰਧਾਮਾਂ 'ਤੇ ਪੁੱਜਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਪਿਛਲੇ ਵਰ੍ਹੇ ਵਾਪਰੀ ਭਿਆਨਕ ਕੁਦਰਤੀ ਕਰੋਪੀ ਮਗਰੋਂ ਉਤਰਾਂਚਲ ਹੁਣ ਮੁੜ ਉੱਭਰ ਆਇਆ ਹੈ ਤੇ ਰਾਜ ਸਰਕਾਰ ਨੇ ਅਸਤ-ਵਿਅਸਤ ਹੋ ਚੁੱਕੇ ਸਾਰੇ ਢਾਂਚੇ ਨੂੰ ਮੁੜ ਵਰਤੋਂਯੋਗ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਦੇ ਰਾਹ ਵਿਚ ਪੈਂਦੇ ਸਾਰੇ ਪੁਲਾਂ ਤੇ ਸੜਕਾਂ ਨੂੰ ਬਣਾਉਣ ਦਾ ਕੰਮ ਮੁਕੰਮਲ ਹੋ ਗਿਆ ਹੈ। ਸਮੁੱਚੇ ਰਸਤੇ ਵਿਚ ਯਾਤਰੀਆਂ ਦੀ ਹਰ ਪੱਖੋਂ ਸੁਰੱਖਿਆ ਯਕੀਨੀ ਬਣਾਉਣ ਲਈ ਆਈ.ਟੀ.ਬੀ.ਪੀ. ਦੀ ਤਰਜ਼ 'ਤੇ ਵਲੰਟੀਅਰ ਫੋਰਸ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ ਜੋ ਪਹਾੜੀ ਰਸਤਿਆਂ ਵਿਚ ਯਾਤਰੀਆਂ ਦੇ ਨਾਲ ਵੀ ਜਾਣਗੇ। ਦੂਜੀਆਂ ਥਾਵਾਂ ਲਈ ਵੀ ਅਜਿਹੇ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ ਤੇ 30 ਅਪਰੈਲ ਤੱਕ ਸਾਰੇ ਰਸਤੇ ਖੁੱਲ੍ਹ ਜਾਣਗੇ।

ਸ੍ਰੀ ਰਾਵਤ ਨੇ ਦੱਸਿਆ ਕਿ ਇਸ ਵਾਰ ਚਾਰ ਧਾਮ ਤੇ ਹੇਮਕੁੰਟ ਸਾਹਿਬ ਜਾਣ ਵਾਲੇ ਹਰ ਸ਼ਰਧਾਲੂ ਦੀ ਰਜਿਸਟੇਰਸ਼ਨ ਕੀਤੀ ਜਾਵੇਗੀ। ਯਾਤਰੀਆਂ ਦੀ ਸਹਾਇਤਾ ਲਈ ਦੇਹਰਾਦੂਨ ਵਿਖੇ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਯਾਤਰੀਆਂ ਲਈ ਹੈਲਪਲਾਈਨ ਚਾਲੂ ਕੀਤੀ ਗਈ ਹੈ ਤੇ ਕਿਸੇ ਵੀ ਤਰਾਂ ਦੀ ਲੋੜ ਸਮੇਂ 1364 ਟੋਲ ਫ਼ਰੀ ਨੰਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਯਾਤਰੀਆਂ ਦੇ ਰਸਤਿਆਂ ਵਿਚ ਠਹਿਰਣ ਤੇ ਗੁਰਧਾਮਾਂ 'ਤੇ ਠਹਿਰਾਅ ਲਈ ਵੀ ਵਿਸ਼ੇਸ਼ ਕੈਂਪ ਬਣਾਏ ਗਏ ਹਨ। ਕੇਦਾਰ ਨਾਥ ਵਿਖੇ ਇਕ ਹਜ਼ਾਰ ਸ਼ਰਧਾਲੂ ਰੋਜ਼ਾਨਾ ਜਾ ਸਕਣਗੇ।

ਮੁੱਖ ਮੰਤਰੀ ਨੇ ਦੱਸਿਆ ਕਿ ਹੇਮਕੁੰਟ ਸਾਹਿਬ ਤੇ ਦੂਜੇ ਗੁਰਧਾਮਾਂ ਨੂੰ ਇਸ ਵਾਰ ਮੋਬਾਈਲ ਕੁਨੈਕਟੀਵਿਟੀ ਪੱਖੋਂ ਨਵੀਂ ਤਕਨੀਕ ਨਾਲ ਜੋੜਿਆ ਗਿਆ ਹੈ ਤੇ ਹੁਣ ਯਾਤਰੀਆਂ ਨੂੰ ਹਰ ਥਾਂ ਮੋਬਾਈਲ ਦੀ ਰੇਂਜ ਹਾਸਲ ਹੋਵੇਗੀ। ਉਨ੍ਹਾਂ ਦੱਸਿਆ ਕਿ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ, ਯਮਨੋਤਰੀ ਤੇ ਗੰਗੋਤਰੀ ਦੀ ਦੋ ਮਈ ਤੋਂ, ਕੇਦਾਰਨਾਥ ਦੀ ਚਾਰ ਮਈ ਤੋਂ ਤੇ ਬਦਰੀਨਾਥ ਦੀ ਯਾਤਰਾ ਪੰਜ ਮਈ ਤੋਂ ਆਰੰਭ ਹੋ ਜਾਵੇਗੀ। ਉਨ੍ਹਾਂ ਸੰਸਾਰ ਭਰ ਵਿਚ ਵਸਦੇ ਪੰਜਾਬੀਆਂ ਤੋਂ ਇਲਾਵਾ ਹੋਰ ਵਸਨੀਕਾਂ ਨੂੰ ਉਤਰਾਖੰਡ ਸਰਕਾਰ ਵੱਲੋਂ ਚਾਰ ਧਾਮ ਤੇ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਰਕਾਰ ਉਨ੍ਹਾਂ ਦੀ ਸੁਵਿਧਾ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਬਾਦਲ ਤੋਂ 'ਪੰਥ ਰਤਨ' ਵਾਪਸ ਲੈਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਦੀਆਂ ਕਈ ਸਿੱਖ ਜਥੇਬੰਦੀਆਂ ਤੇ ਬੁੱਧੀਜੀਵੀਆਂ ਨੇ ਲੋਕ ਸਭਾ ਚੋਣਾਂ ਦੇ ਭਖੇ ਮੈਦਾਨ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੇ ਪੰਥ ਰਤਨ ਫਖਰ-ਏ-ਕੌਮ ਦੇ ਖਿਤਾਬ ਨੂੰ ਵਾਪਸ ਲੈਣ ਦੀ ਮੰਗ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ। ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਬੁੱਧੀਜੀਵੀਆਂ ਵੱਲੋਂ ਸਾਂਝੇ ਤੌਰ 'ਤੇ ਜਥੇਦਾਰ ਨੂੰ ਭੇਜੇ ਮੈਮੋਰੰਡਮ ਰਾਹੀਂ ਦੋਸ਼ ਲਾਇਆ ਹੈ ਕਿ ਸਿੱਖ ਧਰਮ ਨੂੰ ਪੌੜੀ ਵਜੋਂ ਵਰਤ ਕੇ ਸਿਆਸੀ ਖੇਡਾਂ ਖੇਡਣ ਵਾਲੇ ਸ. ਬਾਦਲ ਕੋਲੋਂ ਤੁਰੰਤ ਪੰਥ ਰਤਨ ਫਖਰ-ਏ-ਕੌਮ ਦਾ ਰੁਤਬਾ ਵਾਪਸ ਲਿਆ ਜਾਵੇ।

ਸ. ਬਾਦਲ ਦੇ ਮੁੱਖ ਮੰਤਰੀ ਦੇ ਦੌਰ ਦੌਰਾਨ ਸਿੱਖੀ ਜੀਵਨ ਤੇ ਕਦਰਾਂ-ਕੀਮਤਾਂ ਵਿਚ ਭਾਰੀ ਗਿਰਾਵਟ ਆਈ ਹੈ ਤੇ ਸਿੱਖ ਕੌਮ ਦੀ ਆਜ਼ਾਦ ਹਸਤੀ ਉਪਰ ਇਕ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਮਨੁੱਖੀ ਅਧਿਕਾਰਾਂ ਦੀ ਜਥੇਬੰਦੀ ਦੇ ਵਕੀਲ ਅਮਰ ਸਿੰਘ ਚਾਹਲ, ਪੰਜਾਬ ਹਿਊਮਨ ਰਾਈਟਸ ਸੰਸਥਾ ਦੇ ਚੇਅਰਮੈਨ ਜਸਟਿਸ (ਸੇਵਾਮੁਕਤ) ਅਜੀਤ ਸਿੰਘ ਬੈਂਸ, ਅਖੰਡ ਕੀਰਤਨੀ ਜਥੇ ਦੇ ਰਜਿੰਦਰਪਾਲ ਸਿੰਘ, ਗੁਰੂ ਆਸਰਾ ਟਰੱਸਟ ਦੀ ਬੀਬੀ ਕੁਲਬੀਰ ਕੌਰ ਧਾਮੀ, ਪੰਚ ਪ੍ਰਧਾਨੀ ਦੇ ਸਤਨਾਮ ਸਿੰਘ ਪਾਊਂਟਾ ਸਾਹਿਬ ਤੇ ਕਮਿਕਰ ਸਿੰਘ ਸਮੇਤ 16 ਸੰਸਥਾਵਾਂ ਵੱਲੋਂ ਭੇਜੇ ਮੈਮੋਰੰਡਮ ਵਿਚ ਦੋਸ਼ ਲਾਇਆ ਹੈ ਕਿ ਸ. ਬਾਦਲ ਨੇ ਆਪਣੇ ਕੁਨਬੇ ਦਾ ਰਾਜ ਬਰਕਰਾਰ ਰੱਖਣ ਲਈ ਪੰਜਾਬ ਦਾ ਸਭ ਕੁਝ ਦਾਅ 'ਤੇ ਲਾ ਦਿੱਤਾ ਹੈ।

ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਵਾਉਣ ਵਾਲਿਆਂ ਨਾਲ ਭਾਈਵਾਲੀਆਂ ਪਾਲੀਆਂ ਜਾ ਰਹੀਆਂ ਹਨ। ਮੈਮੋਰੰਡਮ ਰਾਹੀਂ ਜਥੇਦਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਅੰਮ੍ਰਿਤਸਰ ਵਿਖੇ 13 ਅਪਰੈਲ, 1978 ਨੂੰ ਵਿਸਾਖੀ ਮੌਕੇ ਨਿਰੰਕਾਰੀ ਸਮਾਗਮ ਮੂਹਰੇ ਸ਼ਾਂਤਮਈ ਪ੍ਰਦਰਸ਼ਨ ਕਰਨ ਵਾਲੇ 13 ਸਿੰਘਾਂ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਉਸ ਵੇਲੇ ਦੇ ਮੁੱਖ ਮੰਤਰੀ ਸ. ਬਾਦਲ ਨੇ ਜਿਥੇ ਦਿੱਲੀ ਜਾਣ ਦਾ ਸੁਰੱਖਿਅਤ ਲਾਂਘਾ ਮੁਹੱਈਆ ਕੀਤਾ ਸੀ, ਉਥੇ ਇਸ ਕਾਂਡ ਵਿਚੋਂ ਬਰੀ ਹੋਏ ਮੁਲਜ਼ਮਾਂ ਵਿਰੁੱਧ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਵੀ ਨਹੀਂ ਪਾਈ ਗਈ। ਸ. ਬਾਦਲ ਨੇ ਪੰਜਾਬ ਵਿਧਾਨ ਸਭਾ ਵਿਚ ਹੋਈ ਬਹਿਸ ਦੌਰਾਨ ਅਕਾਲ ਤਖਤ ਵੱਲੋਂ 20ਵੀਂ ਸਦੀ ਦੇ ਮਹਾਨ ਸਿੱਖ ਕਰਾਰ ਦਿੱਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਕਾਂਗਰਸ ਦਾ ਬੰਦਾ ਕਰਾਰ ਦਿੱਤਾ ਸੀ।



ਮੈਮੋਰੰਡਮ ਵਿਚ ਗੰਭੀਰ ਦੋਸ਼ ਲਾਇਆ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਮੌਕੇ ਹਾਕਮਾਂ ਨੂੰ ਉਕਸਾਉਣ ਦੇ ਤੱਥ ਆਪਣੀ ਪੁਸਤਕ ਵਿਚ ਖੁਦ ਮੰਨਣ ਵਾਲੇ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਦਾ ਵੀ ਸ. ਬਾਦਲ ਸਵਾਗਤ ਕਰਦੇ ਰਹੇ ਹਨ। ਸ. ਬਾਦਲ ਦੇ ਰਾਜਕਾਲ ਦੌਰਾਨ ਪੰਜਾਬ ਵਿਚ ਡੇਰਾਵਾਦ ਵਿਆਪਕ ਪੱਧਰ 'ਤੇ ਫੈਲ ਚੁੱਕਾ ਹੈ ਤੇ ਮੁੱਖ ਮੰਤਰੀ ਡੇਰਿਆਂ ਵਿਚ ਜਾ ਕੇ ਸਿੱਖੀ ਅਸੂਲਾਂ ਦੀ ਉਲੰਘਣਾ ਕਰਦੇ ਆ ਰਹੇ ਹਨ।

ਪੰਜਾਬ ਅੱਜ ਪੂਰੀ ਤਰ੍ਹਾਂ ਨਸ਼ਿਆਂ ਵਿਚ ਧੱਸ ਚੁੱਕਾ ਹੈ। ਇਥੋਂ ਤੱਕ ਕਿ ਜੇਲ੍ਹਾਂ ਵਿਚ ਵੀ ਨਸ਼ਿਆਂ ਦੀ ਸਪਲਾਈ ਹੋ ਰਹੀ ਹੈ ਜਦਕਿ ਸ. ਬਾਦਲ ਪੰਜਾਬ ਦੀ ਇਸ ਗੰਭੀਰ ਸਮੱਸਿਆ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਉਪਰ ਸੁੱਟ ਕੇ ਅੱਖਾਂ ਮੀਟ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਵੀ ਸ. ਬਾਦਲ ਦੇ ਸਿਆਸੀ ਦਬਾਅ ਹੇਠ ਹੀ ਕੰਮ ਕਰ ਰਹੇ ਹਨ। ਜਸਟਿਸ ਬੈਂਸ ਨੇ ਦੋਸ਼ ਲਾਇਆ ਕਿ ਸ. ਬਾਦਲ ਨੇ ਪੰਜਾਬੀ ਜ਼ੁਬਾਨ ਨੂੰ ਵੀ ਨਾ ਅਪਣਾਉਣ ਵਾਲੀ ਭਾਜਪਾ ਨਾਲ ਸਾਂਝ ਪਾ ਕੇ ਬੇਅਸੂਲੀ ਕੀਤੀ ਹੈ ਤੇ ਸਰਕਾਰ ਨੂੰ ਆਪਣੇ ਪਰਿਵਾਰ ਦੀ ਮੁੱਠੀ ਵਿਚ ਹੀ ਬੰਦ ਕਰ ਲਿਆ ਹੈ। ਇਸ ਮੌਕੇ ਗੁਰਦਰਸ਼ਨ ਸਿੰਘ ਢਿੱਲੋਂ, ਵਕੀਲ ਤਜਿੰਦਰ ਸਿੰਘ, ਸੁਦਨ ਕਰਮਜੀਤ ਸਿੰਘ, ਭਾਈ ਮਨਜੀਤ ਸਿੰਘ ਵੀ ਮੌਜੂਦ ਸਨ।

# ਆਪਣੇ ਪਿੰਡ ਹਦਾਲੀ ਦੀ ਖਾਕ ਵਿਚ ਜਾ ਰਲਿਆ ਖੁਸ਼ਵੰਤ

**ਲਾਹੌਰ:** ਉੱਘੇ ਪੱਤਰਕਾਰ ਤੇ ਲੇਖਕ ਖੁਸ਼ਵੰਤ ਸਿੰਘ ਦੀ ਅੰਤਿਮ ਇੱਛਾ ਪੂਰੀ ਹੋ ਗਈ ਜਦੋਂ ਉਨ੍ਹਾਂ ਦੀਆਂ ਅਸਥੀਆਂ ਪਾਕਿਸਤਾਨ ਪੰਜਾਬ ਵਿਚ ਉਨ੍ਹਾਂ ਦੀ ਜਨਮ ਭੋਇੰ 'ਤੇ ਲਿਆਂਦੀਆਂ ਗਈਆਂ। ਸਰਕਾਰੀ ਹਾਈ ਸਕੂਲ (ਲੜਕੇ), ਹਦਾਲੀ ਜਿਥੇ ਖੁਸ਼ਵੰਤ ਸਿੰਘ ਨੇ ਪੜ੍ਹਾਈ ਕੀਤੀ ਸੀ, ਦੇ ਸਾਬਕਾ ਹੈੱਡ ਮਾਸਟਰ ਮੁਹੰਮਦ ਹਯਾਤ ਨੇ ਅਖਿਆ ਕਿ 99 ਸਾਲਾਂ ਬਾਅਦ ਪੁੱਤ ਆਪਣੀ ਸਰਜ਼ਮੀਨ 'ਤੇ ਵਾਪਸ ਆ ਗਿਆ।

ਲਾਹੌਰ ਤੋਂ 280 ਕਿਲੋਮੀਟਰ ਦੂਰ ਹਦਾਲੀ ਕਸਬਾ ਪਾਕਿਸਤਾਨ ਪੰਜਾਬ ਦੇ ਖੁਸ਼ਾਬ ਜ਼ਿਲ੍ਹੇ ਵਿਚ ਪੈਂਦਾ ਹੈ, ਜਿਥੇ ਖੁਸ਼ਵੰਤ ਸਿੰਘ ਦਾ ਜਨਮ ਹੋਇਆ ਸੀ। ਲੰਘੀ 20 ਮਾਰਚ ਨੂੰ ਨਵੀਂ ਦਿੱਲੀ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਖੁਸ਼ਵੰਤ ਸਿੰਘ ਦੀਆਂ ਅਸਥੀਆਂ ਸੀਮਿੰਟ ਵਿਚ ਮਿਲਾ ਕੇ ਟਾਹਲੀ ਦੇ ਦਰਖ਼ਤ ਹੇਠਾਂ ਸੰਗਮਰਮਰ ਦੀ ਇਕ ਪਲੇਟ ਲਗਾ ਦਿੱਤੀ ਗਈ ਹੈ ਜਿੱਥੇ ਬਚਪਨ ਵਿਚ ਉਹ ਖੇਡਿਆ ਕਰਦਾ ਸੀ। ਪਾਕਿਸਤਾਨੀ ਲੇਖਕ ਤੇ ਕਾਲਮਨਵੀਸ ਫਕੀਰ ਸਈਅਦ ਐਜਾਜ਼ੂਦੀਨ ਖੁਸ਼ਵੰਤ ਸਿੰਘ ਦੀਆਂ ਅਸਥੀਆਂ ਭਾਰਤ ਤੋਂ ਲੈ ਕੇ ਲਾਹੌਰ ਪੁੱਜੇ। ਸੰਗਮਰਮਰ ਦੀ ਤਸ਼ਤਰੀ 'ਤੇ ਇਹ ਸ਼ਬਦ ਉੱਕਰੇ ਗਏ ਹਨ ਕਿ ਇਕ ਸਿੱਖ, ਇਕ ਵਿਦਵਾਨ ਤੇ ਹਦਾਲੀ ਪੰਜਾਬ ਦਾ ਪੁੱਤਰ।



ਇਥੇ ਮੇਰੀਆਂ ਜੜ੍ਹਾਂ ਹਨ। ਮੈਂ ਉਦਰੇਵੇਂ ਦੇ ਹੰਝੂਆਂ ਨਾਲ ਇਨ੍ਹਾਂ ਨੂੰ ਸਿੰਜਿਆ ਸੀ। ਐਜਾਜ਼ੂਦੀਨ ਨੇ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਤੇ ਮੁਕਾਮੀ ਬਾਸ਼ਿੰਦਿਆਂ ਦੀ ਮੌਜੂਦਗੀ ਵਿਚ ਇਹ ਸਤਰ੍ਹਾਂ ਪੜ੍ਹ ਕੇ ਸੁਣਾਈਆਂ ਤੇ ਅਰਦਾਸ ਵੀ ਅਦਾ ਕੀਤੀ। ਇਸ ਮੌਕੇ ਉਹ ਸਟਾਫ ਮੈਂਬਰ ਵੀ ਮੌਜੂਦ ਸਨ ਜੋ ਖੁਸ਼ਵੰਤ ਸਿੰਘ ਨੂੰ 1987 ਵਿਚ ਹਦਾਲੀ ਦੀ ਫੇਰੀ ਦੌਰਾਨ ਮਿਲੇ ਸਨ।

ਸਕੂਲ ਦੇ ਮੁਖੀ ਮੁਹੰਮਦ ਫਾਰੂਕ ਰਾਣਾ ਨੇ ਦੱਸਿਆ ਕਿ 1987 ਵਿਚ ਹਦਾਲੀ ਆਉਣ 'ਤੇ ਵੱਡੀ ਤਦਾਦ ਵਿਚ ਕਸਬਾ ਵਾਸੀ ਉਨ੍ਹਾਂ ਦੇ ਸਵਾਗਤ ਲਈ ਉਮੜ ਪਏ ਸਨ। ਖੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਜਿਵੇਂ ਤੁਸੀਂ ਮੱਕਾ ਮਦੀਨਾ ਦੇ ਹੱਜ 'ਤੇ ਜਾਂਦੇ ਹੋ, ਉਸੇ ਤਰ੍ਹਾਂ ਹਦਾਲੀ ਵਾਪਸ ਆ ਕੇ ਮੇਰਾ ਹੱਜ ਤੇ ਉਮਰਾ ਹੋ ਗਿਆ ਹੈ। ਰਾਣਾ ਨੇ ਕਿਹਾ ਕਿ ਖੁਸ਼ਵੰਤ ਸਿੰਘ ਦੀਆਂ ਅਸਥੀਆਂ ਹਦਾਲੀ ਪੁੱਜਣ 'ਤੇ ਉਹ ਬਹੁਤ ਖੁਸ਼ ਹਨ ਤੇ ਇਥੋਂ ਦੇ ਲੋਕਾਂ ਨੂੰ ਖੁਸ਼ਵੰਤ ਸਿੰਘ 'ਤੇ ਬਹੁਤ ਮਾਣ ਹੈ।

ਸ੍ਰੀ ਐਜਾਜ਼ੂਦੀਨ ਨੇ ਕਿਹਾ ਕਿ ਖੁਸ਼ਵੰਤ ਸਿੰਘ ਦੇ ਪਾਠਕਾਂ ਦਾ ਘੇਰਾ ਸਰਹੱਦਾਂ ਤੋਂ ਪਾਰ ਹੈ। ਭਾਰਤ ਵਾਂਗ ਹੀ ਪਾਕਿਸਤਾਨ ਵਿਚ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਘਾਟ ਨਹੀਂ ਹੈ। ਸ਼ਾਇਦ ਪਾਕਿਸਤਾਨ ਤੇ ਆਪਣੀ ਜਨਮ ਭੋਇੰ ਨਾਲ ਉਨ੍ਹਾਂ ਦੀ ਡੂੰਘੀ ਸਾਂਝ ਦਾ ਕਾਰਨ ਇਹ ਵੀ ਹੈ। ਉਨ੍ਹਾਂ ਕਿਹਾ, 'ਮੈਂ ਜਦੋਂ 4 ਮਾਰਚ ਨੂੰ ਆਖਰੀ ਵਾਰ ਨਵੀਂ ਦਿੱਲੀ ਵਿਚ ਖੁਸ਼ਵੰਤ ਸਿੰਘ ਨੂੰ ਮਿਲਿਆ ਸਾਂ ਤਾਂ ਉਨ੍ਹਾਂ ਹਦਾਲੀ ਵਿਚ ਦਫਨਾਉਣ ਦੀ ਇੱਛਾ ਜ਼ਾਹਰ ਕੀਤੀ ਸੀ। ਉਨ੍ਹਾਂ ਦਾ ਪਰਿਵਾਰ ਖੁਸ਼ਵੰਤ ਸਿੰਘ ਦੀਆਂ ਕੁਝ ਅਸਥੀਆਂ ਪਾਕਿਸਤਾਨ ਭੇਜਣ ਲਈ ਰਾਜ਼ੀ ਹੋ ਗਿਆ। ਹਦਾਲੀ ਵਿਚ ਖੁਸ਼ਵੰਤ ਸਿੰਘ ਦੇ ਘਰ ਦਾ ਨਾਂ ਨਿਸ਼ਾਨ ਨਹੀਂ ਬਚਿਆ ਤੇ ਘਰ ਦੀ ਜਗ੍ਹਾ 'ਤੇ ਕਾਫੀ ਝਾੜ-ਫੂਸ ਖੜ੍ਹਾ ਹੈ ਜਦ ਕਿ ਇਸ ਦੇ ਇਕ ਹਿੱਸੇ 'ਤੇ ਕੁਝ ਲੋਕ ਕਾਬਜ਼ ਹਨ। ਖੁਸ਼ਵੰਤ ਸਿੰਘ ਦਾ ਜਨਮ 1915 ਵਿਚ ਇਕ ਕਾਰੋਬਾਰੀ ਪਰਿਵਾਰ ਵਿਚ ਹੋਇਆ ਸੀ ਤੇ ਉਨ੍ਹਾਂ ਦੇਸ਼ ਦੀ ਵੰਡ ਤੋਂ ਲੈ ਕੇ 1975 ਦੀ ਐਮਰਜੈਂਸੀ ਤੇ 1984 ਦੇ ਸਾਕਾ ਨੀਲਾ ਤਾਰਾ ਜਿਹੀਆਂ ਵੱਡੀਆਂ ਘਟਨਾਵਾਂ ਨੇੜਿਓਂ ਤੱਕੀਆਂ ਤੇ ਹੰਢਾਈਆਂ ਸਨ।

## ਕੈਨੇਡਾ ਜਾ ਰਹੇ ਪਤੀ-ਪਤਨੀ ਦੀ ਮੌਤ

**ਜਗਰਾਉਂ:** ਜਗਰਾਉਂ-ਲੁਧਿਆਣਾ ਮੁੱਖ ਮਾਰਗ 'ਤੇ ਪਿੰਡ ਚੌਕੀਮਾਨ ਤੇ ਸ਼ੇਖੂਪੁਰਾ ਵਿਚਕਾਰ ਇਨੋਵਾ ਤੇ ਬੱਸ ਦੀ ਸਿੱਧੀ ਟੱਕਰ ਦੌਰਾਨ ਪਤੀ ਤੇ ਪਤਨੀ ਦੀ ਮੌਤ ਹੋ ਗਈ ਜਦਕਿ ਦੋ ਭਰਾ ਗੰਭੀਰ ਜ਼ਖ਼ਮੀ ਹੋ ਗਏ। ਜਗਰਾਉਂ ਨੇੜਲੇ ਪਿੰਡ ਡੱਲਾ ਦੇ ਦੋ ਭਰਾ ਰੂਪ ਸਿੰਘ ਤੇ ਦਵਿੰਦਰ ਸਿੰਘ ਆਪਣੀ ਕੈਨੇਡਾ ਤੋਂ ਆਈ ਭੂਆ ਹਰਬੰਸ ਕੌਰ ਤੇ ਫੁਫੜ ਖੁਸ਼ਵਿੰਦਰ ਸਿੰਘ ਵਾਸੀ ਪਿੰਡ ਮਲਸੀਹਾ ਬਾਜਣ ਨੂੰ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਲਈ ਜਾ ਰਹੇ ਸਨ।

ਇਹ ਪਰਿਵਾਰ ਪਿੰਡ ਚੌਕੀਮਾਨ ਤੇ ਸ਼ੇਖੂਪੁਰਾ ਨੇੜੇ ਪਹੁੰਚਿਆ ਤਾਂ ਲੁਧਿਆਣਿਓਂ ਆ ਰਹੀ ਪ੍ਰਾਈਵੇਟ ਕੰਪਨੀ ਦੀ ਬੱਸ ਨਾਲ ਇਨ੍ਹਾਂ ਦੀ ਗੱਡੀ ਟਕਰਾ ਗਈ।

# ਬੇਕਰਜ਼ਫੀਲਡ ਦੇ ਨਗਰ ਕੀਰਤਨ ਨੇ ਖਾਲਸਾਈ ਰੰਗ ਬਿਖੇਰਿਆ

**ਬੇਕਰਜ਼ਫੀਲਡ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਅੰਗਦ ਦਰਬਾਰ, ਸਟਾਈਨ ਰੋਡ ਦੀਆਂ ਸੰਗਤਾਂ ਨੇ ਖਾਲਸੇ ਦਾ ਸਜਾਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਂਦਿਆਂ ਮਹਾਨ ਨਗਰ ਕੀਰਤਨ ਲੰਘੀ 20 ਅਪਰੈਲ, ਐਤਵਾਰ ਨੂੰ ਕੀਤਾ। ਨਗਰ ਕੀਰਤਨ ਮੌਕੇ ਭਾਰੀ ਗਿਣਤੀ ਵਿਚ ਜੁੜੀ ਸੰਗਤਾਂ ਦਾ ਉਤਸ਼ਾਹ ਦੇਖਿਆਂ ਹੀ ਬਣਦਾ ਸੀ।

ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜਸਮੇਰ ਸਿੰਘ ਵਲੋਂ ਅਰਦਾਸ ਤੋਂ ਬਾਅਦ ਨਗਰ ਕੀਰਤਨ ਅਰੰਭ ਹੋਇਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਫੁੱਲਾਂ ਨਾਲ ਸਜੀ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੁਸ਼ੋਭਿਤ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਕੀਰਤਨੀ ਜਥੇ ਇਲਾਹੀ ਬਾਣੀ ਦਾ ਗਾਇਨ ਕਰ ਰਹੇ ਸਨ। ਕੇਸਰੀ ਰੰਗ ਦੇ ਖਾਲਸਾਈ ਬਾਣੇ ਵਿਚ ਸਜੇ ਪੰਜ ਪਿਆਰੇ ਨਗਰ ਕੀਰਤਨ ਦੇ ਅੱਗੇ ਅੱਗੇ ਚੱਲ ਰਹੇ ਸਨ ਅਤੇ ਨੀਲੇ ਬਾਣੇ ਵਿਚ ਸਜੇ ਪੰਜ ਨਿਸ਼ਾਨਚੀ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਇਕ ਗੱਡੀ ਉਤੇ ਵੱਡਾ ਨਗਾਰਾ ਰੱਖਿਆ ਹੋਇਆ ਸੀ ਤੇ ਜਿਉਂ ਹੀ ਨਗਾਰਾ ਵੱਜਦਾ, ਅਨੰਦਪੁਰ ਸਾਹਿਬ ਦੇ ਵਿਸਾਖੀ ਦਿਹਾੜੇ ਦੀ ਯਾਦ ਤਾਜ਼ਾ ਕਰਵਾ ਦਿੰਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਪਿਛੇ ਪਿਛੇ ਬੱਚਿਆਂ ਦੀ ਗਤਕਾ ਪਾਰਟੀ ਭਾਈ ਚਤਰ ਸਿੰਘ ਦੀ ਅਗਵਾਈ ਹੇਠ ਗਤਕੇ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਚਕ੍ਰਿਤ ਕਰ ਰਹੀ ਸੀ। ਨਗਰ ਕੀਰਤਨ ਵਿਚ ਵੱਖ ਵੱਖ ਗੁਰੂ ਘਰਾਂ ਅਤੇ ਜਥੇਬੰਦੀਆਂ ਦੇ ਫਲੋਟ ਚੱਲ ਰਹੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਪਿਛੇ ਪਿਛੇ ਰੰਗ-ਬਰੰਗੀਆਂ ਦਸਤਾਰਾਂ ਅਤੇ ਚੁੰਨੀਆਂ ਵਿਚ ਸਜੀਆਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਪੈਦਲ ਚੱਲ ਰਹੀਆਂ ਸਨ। ਨਗਰ ਕੀਰਤਨ ਦੇ ਅੱਗੇ ਅੱਗੇ ਝਾੜੂਬਰਦਾਰ ਰਸਤਾ ਸਾਫ ਕਰਨ ਅਤੇ ਪਾਣੀ ਤਰੌਂਕਣ ਦੀ ਸੇਵਾ ਕਰ ਰਹੇ ਸਨ। ਕੁਝ ਬੱਚਿਆਂ ਨੇ ਅਮਰੀਕੀ ਝੰਡੇ ਚੁੱਕੇ ਹੋਏ ਸਨ। ਹੋਰ ਭਾਈਚਾਰਿਆਂ ਦੇ ਲੋਕ ਵੀ ਸੜਕ ਕਿਨਾਰੇ ਖੜ੍ਹ ਕੇ ਨਗਰ ਕੀਰਤਨ ਦਾ ਜਲੌਅ ਦੇਖ ਰਹੇ ਸਨ। ਨਗਰ ਕੀਰਤਨ ਗੁਰੂ ਘਰ ਤੋਂ ਚੱਲ ਕੇ ਹੌਸਕਿੰਗ ਰੋਡ, ਏਕਰਜ਼ ਤੇ ਮੱਕਈ ਰੋਡ ਰਾਹੀਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਜੈਕਾਰਿਆਂ ਦੀ ਗੂੰਜ ਨਾਲ ਸੰਪਨ ਹੋਇਆ।

ਪੰਥ ਪ੍ਰਸਿਧ ਕਥਾਵਾਚਕ ਪ੍ਰਿੰਸੀਪਲ ਗੁਰਮਤ ਕਾਲਜ-ਲੁਧਿਆਣਾ ਨੇ ਸੰਗਤਾਂ ਨੂੰ ਸਿੱਖੀ ਸਿਧਾਂਤ ਨਾਲ ਜੋੜਿਆ। ਗੁਰੂ ਘਰ ਦੇ ਕਥਾਵਾਚਕ ਭਾਈ ਅਜਮੇਰ ਸਿੰਘ ਨੇ ਹਫਤਾ ਭਰ ਕਥਾ ਕਰਕੇ ਸੰਗਤਾਂ ਨੂੰ ਸਿੱਖ ਸਰੂਪ ਦੇ ਧਾਰਨੀ ਹੋ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਭਾਈ ਸਤਨਾਮ ਸਿੰਘ ਅਰਸ਼ੀ ਦੇ ਕਵੀਸ਼ਰੀ ਜਥੇ ਨੇ ਗੁਰੂ ਪੰਥ ਦੀ ਸਾਜਨਾ ਦਾ ਪ੍ਰਸੰਗ ਸੁਣਾਇਆ ਤੇ ਗੁਰੂ ਜੱਸ ਵਿਚ ਵਾਰਾਂ ਗਾਈਆਂ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹੀਰਾ ਸਿੰਘ, ਗੁਰਦੁਆਰਾ ਐਚ ਸਟਰੀਟ ਦੇ ਕੀਰਤਨੀਏ ਭਾਈ ਗੁਰਪ੍ਰੀਤ ਸਿੰਘ ਅਤੇ ਗੁਰਦੁਆਰਾ ਵਿਲਸਨ ਰੋਡ ਦੇ ਭਾਈ ਗੁਰਮੇਜ ਸਿੰਘ ਦੇ ਕੀਰਤਨੀ ਜਥਿਆਂ ਨੇ ਗੁਰਬਾਣੀ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਨਗਰ ਕੀਰਤਨ ਦੇ ਮਿਥੇ ਰਸਤੇ ਵਿਚ ਕਾਰੋਬਾਰੀ ਅਦਾਰਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸੰਗਤਾਂ ਲਈ ਚਾਹ-ਪਾਣੀ ਅਤੇ ਲੰਗਰ ਦਾ ਸੁਚੱਜਾ ਪ੍ਰਬੰਧ ਕੀਤਾ ਹੋਇਆ ਸੀ। ਸੰਗਤਾਂ ਲਈ ਭੋਜ ਪਦਾਰਥ ਦੀ ਕੋਈ ਕਮੀ ਨਹੀਂ ਸੀ। ਵੱਖ ਵੱਖ ਸਟਾਲਾਂ 'ਤੇ ਸੰਗਤਾਂ ਦੀਆਂ ਰੌਣਕਾਂ ਸਨ, ਖਾਸ ਕਰ ਬੀਬੀਆਂ ਇਨ੍ਹਾਂ ਸਟਾਲਾਂ ਤੋਂ ਘਰੇਲੂ ਸਮਾਨ ਦੀ ਖਰੀਦੋ-ਫਰੋਖਤ ਕਰ ਰਹੀਆਂ ਸਨ। ਧਾਰਮਿਕ ਸਟਾਲਾਂ ਉਤੇ ਸਿੱਖ ਸਾਹਿਤ, ਸਿੱਖ ਇਤਿਹਾਸ ਦੀਆਂ ਕਿਤਾਬਾਂ ਤੇ ਕੀਰਤਨ ਵਾਲੀਆਂ ਸੀਡੀਆਂ ਲੈਣ ਲਈ ਵੀ ਸੰਗਤਾਂ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।

ਉਂਜ ਤਾਂ ਸਮੁੱਚਾ ਹਫਤਾ ਹੀ ਗੁਰੂ ਘਰ ਵਿਚ ਪ੍ਰੋਗਰਾਮ ਚਲਦਾ ਰਿਹਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ, ਰਾਗੀ ਢਾਡੀ ਜਥੇ ਅਤੇ ਕਥਾਵਾਚਕ ਵਿਦਵਾਨਾਂ ਨੇ ਸੰਗਤ ਨੂੰ ਗੁਰੂ ਆਸ਼ੇ ਨਾਲ ਜੋੜਿਆ। ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਪੂਰਾ ਹਫਤਾ ਸ਼ਾਮ ਦੇ ਦੀਵਾਨਾਂ ਵਿਚ ਗੁਰੂ ਵਾਕ ਦੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਦੀ ਮਹੱਤਤਾ ਦੀ ਵਿਆਖਿਆ ਕਰਦਿਆਂ ਹਰ ਇਕ ਪ੍ਰਾਣੀ ਨੂੰ ਅੰਮ੍ਰਿਤ ਪਾਨ ਕਰਨ ਦੀ ਬੇਨਤੀ ਕੀਤੀ। ਸਨਿਚਰਵਾਰ, 19 ਅਪਰੈਲ ਨੂੰ 35 ਗੁਰੂ ਪਿਆਰਿਆਂ ਨੇ ਅੰਮ੍ਰਿਤ ਪਾਨ ਕਰਕੇ ਆਪਣਾ ਜਨਮ ਸਫਲਾ ਕੀਤਾ।

ਨਗਰ ਕੀਰਤਨ ਵਿਚ ਹੁਮ ਹੁਮਾ ਕੇ ਪਹੁੰਚਣ ਅਤੇ ਸੇਵਾ ਕਰਨ ਲਈ ਗੁਰਦੁਆਰਾ ਗੁਰੂ ਅੰਗਦ ਦਰਬਾਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਦਾ ਧੰਨਵਾਦ ਕੀਤਾ।



















*ਤਸਵੀਰਾਂ: ਸ਼ਿਆਰਾ ਸਿੰਘ ਢੀਂਡਸਾ ਓਮਨੀ ਵੀਡੀਓ ਤੇ ਫੋਟੋਗ੍ਰਾਫੀ*







# ਕਾਹਲ ਨੇ ਸੰਗੀਤ ਦੀ ਰੂਹ ਮਾਰ ਦਿੱਤੀ

## ਗਜ਼ਲ ਗਾਇਕ ਗੁਲਾਮ ਅਲੀ ਦੀਆਂ ਗੱਲਾਂ




ਲੰਡਨ ਦੇ ਲੋਗਨ ਹਾਲ ਵਿਚ ਗ਼ਜ਼ਲ ਗਾਇਕ ਗੁਲਾਮ ਅਲੀ ਅਤੇ ਭਾਰਤ ਦੇ ਉਮਦਾ ਗਾਇਕ ਸੁਰੇਸ਼ ਵਾਡੇਕਰ ਨੇ 'ਸ਼ਾਮ-ਏ-ਗ਼ਜ਼ਲ' ਮਹਿਫਲ ਸਜਾਈ। ਮਹਿਫਲ ਵਿਚ ਦੋਵਾਂ ਨੇ ਆਪਣੇ ਫਨ ਦਾ ਮੁਜ਼ਾਹਰਾ ਤਾਂ ਕੀਤਾ ਹੀ, ਇਸ ਤੋਂ ਪਹਿਲਾਂ ਸੰਗੀਤ ਬਾਰੇ ਬਹੁਤ ਖ਼ੂਬਸੂਰਤ ਟਿੱਪਣੀਆਂ ਕੀਤੀਆਂ। ਇਨ੍ਹਾਂ ਟਿੱਪਣੀਆਂ ਵਿਚ ਸੰਗੀਤ ਬਾਰੇ ਫਿਕਰ ਸਪਸ਼ਟ ਝਾਕਦਾ ਸੀ। ਗੁਲਾਮ ਅਲੀ ਦਾ ਕਹਿਣਾ ਸੀ ਕਿ ਅੱਜ ਕੱਲ੍ਹ ਭਾਰਤ ਵਿਚ ਅਰਥ ਭਰਪੂਰ ਅਤੇ ਰੂਹ ਨੂੰ ਤਾਜ਼ਗੀ ਤੇ ਹੁਲਾਰਾ ਬਖ਼ਸ਼ਣ ਵਾਲੇ ਸੰਗੀਤ ਦੀ ਘਾਟ ਦਿਲ ਨੂੰ ਬੜਾ ਪੱਛਦੀ ਹੈ। ਉਨ੍ਹਾਂ ਅੱਜ ਦੇ ਗੀਤ-ਸੰਗੀਤ ਵਿਚੋਂ ਸੰਗੀਤ ਦੀ ਰੂਹ ਗਾਇਬ ਹੋਣ 'ਤੇ ਬੜਾ ਫ਼ਿਕਰ ਜ਼ਾਹਿਰ ਕੀਤਾ। ਉਨ੍ਹਾਂ ਦਾ ਕਹਿਣਾ ਸੀ, "ਅੱਜ ਦੇ ਦੌਰ ਵਿਚ ਹਰ ਕੋਈ ਕਾਹਲਾ ਹੋਇਆ ਪਿਆ ਹੈ। ਕਲਾਸੀਕਲ ਸੰਗੀਤ ਤੋਂ ਬਿਨਾਂ ਸੁਰਾਂ ਦਾ ਸੰਗਮ ਅਸੰਭਵ ਹੀ ਹੈ। ਇਨ੍ਹਾਂ ਸੁਰਾਂ ਤੋਂ ਬਗ਼ੈਰ ਕੋਈ ਸੰਗੀਤ ਭਲਾ ਕਿਸੇ ਦੇ ਦਿਲ ਵਿਚ ਕਿੰਝ ਉਤਰ ਸਕਦਾ ਹੈ?"

ਇਹ ਸਵਾਲ ਕਰਦਿਆਂ ਉਨਾਂ ਨਾਲ ਹੀ ਮੀਡੀਆ ਨੂੰ ਸੱਦਾ ਦਿੱਤਾ ਕਿ ਅੱਜ ਦੇ ਸੰਗੀਤਕ ਰੌਲੇ-ਰੱਪੇ ਖ਼ਿਲਾਫ਼ ਇਹ ਹੀ ਕੋਈ ਚਾਰਾਜੋਈ ਕਰੇ। ਉਨ੍ਹਾਂ ਕਲਮ ਦੀ ਤਾਕਤ ਦਾ ਚੇਤਾ ਕਰਵਾਇਆ ਅਤੇ ਦੱਸਿਆ ਕਿ ਕਲਮ ਨਾਲ ਸਹੀ ਰਾਏ ਲੋਕਾਂ ਦੇ ਦਿਲਾਂ ਵਿਚ ਉਤਾਰੀ ਜਾ ਸਕਦੀ ਹੈ। ਲੋਕ ਛਪੇ ਹੋਏ ਅੱਖਰ ਅਤੇ ਬੋਲੇ ਹੋਏ ਸ਼ਬਦਾਂ ਉਤੇ ਬੜਾ ਯਕੀਨ ਕਰਦੇ ਹਨ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਲੋਕਾਂ ਦਾ ਇਹ ਯਕੀਨ ਕਦੀ ਨਾ ਟੁੱਟੇ ਅਤੇ ਲੋਕਾਂ ਨੂੰ ਸੱਚੋ ਸੱਚ ਸਭ ਕੁਝ ਪਤਾ ਲੱਗੇ। ਇਸ ਯਕੀਨ ਨਾਲ ਹੀ ਜਾਨਦਾਰ ਸੰਗੀਤ ਲਈ ਅਗਾਂਹ ਰਾਹ ਬਣਨਗੇ।

ਸੁਰੇਸ਼ ਵਾਡੇਕਰ ਨੇ ਵੀ ਸੰਗੀਤ ਬਾਰੇ ਕੁਝ ਇਸ ਤਰ੍ਹਾਂ ਦਾ ਹੀ ਫਿਕਰ ਜ਼ਾਹਿਰ ਕੀਤਾ। ਉਨ੍ਹਾਂ ਆਖਿਆ, "ਕਲਾਸੀਕਲ ਸੰਗੀਤ ਸਾਡਾ ਸੱਚਾ ਤੇ ਸੁੱਚਾ ਸੱਭਿਆਚਾਰ ਹੈ। ਗੁਰੂ ਚੇਲੇ ਦੀ ਪ੍ਰੰਪਰਾ ਨੇ ਇਸ ਸੱਭਿਆਚਾਰ ਲਈ ਸਦਾ ਹੀ ਖਾਦ ਅਤੇ ਪਾਣੀ ਦਾ ਰੋਲ ਨਿਭਾਇਆ ਹੈ। ਨੱਚਣ-ਟੱਪਣ ਨਾਲ ਕੋਈ ਗੀਤ ਕੁਝ ਸਮੇਂ ਲਈ ਤਾਂ ਚਰਚਿਤ ਜਾਂ ਹਿੱਟ ਹੋ ਸਕਦਾ ਹੈ, ਪਰ ਹਰ ਗੀਤ ਅਤੇ ਸੰਗੀਤ ਦੀ ਪਰਖ ਸਮੇਂ ਨੇ ਹੀ ਕਰਨੀ ਹੁੰਦੀ ਹੈ। ਕਣਦਾਰ ਗੀਤ ਅਤੇ ਸੰਗੀਤ ਹੀ ਜ਼ਿਆਦਾ ਚਿਰ ਜ਼ਿੰਦਾ ਰਹਿ ਸਕਦਾ ਹੈ।" ਉਨ੍ਹਾਂ ਯਾਦ ਕਰਵਾਇਆ ਕਿ ਅੱਜ ਕੱਲ੍ਹ ਦੇ ਗੀਤ ਦੋ-ਚਾਰ ਦਿਨ ਹੀ ਚਰਚਿਤ ਹੁੰਦੇ ਹਨ। ਉਨ੍ਹਾਂ ਕਿਹਾ ਕਿ 'ਮੁੰਨੀ ਬਦਨਾਮ' ਸਿਰੇ ਦਾ ਹਿੱਟ ਗੀਤ ਸਾਬਿਤ ਹੋ ਸਕਦਾ ਹੈ ਅਤੇ ਇਸ ਤੋਂ ਨਿਰਮਾਤਾਵਾਂ ਨੇ ਪੈਸੇ ਵੀ ਬਥੇਰੇ ਕਮਾਏ ਹੋਣਗੇ, ਪਰ ਇਹ ਸਾਡੇ ਸੰਗੀਤ ਦੀ ਵਿਰਾਸਤ ਨਹੀਂ ਹੈ। ਉਂਝ, ਅੱਜ ਸਭ ਤੋਂ ਵੱਡਾ ਸੰਕਟ ਇਹੀ ਹੈ ਕਿ ਕੋਈ ਅਜਿਹੇ ਗੀਤ-ਸੰਗੀਤ ਉਤੇ ਇਤਰਾਜ਼ ਵੀ ਜ਼ਾਹਿਰ ਨਹੀਂ ਕਰ ਰਿਹਾ। ਇਹ ਅਸਲ ਵਿਚ ਨਿਘਾਰ ਦੀ ਨਿਸ਼ਾਨੀ ਹੈ। ਇਸ ਨਿਘਾਰ ਨੂੰ ਉਦੋਂ ਹੀ ਠੱਲ੍ਹ ਪਵੇਗੀ, ਜਦੋਂ ਅਸੀਂ ਅਜਿਹੇ ਮਾੜੇ ਗੀਤਾਂ ਦੀ ਨੁਕਤਾਚੀਨੀ ਕਰਾਂਗੇ।

'ਸ਼ਾਮ-ਏ-ਗ਼ਜ਼ਲ' ਵਿਚ ਗੁਲਾਮ ਅਲੀ ਅਤੇ ਸੁਰੇਸ਼ ਵਾਡੇਕਰ ਤੋਂ ਇਲਾਵਾ ਸੁਰੇਸ਼ ਵਾਡੇਕਰ ਦੀ ਸ਼ਿਸ਼ ਅਤੇ ਪਤਨੀ ਪਦਮਾ ਨੇ ਵੀ ਪ੍ਰੋਗਰਾਮ ਪੇਸ਼ ਕੀਤਾ। ਤਿੰਨਾਂ ਜਣਿਆਂ ਨੇ ਇਸ ਪ੍ਰੋਗਰਾਮ ਵਿਚ ਪੂਰਾ ਰੰਗ ਬੰਨ੍ਹਿਆ ਅਤੇ ਸ਼ਾਮ ਸੁਰ-ਮਈ ਬਣਾ ਦਿੱਤੀ।

ਗੁਲਾਮ ਅਲੀ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਸਬੰਧਤ ਹਨ। ਇਸੇ ਘਰਾਣੇ ਨਾਲ ਬੜੇ ਗੁਲਾਮ ਅਲੀ ਦਾ ਨਾਂ ਵੀ ਜੁੜਿਆ ਹੋਇਆ ਹੈ। ਅਸਲ ਵਿਚ ਗੁਲਾਮ ਅਲੀ ਦਾ ਅੱਬਾ ਬੜੇ ਗੁਲਾਮ ਅਲੀ ਦਾ ਬਹੁਤ ਪ੍ਰਸ਼ੰਸਕ ਸੀ। ਉਹ ਖੁਦ ਚੰਗੇ ਸਾਰੰਗੀ ਵਾਦਕ ਸਨ। ਜਦੋਂ ਗੁਲਾਮ ਅਲੀ ਰਤਾ ਕੁ ਵੱਡਾ ਹੋਇਆ ਤਾਂ ਉਸ ਦਾ ਅੱਬਾ ਉਸ ਨੂੰ ਬੜੇ ਗੁਲਾਮ ਅਲੀ ਕੋਲ ਲੈ ਗਿਆ ਤਾਂ ਕਿ ਗੁਲਾਮ ਅਲੀ ਉਨ੍ਹਾਂ ਦਾ ਸ਼ਗਿਰਦ ਬਣ ਜਾਵੇ। ਕੁਝ ਚਿਰ ਤਾਂ ਬੜੇ ਗੁਲਾਮ ਅਲੀ ਇਸ ਗੱਲ ਨੂੰ ਟਾਲਦੇ ਰਹੇ ਪਰ ਜਦੋਂ ਅੱਬਾ ਵਾਰ-ਵਾਰ ਇਹੀ ਗੱਲ ਦੁਹਰਾਈ ਗਏ ਤਾਂ ਉਨ੍ਹਾਂ ਗੁਲਾਮ ਅਲੀ ਨੂੰ ਕੁਝ ਸੁਣਾਉਣ ਲਈ ਆਖਿਆ। ਉਦੋਂ ਗੁਲਾਮ ਅਲੀ ਨੇ ਠੁਮਰੀ ਗਾਈ- 'ਸਈਆਂ ਬੋਲੋ ਤਨਿਕ, ਮੋਸੇ ਰਹੀਓ ਨਾ ਜਾਈ'। ਇਹ ਠੁਮਰੀ ਸੁਣਦੇ ਸਾਰ ਬੜੇ ਗੁਲਾਮ ਅਲੀ ਨੇ ਗੁਲਾਮ ਅਲੀ ਨੂੰ ਜੱਫੀ ਵਿਚ ਲੈ ਲਿਆ ਤੇ ਆਪਣਾ ਸ਼ਿਸ਼ ਬਣਾ ਲਿਆ। ਉਂਝ ਉਨ੍ਹਾਂ ਦੇ ਰੁਝੇਵੇਂ ਬਹੁਤੇ ਸਨ, ਇਸ ਲਈ ਗੁਲਾਮ ਅਲੀ ਨੇ ਬੜੇ ਗੁਲਾਮ ਅਲੀ ਦੇ ਤਿੰਨ ਭਰਾਵਾਂ- ਬਰਕਤ ਅਲੀ ਖਾਂ, ਮੁਬਾਰਕ ਅਲੀ ਖਾਨ ਤੇ ਅਮਾਨਤ ਅਲੀ ਖਾਨ ਤੋਂ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਗੁਲਾਮ ਅਲੀ ਨੇ ਪਹਿਲੀ ਵਾਰ ਰੇਡੀਓ ਲਾਹੌਰ 'ਤੇ 1960 ਵਿਚ ਗਾਇਆ। ਉਦੋਂ ਗ਼ਜ਼ਲਾਂ ਦੇ ਨਾਲ-ਨਾਲ ਉਹਨੇ ਭਜਨ ਵੀ ਗਾਏ। ਦਿਨਾਂ ਵਿਚ ਹੀ ਉਹ ਬੇਹੱਦ ਮਸ਼ਹੂਰ ਹੋ ਗਿਆ।

ਤਾਜ ਮਹਿਲ ਵਿਖੇ ਕੀਤੇ ਪ੍ਰੋਗਰਾਮ ਨੂੰ ਗੁਲਾਮ ਅਲੀ ਯਾਦਗਾਰੀ ਮੰਨਦੇ ਹਨ। ਅੱਜ ਦੇ ਗ਼ਜ਼ਲ ਗਾਇਕਾਂ ਬਾਰੇ ਉਹ ਟਿੱਪਣੀ ਕਰਨ ਤੋਂ ਰਤਾ ਕੁ ਝਿਜਕਦੇ ਹਨ ਪਰ ਜ਼ੋਰ ਪਾਉਣ 'ਤੇ ਉਹ ਅਦਿੱਤਯਾ ਸ੍ਰੀਨਿਵਾਸਨ ਦਾ ਨਾਂ ਲੈਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਦਿੱਤਯਾ ਬਹੁਤ ਖੁੱਭ ਕੇ ਗ਼ਜ਼ਲਾਂ ਗਾਉਂਦਾ ਹੈ। ਦੋਹਾਂ ਜਣਿਆਂ ਨੇ 2012 ਵਿਚ ਬੰਗਲੌਰ ਵਿਖੇ ਸਾਂਝਾ ਪ੍ਰੋਗਰਾਮ ਕੀਤਾ ਸੀ। ਗੁਲਾਮ ਅਲੀ ਦਾ ਜਨਮ ਸਾਂਝੇ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਡਸਕਾ ਦੇ ਪਿੰਡ ਕਾਲੇਕੀ ਵਿਖੇ 1940 ਵਿਚ ਹੋਇਆ। ਪਿਤਾ ਸਾਰੰਗੀ ਵਾਦਕ ਸਨ, ਸੋ ਬਚਪਨ ਵਿਚ ਹੀ ਉਨ੍ਹਾਂ ਦੀ ਸੰਗਤ, ਸੰਗੀਤ ਨਾਲ ਹੋ ਗਈ ਸੀ।

### ਫਿਲਮਾਂ ਤੇ ਗੁਲਾਮ ਅਲੀ

*1982 ਵਿਚ ਗੁਲਾਮ ਅਲੀ ਨੇ ਉਘੇ ਫਿਲਮਸਾਜ਼ ਬੀ.ਆਰ. ਚੋਪੜਾ ਦੀ ਫਿਲਮ 'ਨਿਕਾਹ' ਵਿਚ ਗੀਤ ਗਾਇਆ- 'ਚੁਪਕੇ ਚੁਪਕੇ ਰਾਤ ਦਿਨ'। ਇਹ ਉਨ੍ਹਾਂ ਦਾ ਪਹਿਲਾ ਫਿਲਮੀ ਗੀਤ ਸੀ। ਇਸ ਤੋਂ ਬਾਅਦ ਉਸ ਨੇ ਕਈ ਫਿਲਮਾਂ ਵਿਚ .ਗਜ਼ਲਾਂ ਤੇ ਗੀਤ ਗਾਏ ਜਿਹੜੇ ਬੜੇ ਮਸ਼ਹੂਰ ਹੋਏ।*



## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਮਈ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-115



*ਧੀ ਹਾਂ 'ਮਰ ਜਾਣੀ' ਤਾਂਹੀਉਂ ਫਿਕਰ ਨਾ ਮਾਸਾ ਏ,*
*ਛੱਲੀਆਂ 'ਚ ਦੱਬ ਕੇ ਬਣਾਇਆ ਮੇਰਾ ਹਾਸਾ ਏ!*

### ਕੈਪਸ਼ਨ ਮੁਕਾਬਲਾ-113



ਚੁਰ ਦੇ ਉਪਰ ਤਵੀ ਚਾੜ੍ਹ ਕੇ,
ਪੂਰਾ ਝੋਕਾ ਲਾਇਆ।
ਇੱਕ ਦੂਜੀ ਨਾਲ ਹੱਥ ਵਟਾ ਕੇ,
ਬੀਬੀਆਂ ਲੰਗਰ ਪਕਾਇਆ।
ਬਿਨਾ ਕਿਸੇ ਵੀ ਭੇਦ ਭਾਵ ਦੇ,
ਭੁੱਖਿਆਂ ਤਾਈਂ ਖੁਆਇਆ।
ਸਦਕੇ ਜਾਈਏ ਓਸ ਗੁਰੂ ਦੇ,
ਅਨੋਖਾ ਜਿਸ ਨੇ ਗੁਰ ਸਿਖਾਇਆ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਸੇਵਾ, ਸਬਰ, ਸੰਤੋਖ ਦੀਆਂ ਦਾਤਾਂ,
ਇੱਦਾਂ ਹੀ ਤਾਂ ਬਣਦੀਆਂ ਬਾਤਾਂ।
ਇਸ ਸੇਵਾ ਦਾ ਕੀ-ਕੀ ਕਹਿਣਾ,
ਉਮਰਾਂ ਦਾ ਅਨਮੋਲਾ ਗਹਿਣਾ।
ਗੁਰੂਆਂ ਦੀ ਵਰੋਸਾਈ ਸੰਗਤ,
ਊਚ ਨਾ ਨੀਚਾ ਬੈਠੇ ਪੰਗਤ।

**-ਬੱਲੀ ਸਿੰਘ ਸੈਨ ਹੋਜ਼ੇ**

ਸੇਵਾ ਲੰਗਰ ਦੀ ਬੜੀ ਮਹਾਨ
ਗੁਰਾਂ ਨੇ ਲੰਗਰ ਪ੍ਰਥਾ ਚਲਾਈ।
ਤਨ, ਮਨ, ਧਨ ਨਾਲ ਸੇਵਾ ਕਰਕੇ
ਸੰਗਤਾਂ ਕਰਨ ਸਫਲ ਕਮਾਈ।

**-ਗੁਰਦੇਵ ਸਿੰਘ ਵਿਰਦੀ**
**ਓਂਟਾਰੀਓ, ਕੈਨੇਡਾ।**

---

ਉਚੇ ਨੀਵੇਂ ਦਾ ਭੇਦ ਮਿਟਾਵਣ ਖਾਤਰ
'ਗੁਰੂ ਅੰਗਦ ਜੀ' ਚਲਾਈ ਇਹ ਪ੍ਰਥਾ।
'ਘਾਲ ਕਰੋ ਹੱਥੋ ਕੁਛ ਦੇਹ' ਦਾ
ਸਬਕ ਪੜ੍ਹਾਉਂਦੀ ਇਹ ਪ੍ਰਥਾ।
'ਮਾਤਾ ਖੀਵੀ' ਦੀ ਅਣਥੱਕ ਸੇਵਾ ਦੀ
ਯਾਦ ਕਰਵਾਉਂਦੀ ਲੰਗਰ ਦੀ ਇਹ ਪ੍ਰਥਾ।
ਰਹਿੰਦੀ ਦੁਨੀਆਂ ਤੱਕ ਚੱਲਦੀ ਰਹੇਗੀ
ਗੁਰੂਆਂ ਤੋਂ ਵਰੋਸਾਈ ਇਹ ਪ੍ਰਥਾ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**
**ਫੋਨ: 408-912-3438**

### ਕੈਪਸ਼ਨ ਮੁਕਾਬਲਾ-112

ਜ਼ਾਲਮ ਦੇ ਦੰਦ ਭੰਨਣ ਲਈ
ਗੋਬਿੰਦ ਲਾਡਲੀਆਂ ਫੌਜਾਂ ਬਣਾਈਆਂ।
ਵੱਡੇ ਕੂੰਡੇ ਪਾ ਖਸਖਸ-ਗਿਰੀਆਂ
ਵਿਚ ਕਾਲੀਆਂ ਮਿਰਚਾਂ ਪਾਈਆਂ।
ਛਣਕਦੇ ਘੋਟਣੇ ਲਾ ਨਾਮ ਦਾ ਰਗੜਾ
ਤਿਆਰ ਕੀਤੀਆਂ ਸ਼ਰਦਾਈਆਂ।
ਪਰ ਮਨਮੁੱਖਾਂ ਵਿਚ 'ਭੰਗ' ਰਲਾ ਕੇ
ਗੁਰਮਤਿ ਤੋਂ ਕੀਤੀਆਂ ਰੁਸਵਾਈਆਂ।

**-ਸੇਵਾ ਸਿੰਘ ਨੂਰਪੁਰੀ**



ਗੁਰਦੁਆਰਾ ਸੈਨ ਹੋਜ਼ੇ ਵਿਖੇ ਕੀਰਤਨ ਕਰ ਰਿਹਾ ਸੰਤ ਅਨੂਪ ਸਿੰਘ ਊਨਾ ਵਾਲਿਆਂ ਦਾ ਜਥਾ ਅਤੇ (ਹੇਠਾਂ) ਬੀਬੀ ਸਨਾਤਮ ਕੌਰ ਦੇ ਜੱਥੇ ਦੀਆਂ ਮੈਂਬਰਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ



## ਸੁਬਰਾਮਣੀਅਮ ਸੁਆਮੀ ਨੇ ਲੀਕ ਕੀਤੀ ਜਾਣਕਾਰੀ

**ਨਵੀਂ ਦਿੱਲੀ:** ਵੈਬਸਾਈਟ ਵਿਕੀਲੀਅਸ ਨੇ ਇਸ ਵਾਰ ਤਾਜ਼ੇ ਖੁਲਾਸੇ ਵਿਚ ਦਾਅਵਾ ਕਿਹਾ ਹੈ ਕਿ ਭਾਜਪਾ ਦੇ ਨੇਤਾ ਸੁਬਰਾਮਣੀਅਮ ਸੁਆਮੀ ਨੇ ਭਾਰਤੀ ਚੋਣਾਂ ਨਾਲ ਸਬੰਧਤ ਜਾਣਕਾਰੀ ਅਮਰੀਕਾ ਨੂੰ ਪਹੁੰਚਾਈ ਸੀ। ਵਿਕੀਲੀਅਸ ਨੇ 1977 ਦਾ ਟੈਲੀਗ੍ਰਾਮ ਜਾਰੀ ਕੀਤਾ ਹੈ ਜਿਸ ਅਨੁਸਾਰ ਸੁਆਮੀ ਨੇ ਭਾਰਤੀ ਚੋਣਾਂ ਬਾਰੇ ਗੁਪਤ ਜਾਣਕਾਰੀ ਅਮਰੀਕਾ ਨੂੰ ਦਿੱਤੀ ਸੀ।

ਇਹ ਟੈਲੀਗ੍ਰਾਮ ਅਮਰੀਕਾ ਦੇ ਵਿਦੇਸ਼ ਮੰਤਰਾਲੇ ਵੱਲੋਂ ਨਵੀਂ ਦਿੱਲੀ ਨੂੰ ਭੇਜਿਆ ਗਿਆ ਸੀ। ਇਸ ਕੇਬਲ ਵਿਚ ਲਿਖਿਆ ਹੈ ਕਿ ਸਾਬਕਾ ਰਾਜ ਸਭਾ ਮੈਂਬਰ ਸੁਬਰਾਮਣੀਅਮ ਸੁਆਮੀ ਨੇ ਅਮਰੀਕੀ ਅਧਿਕਾਰੀ ਨੂੰ ਦੱਸਿਆ ਸੀ ਕਿ ਖਰਾਬ ਸਿਹਤ ਕਾਰਨ ਇੰਦਰਾ ਗਾਂਧੀ ਮਾਰਚ ਵਿਚ ਚੋਣਾਂ ਦਾ ਐਲਾਨ ਕਰੇਗੀ।


Quick DOT
& Registration Services

Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

DMV ਦੇ ਐਨ ਸਾਹਮਣੇ

ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ

ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ

We also file Corporations for Individual and Small Businesses





ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

## ਪੂਤਿਨ ਨੇ ਯੂਕਰੇਨ ਨੂੰ ਕੀਤਾ ਖਬਰਦਾਰ

**ਮਾਸਕੋ:** ਰੂਸ ਤੇ ਯੂਕਰੇਨ ਵਿਚਕਾਰ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਸਲਾਵਿਆਂਸਕ ਵਿਚ ਰੂਸ ਪੱਖੀ ਬਾਗ਼ੀਆਂ ਖ਼ਿਲਾਫ਼ ਕੀਤੀ ਗਈ ਕਾਰਵਾਈ ਤੋਂ ਬਾਅਦ ਯੂਕਰੇਨ ਦੇ ਭਾਵੇਂ ਹੌਸਲੇ ਬੁਲੰਦ ਹੋ ਗਏ ਹਨ ਪਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਨੂੰ ਧਮਕੀ ਦੇ ਦਿੱਤੀ ਹੈ ਕਿ ਜੇਕਰ ਯੂਕਰੇਨ ਨੇ ਰੂਸ ਨਾਲ ਮਿਲਵਰਤਨ ਤੋੜਿਆ ਤਾਂ ਸਾਬਕਾ ਸੋਵੀਅਤ ਗਣਰਾਜ ਦੀ ਰੱਖਿਆ ਸਨਅਤ ਲਈ ਇਹ ਫੈਸਲਾ ਕਾਫੀ ਮਹਿੰਗਾ ਸਾਬਤ ਹੋਏਗਾ।

ਅਮਰੀਕਾ ਸਮੇਤ ਪੱਛਮੀ ਮੁਲਕਾਂ ਦੀ ਮਿਲ ਰਹੀ ਹਮਾਇਤ ਤੋਂ ਬਾਅਦ ਯੂਕਰੇਨ ਨੇ ਰੂਸ ਨਾਲ ਆਢਾ ਲਿਆ ਹੋਇਆ ਹੈ।

ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਕਿਹਾ ਕਿ ਜੇਕਰ ਯੂਕਰੇਨ ਨੇ ਰੂਸ ਨਾਲ ਸਹਿਯੋਗ ਕਰਨਾ ਛੱਡ ਦਿੱਤਾ ਤਾਂ ਉਸ ਨੂੰ ਰੱਖਿਆ ਖੇਤਰ ਵਿਚ ਕਾਫੀ ਦਿੱਕਤ ਪੇਸ਼ ਆਏਗੀ। ਉਨ੍ਹਾਂ ਕਿਹਾ ਕਿ ਰੂਸ ਕੋਲ 49 ਅਰਬ ਡਾਲਰ ਮੁੱਲ ਦੇ ਹਥਿਆਰ ਬਰਾਮਦ ਕਰਨ ਦੇ ਸੌਦੇ ਹਨ।

# ਗਰੀਬਾਂ ਲਈ ਆਫਤ ਬਣ ਰਹੇ ਨੇ ਨਵੇਂ ਵਸੇ ਕਸਬੇ

**ਵਾਸ਼ਿੰਗਟਨ:** ਭਾਰਤ ਤੇ ਹੋਰ ਵਿਕਸਤ ਮੁਲਕਾਂ ਵਿਚ ਨਵੇਂ ਕਸਬੇ ਬਣਨ ਨਾਲ ਗਰੀਬ ਲੋਕਾਂ ਨੂੰ ਕੁਦਰਤੀ ਆਫ਼ਤਾਂ ਤੇ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਖੁਲਾਸਾ ਕੋਲੋਰਾਡੋ ਡੈਨਵਰ ਯੂਨੀਵਰਸਿਟੀ ਦੇ ਐਂਡਰਿਊ ਰਮਬੈਕ ਨੇ ਆਪਣੇ ਅਧਿਐਨ ਵਿਚ ਕੀਤਾ ਹੈ। ਅਧਿਐਨ ਮੁਤਾਬਕ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿਚ ਵੱਡੇ ਸ਼ਹਿਰਾਂ ਤੋਂ ਆਬਾਦੀ ਦਾ ਦਬਾਅ ਘਟਾਉਣ ਲਈ ਬਾਹਰਵਾਰ ਨੂੰ ਨਵੇਂ ਕਸਬੇ ਤੇਜ਼ੀ ਨਾਲ ਬਣਾਏ ਜਾ ਰਹੇ ਹਨ ਪਰ ਇਨ੍ਹਾਂ ਕਸਬਿਆਂ ਦੀ ਵਸੋਂ ਨੂੰ ਅਕਸਰ ਹੜ੍ਹਾਂ ਦਾ ਖ਼ਤਰਾ ਰਹਿੰਦਾ ਹੈ। ਰਮਬੈਕ ਮੁਤਾਬਕ ਤੂਫ਼ਾਨ ਜਾਂ ਮਾਨਸੂਨ ਕਾਰਨ ਲੋਕਾਂ ਨੂੰ ਹੜ੍ਹਾਂ ਤੋਂ ਬਾਅਦ ਹੈਜ਼ਾ, ਹੈਪੇਟਾਈਟਸ ਤੇ ਪੇਚਸ਼ ਵਰਗੇ ਰੋਗ ਲੱਗ ਜਾਂਦੇ ਹਨ। ਖੋਜੀਆਂ ਮੁਤਾਬਕ ਕਈ ਮੁਲਕਾਂ ਵੱਲੋਂ ਤੇਜ਼ੀ ਨਾਲ ਨਵੇਂ ਕਸਬੇ ਬਣਾਏ ਜਾ ਰਹੇ ਹਨ। ਭਾਰਤ ਵਿਚ ਸਰਕਾਰ ਨੇ ਮਹੱਤਵਕਾਂਸ਼ੀ ਯੋਜਨਾ ਤਹਿਤ 2020 ਤੱਕ 100 ਨਵੇਂ ਕਸਬੇ ਬਣਾਉਣ ਲਈ ਕਮਰ ਕੱਸੀ ਹੈ ਜਿੱਥੇ ਹਰ ਕਸਬੇ ਵਿਚ 10 ਲੱਖ ਲੋਕ ਵੱਸਣਗੇ। ਰਮਬੈਕ ਨੇ ਕੋਲਕਾਤਾ ਨੇੜੇ



ਆਪਣੇ ਅਧਿਐਨ ਨੂੰ ਕੇਂਦਰਤ ਕੀਤਾ। ਖੋਜਕਾਰਾਂ ਦਾ ਕਹਿਣਾ ਹੈ ਕਿ ਕੋਲਕਾਤਾ ਵਿਚ ਸ਼ਹਿਰ ਦੀ ਹਦੂਦ ਵਿਚ ਦਰਜਨ ਤੋਂ ਵੱਧ ਨਵੇਂ ਪ੍ਰਾਜੈਕਟਾਂ ਦੀ ਯੋਜਨਾ ਹੈ ਜਿਥੇ 40 ਲੱਖ ਤੋਂ ਵੱਧ ਲੋਕਾਂ ਨੂੰ ਰਿਹਾਇਸ਼ ਮਿਲੇਗੀ। ਕੋਲਕਾਤਾ ਦੇ ਸਾਲਟ ਲੇਕ ਇਲਾਕੇ ਵਿਚ ਠਹਿਰੇ ਰਮਬੈਕ ਨੇ ਆਪਣੇ ਅਧਿਐਨ ਵਿਚ ਪਾਇਆ ਕਿ ਇਲਾਕੇ ਵਿਚ ਹੜ੍ਹਾਂ ਦੇ ਖ਼ਤਰੇ ਦੇ ਬਾਵਜੂਦ ਉਥੇ ਡਰੇਨੇਜ ਪ੍ਰਬੰਧ ਵਧੀਆ ਹੋਣ ਕਰਕੇ ਕੁਦਰਤੀ ਆਫ਼ਤ ਦਾ ਇੰਨਾ ਭਾਰੀ ਖਤਰਾ ਨਹੀਂ ਹੈ। ਉਸ ਨੇ ਸਾਲਟ ਲੇਕ ਵਿਚ ਉਸਾਰੀ ਦੇ ਕੰਮਾਂ ਵਿਚ ਲੱਗੇ ਮਜ਼ਦੂਰਾਂ ਨਾਲ ਵੀ ਰਾਬਤਾ ਕਾਇਮ ਕੀਤਾ। ਇਹ ਲੋਕ ਦੱਤਾਬਾਦ ਤੇ ਕੇਸਟੋਪੁਰ ਵਿਚ ਬੜੀ ਮਾੜੀ ਹਾਲਤ ਵਿਚ ਰਹਿ ਰਹੇ ਹਨ।

ਉਸ ਇਲਾਕੇ ਵਿਚ ਬਾਰਸ਼ਾਂ ਦੌਰਾਨ ਖੰਘ, ਜ਼ੁਕਾਮ, ਹੈਜ਼ਾ, ਟੀਬੀ ਤੇ ਰੋਗ ਫੈਲਣ ਦਾ ਖ਼ਤਰਾ ਵੱਧ ਰਹਿੰਦਾ ਹੈ। ਇਨ੍ਹਾਂ ਘਰਾਂ ਦੀ ਹਾਲਤ ਅਜਿਹੀ ਹੈ ਕਿ ਛੱਤਾਂ 'ਤੇ ਸਸਤੀਆਂ ਟਾਇਲਾਂ ਲਾਈਆਂ ਗਈਆਂ ਹਨ ਤੇ ਬਿਜਲੀ ਦੇ ਪ੍ਰਬੰਧ ਵੀ ਮਾੜੇ ਹਨ। ਦੋਵੇਂ ਇਲਾਕਿਆਂ ਵਿਚ ਲੋਕਾਂ ਲਈ ਪਖਾਨਿਆਂ ਦੀ ਸਾਂਝੀ ਵਿਵਸਥਾ ਹੈ ਜੋ ਹਾਲਾਤ ਨੂੰ ਹੋਰ ਵਿਗਾੜ ਰਹੀ ਹੈ। ਰਮਬੈਕ ਦਾ ਕਹਿਣਾ ਹੈ ਕਿ ਬਾਰਸ਼ਾਂ ਦੌਰਾਨ ਨਾਲੀਆਂ ਭਰ ਜਾਂਦੀਆਂ ਹਨ ਤੇ ਗੰਦਾ ਪਾਣੀ ਘਰਾਂ ਵਿਚ ਦਾਖਲ ਹੋ ਜਾਂਦਾ ਹੈ।

## ਰਾਜੀਵ ਗਾਂਧੀ ਦੇ ਹੱਤਿਆਰਿਆਂ ਦੀ ਰਿਹਾਈ ਦਾ ਫੈਸਲਾ ਟਲਿਆ

**ਨਵੀਂ ਦਿੱਲੀ:** ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਕਾਂਡ ਦੇ ਦੋਸ਼ੀਆਂ ਦੀ ਰਿਹਾਈ ਦੇ ਮਾਮਲੇ ਨੂੰ ਸੁਪਰੀਮ ਕੋਰਟ ਨੇ ਸੰਵਿਧਾਨਕ ਬੈਂਚ ਦੇ ਹਵਾਲੇ ਕਰ ਦਿੱਤਾ ਹੈ। ਅਦਾਲਤ ਨੇ ਇਹ ਹੁਕਮ ਵੀ ਦਿੱਤਾ ਕਿ ਹੱਤਿਆ ਕਾਂਡ ਦੇ ਸੱਤ ਦੋਸ਼ੀ ਅਜੇ ਰਿਹਾਅ ਨਾ ਕੀਤੇ ਜਾਣ। ਚੀਫ਼ ਜਸਟਿਸ ਪੀ. ਸਥਾਸ਼ਿਵਮ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਹੋਰ ਵੀ ਕਈ ਸਵਾਲ ਉਠਾਏ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹੈ ਕਿ ਕੀ ਸਰਕਾਰ ਉਸ ਕੈਦੀ ਨੂੰ ਬਾਕੀ ਦੀ ਸਜ਼ਾ ਮੁਆਫ਼ ਕਰਕੇ ਉਸ ਨੂੰ ਰਿਹਾਅ ਕਰ ਸਕਦੀ ਹੈ ਜਿਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਹੈ।

ਅਦਾਲਤ ਨੇ ਇਹ ਵੀ ਕਿਹਾ ਕਿ ਸੰਵਿਧਾਨਕ ਬੈਂਚ ਹੀ ਤੈਅ ਕਰੇਗਾ ਕਿ ਅਪਰਾਧ ਪ੍ਰਕਿਰਿਆ ਜ਼ਾਬਤੇ ਤਹਿਤ ਇਸ ਬਾਰੇ ਕਿਹੜੀ ਸਰਕਾਰ ਫੈਸਲਾ ਲੈ ਸਕਦੀ ਹੈ, ਸੂਬਾ, ਕੇਂਦਰ ਜਾਂ ਦੋਵੇਂ ਸਰਕਾਰਾਂ। ਅਦਾਲਤ ਨੇ ਤਿੰਨਾਂ ਦੋਸ਼ੀਆਂ ਮੂਰੂਗਨ, ਸੰਥਨ ਤੇ ਅਰਿਵੂ ਦੀ ਰਿਹਾਈ ਦੇ ਫ਼ੈਸਲੇ 'ਤੇ 20 ਫਰਵਰੀ ਨੂੰ ਰੋਕ ਲਾ ਦਿੱਤੀ ਸੀ। ਅਦਾਲਤ ਨੇ ਉਸ ਦੀ ਰਿਹਾਈ ਦੇ ਮਾਮਲੇ ਵਿਚ ਸੂਬਾ ਸਰਕਾਰ ਵੱਲੋਂ ਕਈ ਖਾਮੀਆਂ ਹੋਣ ਕਾਰਨ ਰੋਕ ਲਾਈ ਸੀ। ਅਦਾਲਤ ਨੇ 18 ਫਰਵਰੀ ਨੂੰ ਇਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਸੀ ਤੇ ਬਾਅਦ ਵਿਚ ਦੋਸ਼ੀ ਨਲਿਨੀ, ਰਾਬਰਟ ਪਾਈਸ, ਜੈ ਕੁਮਾਰ ਤੇ ਰਵੀ ਚੰਦਰਨ ਦੀ ਰਿਹਾਈ 'ਤੇ ਵੀ ਰੋਕ ਲਾ ਦਿੱਤੀ ਸੀ। ਜੈਲਲਿਤਾ ਸਰਕਾਰ ਨੇ ਹੱਤਿਆ ਕਾਂਡ ਵਿਚ 19 ਫਰਵਰੀ ਨੂੰ ਸਾਰੇ ਸੱਤ ਦੋਸ਼ੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਸੀ। ਸੰਥਨ, ਮੁਰੂਗਨ ਤੇ ਅਰਿਵੂ ਅਜੇ ਵੀ ਕੇਂਦਰੀ ਜੇਲ੍ਹ ਵੇਲਲੂਰ ਵਿਚ ਹਨ ਤੇ ਉਹ 1991 ਤੋਂ ਜੇਲ੍ਹ ਵਿਚ ਬੰਦ ਹਨ। ਬਾਕੀ ਚਾਰ ਦੋਸ਼ੀ ਵੀ ਸ੍ਰੀਪੇਰੂਬਦੂਰ ਵਿਚ 21 ਮਈ 1991 ਨੂੰ ਰਾਜੀਵ ਗਾਂਧੀ ਹੱਤਿਆ ਕਾਂਡ ਵਿਚ ਆਪਣੀ ਭੂਮਿਕਾ ਲਈ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਉਧਰ ਸੁਪਰੀਮ ਕੋਰਟ ਦੇ ਫੈਸਲੇ ਨਾਲ ਦੋਸ਼ੀਆਂ ਦੇ ਪਰਿਵਾਰਾਂ ਨੂੰ ਨਿਰਾਸ਼ਾ ਹੋਈ ਹੈ ਜੋ ਕਿ ਆਪਣੇ ਪੱਖ ਵਿਚ ਫੈਸਲੇ ਦਾ ਇੰਤਜ਼ਾਰ ਕਰ ਰਹੇ ਸਨ। ਜੀ. ਪੇਰਾਰਿਵਲਨ ਦੀ ਮਾਂ ਅਪਰੁਥੰਮਲ ਨੇ ਪ੍ਰਤੀਕ੍ਰਿਆ ਕਰਦਿਆਂ ਕਿਹਾ ਕਿ ਉਹ ਕੁਝ ਵੀ ਕਹਿ ਨਹੀਂ ਸਕਦੀ। ਉਹ ਆਪਣੇ ਪੁੱਤਰ ਨੂੰ ਜੇਲ੍ਹ ਤੋਂ ਬਾਹਰ ਦੇਖਣ ਲਈ ਲੰਮੀ ਕਾਨੂੰਨੀ ਲੜਾਈ ਲੜ ਰਹੀ ਹੈ।

# ਦਲਿਤਾਂ ਬਾਰੇ ਟਿੱਪਣੀ ਕਰਕੇ ਕਸੂਤੇ ਫਸੇ ਰਾਮਦੇਵ

**ਲਖਨਊ:** ਉੱਤਰ ਪ੍ਰਦੇਸ਼ ਪੁਲਿਸ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਖਿਲਾਫ਼ ਬਿਆਨ ਦੇਣ ਵਾਲੇ ਯੋਗ ਗੁਰੂ ਰਾਮਦੇਵ 'ਤੇ ਕੇਸ ਦਰਜ ਕੀਤਾ ਹੈ। ਪੁਲਿਸ ਨੇ ਬਾਬਾ ਰਾਮਦੇਵ ਵੱਲੋਂ ਦਿੱਤੇ ਗਏ ਬਿਆਨ ਦੀ ਵੀਡੀਓ ਕਲਿਪ ਦਾ ਅਧਿਐਨ ਕਰਨ ਤੋਂ ਬਾਅਦ ਇਹ ਕਾਰਵਾਈ ਕੀਤੀ ਹੈ। ਭਾਜਪਾ ਦੀ ਹਮਾਇਤ ਕਰ ਰਹੇ ਬਾਬਾ ਰਾਮਦੇਵ ਨੇ ਦੋਸ਼ ਲਾਇਆ ਸੀ ਕਿ ਕਾਂਗਰਸ ਦਾ ਮੀਤ ਪ੍ਰਧਾਨ ਰਾਹੁਲ ਗਾਂਧੀ ਹਨੀਮੂਨ ਤੇ ਪਿਕਨਿਕ ਮਨਾਉਣ ਲਈ ਦਲਿਤਾਂ ਦੇ ਘਰ ਜਾਂਦਾ ਸੀ। ਜੇਕਰ ਉਹ ਕਿਸੇ ਦਲਿਤ ਲੜਕੀ ਨਾਲ ਵਿਆਹ ਕਰਾਉਂਦਾ ਤਾਂ ਸ਼ਾਇਦ ਉਸ ਦੀ ਕਿਸਮਤ ਜਾਗ ਪੈਂਦੀ ਤੇ ਉਹ ਪ੍ਰਧਾਨ ਮੰਤਰੀ ਬਣ ਜਾਂਦਾ ਹੈ।

ਕਾਂਗਰਸ ਆਗੂ ਦਿਗਵਿਜੈ ਸਿੰਘ ਨੇ ਕਿਹਾ ਹੈ ਕਿ ਰਾਮਦੇਵ ਦੀ ਟਿੱਪਣੀ ਦਲਿਤ ਵਿਰੋਧੀ ਹੈ। ਉਨ੍ਹਾਂ ਨੂੰ ਜਨਤਕ ਮੁਆਫੀ ਮੰਗਣੀ ਚਾਹੀਦੀ ਹੈ। ਸੀ.ਪੀ.ਆਈ (ਐਮ) ਨੇ ਮੰਗ ਕੀਤੀ ਕਿ ਦਲਿਤ ਔਰਤਾਂ ਪ੍ਰਤੀ ਅਸਭਿਅਕ ਬਿਆਨ ਦੇਣ ਬਦਲੇ ਬਾਬਾ ਰਾਮਦੇਵ ਖਿਲਾਫ਼ ਐਸਸੀ/ਐਸਟੀ ਕਾਨੂੰਨ ਤਹਿਤ ਕੇਸ ਦਰਜ ਕੀਤਾ ਜਾਵੇ। ਪਾਰਟੀ ਨੇ ਕਿਹਾ ਕਿ ਚੋਣ ਕਮਿਸ਼ਨ ਬਾਬਾ ਰਾਮਦੇਵ ਦੇ ਬਿਆਨ ਦਾ ਨੋਟਿਸ ਲੈ ਕੇ ਢੁਕਵੀਂ ਕਾਰਵਾਈ ਕਰੇ।

ਬਹੁਜਨ ਸਮਾਜ ਪਾਰਟੀ ਵਰਕਰਾਂ ਤੇ ਦਲਿਤ ਜਥੇਬੰਦੀਆਂ ਨੇ ਵੱਖ-ਵੱਖ ਥਾਵਾਂ 'ਤੇ ਮੁਜ਼ਾਹਰੇ ਕਰਕੇ ਬਾਬਾ ਰਾਮਦੇਵ ਖਿਲਾਫ਼ ਕਾਰਵਾਈ ਦੀ



ਮੰਗ ਕੀਤੀ। ਪੰਜਾਬ ਵਿਚ ਮੁਜ਼ਾਹਰਾਕਾਰੀਆਂ ਨੇ ਕੌਮੀ ਰਾਜ ਮਾਰਗ ਉਪਰ ਆਵਾਜਾਈ ਰੋਕੀ ਤੇ ਪੁਤਲਾ ਫੂਕਿਆ। ਰਾਮਦੇਵ ਨੇ ਕਿਹਾ ਸੀ ਕਿ ਰਾਹੁਲ, ਨਰਿੰਦਰ ਮੋਦੀ ਜਾਂ ਉਸ (ਰਾਮਦੇਵ) ਦੀ ਤਰ੍ਹਾਂ ਮਰਜ਼ੀ ਨਾਲ ਫਕੀਰ ਨਹੀਂ ਬਣਿਆ। ਉਸ ਵਿਚਾਰੇ ਦੀ ਵੀ ਕਿਸਮਤ ਖਰਾਬ ਹੈ। ਉਸ ਦੀ ਮਾਂ (ਸੋਨੀਆ ਗਾਂਧੀ) ਕਹਿੰਦੀ ਹੈ ਕਿ ਜੇਕਰ ਤੂੰ ਵਿਦੇਸ਼ੀ ਲੜਕੀ ਨਾਲ ਵਿਆਹ ਕਰਾਵੇਂਗਾ ਤਾਂ ਤੂੰ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ ਤੇ ਰਾਹੁਲ ਕਿਸੇ ਭਾਰਤੀ ਲੜਕੀ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦਾ।

ਉਸ ਦੀ ਮਾਂ ਦੀ ਇੱਛਾ ਹੈ ਕਿ ਪਹਿਲਾਂ ਉਹ ਪ੍ਰਧਾਨ ਮੰਤਰੀ ਬਣ ਜਾਵੇ ਤੇ ਫਿਰ ਕਿਸੇ ਵਿਦੇਸ਼ੀ ਲੜਕੀ ਨਾਲ ਵਿਆਹ ਕਰਵਾ ਲਵੇ।ਬਾਅਦ ਵਿਚ ਯੋਗ ਗੁਰੂ ਨੇ ਮੌਕਾ ਸੰਭਾਲਦਿਆਂ ਕਿਹਾ ਕਿ ਜੇਕਰ ਉਸ ਦੀ ਟਿੱਪਣੀ ਨਾਲ ਦਲਿਤਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ ਤਾਂ ਉਹ ਬਿਆਨ ਵਾਪਸ ਲੈਣ ਲਈ ਤਿਆਰ ਹੈ।

## 'ਅਖੌਤੀ ਬਾਬੇ' ਰਾਮਦੇਵ ਦੇ ਬਿਆਨ ਦੀ ਨਿਖੇਧੀ

**ਯੂਬਾ ਸਿਟੀ (ਬਿਊਰੋ):** ਮਹਾਂਰਿਸ਼ੀ ਵਾਲਮੀਕ ਸਭਾ-ਕੈਲੀਫੋਰਨੀਆ ਅਤੇ ਸਤਿਗੁਰ ਰਵਿਦਾਸ ਸਭਾ-ਯੂਬਾ ਸਿਟੀ ਦੀ ਪ੍ਰੇਮ ਸਿੰਘ ਸੌਂਧੀ ਅਤੇ ਸ਼ਿੰਗਾਰਾ ਸਿੰਘ ਰੱਲ੍ਹ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ 'ਅਖੌਤੀ' ਬਾਬਾ ਰਾਮਦੇਵ ਦੇ ਬਿਆਨ ਸੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਕਿਹਾ ਹੈ ਕਿ ਬਾਬਾ ਰਾਮਦੇਵ ਨੇ ਇਹ ਬਿਆਨ ਸਿਆਸਤ ਦੇ ਨਸ਼ੇ ਦੇ ਗਰੂਰ ਵਿਚ ਦਿੱਤੇ ਹਨ ਜੋ ਕਿ ਉਸ ਦੀ ਨਿਕੰਮੀ ਤੇ ਘਟੀਆਂ ਸੋਚ ਦਾ ਨਤੀਜਾ ਹੈ ਤੇ ਇਸ ਨਾਲ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ।

ਇਨ੍ਹਾਂ ਸਭਾਵਾਂ ਨੇ ਭਾਰਤ ਸਰਕਾਰ ਅਤੇ ਭਾਰਤੀ ਚੋਣ ਕਮਿਸ਼ਨ ਤੋਂ ਮੰਗ ਕੀਤੀ ਹੈ ਕਿ ਰਾਮਦੇਵ ਖਿਲਾਫ ਭਾਰਤੀ ਕਾਨੂੰਨ ਦੇ ਮੁਤਾਬਕ ਬਨਦੀ ਕਾਰਵਾਈ ਕਰਕੇ ਉਸ ਨੂੰ ਸਜ਼ਾ ਦਿਵਾਈ ਜਾਵੇ।

# ਹਮਾਸ ਤੇ ਫਤਹਿ ਵਿਚਾਲੇ ਸੁਲ੍ਹਾ ਤੋਂ ਇਸਰਾਈਲ ਫਿਕਰਮੰਦ

**ਯੋਰੋਸ਼ਲਮ:** ਗਾਜ਼ਾ ਪੱਟੀ 'ਤੇ ਕਬਜ਼ੇ ਲਈ ਹੋਈ ਜ਼ਬਰਦਸਤ ਲੜਾਈ ਤੋਂ ਸੱਤ ਸਾਲ ਬਾਅਦ ਫ਼ਲਸਤੀਨੀਆ ਦੇ ਦੋ ਪ੍ਰਮੁੱਖ ਧੜਿਆਂ ਫ਼ਤਹਿ ਤੇ ਹਮਾਸ ਵਿਚਕਾਰ ਸੁਲ੍ਹਾ ਹੋ ਗਈ ਹੈ। ਫ਼ਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਦੀ ਫ਼ਤਹਿ ਪਾਰਟੀ ਦੇ ਵਫ਼ਦ ਦੇ ਇਕ ਮੈਂਬਰ ਮੁਨੀਬ ਅਲ-ਮਸਰੀ ਮੁਤਾਬਕ ਦੋਵੇਂ ਧਿਰਾਂ ਵਿਚਕਾਰ ਛੇ ਮਹੀਨਿਆਂ ਅੰਦਰ ਚੋਣਾਂ ਕਰਾਉਣ ਸਮੇਤ ਤਕਰੀਬਨ ਸਾਰੇ ਮੁੱਦਿਆਂ 'ਤੇ ਸਹਿਮਤੀ ਹੋ ਗਈ ਹੈ। ਗਾਜ਼ਾ ਵਿਚ ਹਮਾਸ ਦੇ ਬੁਲਾਰੇ ਸਮੀ ਅਬੂ ਜ਼ਾਹਵੀਰੀ ਨੇ ਵੀ ਇਹੋ ਜਿਹਾ ਹੀ ਇਕ ਬਿਆਨ ਜਾਰੀ ਕਰਕੇ ਦੱਸਿਆ ਕਿ ਛੇਤੀ ਹੀ ਅੱਬਾਸ ਦੀ ਅਗਵਾਈ ਹੇਠ ਸਾਂਝੀ ਸਰਕਾਰ ਕਾਇਮ ਕੀਤੀ ਜਾਵੇਗੀ।

ਅਲ-ਜਜ਼ੀਰਾ ਚੈਨਲ ਦੀ ਰਿਪੋਰਟ ਮੁਤਾਬਕ ਗਾਜ਼ਾ ਪੱਟੀ ਵਿਚ ਹਮਾਸ ਦੇ ਪ੍ਰਧਾਨ ਮੰਤਰੀ ਇਸਮਾਇਲ ਹਨੀਆ ਨੇ ਫ਼ਤਹਿ ਧੜੇ ਦੇ ਵਫ਼ਦ ਨੂੰ ਦੱਸਿਆ ਕਿ ਦੋਵੇਂ ਤਹਿਰੀਕਾਂ ਦਰਮਿਆਨ ਪਾੜੇ ਦੀ ਮੌਜੂਦਾ ਹਾਲਾਤ ਵਿਚ ਹੁਣ ਕੋਈ ਗੁੰਜਾਇਸ਼ ਨਹੀਂ ਹੈ। ਮੁਕਾਮੀ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਸੁਲ੍ਹਾ ਦਾ ਕਰਾਰ ਦੋਵੇਂ ਧੜਿਆਂ ਵੱਲੋਂ ਕਾਹਿਰਾ ਤੇ ਦੋਹਾ ਵਿਚ ਤੈਅ ਪਾਏ ਸਮਝੌਤਿਆਂ 'ਤੇ ਆਧਾਰਤ ਹੈ। ਦੋਵੇਂ ਧੜਿਆਂ ਦੇ ਪ੍ਰਮੁੱਖ ਆਗੂਆਂ ਦੀ ਬੀਤੇ ਦਿਨੀਂ ਕਾਹਿਰਾ ਵਿਚ ਮੁਲਾਕਾਤ ਹੋਈ ਸੀ ਤੇ ਮਿਸਰੀ ਮੀਡੀਆ ਮੁਤਾਬਕ ਹਮਾਸ ਆਗੂ ਸਮਝੌਤੇ ਦੀ ਇਕ ਮੁੱਖ ਸ਼ਰਤ ਲਈ ਸਹਿਮਤ ਹੋ ਗਏ ਸਨ।

ਇਸ ਸ਼ਰਤ ਮੁਤਾਬਕ ਵਿਧਾਨਕ ਅਥਾਰਿਟੀ



ਤੇ ਫ਼ਲਸਤੀਨੀ ਕੌਮੀ ਕੌਂਸਲ ਦੀਆਂ ਚੋਣਾਂ ਇਕੋ ਦਿਨ ਕਰਾਈਆਂ ਜਾਣ, ਪਰ ਸਮਝੌਤੇ ਦੀਆਂ ਬਾਕੀ ਸਾਰੀਆਂ ਮੱਦਾਂ, ਜਿਵੇਂ ਮੰਤਰਾਲਿਆਂ ਦੀ ਵੰਡ ਤੇ ਸੱਤਾ ਦੇ ਕੇਂਦਰ 'ਤੇ ਸਹਿਮਤੀ ਬਣ ਗਈ ਸੀ। ਸਮਝੌਤੇ ਦੀ ਇਕ ਹੋਰ ਅਹਿਮ ਸ਼ਰਤ ਇਹ ਹੈ ਕਿ ਫ਼ਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐਲ.ਓ) ਲਈ ਹਮਾਸ ਤੇ ਇਸਲਾਮਿਕ ਜਹਾਦ ਸਮੇਤ ਸਾਰੇ ਧੜਿਆਂ ਦੀ ਨੁਮਾਇੰਦਗੀ ਹੋਵੇਗੀ ਤੇ ਇਸ ਦੀ ਕਾਇਮ ਮੁਕਾਮ ਅਗਵਾਈ ਹਮਾਸ ਕਰੇਗਾ।

ਸਾਰੀਆਂ ਧਿਰਾਂ ਦੋ ਹਫ਼ਤਿਆਂ ਤੱਕ ਸਾਂਝੀ ਕੌਮੀ ਸਰਕਾਰ ਦੀ ਕਾਇਮੀ ਲਈ ਗੱਲਬਾਤ ਚਲਾਉਣ ਲਈ ਰਾਜ਼ੀ ਹੋ ਗਈਆਂ ਹਨ ਤੇ ਉਸ ਤੋਂ ਬਾਅਦ ਇਕਜੁੱਟ ਪੀ.ਐਲ.ਓ ਲੀਡਰਸ਼ਿਪ ਵਿਚ ਮੰਤਰਾਲਿਆਂ ਦੀ ਵੰਡ ਕੀਤੀ ਜਾਵੇਗੀ। ਇਸੇ ਦੌਰਾਨ ਇਸਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਆਸਟਰੀਆ ਦੇ ਵਿਦੇਸ਼ ਮੰਤਰੀ ਸਬੈਸਟੀਅਨ ਕੁਰਜ਼ ਨਾਲ ਮੁਲਾਕਾਤ ਤੋਂ ਬਾਅਦ ਚਿਤਾਵਨੀ ਦਿੱਤੀ ਹੈ ਕਿ ਮਹਿਮੂਦ ਅੱਬਾਸ ਨੂੰ ਇਸਰਾਇਲ ਜਾਂ ਹਮਾਸ ਵਿਚੋਂ ਇਕ ਦੀ ਚੋਣ ਕਰਨੀ ਪਵੇਗੀ, ਕਿਉਂਕਿ ਉਹ ਦੋਵਾਂ ਨਾਲ ਇਕ ਸਾਥ ਨਹੀਂ ਚੱਲ ਸਕਦੇ। ਅਮਰੀਕਾ ਦੇ ਯਤਨਾਂ ਨਾਲ ਇਸਰਾਇਲ ਤੇ ਅੱਬਾਸ ਦੀ ਅਗਵਾਈ ਵਾਲੀ ਫ਼ਲਸਤੀਨੀ ਅਥਾਰਿਟੀ ਦਰਮਿਆਨ ਗੱਲਬਾਤ ਚਲਾਈ ਜਾ ਰਹੀ ਸੀ, ਜਿਸ ਵਿਚ ਨੌਂ ਮਹੀਨਿਆਂ ਤੋਂ ਅੜਿੱਕਾ ਬਣਿਆ ਹੋਇਆ ਹੈ।

## ਹਮਾਸ ਤੇ ਫਤਹਿ ਦੋ ਦੇਸ਼ਾਂ ਦੀ ਹੋਂਦ 'ਤੇ ਇਕਮੱਤ

**ਯੋਰੋਸ਼ਲਮ:** ਫਲਸਤੀਨ ਦੇ ਦੋ ਵਿਰੋਧੀ ਧੜਿਆਂ ਹਮਾਸ ਤੇ ਫ਼ਤਹਿ ਵਿਚਾਲੇ ਹੋਏ ਇਤਿਹਾਸਕ ਸਮਝੌਤੇ ਵਿਚ 'ਇਸਰਾਈਲ ਦੀ ਹੋਂਦ ਨੂੰ ਮਾਨਤਾ' ਦਿੰਦੇ ਦੋ-ਦੇਸ਼ਾਂ 'ਤੇ ਆਧਾਰਤ ਹੱਲ ਦੀ ਦਿਸ਼ਾ ਵਿਚ ਕੰਮ ਕਰਨ ਦਾ ਫ਼ੈਸਲਾ ਵੀ ਲਿਆ ਗਿਆ ਹੈ। ਇਕ ਸੀਨੀਅਰ ਅਧਿਕਾਰੀ ਨੇ ਇਹ ਖੁਲਾਸਾ ਕੀਤਾ ਹੈ।

ਫ਼ਤਹਿ ਦੇ ਬਹੁਤ ਪ੍ਰਭਾਵਸ਼ਾਲੀ ਆਗੂ ਤੇ ਫ਼ਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐਲ.ਓ) ਦੇ ਸੀਨੀਅਰ ਅਧਿਕਾਰੀ ਜਿਬਰਿਲ ਰਾਜੂਬ ਨੇ ਆਰਮੀ ਰੇਡੀਓ ਨੂੰ ਦੱਸਿਆ ਕਿ ਸਮਝੌਤੇ ਮੁਤਾਬਕ ਇਸਲਾਮਿਕ ਹਮਾਸ, ਰਾਸ਼ਟਰਪਤੀ ਮਹਿਮੂਦ ਅੱਬਾਸ ਦੀਆਂ ਨੀਤੀਆਂ ਨੂੰ ਲਾਗੂ ਕਰੇਗਾ ਤੇ ਫ਼ਲਸਤੀਨੀ ਅਥਾਰਟੀ (ਪੀ.ਏ) ਦੀ ਲੀਡਰਸ਼ਿਪ ਦੋ ਦੇਸ਼ਾਂ 'ਤੇ ਆਧਾਰਤ ਹੱਲ ਲਈ ਲਗਾਤਾਰ ਕੰਮ ਕਰੇਗੀ। ਹਮਾਸ ਦਾ ਚਾਰਟਰ, ਇਸਰਾਈਲ ਤੇ ਪੱਛਮੀ ਦੇਸ਼ਾਂ ਦੇ ਨਾਸ਼ ਦਾ ਅਹਿਦ ਕਰਦਾ ਹੈ, ਜਿਸ ਕਾਰਨ ਇਸ ਨੂੰ ਯਹੂਦੀ ਸਟੇਟ ਵਜੋਂ ਜਾਣਿਆ ਜਾਂਦਾ ਹੈ ਤੇ ਇਸ ਧੜੇ ਨਾਲ ਗੱਲਬਾਤ ਲਈ ਇਹ ਇਸ ਦੀ ਪਹਿਲੀ ਸ਼ਰਤ ਰਹੀ ਹੈ।

ਰਾਜੂਬ ਮੁਤਾਬਕ ਫ਼ਤਹਿ ਉਦੋਂ ਤੱਕ ਸਹਿਮਤੀ ਦੇ ਸਮਝੌਤੇ 'ਤੇ ਦਸਤਖ਼ਤਾਂ ਲਈ ਤਿਆਰ ਨਹੀਂ ਸਨ, ਜਦੋਂ ਤੱਕ ਸਾਰੇ ਧੜਿਆਂ ਨੂੰ ਇਹ ਸਪਸ਼ਟ ਨਾ ਹੋ ਜਾਵੇ ਕਿ ਇਸ ਤਹਿਤ ਇਸ ਮੁਲਕ ਦੇ ਦੋ ਦੇਸ਼ ਬਣ ਜਾਣਗੇ ਤੇ ਇਸੇ ਦਿਸ਼ਾ ਵਿਚ ਕੰਮ ਕੀਤਾ ਜਾ ਰਿਹਾ ਹੈ। ਨਾਲ ਹੀ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸਰਾਈਲ ਤੇ ਫ਼ਲਸਤੀਨ ਵਿਚ ਅਮਨ ਹਾਲੇ ਵੀ ਸੰਭਵ ਹੈ।


ਪੀ.ਐਲ.ਓ ਦੇ ਰਾਜੂਬ ਨੇ ਆਸ ਪ੍ਰਗਟਾਈ ਕਿ ਇਸਰਾਈਲ ਹਾਲੇ ਵੀ ਅੱਬਾਸ ਨੂੰ ਅਮਨ ਗੱਲਬਾਤ ਜਾਰੀ ਰੱਖਣ ਦੀ ਪ੍ਰਵਾਨਗੀ ਦੇਵੇਗਾ, ਇਹ ਹੱਲ ਦੋ ਤਰ੍ਹਾਂ ਦੇ ਲੋਕਾਂ ਦੋ ਦੇਸ਼ਾਂ ਦੇ ਸਿਧਾਂਤ 'ਤੇ ਆਧਾਰਤ ਹੈ। ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਉਨ੍ਹਾਂ ਦੇ ਦੋ ਧੜਿਆਂ ਵਿਚ ਹੋਇਆ ਸਮਝੌਤਾ ਫਲਸਤੀਨ ਦਾ ਅੰਦਰੂਨੀ ਮਾਮਲਾ ਹੈ। ਉਹ ਗੱਲਬਾਤ ਦੇ ਖ਼ਤਮ ਹੋਣ ਦੇ ਹੱਕ ਵਿਚ ਨਹੀਂ ਹਨ। ਇਸ ਤੋਂ ਇਕ ਦਿਨ ਪਹਿਲਾਂ ਪੀ.ਐਲ.ਓ ਦਾ ਇਕ ਸੀਨੀਅਰ ਆਗੂਆਂ ਦਾ ਵਫ਼ਦ ਹਮਾਸ ਆਗੂਆਂ ਨਾਲ ਗੱਲਬਾਤ ਕਰਨ ਲਈ ਗਾਜ਼ਾ ਪੱਟੀ ਪੁੱਜਿਆ ਸੀ ਤਾਂ ਕਿ ਹਮਾਸ-ਫ਼ਤਹਿ ਵਿਵਾਦ ਨਿਬੇੜ ਕੇ ਕੌਮੀ ਸਹਿਮਤੀ ਬਣਾਈ ਜਾ ਸਕੇ।

# ਨਸਲਵਾਦ ਉਭਾਰਨ ਵਾਲੇ ਪੋਸਟਰ ਤੋਂ ਸਿੱਖ ਭਾਈਚਾਰਾ ਖਫਾ

**ਟੋਰਾਂਟੋ:** ਇਥੇ ਪਰਵਾਸੀਆਂ ਖ਼ਿਲਾਫ਼ ਨਸਲਵਾਦੀ ਪੋਸਟਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਤੋਂ ਆਮ ਲੋਕ ਤੇ ਸਿੱਖ ਭਾਈਚਾਰਾ ਕਾਫੀ ਪਰੇਸ਼ਾਨ ਹੈ। ਕੈਨੇਡਾ ਇਮੀਗਰੇਸ਼ਨ ਵਾਚ ਨਾਮੀ ਸੰਸਥਾ ਵੱਲੋਂ ਜਾਰੀ ਪੋਸਟਰ ਵਿਚ 'ਬਰੈਂਪਟਨ ਦੇ ਬਦਲਦੇ ਚਿਹਰੇ' ਤਹਿਤ ਦੋ ਤਸਵੀਰਾਂ ਛਾਪੀਆਂ ਗਈਆਂ ਹਨ। ਇਕ ਵਿਚ ਤਕਰੀਬਨ ਗੋਰੇ ਲੋਕ ਤੇ ਦੂਜੀ ਵਿਚ ਸਿੱਖ ਦਿਖਾਏ ਗਏ ਹਨ।

ਇਹ ਪੋਸਟਰ ਉਸ ਸਮੇਂ ਆਇਆ ਹੈ ਜਦੋਂ ਬਰੈਂਪਟਨ ਸ਼ਹਿਰ ਸਿੱਖ ਵਿਰਾਸਤ ਮਹੀਨਾ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਪੋਸਟਰ ਵਿਚ ਦਹਾਕਾ ਪਹਿਲਾਂ ਦੀ ਮਰਦਮ ਸ਼ੁਮਾਰੀ ਦਾ ਹਵਾਲਾ ਦਿੰਦਿਆਂ ਲਿਖਿਆ ਹੋਇਆ ਹੈ ਕਿ 2001 ਵਿਚ ਬਰੈਂਪਟਨ ਵਿਚ ਮੁੱਖ ਧਾਰਾ (ਗੋਰੇ) ਕੁੱਲ ਆਬਾਦੀ ਦਾ 59.6 ਫ਼ੀਸਦੀ ਹੁੰਦੇ ਸਨ। 2011 ਵਿਚ ਇਹ ਦਰ ਘਟ ਕੇ 32.9 ਫ਼ੀਸਦੀ ਰਹਿ ਗਈ ਹੈ। ਅਗਲੇ 5, 20 ਜਾਂ 15 ਸਾਲਾਂ ਬਾਅਦ ਕੀ ਹੋਵੇਗਾ? ਕੀ ਤੁਸੀਂ ਇਹੀ ਚਾਹੁੰਦੇ ਹੋ?

ਇਹ ਤਾਂ ਪਤਾ ਨਹੀਂ ਲੱਗ ਸਕਿਆ ਕਿ ਇਹ ਇਸ਼ਤਿਹਾਰ ਕਿਵੇਂ ਤੇ ਕਦੋਂ ਵੰਡਿਆ ਗਿਆ





ਪਰ ਇਸ ਨੇ ਸਿਆਸੀ ਤੇ ਜਨਤਕ ਤੌਰ 'ਤੇ ਵਿਵਾਦ ਤੇ ਚਰਚਾ ਛੇੜ ਦਿੱਤੀ ਹੈ। ਇਸ ਪੋਸਟਰ ਨੂੰ ਫੇਸਬੁੱਕ ਤੇ ਟਵਿੱਟਰ 'ਤੇ ਵੀ ਪੋਸਟ ਕੀਤਾ ਗਿਆ ਹੈ ਤੇ ਇਸ ਬਾਰੇ ਬਹੁਤ ਪ੍ਰਤੀਕਰਮ ਆ ਰਹੇ ਹਨ। ਬਰੈਂਪਟਨ ਦੇ ਕੌਂਸਲਰ ਵਿੱਕੀ ਢਿੱਲੋਂ ਨੇ ਇਸ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਬਰੈਂਪਟਨ ਸ਼ਹਿਰ ਵਿਚ ਗੋਰੇ, ਕਾਲੇ ਤੇ ਹੋਰ ਮੁਲਕਾਂ ਦੇ ਵੱਖ-ਵੱਖ ਨਸਲਾਂ ਦੇ ਲੋਕ ਵਸਦੇ ਹਨ ਤੇ ਇਸ ਰੰਗ-ਬਰੰਗੀ ਫੁਲਵਾੜੀ ਵਿਚ ਅਜਿਹੀ ਹਰਕਤ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਨਵੇਂ ਪਰਵਾਸੀਆਂ ਦੇ ਵਸੇਬੇ ਲਈ ਕੰਮ ਕਰਦੀ 'ਪੀਲ ਮਲਟੀ ਕਲਚਰਲ ਕੌਂਸਲ' ਦੇ ਪ੍ਰਧਾਨ ਰਾਜ ਝੱਜ ਦਾ ਕਹਿਣਾ ਹੈ ਕਿ ਇਸ ਨੂੰ ਬਹੁਤੀ ਤੂਲ ਦੇਣ ਦੀ ਬਜਾਏ ਲੋਕਾਂ ਨੂੰ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣਾ ਚਾਹੀਦਾ ਹੈ। ਉਕਤ ਸੰਸਥਾ ਨੇ ਕਿਹਾ ਹੈ ਕਿ ਇਹ 'ਨਸਲੀ' ਨਹੀਂ ਉਹ ਤਾਂ ਮੁਲਕ ਦੀ ਆਵਾਸ ਨੀਤੀ ਖ਼ਿਲਾਫ਼ ਹਨ।

ਕੈਨੇਡਾ ਹਰ ਸਾਲ 250,000 ਆਵਾਸੀ ਪ੍ਰਵਾਨ ਕਰਦਾ ਹੈ ਪਰ ਕਿਤੇ ਸੱਭਿਆਚਾਰਕ ਹੱਦ ਵੀ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਵੀ 2012 ਵਿਚ ਇਕ ਵਾਰ ਯੂ ਟਿਊਬ 'ਤੇ ਇਕ ਗੋਰੀ ਕੁੜੀ ਨੇ ਸਿੱਖ-ਵਿਰੋਧੀ ਨਸਲੀ ਟਿੱਪਣੀਆਂ ਕੀਤੀਆਂ ਸਨ। ਸਥਾਨਕ ਫੋਰਮ ਰਿਸਰਚ ਪੋਲ ਨੇ ਪਿਛਲੇ ਸਾਲ ਖ਼ੁਲਾਸਾ ਕੀਤਾ ਸੀ ਕਿ ਮਿਸੀਸਾਗਾ ਬਰੈਂਪਟਨ ਦੇ ਇਲਾਕੇ ਵਿਚ ਰਹਿੰਦੇ ਘੱਟ ਗਿਣਤੀ ਲੋਕਾਂ ਵਿਚੋਂ 59% ਲੋਕ ਆਪਣੇ ਭਾਈਚਾਰੇ 'ਚ ਨਸਲਵਾਦ ਦਾ ਸ਼ਿਕਾਰ ਹੋਏ ਹਨ।

# ਡਾ. ਮਨਮੋਹਨ ਸਿੰਘ ਤੱਕ ਸੰਮਨ ਪਹੁੰਚਾਉਣ ਦੀ ਹਦਾਇਤ

**ਵਾਸ਼ਿੰਗਟਨ:** ਇਕ ਅਮਰੀਕੀ ਅਦਾਲਤ ਨੇ ਮਾਨਵੀ ਹੱਕਾਂ ਲਈ ਸਰਗਰਮ ਸਿੱਖ ਜਥੇਬੰਦੀ ਨੂੰ ਕਿਹਾ ਹੈ ਜੇਕਰ ਉਸ ਨੇ 18 ਜੂਨ ਤੱਕ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੱਕ ਸੰਮਨ ਪੁੱਜਦੇ ਨਾ ਕੀਤੇ ਤਾਂ ਮਾਨਵੀ ਹੱਕਾਂ ਦੀ ਉਲੰਘਣਾ ਕਰਨ ਦਾ ਕੇਸ ਖਾਰਜ ਕਰ ਦਿੱਤਾ ਜਾਵੇਗਾ। ਇਹ ਸੰਮਨ ਵਾਸ਼ਿੰਗਟਨ ਡੀ.ਸੀ ਦੇ ਇਕ ਸੰਘੀ ਜੱਜ ਨੇ ਪਿਛਲੇ ਸਾਲ ਭਾਰਤ ਦੇ ਪ੍ਰਧਾਨ ਮੰਤਰੀ ਵਿਰੁੱਧ ਜਾਰੀ ਕੀਤੇ ਸਨ।




ਇਹ ਸੰਮਨ 1990ਵਿਆਂ ਵਿਚ ਪੰਜਾਬ ਸੂਬੇ ਵਿਚ ਖਾੜਕੂਆਂ ਵਿਰੁੱਧ ਚਲਾਏ ਗਏ ਕਈ ਅਪਰੇਸ਼ਨਾਂ ਲਈ ਧਨ ਦੇਣ ਬਾਰੇ ਹਨ ਜਿਸ ਕਾਰਨ ਸੂਬੇ ਵਿਚ ਹਜ਼ਾਰਾਂ ਸਿੱਖਾਂ 'ਤੇ ਤਸ਼ੱਦਦ ਹੋਇਆ ਤੇ ਵੱਡੀ ਗਿਣਤੀ ਬੇਦੋਸ਼ੇ ਸੁਰੱਖਿਆ ਬਲਾਂ ਵੱਲੋਂ ਮਾਰੇ ਗਏ ਸਨ। ਇਹ ਕੇਸ ਨਿਊਯਾਰਕ ਦੀ ਸਿੱਖ ਫਾਰ ਜਸਟਿਸ (ਐਸ.ਐਫ.ਜੇ) ਨੇ ਦਾਇਰ ਕੀਤਾ ਸੀ। ਆਪਣੇ 18 ਅਪਰੈਲ ਦੇ ਹੁਕਮਾਂ ਵਿਚ ਜ਼ਿਲ੍ਹਾ ਜੱਜ ਜੇਮਜ਼ ਈ. ਬੋਸ਼ਬਰਗ ਨੇ ਕਿਹਾ ਕਿ ਫਰਿਆਦੀ ਧਿਰ ਨੂੰ 18 ਜੂਨ, 2014 ਤੱਕ ਜਾਂ ਇਸ ਤੋਂ ਪਹਿਲਾਂ-ਪਹਿਲਾਂ ਸੰਮਨ ਤਾਮੀਲ ਹੋਣ ਦਾ ਸਬੂਤ ਦੇਣਾ ਪਏਗਾ। ਅਜਿਹਾ ਨਾ ਹੋਣ ਦੀ ਸੂਰਤ ਵਿਚ ਅਦਾਲਤ ਦੇ ਹੁਕਮਾਂ ਮੁਤਾਬਕ ਮਨਮੋਹਨ ਸਿੰਘ ਖ਼ਿਲਾਫ਼ ਕੇਸ ਖਾਰਜ ਹੋ ਜਾਏਗਾ।

ਐਸ.ਐਫ.ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਅਮਰੀਕੀ ਅਦਾਲਤ ਦੇ ਸੰਮਨ ਹੁਣ ਬਦਲਵੇਂ ਪ੍ਰਬੰਧਾਂ ਰਾਹੀਂ ਤਾਮੀਲ ਕਰਵਾਏ ਜਾਣਗੇ। ਇਹ ਸੰਮਨ ਪ੍ਰਕਾਸ਼ਿਤ ਕਰਵਾਏ ਜਾਣਗੇ, ਈਮੇਲ ਤੇ ਸੋਸ਼ਲ ਮੀਡੀਆ ਰਾਹੀਂ ਪੁੱਜਦੇ ਕੀਤੇ ਜਾਣਗੇ ਜੋ ਵਾਸ਼ਿੰਗਟਨ ਡੀ.ਸੀ ਦੇ ਸੇਵਾ ਨਿਯਮਾਂ ਤਹਿਤ ਪ੍ਰਵਾਨ ਹੈ। ਸ੍ਰੀਲੰਕਾ ਦੇ ਰਾਸ਼ਟਰਪਤੀ ਮਹਿੰਦਾ ਰਾਜਾਪਕਸੇ ਵਿਰੁੱਧ ਮਾਨਵੀ ਹੱਕਾਂ ਦੀ ਉਲੰਘਣਾ ਦੇ ਕੇਸ ਵਿਚ ਸੰਮਨ ਪ੍ਰਕਾਸ਼ਿਤ ਕਰਵਾਏ ਗਏ ਸਨ।

# ਪ੍ਰੇਮਿਕਾ ਨੂੰ ਕੁੱਟਣ ਵਾਲੇ ਪਰਵਾਸੀ ਕਾਰੋਬਾਰੀ ਦਾ ਸਜ਼ਾ ਤੋਂ ਬਚਾਅ

**ਲਾਸ ਏਂਜਲਸ:** ਆਪਣੀ ਪ੍ਰੇਮਿਕਾ ਨੂੰ ਕੁੱਟਣ-ਮਾਰਨ ਦੇ ਦੋਸ਼ਾਂ ਵਿਚ ਘਿਰੇ ਭਾਰਤੀ ਮੂਲ ਦੇ ਕਾਰੋਬਾਰੀ ਗੁਰਬਖਸ਼ ਚਾਹਲ ਦਾ ਸਜ਼ਾ ਤੋਂ ਬਚਾਅ ਹੋ ਗਿਆ ਹੈ। ਇੰਟਰਨੈੱਟ 'ਤੇ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਵਿਚ ਚਾਹਲ ਨੇ ਨਾਮਣਾ ਕਮਾਇਆ ਸੀ। 'ਹਵਿੰਗਟਨ ਪੋਸਟ' ਅਖ਼ਬਾਰ ਦੀ ਰਿਪੋਰਟ ਮੁਤਾਬਕ 31 ਸਾਲਾ ਚਾਹਲ ਨੂੰ ਪਿਛਲੇ ਹਫਤੇ ਬਦਸਲੂਕੀ, ਘਰੇਲੂ, ਹਿੰਸਾ ਤੇ ਕੁੱਟਮਾਰ ਦੇ ਦੋਸ਼ਾਂ ਵਿਚ ਤਿੰਨ ਸਾਲਾਂ ਦੀ ਕੈਦ, 52 ਹਫਤੇ ਘਰੇਲੂ ਹਿੰਸਾ ਖਿਲਾਫ਼ ਸਿਖਲਾਈ ਪ੍ਰੋਗਰਾਮ ਤੇ 25 ਘੰਟੇ ਸਮਾਜ ਸੇਵਾ ਵਿਚ ਬਿਤਾਉਣ ਦੀ ਸਜ਼ਾ ਸੁਣਾਈ ਗਈ ਸੀ।



ਉਸ ਨੂੰ ਪਿਛਲੇ ਸਾਲ ਅਗਸਤ ਮਹੀਨੇ ਉਦੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਕਿਸੇ ਨੇ 911 ਨੰਬਰ ਉਪਰ ਫੋਨ ਕਰਕੇ ਸਾਂਫਰਾਂਸਿਸਕੋ ਸਥਿਤ ਚਾਹਲ ਦੇ ਫਲੈਟ ਵਿਚ ਘਰੇਲੂ ਹਿੰਸਾ ਦੀ ਸ਼ਿਕਾਇਤ ਕੀਤੀ ਸੀ। ਲੜਕੀ ਨੇ ਪੁਲਿਸ ਕੋਲ ਆਪਣੀ ਜਾਨ ਨੂੰ ਖਤਰਾ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਸੀ। ਘਰ ਦੀ ਸੁਰੱਖਿਆ ਲਈ ਲਾਈ ਗਈ ਫੁਟੇਜ ਤੋਂ ਚਾਹਲ 30 ਕੁ ਮਿੰਟਾਂ ਵਿਚ ਆਪਣੀ ਪ੍ਰੇਮਿਕਾ ਨੂੰ 117 ਵਾਰ ਕੁੱਟਮਾਰ ਕਰਦਿਆਂ ਦਿਖਾਇਆ ਗਿਆ ਹੈ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਸਤਗਾਸਾ ਦਾ ਕਹਿਣਾ ਸੀ ਕਿ ਚਾਹਲ ਨੂੰ ਆਪਣੀ ਪ੍ਰੇਮਿਕਾ 'ਤੇ ਇਸ ਗੱਲੋਂ ਗੁੱਸਾ ਆਇਆ ਸੀ ਕਿ ਉਸ ਨੇ ਲਾਸ ਵੇਗਾਸ ਦੀ ਪਿਛਲੀ ਫੇਰੀ ਦੌਰਾਨ ਉਸ ਨਾਲ ਬੇਵਫਾਈ ਕੀਤਾ ਸੀ। ਚਾਹਲ 10 ਲੱਖ ਡਾਲਰ ਦੀ ਜ਼ਮਾਨਤ 'ਤੇ ਰਿਹਾਅ ਹੋਇਆ ਸੀ ਤੇ ਉਸ ਨੇ ਸਾਬਕਾ ਫੈਡਰਰ ਇਸਤਗਾਸਾ ਜੇਮਜ਼ ਲੈਸਾਰਟ ਨੂੰ ਆਪਣਾ ਕੇਸ ਸੌਂਪਿਆ ਸੀ। ਉਸ ਦੀ ਪ੍ਰੇਮਿਕਾ ਨੇ ਬਾਅਦ ਵਿਚ ਤਫਤੀਸ਼ਕਾਰਾਂ ਨਾਲ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਉਸ ਨੇ ਅਦਾਲਤ ਵਿਚ ਚਾਹਲ ਖਿਲਾਫ਼ ਗਵਾਹੀ ਵੀ ਨਹੀਂ ਦਿੱਤੀ ਸੀ।

ਇਸਤਗਾਸਾ ਕੇਸ ਨੂੰ ਉਦੋਂ ਵੱਡਾ ਧੱਕਾ ਲੱਗਾ ਸੀ ਜਦੋਂ ਸਾਂ ਫਰਾਂਸਿਸਕੋ ਦੀ ਸੁਪੀਰੀਅਰ ਕੋਰਟ ਦੇ ਜੱਜ ਬ੍ਰੈਂਡਸ ਕੌਨਰਾਏ ਨੇ ਫੈਸਲਾ ਦਿੱਤਾ ਸੀ ਕਿ ਸੂਹੀਆ ਵੀਡੀਓ ਨੂੰ ਸਬੂਤ ਦੇ ਤੌਰ 'ਤੇ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਚਾਹਲ ਦੇ ਘਰੋਂ ਗੈਰ-ਕਾਨੂੰਨੀ ਢੰਗ ਨਾਲ ਲਿਆ ਗਿਆ ਸੀ। ਇਸ 'ਤੇ ਇਸਤਗਾਸਾ ਦੀ ਦਲੀਲ ਸੀ ਕਿ ਜੇਕਰ ਪੁਲਿਸ ਵਾਰੰਟ ਲੈਣ ਦੀ ਕੋਸ਼ਿਸ਼ ਕਰਦੀ ਤਾਂ ਵੀਡੀਓ ਨਸ਼ਟ ਕੀਤਾ ਜਾ ਸਕਦਾ ਸੀ। 31 ਸਾਲਾ ਗੁਰਬਖਸ਼ ਚਾਹਲ ਸਿਲੀਕੋਨ ਵੈਲੀ ਦੀ ਕੰਪਨੀ ਰੇਡੀਅਮਵੰਨ ਦਾ ਮੁੱਖ ਕਾਰਜਕਾਰੀ ਅਫਸਰ ਹੈ। ਇਹ ਕੰਪਨੀ ਵੈਬੋ, ਮੋਬਾਈਲ ਤੇ ਫੇਸਬੁੱਕ ਉਪਰ ਨਾਲੋਂ-ਨਾਲ ਇਸ਼ਤਿਹਾਰਬਾਜ਼ੀ ਚਲਾਉਂਦੀ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪੈਸੇ ਦੇ ਜ਼ੋਰ ਚੋਣ ਪ੍ਰਚਾਰ

***1998 ਵਿਚ ਵੀ ਕਾਰਪੋਰੇਟ ਨੇ ਅਟਲ ਬਿਹਾਰੀ ਵਾਜਪਾਈ ਨੂੰ 'ਭਾਰਤ ਵੱਲੋਂ ਉਡੀਕਿਆ ਜਾ ਰਿਹਾ ਇਨਸਾਨ' ਕਰਾਰ ਦੇ ਕੇ ਭਾਜਪਾ ਨੂੰ ਵੱਡੀ ਪੱਧਰ 'ਤੇ ਫੰਡ ਦਿੱਤੇ ਸਨ ਪਰ ਅਥਾਹ ਧਨ ਕਾਰਨ ਅਤੇ ਕੱਟੜਵਾਦੀ ਪੁੱਠ ਵਾਲੀ ਧੱਕੜਸ਼ਾਹੀ ਕਾਰਨ ਚੋਣ ਮੈਦਾਨ ਜਿੰਨਾ ਮੌਜੂਦਾ ਸਮੇਂ ਇਕਪਾਸੜ ਹੈ, ਉਨਾ ਕਦੇ ਵੀ ਨਹੀਂ ਰਿਹਾ। ਚੋਣ ਪ੍ਰਚਾਰ 'ਤੇ ਕੀਤੇ ਜਾ ਰਹੇ ਖਰਚ ਰਾਹੀਂ ਭਾਜਪਾ ਲੋਕਤੰਤਰੀ ਸਿਆਸਤ ਵਿਚਲੇ ਇਕ ਨਵੇਂ ਵਿਗਾੜ ਦੀ ਨੁਮਾਇੰਦਗੀ ਕਰ ਰਹੀ ਹੈ ਜਿਸ ਨੇ ਮੁਕਾਬਲੇਬਾਜ਼ੀ ਨੂੰ ਪੂਰੀ ਤਰ੍ਹਾਂ ਨਿਚੋੜ ਦਿੱਤਾ ਹੈ। ਚੋਣ ਕਮਿਸ਼ਨ ਲਈ ਇਹ ਪਰਖ ਦੀ ਘੜੀ ਹੈ।... ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨਾਮਕ ਸੰਸਥਾ ਅਨੁਸਾਰ ਪਾਰਟੀਆਂ ਨੂੰ ਮਿਲਣ ਵਾਲੇ ਚੰਦੇ ਦਾ ਤਿੰਨ-ਚੌਥਾਈ ਹਿੱਸਾ ਗੁੱਝੇ ਸਰੋਤਾਂ ਤੋਂ ਹਾਸਲ ਹੁੰਦਾ ਹੈ। ਸਾਡੇ ਇਥੇ 20 ਹਜ਼ਾਰ ਤੋਂ ਉੱਪਰ ਦੇ ਚੰਦੇ ਨੂੰ ਹੀ ਜ਼ਾਹਰ ਕੀਤਾ ਜਾਂਦਾ ਹੈ। ਸਿਰਫ ਕੁਝ ਕੁ ਜਮਹੂਰੀ ਦੇਸ਼ ਹੀ ਅਜਿਹਾ ਕਰਨ ਦੀ ਖੁੱਲ੍ਹ ਦਿੰਦੇ ਹਨ ਜਿਨ੍ਹਾਂ ਵਿਚ ਭਾਰਤ ਵੀ ਹੈ। ਦਿੱਲੀ ਵਿਚਲੇ 'ਸੈਂਟਰ ਫਾਰ ਮੀਡੀਆ ਸਟੱਡੀਜ਼' ਦੇ ਅੰਦਾਜ਼ੇ ਮੁਤਾਬਿਕ ਇਸ ਵਾਰ ਦੀਆਂ ਚੋਣਾਂ 'ਤੇ 30 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਵੱਡਾ ਹਿੱਸਾ ਪਾਰਟੀਆਂ ਵੱਲੋਂ ਹੀ ਖਰਚ ਕੀਤਾ ਜਾ ਰਿਹਾ ਹੈ। 2009 ਦੇ ਮੁਕਾਬਲੇ ਇਹ ਰਕਮ ਤਿੰਨ ਗੁਣਾਂ ਵੱਧ ਹੈ।***

ਭਾਰਤੀ ਸਿਆਸੀ ਪਾਰਟੀਆਂ ਦੇ ਚੋਣ ਪ੍ਰਚਾਰ ਦਾ ਬਜਟ 8 ਤੋਂ 10 ਹਜ਼ਾਰ ਕਰੋੜ ਰੁਪਏ ਹੈ। ਵੱਡੇ ਵਪਾਰਕ ਘਰਾਣਿਆਂ ਦੀ ਚਹੇਤੀ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਚੋਣ ਪ੍ਰਚਾਰ ਬਜਟ 5 ਹਜ਼ਾਰ ਕਰੋੜ ਰੁਪਏ ਹੈ। ਇਹ ਕਾਂਗਰਸ ਦੇ ਬਜਟ ਤੋਂ ਸੰਭਵ ਤੌਰ 'ਤੇ 4 ਗੁਣਾ ਵੱਧ ਹੈ। ਦੋ ਹਫ਼ਤੇ ਪਹਿਲਾਂ ਸਾਰੇ ਸੂਝਵਾਨ ਭਾਰਤੀਆਂ ਵੱਲੋਂ ਚੋਣ ਕਮਿਸ਼ਨ ਦੀ ਇਸ ਗੱਲ ਲਈ ਬਹੁਤ ਸ਼ਲਾਘਾ ਕੀਤੀ ਗਈ ਸੀ ਕਿ ਉਸ ਨੇ ਭਾਰਤੀ ਜਨਤਾ ਪਾਰਟੀ ਦੇ ਉੱਤਰ ਪ੍ਰਦੇਸ਼ ਦੇ ਚੋਣ ਮੁਹਿੰਮ ਇੰਚਾਰਜ ਅਮਿਤ ਸ਼ਾਹ ਅਤੇ ਸਮਾਜਵਾਦੀ ਪਾਰਟੀ ਦੇ ਆਜ਼ਮ ਖਾਨ ਵੱਲੋਂ ਚੋਣ ਪ੍ਰਚਾਰ ਕੀਤੇ ਜਾਣ 'ਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਦੋਵਾਂ ਨੇ ਹੀ ਦੂਜੇ ਭਾਈਚਾਰੇ ਖਿਲਾਫ਼ ਭੜਕਾਊ ਬਿਆਨ ਦਿੱਤੇ ਸਨ। ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਉਤਸ਼ਾਹਤ ਕਰਨ ਅਤੇ ਫ਼ਿਰਕੂ ਪ੍ਰਚਾਰ ਨੂੰ ਰੋਕਣ ਸਬੰਧੀ ਇਸ ਨੂੰ ਨਿਆਂਸੰਗਤ, ਨਿਰਪੱਖ ਅਤੇ ਮਿਸਾਲੀ ਕਦਮ ਵਜੋਂ ਵੇਖਿਆ ਗਿਆ, ਪਰ ਛੇ ਦਿਨ ਬਾਅਦ ਚੋਣ ਕਮਿਸ਼ਨ ਵੱਲੋਂ ਅਮਿਤ ਸ਼ਾਹ ਤੋਂ ਪਾਬੰਦੀ ਹਟਾ ਲਈ ਗਈ, ਕਿਉਂਕਿ ਅਮਿਤ ਸ਼ਾਹ ਦਾ ਦਾਅਵਾ ਸੀ ਕਿ ਉਨ੍ਹਾਂ ਦੇ ਬਿਆਨ ਦਾ ਮਕਸਦ 'ਚੋਣ ਜ਼ਾਬਤੇ



**ਪ੍ਰਫੁੱਲ ਬਿਦਵਈ**

ਦੀ ਉਲੰਘਣਾ' ਕਰਨਾ ਨਹੀਂ ਸੀ। ਨਾਲ ਹੀ ਉਨ੍ਹਾਂ ਨੇ ਭਵਿੱਖ ਵਿਚ ਅਜਿਹੀ ਮੰਦੀ ਭਾਸ਼ਾ ਨਾ ਵਰਤਣ ਦਾ ਅਸਪਸ਼ਟ ਵਾਅਦਾ ਵੀ ਕੀਤਾ। ਉਨ੍ਹਾਂ ਨੇ ਆਪਣੇ ਉਕਤ ਬਿਆਨ ਵਿਚ ਮੁਜ਼ੱਫਰਨਗਰ ਦੰਗਿਆਂ ਸਮੇਂ ਹੋਏ ਹਿੰਦੂਆਂ ਦੇ 'ਕਾਲਪਨਿਕ' ਅਪਮਾਨ ਦਾ ਮੁਸਲਮਾਨਾਂ ਤੋਂ ਬਦਲਾ ਲੈਣ ਦਾ ਸੱਦਾ ਦਿੱਤਾ ਸੀ। ਕਾਲਪਨਿਕ ਇਸ ਲਈ, ਕਿਉਂਕਿ ਦੰਗਿਆਂ ਦੇ ਪੀੜਤ ਬਹੁਤਾ ਕਰ ਕੇ ਮੁਸਲਮਾਨ ਹੀ ਸਨ। ਚੋਣ ਕਮਿਸ਼ਨ ਵੱਲੋਂ ਆਜ਼ਮ ਖਾਨ ਤੋਂ ਪਾਬੰਦੀ ਨਹੀਂ ਹਟਾਈ ਗਈ, ਕਿਉਂਕਿ ਉਨ੍ਹਾਂ ਨੇ ਕਿਸੇ ਤਰ੍ਹਾਂ ਦੇ ਬਿਹਤਰ ਵਿਹਾਰ ਦਾ ਭਰੋਸਾ ਨਹੀਂ ਦਿੱਤਾ। ਉਂਝ ਆਜ਼ਮ ਖਾਨ ਦਾ ਬਿਆਨ ਕਿਸੇ ਹੱਦ ਤੱਕ ਸ਼ਾਹ ਦੇ ਬਿਆਨ ਦਾ ਪ੍ਰਤੀਕਰਮ ਹੀ ਸੀ। ਅਮਿਤ ਸ਼ਾਹ ਤੋਂ ਪਾਬੰਦੀ ਹਟਾਏ ਜਾਣ ਦਾ ਇਕ ਸੰਦੇਸ਼ ਇਹ ਵੀ ਗਿਆ ਕਿ ਪਾਖੰਡ ਭਰਿਆ ਰੁਖ਼ ਅਪਣਾਉਣ ਦਾ ਲਾਹਾ ਮਿਲਦਾ ਹੈ।

ਅਮਿਤ ਸ਼ਾਹ ਨੇ ਭਾਵੇਂ ਆਪਣੇ ਇਰਾਦੇ ਗ਼ਲਤ ਨਾ ਹੋਣ ਦਾ ਦਾਅਵਾ ਕਰ ਕੇ ਭਾਜਪਾ ਨੂੰ ਹੋਣ ਵਾਲਾ ਨੁਕਸਾਨ ਤਾਂ ਕਿਸੇ ਹੱਦ ਤੱਕ ਰੋਕ ਲਿਆ ਹੋਵੇ, ਪਰ ਚੁਣਾਵੀ ਲਾਹੇ ਲਈ ਫ਼ਿਰਕਾਪ੍ਰਸਤੀ ਦੀ ਵਰਤੋਂ ਕਰ ਕੇ ਉਨ੍ਹਾਂ ਦੇਸ਼ ਦਾ ਵੱਡਾ ਨੁਕਸਾਨ ਕੀਤਾ ਹੈ। ਇਸ ਤੋਂ ਕੁਝ ਦਿਨ ਬਾਅਦ ਬਿਹਾਰ ਦੇ ਨਵਾਡਾ ਤੋਂ ਭਾਜਪਾ ਦੇ ਉਮੀਦਵਾਰ ਗਿਰੀਰਾਜ ਸਿੰਘ ਨੇ ਇਕ ਹੋਰ ਭੜਕਾਊ ਬਿਆਨ ਦਿੰਦਿਆਂ ਮੋਦੀ ਵਿਰੋਧੀਆਂ ਨੂੰ ਪਾਕਿਸਤਾਨ ਦੇ ਏਜੰਟ ਗਰਦਾਨ ਦਿੱਤਾ। ਗਿਰੀਰਾਜ ਸਿੰਘ ਵੱਲੋਂ ਆਪਣੇ ਬਿਆਨ ਤੋਂ ਪਿੱਛੇ ਹਟਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ। ਇਸੇ ਲੜੀ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਪ੍ਰਵੀਨ ਤੋਗੜੀਆ ਨੇ ਭਾਵਨਗਰ ਵਿਚ ਫ਼ਿਰਕਾਪ੍ਰਸਤੀ ਦਾ ਜ਼ਹਿਰ ਫੈਲਾਇਆ। ਇਹ ਬੇਚੈਨੀ ਦੇ ਹੀ ਸੰਕੇਤ ਹਨ ਕਿ ਭਾਜਪਾ ਦੇ ਆਗੂਆਂ ਵੱਲੋਂ ਚੋਣਾਂ ਦੇ ਅੱਧ ਵਿਚਕਾਰ ਲੋਕਾਂ ਦਾ ਹਿੰਦੂ-ਮੁਸਲਿਮ ਲੀਹਾਂ 'ਤੇ ਧਰੁਵੀਕਰਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਜੇ ਅਜਿਹੇ ਬਿਆਨਾਂ ਨਾਲ ਮਾਹੌਲ ਨੂੰ ਦੂਸ਼ਿਤ ਕਰਨ ਤੋਂ ਬਾਅਦ ਫੋਕੀ ਜਿਹੀ ਮੁਆਫ਼ੀ ਮੰਗ ਲੈਣ ਦੇ ਸਿਲਸਿਲੇ ਨੂੰ ਚੋਣ ਕਮਿਸ਼ਨ ਜਾਰੀ ਰਹਿਣ ਦਿੰਦਾ ਹੈ ਤਾਂ ਇਹ ਆਪਣੀ ਡਿਊਟੀ ਨਿਭਾਉਣ ਵਿਚ ਅਸਫ਼ਲ ਹੀ ਰਹਿ ਰਿਹਾ ਹੋਵੇਗਾ। ਇਸੇ ਤਰ੍ਹਾਂ ਇਹ ਗੱਲ ਵੀ ਉਨੀ ਹੀ ਗ਼ਲਤ ਹੈ ਕਿ ਚੋਣ ਕਮਿਸ਼ਨ ਵੱਲੋਂ ਆਪਣੇ ਉਨ੍ਹਾਂ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ, ਜਿਨ੍ਹਾਂ ਤਹਿਤ ਇਸ ਵੱਲੋਂ ਲੋਕ ਸਭਾ ਦੇ ਹਰ ਉਮੀਦਵਾਰ ਲਈ ਵੱਧ ਤੋਂ ਵੱਧ 70 ਲੱਖ ਰੁਪਏ



ਖਰਚ ਕਰ ਸਕਣ ਦੀ ਹੱਦ ਨਿਰਧਾਰਿਤ ਕੀਤੀ ਗਈ ਸੀ। ਖਰਚਾ ਹੱਦ ਦੇ ਨਿਯਮਾਂ ਦੀ ਘੋਰ ਉਲੰਘਣਾ ਹੋ ਰਹੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਖਰਚੇ ਦੀ ਹੱਦ ਉਮੀਦਵਾਰਾਂ ਲਈ ਮਿਥੀ ਜਾਣੀ ਹੀ ਗ਼ਲਤ ਹੈ। ਇਹ ਹੱਦ ਪਾਰਟੀਆਂ ਲਈ ਮਿਥੀ ਜਾਣੀ ਚਾਹੀਦੀ ਹੈ ਜੋ ਸਾਡੇ ਚੋਣਾਵੀ ਪ੍ਰਬੰਧ ਵਿਚ ਅਹਿਮ ਖਿਡਾਰੀ ਹਨ। ਪਾਰਟੀਆਂ ਹੈਲੀਕਾਪਟਰ-ਹਵਾਈ ਜਹਾਜ਼ ਕਿਰਾਏ 'ਤੇ ਲੈਣ, ਵੱਡੀਆਂ-ਵੱਡੀਆਂ ਰੈਲੀਆਂ ਦਾ ਪ੍ਰਬੰਧ ਕਰਨ, ਚੋਣ ਪ੍ਰਚਾਰ ਦੀ ਸਮੱਗਰੀ ਜੁਟਾਉਣ ਅਤੇ ਇਸ਼ਤਿਹਾਰਬਾਜ਼ੀ ਉਤੇ ਅਥਾਹ ਰਕਮ ਖਰਚ ਕਰਦੀਆਂ ਹਨ। ਉਨ੍ਹਾਂ ਵੱਲੋਂ ਆਪਣੇ ਇਸ ਖਰਚ ਦਾ ਥੋੜ੍ਹਾ ਜਿਹਾ ਹਿੱਸਾ ਹੀ ਜ਼ਾਹਰ ਕੀਤਾ ਜਾਂਦਾ ਹੈ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨਾਮਕ ਸੰਸਥਾ ਅਨੁਸਾਰ ਪਾਰਟੀਆਂ ਨੂੰ ਮਿਲਣ ਵਾਲੇ ਚੰਦੇ ਦਾ ਤਿੰਨ-ਚੌਥਾਈ ਹਿੱਸਾ ਗੁੱਝੇ ਸਰੋਤਾਂ ਤੋਂ ਹਾਸਲ ਹੁੰਦਾ ਹੈ। ਸਾਡੇ ਇਥੇ 20 ਹਜ਼ਾਰ ਤੋਂ ਉੱਪਰ ਦੇ ਚੰਦੇ ਨੂੰ ਹੀ ਜ਼ਾਹਰ ਕੀਤਾ ਜਾਂਦਾ ਹੈ। ਸਿਰਫ ਕੁਝ ਕੁ ਜਮਹੂਰੀ ਦੇਸ਼ ਹੀ ਅਜਿਹਾ ਕਰਨ ਦੀ ਖੁੱਲ੍ਹ ਦਿੰਦੇ ਹਨ ਜਿਨ੍ਹਾਂ ਵਿਚ ਭਾਰਤ ਵੀ ਹੈ।

ਦਿੱਲੀ ਵਿਚਲੇ 'ਸੈਂਟਰ ਫਾਰ ਮੀਡੀਆ ਸਟੱਡੀਜ਼' ਦੇ ਅੰਦਾਜ਼ੇ ਮੁਤਾਬਿਕ ਇਸ ਵਾਰ ਦੀਆਂ ਚੋਣਾਂ 'ਤੇ 30 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਵੱਡਾ ਹਿੱਸਾ ਪਾਰਟੀਆਂ ਵੱਲੋਂ ਹੀ ਖਰਚ ਕੀਤਾ ਜਾ ਰਿਹਾ ਹੈ। 2009 ਦੇ ਮੁਕਾਬਲੇ ਇਹ ਰਕਮ ਤਿੰਨ ਗੁਣਾਂ ਵੱਧ ਹੈ। ਇਹ ਰਕਮ ਭਾਰਤ ਵਿਚ ਪ੍ਰਾਇਮਰੀ ਸਿੱਖਿਆ ਲਈ ਰੱਖੇ ਜਾਣ ਵਾਲੇ ਫੰਡ (27 ਹਜ਼ਾਰ ਕਰੋੜ) ਤੋਂ ਵੀ ਵੱਧ ਹੈ। ਅਜਿਹਾ ਹੋਣਾ ਆਪਣੇ-ਆਪ ਵਿਚ ਹੀ ਨੈਤਿਕ ਪੱਖੋਂ ਗ਼ਲਤ ਹੈ। ਭਾਰਤੀ ਸਿਆਸੀ ਪਾਰਟੀਆਂ ਦੇ ਚੋਣ ਪ੍ਰਚਾਰ ਦਾ ਬਜਟ 8 ਤੋਂ 10 ਹਜ਼ਾਰ ਕਰੋੜ ਰੁਪਏ ਹੈ। ਵੱਡੇ ਵਪਾਰਕ ਘਰਾਣਿਆਂ ਦੀ ਚਹੇਤੀ ਭਾਜਪਾ ਦਾ ਚੋਣ ਪ੍ਰਚਾਰ ਬਜਟ 5 ਹਜ਼ਾਰ ਕਰੋੜ ਰੁਪਏ ਹੈ। ਇਹ ਕਾਂਗਰਸ ਦੇ ਬਜਟ ਤੋਂ ਸੰਭਵ ਤੌਰ 'ਤੇ 4 ਗੁਣਾ ਵੱਧ ਹੈ। ਭਾਜਪਾ ਵੱਲੋਂ ਸ਼ਹਿਰੀ ਖੇਤਰਾਂ ਵਿਚ ਮੋਦੀ ਦੇ 15 ਹਜ਼ਾਰ ਹੋਰਡਿੰਗ ਲਾਏ ਗਏ ਹਨ। ਵੱਖ-ਵੱਖ ਥਾਵਾਂ ਦੀ ਅਹਿਮੀਅਤ ਦੇ ਹਿਸਾਬ ਨਾਲ ਇਕ ਹੋਰਡਿੰਗ ਦੀ ਲਾਗਤ 2-3 ਲੱਖ ਤੋਂ ਲੈ ਕੇ 20 ਲੱਖ ਰੁਪਏ ਪ੍ਰਤੀ ਮਹੀਨਾ ਤੱਕ ਬਣਦੀ ਹੈ; ਭਾਵ ਇਨ੍ਹਾਂ ਹੋਰਡਿੰਗਾਂ ਦੀ ਤਿੰਨ ਮਹੀਨੇ ਦੀ ਲਾਗਤ 2500 ਕਰੋੜ ਰੁਪਏ ਹੈ।

ਵੱਖ-ਵੱਖ ਭਾਸ਼ਾਵਾਂ ਦੇ ਖ਼ਬਰ, ਮਨੋਰੰਜਨ ਅਤੇ ਖੇਡ ਚੈਨਲਾਂ 'ਤੇ ਭਾਜਪਾ ਰੋਜ਼ਾਨਾ 2000 ਇਸ਼ਤਿਹਾਰ ਦਿੰਦੀ ਹੈ। 30 ਸੈਕਿੰਡ ਦੇ ਇਕ ਇਸ਼ਤਿਹਾਰ ਦੀ ਲਾਗਤ 80 ਹਜ਼ਾਰ ਰੁਪਏ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਇਹ 800-1000 ਕਰੋੜ ਰੁਪਏ ਬਣ ਜਾਂਦੇ ਹਨ। ਟੀ-20 ਵਿਸ਼ਵ ਕੱਪ ਦੌਰਾਨ ਭਾਜਪਾ ਵੱਲੋਂ ਹੋਰ 150 ਕਰੋੜ ਰੁਪਏ ਟੀ.ਵੀ. ਇਸ਼ਤਿਹਾਰਾਂ 'ਤੇ ਖਰਚੇ ਗਏ। ਭਾਜਪਾ ਨੇ ਵੱਖ-ਵੱਖ ਅਖ਼ਬਾਰਾਂ ਵਿਚ 40 ਦਿਨਾਂ ਲਈ ਅਹਿਮ ਜਗ੍ਹਾ ਖਰੀਦੀ ਹੈ। ਭਾਜਪਾ ਦੇ ਇਕ ਮੀਡੀਆ ਯੋਜਨਾਕਾਰ ਨੂੰ ਕਹਿੰਦਿਆਂ ਸੁਣਿਆ ਗਿਆ ਹੈ ਕਿ 'ਅਸੀਂ 50 ਮੁੱਖ ਕੌਮੀ ਅਤੇ ਖੇਤਰੀ ਅਖ਼ਬਾਰਾਂ ਦੀ ਚੋਣ ਕੀਤੀ ਹੈ... ਅਤੇ ਅਸੀਂ ਹਰ ਰੋਜ਼ 4 ਤੋਂ 5 ਇਸ਼ਤਿਹਾਰ ਜਾਰੀ ਕਰਨ ਬਾਰੇ ਸੋਚ ਰਹੇ ਹਾਂ। ਇਸ ਦੀ ਲਾਗਤ 500 ਕਰੋੜ ਰੁਪਏ ਆਏਗੀ।' ਰਸਾਲਿਆਂ ਆਦਿ ਲਈ 150 ਕਰੋੜ ਰੁਪਏ ਦਾ ਹੋਰ ਬਜਟ ਰੱਖਿਆ ਗਿਆ ਹੈ ਅਤੇ ਇਸੇ ਤਰ੍ਹਾਂ ਆਨਲਾਈਨ ਅਤੇ ਰੇਡੀਓ ਪ੍ਰਚਾਰ ਦਾ ਬਜਟ 35 ਕਰੋੜ ਰੁਪਏ ਹੈ। ਭਾਜਪਾ ਖ਼ੁਦ ਨੂੰ ਇਕ ਕੰਪਨੀ ਵਜੋਂ ਅਤੇ ਮੋਦੀ ਨੂੰ ਇਸ ਦੇ ਸੀ.ਈ.ਓ. ਵਜੋਂ ਪੇਸ਼ ਕਰ ਰਹੀ ਹੈ। ਇਸ ਵੱਲੋਂ ਕਾਰਪੋਰੇਟ ਜਗਤ ਦੀ 'ਕਹਾਣੀ ਸੁਣਾਉਣ ਵਾਲੀ' ਤਕਨੀਕ ਅਪਣਾਈ ਜਾ ਰਹੀ ਹੈ ਜਿਸ ਵਿਚ ਸ਼ੁਰੂਆਤੀ ਇਸ਼ਤਿਹਾਰਾਂ ਰਾਹੀ ਵੱਡਾ ਥੀਮ ਪੇਸ਼ ਕੀਤਾ ਜਾਂਦਾ ਹੈ ਅਤੇ ਫਿਰ ਹੋਰ ਛੋਟੇ-ਛੋਟੇ ਇਸ਼ਤਿਹਾਰ ਕਹਾਣੀ ਨੂੰ ਅੱਗੇ ਲਿਜਾਂਦੇ ਹਨ।

ਇਹ ਸਾਰਾ ਕੁਝ ਉਸ ਵਿਚਾਰ ਦੀ ਸਿੱਧੀ ਉਲੰਘਣਾ ਹੈ ਜਿਸ ਵਿਚ ਸਾਰੀਆਂ ਧਿਰਾਂ ਲਈ ਲੜਾਈ ਦਾ ਇਕੋ ਜਿਹਾ ਮੈਦਾਨ ਮੁਹੱਈਆ ਕਰਾਉਣ ਦੀ ਗੱਲ ਕੀਤੀ ਜਾਂਦੀ ਹੈ। ਇਹੀ ਵਿਚਾਰ ਆਜ਼ਾਦ ਤੇ ਨਿਰਪੱਖ ਚੋਣਾਂ ਦਾ ਕੇਂਦਰੀ ਨੁਕਤਾ ਹੁੰਦਾ ਹੈ, ਜਿਥੇ ਛੋਟੀਆਂ ਧਿਰਾਂ ਨੂੰ ਵੀ ਵੱਡੀਆਂ ਧਿਰਾਂ ਦਾ ਮੁਕਾਬਲਾ ਕਰਨ ਲਈ ਬਰਾਬਰ ਮੌਕੇ ਮਿਲਣੇ ਜ਼ਰੂਰੀ ਹਨ; ਪਰ ਜਦੋਂ ਦਾ ਭਾਰਤੀ ਕਾਰਪੋਰੇਟ ਨੇ ਚੋਣਾਂ 'ਤੇ ਕਬਜ਼ਾ ਕੀਤਾ ਹੈ, ਉਦੋਂ ਤੋਂ ਬਰਾਬਰ ਮੌਕਿਆਂ ਦੀ ਗੱਲ ਵਿਸਰ ਗਈ ਹੈ। 1998 ਵਿਚ ਵੀ ਕਾਰਪੋਰੇਟ ਨੇ ਅਟਲ ਬਿਹਾਰੀ ਵਾਜਪਾਈ ਨੂੰ 'ਭਾਰਤ ਵੱਲੋਂ ਉਡੀਕਿਆ ਜਾ ਰਿਹਾ ਇਨਸਾਨ' ਕਰਾਰ ਦੇ ਕੇ ਭਾਜਪਾ ਨੂੰ ਵੱਡੀ ਪੱਧਰ 'ਤੇ ਫੰਡ ਦਿੱਤੇ ਸਨ ਪਰ ਅਥਾਹ ਧਨ ਕਾਰਨ ਅਤੇ ਕੱਟੜਵਾਦੀ ਪੁੱਠ ਵਾਲੀ ਧੱਕੜਸ਼ਾਹੀ ਕਾਰਨ ਚੋਣ ਮੈਦਾਨ ਜਿੰਨਾ ਮੌਜੂਦਾ ਸਮੇਂ ਇਕਪਾਸੜ ਹੈ, ਉਨਾ ਕਦੇ ਵੀ ਨਹੀਂ ਰਿਹਾ।

ਚੋਣ ਪ੍ਰਚਾਰ 'ਤੇ ਕੀਤੇ ਜਾ ਰਹੇ ਖਰਚ ਰਾਹੀਂ ਭਾਜਪਾ ਲੋਕਤੰਤਰੀ ਸਿਆਸਤ ਵਿਚਲੇ ਇਕ ਨਵੇਂ ਵਿਗਾੜ ਦੀ ਨੁਮਾਇੰਦਗੀ ਕਰ ਰਹੀ ਹੈ ਜਿਸ ਨੇ ਮੁਕਾਬਲੇਬਾਜ਼ੀ ਨੂੰ ਪੂਰੀ ਤਰ੍ਹਾਂ ਨਿਚੋੜ ਦਿੱਤਾ ਹੈ। ਚੋਣ ਕਮਿਸ਼ਨ ਲਈ ਇਹ ਪਰਖ ਦੀ ਘੜੀ ਹੈ। ਇਸ ਨੂੰ ਸਾਰੀਆਂ ਪਾਰਟੀਆਂ ਨੂੰ ਆਪਣੇ ਚੋਣ ਖਰਚ ਦੇ ਸਰੋਤ ਅਤੇ ਇਸ ਦਾ ਵਿਸਥਾਰਤ ਵੇਰਵਾ ਮੁਹੱਈਆ ਕਰਾਉਣ ਲਈ ਕਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪਾਰਟੀਆਂ ਦੇ ਚੋਣ ਪ੍ਰਚਾਰ ਖਰਚ ਨੂੰ ਉਨ੍ਹਾਂ ਵੱਲੋਂ ਲੜੀਆਂ ਜਾਣ ਵਾਲੀਆਂ ਸੀਟਾਂ ਦੀ ਗਿਣਤੀ ਨਾਲ ਵੰਡ ਕੇ ਅੰਕੜੇ ਕੱਢਣੇ ਚਾਹੀਦੇ ਹਨ। ਇਸ ਤੋਂ ਸਪਸ਼ਟ ਜ਼ਾਹਰ ਹੋ ਜਾਵੇਗਾ ਕਿ 70 ਲੱਖ ਵਾਲੀ ਹੱਦ ਤੋਂ ਭਾਜਪਾ 20 ਗੁਣਾਂ ਤੱਕ ਵਧੇਰੇ ਖਰਚ ਕਰ ਰਹੀ ਹੈ। ਅਜਿਹਾ ਕਰ ਕੇ ਹੀ ਚੋਣ ਕਮਿਸ਼ਨ ਚੋਣਾਂ ਦੇ ਰਹਿੰਦੇ ਪੜਾਵਾਂ ਵਿਚ ਹੋਣ ਵਾਲੇ ਖਰਚ ਨੂੰ ਸਖ਼ਤੀ ਨਾਲ ਠੱਲ੍ਹ ਪਾਉਣ ਲਈ ਕਦਮ ਚੁੱਕ ਸਕਦਾ ਹੈ।

---

# ਭਾਜਪਾ ਦਾ ਇਸ਼ਤਿਹਾਰੀ ਬਜਟ 5000 ਕਰੋੜ

ਕੋਈ ਅਖ਼ਬਾਰ ਚੁੱਕ ਲਓ, ਕੋਈ ਟੀ.ਵੀ. ਚੈਨਲ ਚਲਾ ਲਓ, ਕਿਸੇ ਗਲੀ-ਮੁਹੱਲੇ ਦੇ ਵਿਚੋਂ ਦੀ ਲੰਘੋ, ਜਾਂ ਕੋਈ ਐੱਫ.ਐੱਮ. ਰੇਡੀਓ ਚੈਨਲ ਲਗਾ ਲਓ, ਤੁਹਾਡੇ ਉਪਰ ਇਸ਼ਤਿਹਾਰਬਾਜ਼ੀ ਦੀ ਬੰਬ ਵਰਖਾ ਹੋਣੀ ਸ਼ੁਰੂ ਹੋ ਜਾਂਦੀ ਹੈ ਜੋ ਤੁਹਾਨੂੰ ਭਾਜਪਾ ਅਤੇ ਇਸ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਨੂੰ ਵੋਟ ਪਾਉਣ ਦਾ ਹੋਕਾ ਦਿੰਦੀ ਹੈ।

ਮੀਡੀਆ ਜੁਗਾੜੀ ਅਤੇ ਭਾਜਪਾ ਦੀ ਮੁਹਿੰਮ

**ਬੂਟਾ ਸਿੰਘ**

ਨਾਲ ਨੇੜਿਓਂ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ 12 ਮਈ ਨੂੰ ਚੋਣਾਂ ਦਾ ਆਖ਼ਰੀ ਗੇੜ ਪੂਰਾ ਹੋਵੇਗਾ, ਉਦੋਂ ਤਾਈਂ ਇਹ ਪਾਰਟੀ ਚੋਣ ਪ੍ਰਚਾਰ ਉਪਰ 5000 ਕਰੋੜ ਰੁਪਿਆ ਖ਼ਰਚ ਕਰ ਚੁੱਕੀ ਹੋਵੇਗੀ।

'ਹਿੰਦੁਸਤਾਨ ਟਾਈਮਜ਼' ਵਿਚ ਛਪੀ ਇਕ ਰਿਪੋਰਟ ਅਨੁਸਾਰ ਭਾਜਪਾ ਦੀ ਮੀਡੀਆ ਵਿਉਂਤਬੰਦੀ ਦੀ ਕਮਾਨ ਕਾਰਪੋਰੇਟ ਫਰਮ 'ਮੈਡੀਸਨ ਵਰਲਡ' ਦੇ ਹੱਥ ਵਿਚ ਹੈ ਜਿਸ ਕੋਲ 385 ਮੀਡੀਆ ਪ੍ਰੋਫੈਸ਼ਨਲਾਂ ਦੀ ਖ਼ਾਸ ਫ਼ੌਜ ਹੈ। ਇਸ ਦੇ ਇਕ ਸਾਲ ਦੇ ਮੀਡੀਆ ਬਿਲ 30 ਅਰਬ ਰੁਪਏ ਦੇ ਹੁੰਦੇ ਹਨ ਅਤੇ ਮੈਕਡੌਨਲਡ, ਸ਼ੈਵਰਲੈੱਟ, ਲੈਵੀਸ, ਰੇਮੰਡ, ਏਸ਼ੀਅਨ ਪੇਂਟਸ, ਲਾਫ਼ਾਰਜ, ਟੀ.ਵੀ.ਐੱਸ., ਟਾਟਾ ਕੈਮੀਕਲਜ਼ ਤੋਂ ਲੈ ਕੇ ਇੰਡੀਅਨ ਆਇਲ ਤਕ 50 ਵੱਡੀਆਂ ਕੰਪਨੀਆਂ ਇਸ ਦੀਆਂ ਮੁੱਖ ਗਾਹਕ ਹਨ। 'ਮੈਡੀਸਨ ਵਰਲਡ' ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸੈਮ ਬਲਸਾਰਾ ਇਸ ਬਾਰੇ ਇੰਨਾ ਕੁ ਹੀ ਦੱਸਦਾ ਹੈ, "ਅਸੀਂ ਮਨਜ਼ੂਰਸ਼ੁਦਾ ਯੋਜਨਾ ਅਨੁਸਾਰ ਚੱਲ ਰਹੇ ਹਾਂ।" ਪਰ ਭਾਜਪਾ ਨਾਲ ਨੇੜਿਓਂ ਜੁੜ ਕੇ ਕੰਮ ਕਰਨ ਵਾਲੇ ਇਕ ਤਜਰਬੇਕਾਰ ਮੀਡੀਆ ਯੋਜਨਾਘਾੜੇ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ: "ਪ੍ਰਿੰਟ, ਟੈਲੀਵਿਜ਼ਨ, ਆਊਟਡੋਰ, ਇੰਟਰਨੈੱਟ ਅਤੇ ਰੇਡੀਓ ਸਮੇਤ ਸਮੁੱਚੇ ਮੀਡੀਆ ਉਪਰ 4500 ਕਰੋੜ ਰੁਪਏ ਖ਼ਰਚਣ ਦੀ ਵਿਉਂਤ ਬਣਾਈ ਗਈ ਹੈ। ਇਸ ਤੋਂ ਬਿਨਾਂ ਪਾਰਟੀ ਨੇ 500 ਕਰੋੜ ਵਾਧੂ ਰੱਖੇ ਹਨ ਜਿਨ੍ਹਾਂ ਦਾ ਇਸਤੇਮਾਲ ਮੁਹਿੰਮ ਦੇ ਛੇੜਕਲੇ ਦਿਨੀਂ ਨਾਜ਼ੁਕ ਹਲਕਿਆਂ ਅਤੇ ਸੂਬਿਆਂ ਵਿਚ ਚੋਣ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਲੋੜ ਅਨੁਸਾਰ ਕੀਤਾ ਜਾਵੇਗਾ।"

'ਮੈਡੀਸਨ ਵਰਲਡ' ਦੇ ਇਕ ਮੀਡੀਆ ਯੋਜਨਾਘਾੜੇ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਖ਼ੁਲਾਸਾ ਕੀਤਾ, "ਵੋਟਰਾਂ ਉਪਰ ਭਾਜਪਾ ਦੇ ਚੋਣ ਸੁਨੇਹੇ ਦਾ ਮੀਂਹ ਵਰਸਾਉਣ ਤੋਂ ਇਲਾਵਾ, ਯੁੱਧਨੀਤੀ ਇਹ ਹੈ ਕਿ ਜਿੰਨਾ ਮਰਜ਼ੀ ਖ਼ਰਚ ਆ ਜਾਵੇ; ਪੂਰੇ ਪ੍ਰਿੰਟ, ਟੈਲੀਵਿਜ਼ਨ, ਆਨਲਾਈਨ ਤੇ ਆਫਲਾਈਨ ਮੀਡੀਆ ਵਿਚ ਹੋਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਘੇਰਾ ਘੱਤ ਕੇ ਰੱਖਣਾ ਹੈ।"

ਭਾਜਪਾ ਨੇ ਪੂਰੇ ਮੁਲਕ ਵਿਚ ਤਿੰਨ ਮਹੀਨਿਆਂ ਲਈ 15000 ਹੋਰਡਿੰਗ (ਸੜਕਾਂ ਉਪਰ ਵੱਡੇ ਵੱਡੇ ਇਸ਼ਤਿਹਾਰੀ ਬੋਰਡ) ਖ਼ਾਸ-ਖ਼ਾਸ ਥਾਵਾਂ ਉਪਰ ਬੁੱਕ ਕਰਾਏ ਹੋਏ ਹਨ। ਇਸ ਉਪਰ ਖ਼ਰਚੇ ਦੀਆਂ ਦਰਾਂ ਅੱਖਾਂ ਖੋਲ੍ਹਣ ਵਾਲੀਆਂ ਹਨ। ਵਧੇਰੇ ਸਸਤੀਆਂ ਥਾਵਾਂ ਉਪਰ ਹਰ ਮਹੀਨੇ 2-3 ਲੱਖ ਰੁਪਏ ਪ੍ਰਤੀ ਹੋਰਡਿੰਗ ਤੋਂ ਲੈ ਕੇ ਮੁੰਬਈ ਦੇ ਨਾਰੀਮਨ ਪੁਆਇੰਟ ਵਿਚ 20 ਲੱਖ ਰੁਪਏ ਮਾਸਿਕ ਤਕ ਦੀ ਬੁਕਿੰਗ ਕਰਾਈ ਗਈ ਹੈ। ਇਹ ਖ਼ਰਚਾ 2500 ਕਰੋੜ ਰੁਪਏ ਬਣਦਾ ਹੈ। ਪ੍ਰਿੰਟ ਮੀਡੀਆ ਵਿਚ ਭਾਜਪਾ ਨੇ 40 ਦਿਨਾਂ ਲਈ ਕੌਮੀ, ਖੇਤਰੀ ਅਤੇ ਸਥਾਨਕ ਜ਼ਬਾਨਾਂ ਦੇ ਅਖ਼ਬਾਰਾਂ ਵਿਚ ਇਸ਼ਤਿਹਾਰਾਂ ਦੀਆਂ ਸਭ ਤੋਂ ਸਿਰਕੱਢ ਥਾਵਾਂ ਖ਼ਰੀਦ ਰੱਖੀਆਂ ਹਨ। ਮੀਡੀਆ ਯੋਜਨਾਘਾੜੇ ਨੇ ਹੋਰ ਖ਼ੁਲਾਸਾ ਕੀਤਾ, "ਅਸੀਂ ਪੂਰੇ ਭਾਰਤ ਵਿਚ ਚੋਟੀ ਦੀਆਂ 50 ਕੌਮੀ ਅਤੇ ਖੇਤਰੀ ਅਖ਼ਬਾਰਾਂ ਚੁਣੀਆਂ ਹੋਈਆਂ ਹਨ ਅਤੇ ਚੋਣ ਅਮਲ ਦੇ ਖ਼ਤਮ ਹੋਣ ਤਕ ਚਾਰ-ਪੰਜ ਇਸ਼ਤਿਹਾਰ ਰੋਜ਼ਾਨਾ ਜਾਰੀ ਕਰਨ ਦੀ ਯੋਜਨਾ ਹੈ।" ਇਸ ਦਾ ਬਜਟ 500 ਕਰੋੜ ਰੁਪਏ ਹੈ। ਰਸਾਲਿਆਂ ਵਿਚ ਇਸ਼ਤਿਹਾਰਬਾਜ਼ੀ ਦਾ ਬਜਟ 150 ਕਰੋੜ ਰੁਪਏ ਇਸ ਤੋਂ ਵੱਖਰਾ ਹੈ।

ਟੀ.ਵੀ. ਮੀਡੀਆ ਅੰਦਰ, ਭਾਜਪਾ ਨੇ ਹਿੰਦੀ, ਅੰਗਰੇਜ਼ੀ ਅਤੇ ਖੇਤਰੀ ਨਿਊਜ਼ ਚੈਨਲਾਂ, ਆਮ ਮਨੋਰੰਜਨ ਤੇ ਖੇਡ ਚੈਨਲਾਂ ਵਿਚ ਲਗਭਗ 2000 ਥਾਵਾਂ ਰੋਜ਼ਾਨਾ ਖ਼ਰੀਦ ਰੱਖੀਆਂ ਹਨ। ਸਭ ਤੋਂ ਹਰਮਨਪਿਆਰੇ ਮਨੋਰੰਜਨ ਚੈਨਲਾਂ ਵਿਚ ਇਕ ਇਸ਼ਤਿਹਾਰ ਦਾ ਖ਼ਰਚਾ ਲਗਭਗ ਅੱਸੀ ਹਜ਼ਾਰ ਰੁਪਏ ਪ੍ਰਤੀ ਅੱਧਾ ਮਿੰਟ (ਤੀਹ ਸਕਿੰਟ) ਹੈ। ਇਸ ਦਾ ਬਜਟ 800 ਤੋਂ ਲੈ ਕੇ 1000 ਕਰੋੜ ਰੁਪਏ ਦਾ ਹੈ। ਟੀ-20 ਵਰਲਡ ਕੱਪ ਦੌਰਾਨ ਇਸ ਨੇ 150 ਕਰੋੜ ਰੁਪਏ ਵੱਖਰੇ ਖ਼ਰਚ ਕੀਤੇ। ਆਨਲਾਈਨ ਅਤੇ ਰੇਡੀਓ ਬਜਟ ਲਗਭਗ 35 ਕਰੋੜ ਰੁਪਏ ਦਾ ਹੈ।

ਇਕ ਹੋਰ ਮੀਡੀਆ ਜੁਗਾੜੀ ਏਜੰਸੀ 'ਰੈਡਿਫ਼ਿਊਜ਼ਨ ਵਾਈ ਐਂਡ ਆਰ' ਦੇ ਸਾਬਕਾ ਸੀ.ਈ.ਓ. ਸੰਤੋਸ਼ ਸੂਦ ਦਾ ਕਹਿਣਾ ਹੈ, "ਭਾਜਪਾ ਦਾ ਖ਼ਰਚਾ ਕਾਂਗਰਸ ਤੋਂ ਤਕਰੀਬਨ ਚਾਰ ਗੁਣਾ ਹੈ।" ਪਰ ਭਾਜਪਾ ਦੇ ਸੀਨੀਅਰ ਆਗੂ ਇਸ਼ਤਿਹਾਰਬਾਜ਼ੀ ਦਾ ਬਜਟ ਮਹਿਜ਼ 700-750 ਕਰੋੜ ਰੁਪਏ ਹੀ ਦੱਸ ਰਹੇ ਹਨ।

ਜ਼ਾਹਿਰ ਹੈ ਕਿ ਭਾਜਪਾ ਦੀ ਜਿੱਤ ਵਿਚ ਵਿਦੇਸ਼ੀ ਅਤੇ ਸਾਡੇ ਮੁਲਕ ਦੇ ਅੰਬਾਨੀ ਅਤੇ ਅਦਾਨੀ ਵਰਗੇ ਕਾਰਪੋਰੇਟ ਸਰਮਾਏਦਾਰਾਂ ਦੀ ਡੂੰਘੀ ਰੁਚੀ ਤੇ ਹਿੱਤ ਹੈ। ਪਿਛਲੇ ਢਾਈ ਦਹਾਕਿਆਂ ਵਿਚ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਵਲੋਂ ਮਚਾਈ ਤਬਾਹੀ ਕਾਰਨ ਪੂਰੇ ਮੁਲਕ ਅੰਦਰ ਭਾਰੀ ਬੇਚੈਨੀ ਖੌਲ ਰਹੀ ਹੈ। ਕਾਰਪੋਰੇਟ ਸਰਮਾਏਦਾਰੀ ਅੱਗੇ ਮਹਿਜ਼ ਇਨ੍ਹਾਂ ਨੀਤੀਆਂ ਨੂੰ ਜਾਰੀ ਰੱਖਣ ਦਾ ਸਵਾਲ ਨਹੀਂ ਹੈ। ਉਨ੍ਹਾਂ ਅੱਗੇ ਇਸ ਤੋਂ ਵੀ ਵੱਡਾ ਸਵਾਲ ਇਨ੍ਹਾਂ ਨੀਤੀਆਂ ਨੂੰ ਹੋਰ ਵੀ ਵਿਆਪਕ ਪੱਧਰ 'ਤੇ ਅਤੇ ਡੂੰਘਾਈ ਵਿਚ ਲਾਗੂ ਕਰਾਉਣ ਦਾ ਹੈ ਜਿਸ ਨੂੰ ਆਰਥਿਕ ਸੁਧਾਰਾਂ ਦੇ ਦੂਜੇ ਗੇੜ ਦਾ ਨਾਂ ਦਿੱਤਾ ਜਾ ਰਿਹਾ ਹੈ। ਇਸ ਕਾਰਪੋਰੇਟ ਏਜੰਡੇ ਨੂੰ ਮੁਲਕ ਉਪਰ ਥੋਪਣ ਲਈ ਮਨਮੋਹਨ ਸਿੰਘ ਹਕੂਮਤ ਤੋਂ ਵਧੇਰੇ ਜ਼ਾਲਮ, ਵੱਧ ਨੰਗੀ-ਚਿੱਟੀ ਫਾਸ਼ੀਵਾਦੀ ਹਕੂਮਤ ਦਰਕਾਰ ਹੈ। ਉਨ੍ਹਾਂ ਲਈ ਕਾਂਗਰਸ ਹੁਣ ਕਮਜ਼ੋਰ ਤਾਕਤ ਹੈ। ਉਹ ਆਪਣਾ ਭਵਿੱਖ ਫਾਸ਼ੀਵਾਦੀ ਮੋਦੀ ਦੀ ਅਗਵਾਈ ਹੇਠ ਭਾਜਪਾ ਦੇ ਹੱਥਾਂ ਵਿਚ ਵਧੇਰੇ ਮਹਿਫ਼ੂਜ਼ ਅਤੇ ਸੁਨਹਿਰਾ ਦੇਖਦੇ ਹਨ। ਲਿਹਾਜ਼ਾ ਮੋਦੀ ਦੀ ਚੋਣ ਮੁਹਿੰਮ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਲਈ ਕਾਰਪੋਰੇਟਾਂ ਨੇ ਆਪਣੀਆਂ ਤਿਜੌਰੀਆਂ ਦੇ ਮੂੰਹ ਦਰਿਆਦਿਲੀ ਨਾਲ ਤਾਂ ਖੋਲ੍ਹਣੇ ਹੀ ਹੋਏ।

*(ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ 'ਤੇ ਆਧਾਰਤ)*

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ

ਇਹ ਸਲੋਕ ਗੁਰੂ ਨਾਨਕ ਸਾਹਿਬ ਦਾ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਅਸਲੀ ਮੁਸਲਮਾਨ ਕੌਣ ਹੁੰਦਾ ਹੈ ਜਾਂ ਕਿਹੋ ਜਿਹਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਸਲੋਕ ਸ਼ੁਰੂ ਇਸ ਗੱਲ ਤੋਂ ਕਰਦੇ ਹਨ ਕਿ ਅਸਲ ਮੁਸਲਮਾਨ ਬਣਨਾ ਅਤੇ ਅਖਵਾਉਣਾ ਬਹੁਤ ਮੁਸ਼ਕਿਲ ਹੈ ਜੇ ਕੋਈ ਅਸਲ ਮਾਅਨਿਆਂ ਵਿਚ ਮੁਸਲਮਾਨ ਬਣ ਸਕੇ ਤਾਂ ਆਪਣੇ ਆਪ ਨੂੰ ਮੁਸਲਮਾਨ ਅਖਵਾਏ। ਅਸਲੀ ਮੁਸਲਮਾਨ ਬਣਨ ਵਾਸਤੇ ਸਭ ਤੋਂ ਪਹਿਲਾਂ ਉਸ ਨੂੰ ਦੀਨ ਅਰਥਾਤ ਮਜ਼ਹਬ ਪਿਆਰਾ ਲੱਗੇ (ਮਜ਼ਹਬ ਪਿਆਰਾ ਲੱਗਣ ਤੋਂ ਇਥੇ ਭਾਵਨਾ ਇਹ ਹੈ ਕਿ ਮਜ਼ਹਬ ਦੀ ਅਸਲੀਅਤ ਨੂੰ ਸਮਝਣਾ ਅਤੇ ਅਪਨਾਉਣਾ)। ਫਿਰ ਜਿਸ ਤਰ੍ਹਾਂ ਮਿਸਕਲ (ਜੰਗਾਲ ਲਾਹੁਣ ਵਾਲਾ ਹਥਿਆਰ) ਨਾਲ ਜੰਗਾਲ ਲਾਹੀਦਾ ਹੈ, ਇਸੇ ਤਰ੍ਹਾਂ ਆਪਣੀ ਕਮਾਈ ਨੂੰ ਦੂਸਰੇ ਲੋੜਵੰਦਾਂ ਨਾਲ ਵੰਡ ਕੇ ਖਾਵੇ ਅਤੇ ਮਨ ਅੰਦਰੋਂ ਦੌਲਤ ਦਾ ਅਹੰਕਾਰ ਦੂਰ ਕਰੇ। ਮਜ਼ਹਬ ਦੇ ਦੱਸੇ ਚੰਗੇ ਅਸੂਲਾਂ ਦੀ ਅਗਵਾਈ ਵਿਚ ਆਪਣਾ ਜੀਵਨ ਬਸਰ ਕਰਦਿਆਂ ਮੁਸਲਮਾਨ ਬਣੇ ਅਤੇ ਸਾਰੀ ਉਮਰ ਦੀ ਭਟਕਣ ਨੂੰ ਖਤਮ ਕਰ ਦੇਵੇ। ਇਸ ਦਾ ਅਰਥ ਹੈ ਕਿ ਮਜ਼ਹਬ ਦੇ ਦੱਸੇ ਰਸਤੇ ਤੋਂ ਪਾਸੇ ਨਾ ਜਾਵੇ ਤਾਂ ਬਾਕੀ ਦੁਨਿਆਵੀ ਭਟਕਣ ਮੁੱਕ ਜਾਂਦੀ ਹੈ। ਰੱਬ ਦੀ ਰਜਾ ਵਿਚ ਤੁਰਨ ਦੀ ਜਾਚ ਸਿੱਖੇ ਅਰਥਾਤ ਉਸ ਦੇ ਹੁਕਮ ਵਿਚ ਚੱਲੇ, ਉਸ ਨੂੰ ਸਭ ਕੁਝ ਕਰਨ ਵਾਲਾ ਕਰਤਾ ਮੰਨਦੇ ਹੋਏ ਆਪਣੀ ਖੁਦੀ ਨੂੰ ਮਿਟਾ ਦੇਵੇ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਕਾਦਰ ਦੀ ਰਚੀ ਖਲਕਤ ਨਾਲ ਪ੍ਰੇਮ-ਪਿਆਰ ਸਹਿਤ ਵਿਚਰੇ ਅਤੇ ਦਇਆ ਦੀ ਭਾਵਨਾ ਰੱਖੇ, ਉਨ੍ਹਾਂ ਨੂੰ ਰੱਬ ਦੇ ਬੰਦੇ ਸਮਝਦਾ ਹੋਇਆ ਪਿਆਰ ਕਰੇ, ਇਸ ਤਰ੍ਹਾਂ ਦੇ ਵਿਅਕਤੀਤਵ ਦੀ ਘਾੜਤ ਵਾਲਾ ਬਣੇ, ਤਾਂ ਮੁਸਲਮਾਨ ਅਖਵਾਏ,

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥ (ਪੰਨਾ ੧੪੧)

ਅਗਲਾ ਸਲੋਕ ਚਉਥੀ ਨਾਨਕ ਜੋਤਿ ਗੁਰੂ ਰਾਮਦਾਸ ਜੀ ਦਾ ਹੈ ਜਿਸ ਵਿਚ ਉਹ ਮਨੁੱਖ ਨੂੰ ਕਾਮ, ਕ੍ਰੋਧ, ਝੂਠ, ਨਿੰਦਿਆ-ਚੁਗਲੀ ਅਤੇ ਹਉਮੈ ਆਦਿ ਵਿਕਾਰਾਂ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਰਾਮਦਾਸ ਫਰਮਾਉਂਦੇ ਹਨ ਕਿ ਜੇ ਮਨੁੱਖ ਕਾਮ, ਗੁੱਸਾ, ਝੂਠ ਬੋਲਣਾ ਅਤੇ ਦੂਸਰਿਆਂ ਦੀ ਨਿੰਦਿਆ ਕਰਨੀ ਛੱਡ ਦੇਵੇ, ਜੇ ਆਪਣੇ ਮਨ ਵਿਚੋਂ ਮਾਇਆ ਦਾ ਮੋਹ, ਲਾਲਚ ਅਤੇ ਅਹੰਕਾਰ ਨੂੰ ਦੂਰ ਕਰ ਦੇਵੇ, ਜੇ ਵਿਸ਼ੇ-ਵਿਕਾਰਾਂ ਦਾ ਤਿਆਗ ਕਰਕੇ ਇਸਤਰੀ-ਮੋਹ ਛੱਡ ਦੇਵੇ ਤਾਂ ਮਨੁੱਖ ਇਸ ਮਾਇਆਵੀ ਸੰਸਾਰ ਵਿਚ ਰਹਿੰਦਾ ਹੋਇਆ ਵੀ ਉਸ ਨਿਰੰਜਨ, ਅਕਾਲ ਪੁਰਖ ਨੂੰ ਲੱਭ ਲੈਂਦਾ ਹੈ। ਜੇ ਮਨੁੱਖ ਆਪਣੇ ਮਨ ਦੇ ਮਾਨ ਅਤੇ ਅਹੰਕਾਰ ਛੱਡ ਦੇਵੇ, ਪਰਿਵਾਰਕ ਮੋਹ-ਮਾਇਆ ਤੋਂ ਉਪਰ ਉਠ ਜਾਵੇ ਤੇ ਦੁਨਿਆਵੀ ਪਦਾਰਥਾਂ ਦੀ ਆਸ ਅਤੇ ਤ੍ਰਿਸ਼ਨਾ ਨੂੰ ਛੱਡ ਕੇ ਅਕਾਲ ਪੁਰਖ ਵਿਚ ਸੁਰਤਿ ਜੋੜ ਲਵੇ ਤਾਂ ਕਰਤਾ ਪੁਰਖ ਮਨੁੱਖ ਦੇ ਮਨ 'ਚ ਨਿਵਾਸ ਕਰ ਲੈਂਦਾ ਹੈ। ਗੁਰੂ ਦੇ ਸਚੇ ਸ਼ਬਦ ਦੀ ਅਗਵਾਈ ਵਿਚ ਉਸ ਦਾ ਮਨ ਪਰਮਾਤਮ-ਨਾਮ ਵਿਚ ਲੀਨ ਹੋ ਜਾਂਦਾ ਹੈ,

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥੨॥ (ਪੰਨਾ ੧੪੧)

ਅੱਠਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਸ ਸੰਸਾਰ ਦੀ ਚਲਾਇਮਾਨਤਾ ਦੱਸਦੇ ਹਨ ਕਿ ਇਸ ਸੰਸਾਰ 'ਤੇ ਕੁਝ ਵੀ ਸਥਿਰ ਨਹੀਂ ਹੈ। ਜੋ ਵੀ ਪੈਦਾ ਹੋਇਆ ਹੈ, ਉਸ ਨੇ ਇੱਕ ਦਿਨ ਇਸ ਸੰਸਾਰ ਤੋਂ ਚਲੇ ਜਾਣਾ ਹੈ, ਇਥੇ ਸਭ ਕੁਝ ਬਿਨਸਨਹਾਰ ਹੈ, ਜੋ ਉਸਰਿਆ ਹੈ, ਉਸ ਨੇ ਇੱਕ ਦਿਨ ਢਹਿ ਜਾਣਾ ਹੈ। ਗੁਰੂ ਸਾਹਿਬ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਇਸ ਸੰਸਾਰ 'ਤੇ ਪੈਦਾ ਹੋਇਆ ਭਾਵੇਂ ਕੋਈ ਰਾਜਾ ਹੈ, ਪਰਜਾ ਹੈ ਜਾਂ ਚੌਧਰੀ ਹੈ-ਕੋਈ ਵੀ ਸਥਿਰ ਨਹੀਂ ਹੈ, ਕਿਸੇ ਨੇ ਵੀ ਇਥੇ ਸਦੀਵੀ ਨਹੀਂ ਬੈਠ ਰਹਿਣਾ। ਹੱਟ, ਸ਼ਹਿਰ, ਗਰਾਂ, ਬਾਜ਼ਾਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਇੱਕ ਦਿਨ ਸਭ ਢਹਿ-ਢੇਰੀ ਹੋ ਜਾਣੇ ਹਨ। ਮੂਰਖ ਇਨਸਾਨ ਸੋਹਣੇ ਪੱਕੇ ਦਰਵਾਜ਼ਿਆਂ ਵਾਲੇ ਬਣੇ ਹੋਏ ਸੁੰਦਰ ਘਰਾਂ ਨੂੰ ਆਪਣੇ ਸਮਝ ਬੈਠਦਾ ਹੈ। ਉਹ ਇਹ ਨਹੀਂ ਸਮਝਦਾ ਕਿ ਦੌਲਤ ਨਾਲ ਭਰੇ ਹੋਏ ਖਜ਼ਾਨੇ ਅੱਖ ਦੇ ਪਲਕਾਰੇ ਵਿਚ ਖਾਲੀ ਹੋ ਜਾਂਦੇ ਹਨ। ਐਸ਼ ਦਾ ਸਮਾਨ ਜਿਵੇਂ ਵਧੀਆ ਸੁੰਦਰ ਘੋੜੇ, ਰੱਥ, ਊਠ, ਹਾਥੀ, ਹਉਦੇ, ਬਾਗ਼, ਮਿਲਖ-ਜ਼ਮੀਨਾਂ ਘਰ-ਬਾਰ, ਤੰਬੂ, ਨਿਵਾਰੀ ਪਲੰਘ, ਸਜਾਵਟੀ ਸਮਾਨ ਕਨਾਤਾਂ, ਕੀਮਖਾਬ ਆਦਿ ਜਿਨ੍ਹਾਂ ਨੂੰ ਮਨੁੱਖ ਆਪਣੇ ਸਮਝਦਾ ਹੈ, ਕਿੱਥੇ ਚਲੇ ਜਾਂਦੇ ਹਨ, ਪਤਾ ਵੀ ਨਹੀਂ ਲੱਗਦਾ। ਸਦੀਵੀ ਰਹਿਣ ਵਾਲਾ ਉਹ ਅਕਾਲ ਪੁਰਖ ਦਾਤਾਰ ਹੈ ਜੋ ਇਸ ਸਭ ਕੁਝ ਦਾ ਦੇਣ ਵਾਲਾ ਹੈ, ਉਸ ਦੀ ਪਛਾਣ ਉਸ ਦੀ ਰਚੀ ਕੁਦਰਤ ਵਿਚੋਂ ਹੁੰਦੀ ਹੈ,

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥
ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥੮॥ (ਪੰਨਾ ੧੪੧)

ਅਗਲੇ ਸਲੋਕ 'ਚ ਗੁਰੂ ਨਾਨਕ ਦੇਵ ਸੰਸਾਰ ਦੇ ਸਭ ਤਰ੍ਹਾਂ ਦੇ ਸੁਖ-ਸਹੂਲਤਾਂ ਪਰਮਾਤਮਾ ਦੇ ਨਾਮ ਦੀ ਤੁਲਨਾ ਵਿਚ ਤੁੱਛ ਦੱਸਦੇ ਹਨ। ਕੋਈ ਵੀ ਸੁੱਖ-ਸਹੂਲਤ ਪਰਮਾਤਮਾ ਦੇ ਨਾਮ ਦੀ ਦਾਤ ਤੋਂ ਵੱਡਾ ਨਹੀਂ ਹੋ ਸਕਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇ ਸਾਰੀਆਂ ਨਦੀਆਂ ਦੁੱਧ ਦੇਣ ਵਾਸਤੇ ਗਾਊਆਂ ਬਣ ਜਾਣ, ਪਾਣੀ ਦੇ ਚਸ਼ਮੇ ਦੁੱਧ ਅਤੇ ਘਿਉ ਦੇ ਚਸ਼ਮੇ ਬਣ ਜਾਣ ਅਤੇ ਸਾਰੀ ਜ਼ਮੀਨ ਸ਼ਕਰ ਬਣ ਜਾਵੇ ਅਰਥਾਤ ਸੰਸਾਰ ਦੇ ਵਧੀਆ ਪਦਾਰਥ ਬੇਸ਼ੁਮਾਰ ਹੋਣ ਜਿਨ੍ਹਾਂ ਨੂੰ ਦੇਖ ਦੇਖ ਕੇ ਜਿੰਦ ਖੁਸ਼ ਹੋਵੇ। ਜੇ ਸੋਨੇ ਅਤੇ ਚਾਂਦੀ ਦਾ ਪਹਾੜ ਬਣ ਜਾਵੇ ਅਰਥਾਤ ਅਥਾਹ ਦੌਲਤ ਆ ਜਾਵੇ ਤਾਂ ਵੀ ਇਨ੍ਹਾਂ ਮਾਇਕ ਪਦਾਰਥਾਂ ਵਿਚ ਮੇਰੀ ਜਿੰਦ ਉਸ ਅਕਾਲ ਪੁਰਖ ਨੂੰ ਭੁੱਲ ਨਾ ਜਾਵੇ, ਉਸ ਅਕਾਲ ਪੁਰਖ ਦੀ ਦਿਨ-ਰਾਤ ਸਿਫ਼ਤ-ਸਾਲਾਹ ਕਰੇ ਅਤੇ ਉਸ ਦੀ ਉਸਤਤ ਕਰਨ ਦਾ ਚਾਅ ਕਦੀ ਵੀ ਖਤਮ ਨਾ ਹੋਵੇ। ਕਹਿਣ ਤੋਂ ਭਾਵ ਹੈ ਕਿ ਸੰਸਾਰਕ ਸੁੱਖਾਂ ਦੀ ਬਹੁਲਤਾ ਅਤੇ ਅਨੰਤ ਖੁਸ਼ੀਆਂ ਵਿਚ ਇਸ ਜਿਊੜੇ ਨੂੰ ਆਪਣੇ ਦਾਤਾਰ ਅਕਾਲ ਪੁਰਖ ਦਾ ਨਾਮ ਚੇਤੇ ਰਹਿਣਾ ਚਾਹੀਦਾ ਹੈ,

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ॥
ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ॥
ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥੧॥ (ਪੰਨਾ ੧੪੨)

ਅਗਲੇ ਸਲੋਕ ਵਿਚ ਵੀ ਸੰਸਾਰ ਦੇ ਪਦਾਰਥਕ ਸੁੱਖਾਂ ਦੀ ਗੱਲ ਕੀਤੀ ਹੈ ਕਿ ਜੇ ਸਾਰੀ ਬਨਸਪਤੀ ਮੇਵਾ ਬਣ ਜਾਵੇ, ਜਿਸ ਦਾ ਸੁਆਦ ਬਹੁਤ ਵਧੀਆ ਹੋਵੇ। ਇਥੇ ਰਹਿਣ ਦਾ ਸਥਾਨ ਸਦੀਵੀ ਹੋ ਜਾਵੇ, ਚੰਦਰਮਾ ਅਤੇ ਸੂਰਜ ਸੇਵਾ ਕਰਨ ਤਾਂ ਵੀ, ਗੁਰੂ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਪਦਾਰਥਕ ਸੁੱਖਾ ਵਿਚ ਪੈ ਕੇ ਪਰਮਾਤਮਾ ਦਾ ਨਾਮ ਨਾ ਵਿਸਰੇ, ਮਨ ਉਸ ਦੀ ਸਿਫ਼ਤ-ਸਾਲਾਹ ਕਰਨ ਦੇ ਚਾਉ ਤੋਂ ਰੁਕੇ ਨਾ,

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥
ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥੨॥ (ਪੰਨਾ ੧੪੨)

ਉਪਰ ਦਿੱਤੇ ਸਲੋਕਾਂ 'ਚ ਦੁਨਿਆਵੀ ਸੁੱਖ-ਸਹੂਲਤਾਂ ਅਤੇ ਪਦਾਰਥਕ ਬਹੁਲਤਾ ਵਾਲੇ ਹਾਲਾਤ ਦੱਸੇ ਹਨ ਜਿਨ੍ਹਾਂ ਦੀ ਅਨੰਤਤਾ ਵਿਚ ਵੀ ਅਕਾਲ ਪੁਰਖ ਨੂੰ ਨਾ ਭੁੱਲਣ ਦੀ ਗੁਜ਼ਾਰਸ਼ ਕੀਤੀ ਹੈ। ਅਗਲੇ ਸਲੋਕ ਵਿਚ ਬਹੁਤ ਦੁੱਖ ਵਾਲੇ ਹਾਲਾਤ ਦੀ ਗੱਲ ਕੀਤੀ ਹੈ ਕਿ ਦੁੱਖ ਦੀ ਇੰਤਹਾ ਵਿਚ ਵੀ ਅਕਾਲ ਪੁਰਖ ਦਾ ਨਾਮ ਨਾ ਵਿਸਰੇ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇ ਸਰੀਰ ਨੂੰ ਦੁੱਖ ਲੱਗ ਜਾਵੇ ਭਾਵ ਸਰੀਰ ਰੋਗੀ ਹੋ ਜਾਵੇ, ਰਾਹੂ ਅਤੇ ਕੇਤੂ ਦੋਵੇਂ ਮਨਹੂਸ ਗ੍ਰਹਿ ਚੰਬੜ ਜਾਣ, ਜ਼ਾਲਮ ਰਾਜੇ ਮੇਰੇ ਸਿਰ 'ਤੇ ਹੋਣ, ਜੇ ਅਕਾਲ ਪੁਰਖ ਦਾ ਪਿਆਰ ਇਸ ਕਿਸਮ ਦੇ ਦੁੱਖਾਂ ਦੀ ਸ਼ਕਲ ਵਿਚ ਹੀ ਪ੍ਰਗਟ ਹੋਵੇ ਤਾਂ ਵੀ ਹੇ ਅਕਾਲ ਪੁਰਖ ਇਹ ਜਿਉੜਾ ਤੇਰੀ ਸਿਫ਼ਤ-ਸਾਲਾਹ ਕਰਦਾ ਰਹੇ, ਤੇਰੇ ਨਾਮ ਨੂੰ ਸਿਮਰਨ ਦਾ ਚਾਅ ਖਤਮ ਨਾ ਹੋਵੇ, ਇਨ੍ਹਾਂ ਦੁੱਖਾਂ ਤੋਂ ਘਬਰਾ ਕੇ ਤੇਰਾ ਨਾਮ ਵਿਸਰ ਨਾ ਜਾਵੇ,

ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ॥
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥੩॥ (ਪੰਨਾ ੧੪੨)

ਪਹਿਲੇ ਤਿੰਨ ਸਲੋਕਾਂ ਵਿਚ ਦੁਨਿਆਵੀ ਸੁੱਖਾਂ ਅਤੇ ਦੁੱਖਾਂ ਨਾਲ ਸਬੰਧਤ ਗੱਲ ਕੀਤੀ ਸੀ, ਜਿਨ੍ਹਾਂ ਕਰਕੇ ਵੀ ਸਿਰਜਣਹਾਰ ਨੂੰ ਨਾ ਭੁੱਲਣ ਲਈ ਅਰਦਾਸ ਕੀਤੀ ਹੈ। ਅਗਲੇ ਸਲੋਕ ਵਿਚ ਅਧਿਆਤਮਕ ਪ੍ਰਾਪਤੀਆਂ ਦੀ ਗੱਲ ਕੀਤੀ ਹੈ ਕਿ ਇਹ ਵੀ ਮਨੁੱਖ ਦੇ ਮਨ ਵਿਚ ਹਉਮੈ ਪੈਦਾ ਕਰ ਸਕਦੀਆਂ ਹਨ ਅਤੇ ਪਰਮਾਤਮਾ ਦੇ ਨਾਮ ਨੂੰ ਵਿਸਾਰ ਦੇਣ ਦਾ ਕਾਰਨ ਬਣ ਸਕਦੀਆਂ ਹਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੇ ਗਰਮੀ ਦੀ ਰੁੱਤ ਦੀ ਧੁੱਪ ਅਤੇ ਸਰਦ ਰੁੱਤ ਦੀ ਠੰਢ ਪਹਿਨਣ ਦੇ ਕੱਪੜੇ ਹੋਣ ਅਰਥਾਤ ਗਰਮ ਰੁੱਤ ਵਿਚ ਧੁੱਪ ਵਿਚ ਅਤੇ ਸਰਦ ਰੁੱਤ ਦੀ ਠੰਢ ਵਿਚ ਨੰਗੇ ਪਿੰਡੇ ਤਪ ਕਰਾਂ (ਏਨੀ ਅਧਿਆਤਮਕ ਪ੍ਰਾਪਤੀ ਹੋਵੇ) ਅਤੇ ਹਵਾ ਮੇਰੀ ਖੁਰਾਕ ਹੋਵੇ ਅਰਥਾਤ ਹਵਾ ਆਸਰੇ ਹੀ ਜੀਵਨ ਜਿਉਂ ਰਿਹਾ ਹੋਵਾਂ ਤਾਂ ਵੀ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦੇ ਸਾਹਮਣੇ ਇਹ ਪ੍ਰਾਪਤੀਆਂ ਨਿਗੂਣੀਆਂ ਹਨ। ਜੇ ਸਵਰਗਾਂ ਦੀਆਂ ਸੁੰਦਰ ਇਸਤਰੀਆਂ ਵੀ ਮੇਰੇ ਘਰ ਵਿਚ ਹੋਣ ਤਾਂ ਇਹ ਸਭ ਵੀ ਨਸ਼ਟ ਹੋ ਜਾਣ ਵਾਲੀਆਂ ਚੀਜ਼ਾਂ ਹਨ, ਇਨ੍ਹਾਂ ਦੇ ਮੋਹ ਵਿਚ ਫਸ ਕੇ ਵੀ ਅਕਾਲ ਪੁਰਖ ਦਾ ਨਾਮ ਨਾ ਵਿਸਰੇ। ਮੇਰਾ ਮਨ ਉਸ ਦੀ ਸਿਫ਼ਤ-ਸਾਲਾਹ ਵਿਚ ਜੁੜਿਆ ਰਹੇ ਅਤੇ ਉਸ ਦੀ ਵਡਿਆਈ ਕਰਨ ਦਾ ਚਾਅ ਕਦੀ ਖਤਮ ਨਾ ਹੋਵੇ। ਨਾਮ ਸਿਮਰਨ ਦਾ ਚਾਅ ਸਦੀਵੀ ਬਣਿਆ ਰਹੇ,

ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ॥
ਸੁਰਗੈ ਦੀਆ ਮੋਹਣੀਆ ਇਸਤ੍ਰੀਆ ਹੋਵਨਿ ਨਾਨਕ ਸਭੋ ਜਾਉ॥
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ॥੪॥

ਨੌਂਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਉਸ ਅਕਾਲ ਪੁਰਖ ਦੀ ਸਰਬੱਗਤਾ ਦਾ ਬਿਆਨ ਕੀਤਾ ਹੈ ਕਿ ਉਹ ਸਰਬ-ਵਿਆਪਕ ਸ਼ਕਤੀ ਸਭ ਕੁਝ ਜਾਣਦੀ ਹੈ, ਉਸ ਕੋਲੋਂ ਇਸ ਸੰਸਾਰ ਦਾ ਕੁਝ ਵੀ ਛੁਪਿਆ ਹੋਇਆ ਨਹੀਂ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ, ਉਸ ਸਭ ਦੀ ਜਾਣਕਾਰੀ ਉਸ ਸਰਬ-ਸ਼ਕਤੀਮਾਨ ਨੂੰ ਹੁੰਦੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਹੜਾ ਮਨੁੱਖ ਲੁਕ-ਛਿਪ ਕੇ ਪਾਪ ਕਰਦਾ ਹੈ, ਬੁਰਾ ਕੰਮ ਕਰਦਾ ਹੈ ਅਤੇ ਪਰਮਾਤਮਾ ਨੂੰ ਸਰਬ-ਵਿਆਪਕ ਅਤੇ ਜਾਣੀ-ਜਾਣ ਨਹੀਂ ਮੰਨਦਾ, ਉਸ ਨੂੰ ਇੱਕ ਤਰ੍ਹਾਂ ਨਾਲ ਪਾਗਲ ਹੀ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਅਸਲੇ ਨੂੰ ਨਹੀਂ ਪਛਾਣਦਾ। ਸੰਸਾਰ ਵਿਚ ਵਿਕਾਰਾਂ ਦਾ ਝਮੇਲਾ ਬਹੁਤ ਬੁਰਾ ਹੈ ਜਿਨ੍ਹਾਂ ਵਿਚ ਫਸਿਆ ਹੋਇਆ ਮਨੁੱਖ ਖਪਦਾ ਰਹਿੰਦਾ ਹੈ, ਅਕਾਲ ਪੁਰਖ ਦੇ ਨਾਮ ਨੂੰ ਛੱਡ ਕੇ ਉਹ ਮਾੜੇ ਕੰਮਾਂ ਅਤੇ ਭਟਕਣਾ ਵਿਚ ਖੁਆਰ ਹੁੰਦਾ ਰਹਿੰਦਾ ਹੈ। ਮਨੁੱਖ ਲਈ ਜੀਵਨ ਜਿਉਣ ਦੇ ਦੋ ਰਸਤੇ ਹਨ-ਇੱਕ ਮਾਇਆਵੀ ਅਤੇ ਦੂਜਾ ਨਾਮ-ਸਿਮਰਨ ਦਾ। ਜਿਹੜਾ ਮਨੁੱਖ ਇਨ੍ਹਾਂ ਦੋ ਰਸਤਿਆਂ ਵਿਚੋਂ ਪਰਮਾਤਮਾ ਨੂੰ ਯਾਦ ਰੱਖਦਾ ਹੈ ਅਤੇ ਨਾਮ-ਸਿਮਰਨ ਦਾ ਰਸਤਾ ਚੁਣਦਾ ਹੈ, ਉਹ ਜੀਵਨ ਵਿਚ ਸਫ਼ਲ ਹੁੰਦਾ ਹੈ। ਨਾਮ ਸਿਮਰਨ ਦੇ ਰਸਤੇ ਤੋਂ ਬਿਨਾ ਉਹ ਝੂਠ ਵਿਚ ਖਚਤ ਹੋ ਕੇ ਸੜਦਾ ਰਹਿੰਦਾ ਹੈ। ਜਿਹੜਾ ਮਨੁੱਖ ਉਸ ਸਦੀਵੀ ਕਾਇਮ ਹਸਤੀ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ, ਉਸ ਲਈ ਇਹ ਸੰਸਾਰ ਸੁੰਦਰ ਹੈ। ਉਹ ਆਪਣੀ ਹਉਂ ਅਰਥਾਤ ਖੁਦੀ ਨੂੰ ਮਿਟਾ ਕੇ ਪਰਮਾਤਮਾ ਦੇ ਦਰ ਤੇ ਪ੍ਰਵਾਨਗੀ ਪਾ ਕੇ ਸੁਰਖਰੂ ਹੋ ਜਾਂਦਾ ਹੈ,

ਬਦਫੈਲੀ ਗੈਬਾਨਾ ਖਸਮ ਨ ਜਾਣਈ॥
ਸੋ ਕਹੀਐ ਦੇਵਾਨਾ ਆਪੁ ਨ ਪਛਾਣਈ॥
ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥
ਵਿਣੁ ਨਾਵੈ ਵੇਕਾਰਿ ਭਰਮੇ ਪਚੀਐ॥... (ਪੰਨਾ ੧੪੨)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਇਸ ਸੰਸਾਰ 'ਤੇ ਸਵੈਮਾਣ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਕਰਦੇ ਹਨ ਕਿ ਇੱਜ਼ਤ ਤੋਂ ਬਿਨਾ ਜਿਉਣਾ ਬੇਕਾਰ ਅਤੇ ਅਰਥਹੀਣ ਹੈ। ਇਹ ਸਤਿਕਾਰਤ ਜੀਵਨ, ਇੱਜ਼ਤ ਵਾਲਾ ਜੀਵਨ ਮਨੁੱਖ ਨੂੰ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਪ੍ਰਾਪਤ ਹੁੰਦਾ ਹੈ। ਗੁਰਬਾਣੀ ਮਨੁੱਖ ਦੇ ਸਾਹਮਣੇ ਦੋਵੇਂ ਸੰਦਰਭ ਰੱਖਦੀ ਹੈ-ਸੰਸਾਰਕ ਵੀ ਅਤੇ ਅਧਿਆਤਮਕ ਵੀ। ਇਹ ਸਲੋਕ ਮਨੁੱਖ ਨੂੰ ਅਧਿਆਤਮਕ ਅਤੇ ਸੰਸਾਰਕ-ਦੋਵੇਂ ਤਰ੍ਹਾਂ ਨਾਲ ਸਵੈਮਾਣ ਵਾਲਾ ਜੀਵਨ, ਪਤ ਸਹਿਤ ਜੀਵਨ ਜਿਉਣ ਦੀ ਪ੍ਰੇਰਨਾ ਕਰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਮਨੁੱਖ ਨੂੰ ਹੀ ਅਸਲ ਵਿਚ ਜੀਵਤ ਸਮਝਣਾ ਚਾਹੀਦਾ ਹੈ ਜਿਸ ਨੇ ਆਪਣੇ ਅੰਦਰ ਉਸ ਪਰਮਾਤਮ-ਜੋਤਿ ਦੇ ਨਿਵਾਸ ਨੂੰ ਅਨੁਭਵ ਕਰ ਲਿਆ ਹੈ ਅਰਥਾਤ ਉਹੀ ਮਨੁੱਖ ਜਿਉਂਦਾ ਹੈ ਜਿਸ ਦੇ ਮਨ ਅੰਦਰ ਵਾਹਿਗੁਰੂ ਵੱਸ ਰਿਹਾ ਹੈ। ਉਸ ਦੇ ਸਿਮਰਨ ਤੋਂ ਬਿਨਾ ਕੋਈ ਹੋਰ ਜਿਉਂਦਾ ਨਹੀਂ ਹੈ। ਜੇ ਮਨੁੱਖ ਇੱਜ਼ਤ-ਵਿਹੂਣਾ ਪਤਿ-ਹੀਣ ਜੀਵਨ ਜਿਉਂਦਾ ਹੈ ਤਾਂ ਉਸ ਦਾ ਖਾਣਾ-ਪੀਣਾ ਸਭ ਹਰਾਮ ਹੈ। ਜਿਸ ਮਨੁੱਖ ਨੂੰ ਰਾਜ ਨਾਲ ਮੋਹ ਹੈ, ਧਨ-ਮਾਲ ਨਾਲ ਮੋਹ ਹੈ, ਉਹ ਇਸ ਮੋਹ ਵਿਚ ਗ਼ਲਤਾਨ ਹੋਇਆ ਬੇਸ਼ਰਮ ਹੋ ਕੇ ਨੱਚਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਵਿਹੂਣਾ ਮਨੁੱਖ ਠੱਗਿਆ ਅਤੇ ਲੁੱਟਿਆ ਜਾ ਰਿਹਾ ਹੈ ਅਤੇ ਆਪਣੀ ਇੱਜ਼ਤ ਗੁਆ ਕੇ ਇੱਥੋਂ ਜਾਂਦਾ ਹੈ,

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
ਰਾਜਿ ਰੰਗੁ ਮਾਲਿ ਰੰਗੁ॥
ਰੰਗਿ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥
ਵਿਣੁ ਨਾਵੈ ਪਤਿ ਗਇਆ ਗਵਾਇ॥੧॥ (ਪੰਨਾ ੧੪੨)

## ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੪**

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ
ਜੋ ਬੋਲੈ ਹਰਿ ਹਰਿ ਬਾਨੀ॥
ਜੋ ਜੋ ਕਹੈ ਸੁਣੈ ਸੋ ਮੁਕਤਾ
ਹਮ ਤਿਸ ਕੈ ਸਦ ਕੁਰਬਾਨੀ॥੧॥
ਹਰਿ ਕੇ ਸੰਤ ਸੁਨਹੁ ਜਸੁ ਕਾਨੀ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ॥੧॥ਰਹਾਉ॥
ਐਸਾ ਸੰਤੁ ਸਾਧੁ ਜਿਨ ਪਾਇਆ
ਤੇ ਵਡ ਪੁਰਖ ਵਡਾਨੀ॥
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ
ਹਮ ਹਰਿ ਲੋਚ ਲੁਚਾਨੀ॥੨॥
ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ
ਜਿਨ ਜਪਿਓ ਸੇ ਤ੍ਰਿਪਤਾਨੀ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ
ਸਭ ਲਾਥੀ ਭੂਖ ਭੁਖਾਨੀ॥੩॥
ਜਿਨ ਕੇ ਵਡੇ ਭਾਗ ਵਡ ਊਚੇ
ਤਿਨ ਹਰਿ ਜਪਿਓ ਜਪਾਨੀ॥
ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ
ਜਨ ਨਾਨਕ ਦਾਸ ਦਸਾਨੀ॥੪॥

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਆਖ ਰਹੇ ਹਨ, ਹੇ ਭਾਈ! ਪੂਰਾ ਗੁਰੂ ਤਾਂ ਸਤਿ ਪੁਰਖ ਹੈ, ਗੁਰੂ ਉਸ ਹਰੀ ਪ੍ਰਭੂ ਦਾ ਸੰਤ ਹੈ ਕਿਉਂਕਿ ਸਤਿਗੁਰ ਉਸ ਮਿਹਰਵਾਨ ਪ੍ਰਭੂ ਦੀ ਬਾਣੀ ਉਚਾਰਨ ਕਰਦਾ ਹੈ; ਜੋ ਜੋ ਕਹੈ ਸੁਣੈ ਸੋ ਮੁਕਤਾ, ਹੇ ਭਾਈ! ਜਿਹੜਾ ਜਿਹੜਾ ਵੀ ਜੀਵ ਇਸ ਬਾਣੀ ਨੂੰ ਪੜ੍ਹਦਾ/ਸੁਣਦਾ ਹੈ, ਉਹ ਸਾਰੇ ਹੀ ਪਾਪਾਂ ਤੋਂ ਮੁਕਤੀ ਪਾ ਲੈਂਦਾ ਹੈ; ਹਮ ਤਿਸ ਕੈ ਸਦ ਕੁਰਬਾਨੀ, ਸੋ ਹੇ ਭਾਈ! ਮੈਂ ਐਸੇ ਪੂਰੇ ਸਤਿਗੁਰੂ, ਜਿਸ ਦੀ ਬਾਣੀ ਵਿਕਾਰਾਂ ਦੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ, ਤੋਂ ਸਦਾ ਹੀ ਸਦਕੇ ਜਾਂਦਾ ਹਾਂ।

ਹਰਿ ਕੇ ਸੰਤ ਸੁਨਹੁ ਜਸੁ ਕਾਨੀ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ॥੧॥ਰਹਾਉ॥

ਸਤਿਗੁਰ ਰਾਮਦਾਸ ਜੀ ਮਹਾਰਾਜ ਰਹਾਉ ਦੀ ਪੰਕਤੀ 'ਚ ਆਖਦੇ ਹਨ, ਹੇ ਭਾਈ! ਉਸ ਮਿਹਰਵਾਨ ਪ੍ਰਭ ਦੇ ਪਿਆਰੇ ਸੰਤ ਜਨੋ! ਉਸ ਮਿਹਰਾਂ ਦੇ ਮਾਲਕ ਦੀਆਂ ਸਿਫ਼ਤਾਂ ਅਤੇ ਉਸ ਦੇ ਗੁਣਾਂ ਦੇ ਵਰਨਣ ਨੂੰ ਆਪਣੇ ਕੰਨਾਂ ਨਾਲ, ਭਾਵ ਧਿਆਨ ਲਾ ਕੇ ਸੁਣਿਆ ਕਰੋ; ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ, ਹੇ ਭਾਈ! ਜਿਹੜੇ ਜੀਵ ਅੱਖ ਝਪਕਣ ਜਿੰਨਾ, ਭਾਵ ਇਕ ਪਲ ਲਈ ਵੀ ਹਰੀ ਕਥਾ ਸੁਣ ਲੈਂਦੇ ਹਨ; ਸਭਿ ਕਿਲਵਿਖ ਪਾਪ ਲਹਿ ਜਾਨੀ, ਤਾਂ ਉਨ੍ਹਾਂ ਵਡਭਾਗੇ ਜੀਵਾਂ ਦੇ ਸਾਰੇ ਹੀ ਪਾਪ ਅਤੇ ਦੋਖ ਮੁੱਕ ਜਾਂਦੇ ਹਨ।

ਐਸਾ ਸੰਤੁ ਸਾਧੁ ਜਿਨ ਪਾਇਆ
ਤੇ ਵਡ ਪੁਰਖ ਵਡਾਨੀ॥
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ
ਹਮ ਹਰਿ ਲੋਚ ਲੁਚਾਨੀ॥੨॥

ਹੁਣ ਗੁਰਦੇਵ ਜੀ ਆਖਦੇ ਹਨ, ਜਿਨ੍ਹਾਂ ਵਡਭਾਗੇ ਜੀਵਾਂ ਨੇ ਅਜਿਹਾ ਪੂਰਾ ਗੁਰੂ ਪਾ ਲਿਆ; ਤੇ ਵਡ ਪੁਰਖ ਵਡਾਨੀ, ਫਿਰ ਉਹ ਜੀਵ ਤਾਂ ਉਚੇ ਅਤੇ ਸੁਚੇ ਜੀਵਨ ਵਾਲੇ ਵੱਡੇ ਭਲੇ ਪੁਰਖ ਬਣ ਗਏ; ਤਿਨ ਕੀ ਧੂਰਿ ਮੰਗਹਿ ਪ੍ਰਭ ਸੁਆਮੀ, ਹੇ ਮਿਹਰਵਾਨ ਬਖ਼ਸ਼ਿੰਦ ਪ੍ਰਭ ਜੀਉ! ਮੈਂ ਤੇਰੇ ਪਿਆਰਿਆਂ ਦੇ ਚਰਨਾਂ ਦੀ ਧੂੜ ਸੁਆਮੀ ਜੀਉ ਤੇਰੇ ਤੋਂ ਮੰਗਦਾ ਹਾਂ; ਹਮ ਹਰਿ ਲੋਚ ਲੁਚਾਨੀ, ਹੇ ਮੇਰੇ ਮਿਹਰਾਂ ਦੇ ਮਾਲਕ ਪ੍ਰੀਤਮ ਜੀਉ! ਮੇਰੇ ਅੰਦਰ ਤੇਰੇ ਪਿਆਰਿਆਂ ਦੀ ਚਰਨ ਧੂੜੀ ਪ੍ਰਾਪਤ ਕਰਨ ਲਈ ਬੜੀ ਪ੍ਰਬਲ ਤਾਂਘ ਹੈ।

ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ
ਜਿਨ ਜਪਿਓ ਸੇ ਤ੍ਰਿਪਤਾਨੀ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ
ਸਭ ਲਾਥੀ ਭੂਖ ਭੁਖਾਨੀ॥੩॥

ਗੁਰਦੇਵ ਜੀ ਆਖ ਰਹੇ ਹਨ, ਹੇ ਭਾਈ! ਉਹ ਮੇਰਾ ਹਰੀ ਪ੍ਰਭ ਜੀ, ਉਹ ਮੇਰਾ ਸੁਆਮੀ ਤਾਂ ਇਸ ਜਗਤ ਨੂੰ ਸਾਰੇ ਫਲ ਦੇਣ ਵਾਲਾ ਬਿਰਖ ਹੈ; ਜਿਨ ਜਪਿਓ ਸੇ ਤ੍ਰਿਪਤਾਨੀ, ਤੇ ਹੇ ਭਾਈ! ਸੁਣੋ, ਜਿਨ੍ਹਾਂ ਵਡਭਾਗੇ ਜੀਵਾਂ ਨੇ ਉਸ ਮਾਲਕ ਦਾ ਨਾਮ ਜਪਿਆ, ਉਹ ਤ੍ਰਿਪਤ ਹੋ ਗਏ, ਰੱਜ ਗਏ; ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ, ਹੇ ਮੇਰੇ ਹਰੀ ਪਰਮਾਤਮਾ ਜੀਉ! ਤੇਰਾ ਨਾਮ ਰੂਪੀ ਅੰਮ੍ਰਿਤ ਤਾਂ ਆਤਮਕ ਜੀਵਨ ਦੇਣ ਵਾਲਾ ਹੈ। ਜਿਨ੍ਹਾਂ ਨੇ ਇਸ ਨੂੰ ਪੀਤਾ, ਉਹ ਤ੍ਰਿਪਤ ਹੋ ਗਏ, ਉਨ੍ਹਾਂ ਦੀਆਂ ਸਾਰੀਆਂ ਭੁੱਖਾਂ ਲਹਿ ਗਈਆਂ।

ਜਿਨ ਕੇ ਵਡੇ ਭਾਗ ਵਡ ਊਚੇ
ਤਿਨ ਹਰਿ ਜਪਿਓ ਜਪਾਨੀ॥
ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ
ਜਨ ਨਾਨਕ ਦਾਸ ਦਸਾਨੀ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਰਾਮ ਦਾਸ ਜੀ ਆਖਦੇ ਹਨ, ਜਿਨ ਕੇ ਵਡੇ ਭਾਗ ਵਡ ਊਚੇ, ਹੇ ਭਾਈ! ਜਿਨ੍ਹਾਂ ਜੀਵਾਂ ਦੇ ਵੱਡੇ ਅਤੇ ਉਚੇ ਭਾਗ ਹੁੰਦੇ ਹਨ; ਤਿਨ ਹਰਿ ਜਪਿਓ ਜਪਾਨੀ, ਤਾਂ ਫਿਰ ਉਹ ਵਡਭਾਗੇ ਜੀਵ ਉਸ ਪ੍ਰਭੂ ਪਰਮਾਤਮਾ ਦੇ ਨਾਮ ਦਾ ਜਾਪ ਜਪਦੇ ਹਨ, ਉਸ ਦਾ ਸਿਮਰਨ ਕਰਦੇ ਹਨ; ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ, ਗੁਰਦੇਵ ਪਿਤਾ ਜੀ ਪ੍ਰਭੂ ਜੀ ਅੱਗੇ ਅਰਦਾਸ ਕਰਦੇ ਹਨ, ਹੇ ਹਰੀ ਪ੍ਰਭ ਜੀਉ! ਸੁਆਮੀ ਜੀਉ! ਇਸ ਦਾਸ ਨਾਨਕ ਨੂੰ ਵੀ ਉਨ੍ਹਾਂ ਦੀ ਸੰਗਤ ਵਿਚ ਮਿਲਾਈ ਰੱਖ ਅਤੇ ਹੇ ਪ੍ਰਭੂ! ਮੈਨੂੰ ਉਨ੍ਹਾਂ ਦੇ ਦਾਸਾਂ ਦਾ ਵੀ ਦਾਸ ਬਣਾ ਦਿਓ ਜੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪਾਣੀ ਪਿਤਾ ਜਗਤ ਕਾ

**ਪਾਣੀ ਦੀ ਨਿਰਮਲਤਾ ਦੇ ਮਹੱਤਵ ਨੂੰ ਜਾਣਨ ਲਈ ਸਵੈ ਦਾ ਨਿਰਮਲ ਹੋਣਾ ਜ਼ਰੂਰੀ ਹੈ। ਆਪਣੀ ਹਸਤੀ ਅੰਦਰਲੇ ਪਲੀਤ ਤੱਤਾਂ ਨੂੰ ਪਛਾਣੇ ਅਤੇ ਮਿਟਾਏ ਬਿਨਾਂ ਪਾਣੀ ਨੂੰ ਪਲੀਤ ਹੋਣੋਂ ਨਹੀਂ ਬਚਾਇਆ ਜਾ ਸਕਦਾ। ਸ਼ੀਸ਼ੇ ਦਾ ਪਾਣੀ ਸਾਫ ਹੋਵੇ, ਇਹ ਲੋੜ ਉਦੋਂ ਮਹਿਸੂਸ ਹੁੰਦੀ ਹੈ ਜਦ ਚਿਹਰਾ ਸਾਫ ਹੋਵੇ, ਪਰ ਅਸੀਂ ਆਪਹੁਦਰੇਪਨ ਅਤੇ ਅਣਗਹਿਲੀ ਕਾਰਨ ਜਿਸ ਦਿਸ਼ਾ ਵੱਲ ਵਧ ਰਹੇ ਹਾਂ, ਉਹ ਡੁੱਬ ਮਰਨ ਵਾਲੀ ਗੱਲ ਹੈ; ਪਰ ਸਾਨੂੰ ਲਾਲਚਾਂ ਵਿਚ ਅੰਨ੍ਹਿਆਂ ਹੋਇਆਂ ਨੂੰ ਜਦ ਇਸ ਗੱਲ ਦੀ ਸਮਝ ਆਏਗੀ, ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਡੁੱਬ ਮਰਨ ਲਈ ਵੀ ਸਾਫ਼ ਪਾਣੀ ਨਹੀਂ ਹੋਏਗਾ। ਡੁੱਬਣ ਲਈ ਸਾਡੇ ਕੋਲ ਪਛਤਾਵੇ ਅਤੇ ਸ਼ਰਮਿੰਦਗੀ ਦੀ ਸਿਰਫ ਖਾਲੀ ਚੱਪਣੀ ਬਚੇਗੀ।**

ਨਾਨਕ ਇਹੁ ਜਗਤੁ ਸਭੁ ਜਲੁ ਹੈ
ਜਲ ਹੀ ਤੇ ਸਭ ਕੋਇ॥
ਗੁਰ ਪਰਸਾਦੀ ਕੋ ਵਿਰਲਾ ਬੂਝੈ
ਸੋ ਜਨੁ ਮੁਕਤੁ ਸਦਾ ਹੋਇ॥ -ਗੁਰੂ ਅਮਰਦਾਸ ਜੀ

ਕਿਸੇ ਗ੍ਰਹਿ ਜਾਂ ਉਪਗ੍ਰਹਿ 'ਤੇ ਜੀਵਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਉਥੇ ਪਾਣੀ ਦੀ ਹੋਂਦ ਬਾਰੇ ਖੋਜ ਕੀਤੀ ਜਾਂਦੀ ਹੈ। ਪਾਣੀ ਹੈ ਤਾਂ ਜੀਵਨ ਹੋ ਸਕਦਾ ਹੈ। ਪਾਣੀ ਨਹੀਂ ਤਾਂ ਜੀਵਨ ਸੰਭਾਵਨਾ ਵੀ ਨਹੀਂ। ਜੀਵਨ ਹੋਂਦ ਵਿਚ ਆਉਣ ਦੀ ਪ੍ਰਕ੍ਰਿਆ ਨੂੰ ਗੁਰੂ ਨਾਨਕ ਦੇਵ ਇਸ ਤਰ੍ਹਾਂ ਬਿਆਨਦੇ ਹਨ,

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(ਪੰਨਾ 19)

ਧਰਤੀ ਨਾਂ ਦੇ ਇਸ ਆਕਾਸ਼ੀ ਪਿੰਡ ਦੇ ਠੰਢਾ ਹੋਣ ਅਤੇ ਸਥੂਲ ਧਰਾਤਲ ਦਾ ਰੂਪ ਅਖਤਿਆਰ ਕਰਨ ਤੋਂ ਪਹਿਲਾਂ ਕੇਵਲ ਗੈਸਾਂ ਸਨ। ਬਿਜਲਈ ਊਰਜਾ ਕਾਰਨ ਹਵਾ ਵਿਚਲੀਆਂ ਦੋ ਮੁੱਖ ਗੈਸਾਂ ਹਾਈਡ੍ਰੋਜਨ ਅਤੇ ਆਕਸੀਜਨ ਦੇ ਰਸਾਇਣਕ ਮੇਲ ਨਾਲ ਭਾਫ ਬਣੀ। ਤਾਪਮਾਨ ਘਟਣ ਨਾਲ ਇਸ ਭਾਫ ਨੇ ਤਰਲ ਰੂਪ



**ਜਸਵੰਤ ਸਿੰਘ ਜ਼ਫਰ**

ਧਾਰਨ ਕੀਤਾ ਜਿਸ ਨੂੰ ਜਲ ਜਾਂ ਪਾਣੀ ਆਖਦੇ ਹਾਂ। ਇਸ ਪਾਣੀ ਕਾਰਨ ਪਹਿਲਾਂ ਬਨਸਪਤਿ ਹੋਂਦ ਵਿਚ ਆਈ। ਫਿਰ ਕਈ ਪ੍ਰਕਾਰ ਦੇ ਜੀਆ ਜੰਤ ਦਾ ਵਿਕਾਸ ਹੋਇਆ। ਗੁਰੂ ਨਾਨਕ ਅਨੁਸਾਰ ਹਵਾ, ਪਾਣੀ ਅਤੇ ਊਰਜਾ ਧਰਤੀ ਦੇ ਹੋਂਦ ਵਿਚ ਆਉਣ ਸਮੇਂ ਜਿਸ ਤਰ੍ਹਾਂ ਇਕ-ਦੂਜੇ ਵਿਚ ਵਟਦੇ ਘਟਦੇ ਅਤੇ ਜੁੜਦੇ ਰਹੇ ਹਨ, ਉਸੇ ਤਰ੍ਹਾਂ ਸਾਡੇ ਸਰੀਰ ਅੰਦਰ ਵੀ ਲਗਾਤਾਰ ਕਿਰਿਆਸ਼ੀਲ ਹਨ,

ਪਉਣੈ ਪਾਣੀ ਅਗਨੀ ਕਾ ਮੇਲੁ॥ (ਪੰਨਾ 152)
ਪਉਣੁ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ॥ (ਪੰਨਾ 340)
ਪਉਣੁ ਪਾਣੀ ਅਗਨੀ ਮਿਲਿ ਜੀਆ॥ (ਪੰਨਾ 1026)
ਜਗਤੁ ਉਪਾਇ ਖੇਲੁ ਰਚਾਇਆ॥
ਪਵਣੈ ਪਾਣੀ ਅਗਨੀ ਜੀਉ ਪਾਇਆ॥ (ਪੰਨਾ 1031)
ਪਉਣ ਪਾਣੀ ਅਗਨੀ ਕਾ ਬੰਧਨੁ
ਕਾਇਆ ਕੋਟੁ ਰਚਾਇਦਾ॥ (ਪੰਨਾ 1036)
ਪਉਣੈ ਪਾਣੀ ਅਗਨੀ ਕਾ ਸਨਬੰਧੁ॥ (ਪੰਨਾ 1257)

ਇਸੇ ਗੱਲ ਨੂੰ ਗੁਰੂ ਅਮਰਦਾਸ ਵੀ ਦੁਹਰਾਉਂਦੇ ਹਨ,

ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗ॥ (ਪੰਨਾ 160)
ਸੂਤਕੁ ਅਗਨਿ ਪਉਣੈ ਪਾਣੀ ਮਾਹਿ॥ (ਪੰਨਾ 229)

ਧਰਤੀ 'ਤੇ ਹਵਾ ਅਤੇ ਅਗਨੀ (ਊਰਜਾ) ਤਾਂ ਪਾਣੀ ਅਤੇ ਜੀਵਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਮੌਜੂਦ ਸਨ, ਪਰ ਜੀਵਨ ਦਾ ਸਾਰਾ ਰੌਣਕ ਮੇਲਾ ਤਾਂ ਪਾਣੀ ਦੀ ਆਮਦ ਤੋਂ ਬਾਅਦ ਹੀ ਸ਼ੁਰੂ ਹੋਇਆ,

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
(ਪੰਨਾ 472)
ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥
(ਪੰਨਾ 1420)

ਸਾਡੀ ਧਰਤੀ ਹੇਠਲੇ ਅਤੇ ਸਮੁੰਦਰ ਵਿਚਲੇ ਪਾਣੀ ਨੂੰ ਕੁਦਰਤ ਨੇ ਸਥਾਈ ਤੌਰ 'ਤੇ ਨਹੀਂ ਟਿਕਾਇਆ ਹੋਇਆ। ਸਮੁੰਦਰ 'ਚੋਂ ਪਾਣੀ ਵਾਸ਼ਪ ਬਣ ਉੱਡਦਾ, ਬੱਦਲ ਬਣਦਾ, ਬਰਸਦਾ, ਧਰਤੀ ਉਤਲੀ ਬਨਸਪਤਿ ਨੂੰ ਸਿੰਜਦਾ, ਦਰਿਆ ਨਦੀ ਨਾਲਾ ਬਣ ਵਗਦਾ, ਪਸ਼ੂ ਪੰਛੀਆਂ ਦੀ ਪਿਆਸ ਬੁਝਾਉਂਦਾ, ਧਰਤੀ ਵਿਚ ਜੀਰਦਾ, ਬਾਕੀ ਫਿਰ ਸਮੁੰਦਰ ਵਿਚ ਜਾ ਮਿਲਦਾ। ਪਾਣੀ ਦੀ ਇਹ ਲਗਾਤਾਰ ਗਤੀਸ਼ੀਲਤਾ ਹੀ ਜ਼ਿੰਦਗੀ ਦੀ ਨਿਰੰਤਰਤਾ ਬਣਾਈ ਰੱਖਦੀ ਹੈ। ਧਰਤੀ ਤੇ ਜੀਵਨ ਦੇ ਚਲਦੇ ਰਹਿਣ ਲਈ ਇਹ ਨਦੀਆਂ ਨਾਲੇ ਉਸੇ ਤਰ੍ਹਾਂ ਹਨ, ਜਿਵੇਂ ਜਿਉਂਦੇ ਆਦਮੀ ਦੇ ਸਰੀਰ ਦੀਆਂ ਨਾੜਾਂ ਵਿਚ ਵਗਦਾ ਲਹੂ। ਪਾਣੀ ਦਾ ਇਹ ਬੇਰੋਕ ਚੱਕਰ ਐਵੇਂ ਨਹੀਂ ਬਣਿਆ ਹੋਇਆ,

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ॥ (ਪੰਨਾ 162)

ਸਥੂਲ ਧਰਾਤਲ ਧਰਤੀ ਦੇ ਕੁਲ ਰਕਬੇ ਦਾ ਕੇਵਲ ਚੌਥਾ ਹਿੱਸਾ ਹੈ। ਬਾਕੀ ਤਿੰਨ ਚੌਥਾਈ ਭਾਗ ਤਾਂ ਪਾਣੀ ਹੀ ਹੈ। ਗੁਰਬਾਣੀ ਵਿਚ ਪਰਮਾਤਮਾ ਦੀ ਸਰਬ ਵਿਆਪਕਤਾ ਜਾਂ ਸਮੁੱਚੀ ਧਰਤੀ ਦੀ ਗੱਲ ਕਰਨ ਸਮੇਂ ਜਲ ਨੂੰ ਥਲ ਤੋਂ ਪਹਿਲਾਂ ਲਿਖਿਆ ਗਿਆ ਹੈ,

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ
ਸਾਧੂ ਚਰਨ ਪਖਾਲੀ ਜੀਉ॥ (ਪੰਨਾ 106)
ਵਾਸੁਦੇਵ ਜਲ ਥਲ ਮਹਿ ਰਵਿਆ॥ (ਪੰਨਾ 259)
ਜਲ ਥਲ ਬਨ ਪਰਬਤ ਪਾਤਾਲ॥ (ਪੰਨਾ 299)
ਜਲ ਥਲ ਮਾਹੇ ਆਪਹਿ ਆਪ॥ (ਪੰਨਾ 343)
ਆਪੇ ਜਲ ਥਲਿ ਸਭਤੁ ਹੈ
ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ॥ (ਪੰਨਾ 605)
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ॥
(ਪੰਨਾ 928)
ਆਪੇ ਜਲੁ ਥਲੁ ਸਾਗਰੁ ਸਰਵਰੁ॥ (ਪੰਨਾ 1020)
ਹੁਕਮੇ ਜਲ ਥਲ ਤ੍ਰਿਭਵਣ ਵਾਸੀ॥ (ਪੰਨਾ 1037)
ਜਲ ਥਲ ਰਾਖਨ ਹੈ ਰਘੁਨਾਥੁ॥ (ਪੰਨਾ 1162)

ਧਰਤੀ ਵਾਂਗ ਸਾਡੇ ਸਰੀਰ ਦਾ ਵੀ 75 ਫੀਸਦੀ ਹਿੱਸਾ ਪਾਣੀ ਹੈ। ਮਨੁੱਖੀ ਸਰੀਰ ਦੀ ਬਣਤਰ ਬਾਰੇ ਭਗਤ ਰਵਿਦਾਸ ਜੀ ਲਿਖਦੇ ਹਨ,

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ॥ (ਪੰਨਾ 659)

ਜਨਨ ਪ੍ਰਕ੍ਰਿਆ ਤੇ ਸਰੀਰ ਰਚਨਾ ਦੇ ਮੂਲ ਰਕਤ ਅਤੇ ਬੂੰਦ, ਅਰਥਾਤ ਆਂਡੇ ਅਤੇ ਸ਼ੁਕਰਾਣੂ ਵਿਚ ਵੀ ਬਹੁਤਾ ਪਾਣੀ ਹੀ ਹੁੰਦਾ ਹੈ। ਜਪੁਜੀ ਸਾਹਿਬ ਦੀਆਂ 38 ਪਉੜੀਆਂ ਉਪਰੰਤ ਉਚਾਰੇ ਸਲੋਕ ਵਿਚ ਗੁਰੂ ਨਾਨਕ ਪਾਣੀ ਨੂੰ ਪਿਤਾ ਆਖਦੇ ਹਨ,

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
(ਪੰਨਾ 8)

ਉਨ੍ਹਾਂ ਇਸ ਗੱਲ ਨੂੰ ਸਾਰੰਗ ਅਤੇ ਮਾਰੂ ਰਾਗ ਦੀ ਬਾਣੀ ਵਿਚ ਵੀ ਦੁਹਰਾਇਆ ਹੈ,


ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥
(ਪੰਨਾ 1240)
ਪਗ ਮਲਿ ਮਲਿ ਧੂਰਿ ਮੁਖਿ ਲਾਈਐ॥ (881)

ਦਿਲਚਸਪ ਗੱਲ ਹੈ ਕਿ ਉਪਰੋਕਤ ਚਾਰਾਂ ਪੰਕਤੀਆਂ ਵਿਚ ਤਿੰਨਾਂ ਬੁਨਿਆਦੀ ਲੋੜਾਂ ਜਾਂ ਸੇਵਾਵਾਂ ਨੂੰ ਤਰਤੀਬ ਦਿੰਦਿਆਂ ਪਾਣੀ ਨੂੰ ਸਭ ਤੋਂ ਅੱਗੇ ਰੱਖਿਆ ਗਿਆ ਹੈ। ਇਕ ਥਾਂ ਗੁਰੂ ਨਾਨਕ ਜਿਹੜੇ ਤਿੰਨ ਪੱਪਿਆਂ ਨੂੰ ਜੀਵਨ ਦੀਆਂ ਤਿੰਨ ਮੁਢਲੀਆਂ ਸ਼ਰਤਾਂ ਵਜੋਂ ਦਰਜ ਕਰਦੇ ਹਨ, ਉਨ੍ਹਾਂ ਵਿਚ ਵੀ ਪਾਣੀ ਵਾਲਾ ਪੱਪਾ ਸਭ ਤੋਂ ਅੱਗੇ ਹੈ,

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ
ਚੰਦੁ ਸੂਰਜੁ ਮੁਖਿ ਦੀਏ॥ (ਪੰਨਾ 877)

ਇਸ ਤਰ੍ਹਾਂ ਜੀਵਨ ਦਾ ਪਹਿਲਾ ਸੱਚ ਪਾਣੀ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸੇ ਲਈ ਸਿੱਖ ਦਾ ਪਹਿਲਾ ਸੱਚ ਗੁਰੂ ਨੂੰ ਕਹਿਣ ਲਈ, ਭਾਵ ਗੁਰੂ ਅਤੇ ਸਿੱਖ ਦੇ ਰਿਸ਼ਤੇ ਦੇ ਮਹੱਤਵ ਅਤੇ ਪਕਿਆਈ ਨੂੰ ਸਮਝਾਉਣ ਲਈ ਪਾਣੀ ਅਤੇ ਜੀਵਨ ਦੇ ਸਬੰਧ ਨੂੰ ਚਿਤਾਰਿਆ ਗਿਆ,

ਗੁਰ ਮਿਲੇ ਸੀਤਲ ਜਲੁ ਪਾਇਆ
ਸਭਿ ਦੂਖ ਨਿਵਾਰਣਹਾਰੁ॥ (ਪੰਨਾ 1419)
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ (ਪੰਨਾ 757)



**ਪਾਣੀ ਸਿਰਫ ਬੁੱਲ੍ਹਾਂ ਦੀ ਪਿਆਸ ਮਿਟਾਉਣ ਜੋਗਾ ਹੀ ਨਹੀਂ, ਇਹ ਅੱਖਾਂ ਲਈ ਦ੍ਰਿਸ਼ ਅਤੇ ਕੰਨਾਂ ਲਈ ਸੰਗੀਤ ਵੀ ਸਿਰਜਦਾ ਹੈ। ਪਾਣੀ ਸੌਂਦਰਯ ਵੀ ਹੈ ਅਤੇ ਸ਼ਕਤੀ ਵੀ। ਇਹ ਰੁੱਤਾਂ ਅਤੇ ਮੌਸਮਾਂ ਦੀ ਖੇਡ ਦਾ ਮੁੱਖ ਪਾਤਰ ਵੀ ਹੈ, ਤੇ ਕੁਦਰਤ ਦੇ ਹੋਰ ਬੇਅੰਤ ਕੌਤਕਾਂ ਦਾ ਮਾਧਿਅਮ ਵੀ। ਇਹ ਜੀਵਾਂ ਦੀ ਮਨੋਬਿਰਤੀ ਅਤੇ ਅਵਚੇਤਨ ਨੂੰ ਘੜਦਾ ਅਤੇ ਪ੍ਰਭਾਵਿਤ ਕਰਦਾ ਹੈ। ਕਾਮਨਾ ਨੂੰ ਜਗਾਉਣ ਅਤੇ ਤ੍ਰਿਪਤਾਉਣ ਵਰਗੀਆਂ ਖੇਡਾਂ ਵੀ ਖੇਡਦਾ ਖਿਡਾਉਂਦਾ ਹੈ।**

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥ (ਪੰਨਾ 1021)

ਸੁੱਕੀ ਧਰਤੀ ਵਿਚ ਪਿਆ ਬੀਜ ਕਦੇ ਨਹੀਂ ਪੁੰਗਰਦਾ, ਪੁੰਗਰਨ ਲਈ ਪਾਣੀ ਨੂੰ 'ਵਾਜਾਂ ਮਾਰਦਾ ਹੈ। ਧਰਤੀ ਮਾਤਾ ਦੀ ਉਪਜਾਊ ਸ਼ਕਤੀ ਨੂੰ ਪਾਣੀ ਹੀ ਜਗਾਉਂਦਾ ਹੈ। ਸਾਰੇ ਸਰੀਰ ਧਰਤੀ (ਮਿੱਟੀ) ਦੇ ਬਣੇ ਹਨ, ਧਰਤੀ ਵਿਚੋਂ ਪੈਦਾ ਹੋਏ ਹਨ, ਪਰ ਪੈਦਾ ਹੋਏ ਹਨ ਪਾਣੀ ਕਾਰਨ। ਇਸ ਲਈ ਪਾਣੀ ਪਿਤਾ ਹੈ। ਦਿਨ ਵਿਚ ਅਸੀਂ ਅਨੇਕਾਂ ਵਾਰ ਪਾਣੀ ਨੂੰ ਪੀਣ, ਖਾਣਾ ਬਣਾਉਣ, ਨਹਾਉਣ, ਸਫਾਈ ਕਰਨ ਅਤੇ ਹੋਰ ਅਣਗਿਣਤ ਕੰਮਾਂ ਲਈ ਵਰਤਦੇ ਹਾਂ। ਇਹ ਸਾਡੀ ਮਨਮੁੱਖਤਾ ਹੈ ਕਿ ਪਾਣੀ ਨੂੰ ਦੇਖਣ, ਛੂਹਣ ਜਾਂ ਵਰਤਣ ਸਮੇਂ ਸਾਡੇ ਮਨ ਵਿਚ ਪਾਣੀ ਪ੍ਰਤੀ ਪਿਤਾ ਵਾਲਾ ਭਾਵ ਪੈਦਾ ਨਹੀਂ ਹੁੰਦਾ।

ਅਸੀਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਮੰਨਦੇ ਹਾਂ, ਪਰ ਗੁਰਬਾਣੀ ਇਨ੍ਹਾਂ ਵਿਚੋਂ ਕੱਪੜੇ ਅਤੇ ਮਕਾਨ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਨਹੀਂ ਮੰਨਦੀ। ਬੁਨਿਆਦੀ ਲੋੜਾਂ ਹਨ, ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ। ਸੇਵਾ ਦੇ ਵਿਸ਼ੇ ਸਬੰਧੀ ਗੁਰੂ ਅਰਜਨ ਸਾਹਿਬ ਦੇ ਵਾਕ ਹਨ,

ਪਾਣੀ ਪਖਾ ਪੀਸਉ ਸੇਵਕ ਕੈ
ਠਾਕੁਰ ਹੀ ਕਾ ਆਹਰੁ ਜੀਉ॥ (ਪੰਨਾ 101)
ਪਾਨੀ ਪਖਾ ਪੀਸਉ ਸੰਤ ਆਗੈ
ਗੁਣ ਗੋਵਿੰਦ ਜਸੁ ਗਾਈ॥ (ਪੰਨਾ 673)
ਪਾਣੀ ਪਖਾ ਪੀਸੁ ਦਾਸ ਕੈ
ਤਬ ਹੋਹਿ ਨਿਹਾਲੁ॥ (ਪੰਨਾ 811)

ਬੁਨਿਆਦੀ ਸੇਵਾ ਤਾਂ ਕਿਸੇ ਦੀਆਂ ਬੁਨਿਆਦੀ ਲੋੜਾਂ ਪੂਰਨ ਨੂੰ ਕਿਹਾ ਜਾ ਸਕਦਾ ਹੈ। ਗੁਰੂ ਰਾਮਦਾਸ ਜੀ ਦਾ ਵੀ ਅਜਿਹਾ ਬਚਨ ਹੈ,

ਹਉ ਪਾਣੀ ਪਖਾ ਪੀਸਉ ਸੰਤ ਆਗੈ

ਸਾਧ ਸੰਗਤ ਦੇ ਮਹੱਤਵ ਨੂੰ ਬਿਆਨ ਕਰਨ ਲੱਗਿਆਂ ਵੀ ਜੀਵਨ ਲਈ ਪਾਣੀ ਦੇ ਬੁਨਿਆਦੀ ਮਹੱਤਵ ਨੂੰ ਚੇਤੇ ਕੀਤਾ ਗਿਆ ਹੈ,

ਮਿਲਿ ਪਾਣੀ ਜਿਉ ਹਰੇ ਬੂਟ॥
ਸਾਧ ਸੰਗਤਿ ਤਿਉ ਹਉਮੈ ਛੂਟ॥ (ਪੰਨਾ 1181)

ਗੁਰਬਾਣੀ ਵਿਚ ਜੀਵ ਦੀ ਆਤਮਾ ਅਤੇ ਪਰਮਾਤਮਾ ਦੇ ਸਬੰਧ ਦਾ ਜ਼ਿਕਰ ਵੀ ਵਾਰ-ਵਾਰ ਪਾਣੀ ਨਾਲ ਜੀਵਨ ਦੇ ਅਟੁੱਟ ਸਬੰਧ ਦੇ ਹਵਾਲੇ ਨਾਲ ਕੀਤਾ ਗਿਆ ਹੈ। ਗੁਰਬਾਣੀ ਦਾ ਕੇਂਦਰੀ ਬਲ ਪ੍ਰਭੂ ਦਾ ਨਾਮ ਜਪਣ 'ਤੇ ਹੈ ਅਤੇ ਇਸ ਦੇ ਮਹੱਤਵ ਨੂੰ ਜਲ ਨਾਲ ਤੁਲਨਾ ਕੇ ਸਮਝਾਇਆ ਗਿਆ ਹੈ। ਨਾਮ ਨੂੰ ਜਲ ਅਤੇ ਜਪਣ ਨੂੰ ਪੀਣਾ ਕਿਹਾ ਗਿਆ ਹੈ।

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥
ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥
(ਪੰਨਾ 1283)
ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ॥
(ਪੰਨਾ 607)
ਗੁਰਮੁਖਿ ਜਲੁ ਪਾਵੈ ਸੁਖ ਸਹਜੇ
ਹਰਿਆ ਭਾਇ ਸੁਭਾਈ॥ (ਪੰਨਾ 607)
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ
ਸਭ ਲਾਥੀ ਤਿਸ ਤਿਸ ਕੇ॥ (ਪੰਨਾ 731)
ਤ੍ਰਿਖਾਵੰਤ ਜਲੁ ਪੀਵਤ ਠੰਢਾ
ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ॥ (ਪੰਨਾ 100)
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥
ਹਰਿ ਨਾਹ ਨ ਮਿਲੀਐ ਸਾਜਨੈ
ਕਤ ਪਾਈਐ ਬਿਸਰਾਮ॥ (ਪੰਨਾ 133)
ਅਬ ਮੋਹਿ ਜਲਤ ਰਾਮ ਜਲੁ ਪਾਇਆ॥ (ਪੰਨਾ 323)
ਕਬੀਰ ਪਾਲਿ ਸਮੁਹਾ ਸਰਵਰੁ ਭਰਾ
ਪੀ ਨ ਸਕੈ ਕੋਈ ਨੀਰੁ॥
ਭਾਗ ਬਡੇ ਤੈ ਪਾਇਓ ਤੂੰ
ਭਰਿ ਭਰਿ ਪੀਉ ਕਬੀਰ॥ (ਪੰਨਾ 1373)

ਗੁਰਬਾਣੀ ਵਿਚ ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਬਿਆਨ ਸਮੇਂ ਵੀ ਗੁਰੂ ਅਰਜਨ ਦਾ ਧਿਆਨ ਪਾਣੀ ਵੱਲ ਜਾਂਦਾ ਹੈ,

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਪੰਨਾ 278)
ਨਾਨਕ ਭ੍ਰਮ ਭੈ ਗੁਣ ਬਿਨਾਸੇ
ਮਿਲਿ ਜਲੁ ਜਲਹਿ ਖਟਾਨਾ॥ (ਪੰਨਾ 578)

ਇਹੀ ਗੱਲ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਵੀ ਆਉਂਦੀ ਹੈ,

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥ (ਪੰਨਾ 633)

ਪਾਣੀ ਅੱਖਾਂ ਲਈ ਦ੍ਰਿਸ਼ ਅਤੇ ਕੰਨਾਂ ਲਈ ਸੰਗੀਤ ਵੀ ਸਿਰਜਦਾ ਹੈ। ਪਾਣੀ ਸੌਂਦਰਯ ਵੀ ਹੈ ਅਤੇ ਸ਼ਕਤੀ ਵੀ। ਇਹ ਰੁੱਤਾਂ ਅਤੇ ਮੌਸਮਾਂ ਦੀ ਖੇਡ ਦਾ ਮੁੱਖ ਪਾਤਰ ਵੀ ਹੈ, ਤੇ ਕੁਦਰਤ ਦੇ ਹੋਰ ਬੇਅੰਤ ਕੌਤਕਾਂ ਦਾ ਮਾਧਿਅਮ ਵੀ। ਇਹ ਜੀਵਾਂ ਦੀ ਮਨੋਬਿਰਤੀ ਅਤੇ ਅਵਚੇਤਨ ਨੂੰ ਘੜਦਾ ਅਤੇ ਪ੍ਰਭਾਵਿਤ ਕਰਦਾ ਹੈ। ਕਾਮਨਾ ਨੂੰ ਜਗਾਉਣ ਅਤੇ ਤ੍ਰਿਪਤਾਉਣ ਵਰਗੀਆਂ ਖੇਡਾਂ ਵੀ ਖੇਡਦਾ ਖਿਡਾਉਂਦਾ ਹੈ,

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ
ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ
ਭੁਇਅੰਗਮ ਫਿਰਹਿ ਡਸੰਤੇ॥ (ਪੰਨਾ 1108)
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥
ਨਾਨਕ ਸੁਖਿ ਸਵਨੁ ਸੋਹਾਗਣੀ
ਜਿਨ੍ਹ ਸਹ ਨਾਲਿ ਪਿਆਰੁ॥ (ਪੰਨਾ 1280)
ਉਨਵਿ ਉਨਵਿ ਆਇਆ ਵਰਸੈ ਨੀਰੁ ਨਿਪੰਗੁ॥
ਨਾਨਕ ਦੁਖੁ ਲਾਗਾ ਤਿਨ੍ਹ ਕਾਮਣੀ
ਜਿਨ੍ਹ ਕੰਤੈ ਸਿਉ ਮਨਿ ਭੰਗੁ॥ (ਪੰਨਾ 1280)
ਨਾਨਕ ਬਿਜੁਲੀਆ ਚਮਕੰਨਿ
ਘੁਰਨਿਹ ਘਟਾ ਅਤਿ ਕਾਲੀਆ॥
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥
ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥
ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥
(ਪੰਨਾ 1102)

ਸਾਰੀਆਂ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਪਾਣੀਆਂ ਭਾਵ ਨਦੀਆਂ ਕਿਨਾਰੇ ਹੋਇਆ। ਬਹੁਤੀਆਂ ਸਭਿਅਤਾਵਾਂ ਦੇ ਤਾਂ ਨਾਂ ਵੀ ਸਬੰਧਤ ਨਦੀਆਂ ਅਤੇ ਦਰਿਆਵਾਂ ਦੇ ਨਾਂਵਾਂ ਤੋਂ ਬਣੇ ਹਨ, ਜਿਵੇਂ ਸਿੰਧ ਘਾਟੀ ਸਭਿਅਤਾ ਅਤੇ ਨੀਲ ਘਾਟੀ ਸਭਿਅਤਾ। ਕਈ ਭੂਗੋਲਿਕ ਖਿੱਤਿਆਂ ਦੀ ਪਛਾਣ ਉਥੇ ਵਗਦੇ ਦਰਿਆਵਾਂ ਨਾਲ ਜੁੜੀ ਹੋਈ ਹੈ। ਧਰਤੀ ਦੇ ਜਿਸ ਖਿੱਤੇ ਵਿਚ ਅਸੀਂ ਰਹਿ ਰਹੇ ਹਾਂ ਇਸ ਦਾ ਪੁਰਾਣਾ ਨਾਂ ਸੱਤ ਦਰਿਆਵਾਂ ਕਾਰਨ ਸਪਤ ਸਿੰਧੂ ਸੀ। ਨਵਾਂ ਨਾਂ ਪੰਜਾਬ ਇਥੇ ਵਗਦੇ ਪੰਜ ਦਰਿਆਵਾਂ ਜਾਂ ਵੱਖ ਵੱਖ ਦਰਿਆਵਾਂ ਵਿਚਕਾਰ ਪੈਂਦੇ ਪੰਜ ਦੁਆਬਾਂ ਕਾਰਨ ਹੈ। ਇਨ੍ਹਾਂ ਦਰਿਆਵਾਂ ਸਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ,

ਰਾਵੀ ਸੋਹਣੀ ਪਈ ਵਗਦੀ
ਮੈਨੂੰ ਸਤਲੁਜ ਪਿਆਰਾ ਹੈ
ਮੈਨੂੰ ਬਿਆਸ ਪਈ ਖਿੱਚਦੀ
ਮੈਨੂੰ ਝਨਾਂ ਵਾਜਾਂ ਮਾਰਦੀ
ਮੈਨੂੰ ਜਿਹਲਮ ਪਿਆਰਦਾ
ਅਟਕ ਦੀਆਂ ਲਹਿਰਾਂ ਦੀ ਠਾਠ
ਮੇਰੇ ਬੂਹੇ 'ਤੇ ਵੱਜਦੀ
ਖਾਤ ਖਾਤ ਚੱਲਣ ਵਿਚ ਮੇਰੇ ਸੁਫਨਿਆਂ
ਪੰਜਾਬ ਦੇ ਦਰਿਆ
ਪਿਆਰ ਅੰਗ ਇਨ੍ਹਾਂ ਨੂੰ ਲੱਗੀ ਹੋਈ
ਪਿਆਰਾ ਜਾਪੁ ਸਾਹਿਬ ਗਾਉਂਦੇ,
ਠੰਢੇ ਤੇ ਠਾਰਦੇ, ਪਯਾਰਦੇ

ਜਾਪੁ ਸਾਹਿਬ ਦੇ ਕਰਤਾ ਗੁਰੂ ਗੋਬਿੰਦ ਸਿੰਘ ਦਾ ਜਨਮ ਗੰਗਾ ਕਿਨਾਰੇ ਵਸੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਦੇ ਪਹਿਲੇ ਛੇ ਸਾਲ ਇਸੇ ਗੰਗਾ ਦੇ ਤੱਟਾਂ ਉਤੇ ਅਤੇ ਗੰਗਾ ਦੇ ਪਾਣੀਆਂ ਨਾਲ ਖੇਡਦਿਆਂ ਬੀਤੇ। ਫਿਰ ਅਨੰਦਪੁਰ ਸਾਹਿਬ ਆਏ। ਪਿਤਾ ਗੁਰੂ ਤੇਗ ਬਹਾਦਰ ਨੇ ਇਸ ਆਨੰਦਪੁਰ ਸਾਹਿਬ ਨੂੰ ਵਸਾਉਣ ਲਈ ਦਰਿਆ ਸਤਲੁਜ ਦਾ ਕਿਨਾਰਾ ਚੁਣਿਆ ਸੀ। ਇਸ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵੀ ਸਤਲੁਜ ਕੰਢੇ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਬਾਣੀ ਦੀ ਰਚਨਾ ਇਸੇ ਸਤਲੁਜ ਦੇ ਕੰਢੇ ਬਿਭੌਰ ਸਾਹਿਬ ਵਿਖੇ ਕੀਤੀ। ਆਪਣੀ ਸ਼੍ਰੋਮਣੀ ਕਿਰਤ ਜਾਪੁ ਸਾਹਿਬ ਯਮੁਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਰਚੀ। ਇਸ ਤੋਂ ਪਿੱਛੇ ਜਾਈਏ, ਗੁਰੂ ਨਾਨਕ ਨੇ ਜਪੁਜੀ ਦੀ ਬਾਣੀ ਵੇਈਂ ਨਦੀ ਵਿਚ ਲੰਮੀ ਚੁੱਭੀ ਮਾਰਨ ਉਪਰੰਤ ਵੇਈਂ ਨਦੀ ਕੰਢੇ ਬੈਠ ਕੇ ਉਚਾਰੀ। ਵਲੀ ਗੰਧਾਰੀ ਨੂੰ ਗੁਰੂ ਨਾਨਕ ਦਾ ਉਪਦੇਸ਼ ਸੀ ਕਿ ਪਾਣੀ ਸਰਬ ਸਾਂਝੀ ਜੀਵਨ ਦਾਤ ਹੈ, ਇਸ 'ਤੇ ਕਿਸੇ ਜ਼ੋਰਾਵਰ ਦੀ ਇਜਾਰੇਦਾਰੀ ਪਰਵਾਨ ਨਹੀਂ ਕੀਤੀ ਜਾ ਸਕਦੀ।

ਗੁਰੂ ਕੀ ਨਗਰੀ ਚੱਕ ਰਾਮਦਾਸ ਦੀ ਉਸਾਰੀ ਇਕ ਕੁਦਰਤੀ ਜਲ ਭੰਡਾਰ ਦੇ ਦੁਆਲੇ ਕਰਾਈ ਜਿਸ ਨੂੰ ਸੰਗਤੀ ਉਦਮ ਨਾਲ ਸਰੋਵਰ ਦਾ ਰੂਪ ਦਿੱਤਾ ਗਿਆ। ਇਸੇ ਸਰੋਵਰ ਕਾਰਨ ਹੀ ਇਹ ਸ਼ਹਿਰ ਅੰਮ੍ਰਿਤਸਰ ਹੋਇਆ। ਗੁਰੂ ਅਰਜਨ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਸੁਸ਼ੋਭਿਤ ਕਰਨ ਲਈ ਸ੍ਰੀ

(ਬਾਕੀ ਅਗਲੇ ਸਫੇ ਉਤੇ)

ਹਰਿਮੰਦਰ ਸਾਹਿਬ ਦੀ ਉਸਾਰੀ ਇਸ ਸਰੋਵਰ ਦੇ ਐਨ ਵਿਚਕਾਰ ਕਰਵਾਈ। ਗੁਰੂ ਸਾਹਿਬਾਨ ਨੇ ਹੋਰ ਅਨੇਕਾਂ ਖੂਹ, ਹਲਟ, ਬਾਉਲੀਆਂ ਅਤੇ ਸਰੋਵਰ ਤਿਆਰ ਕਰਵਾਏ।

ਚਿਰਾਂ ਤੋਂ ਸਥਾਪਤ ਧਾਰਮਿਕ, ਸਮਾਜਕ, ਰਾਜਨੀਤਕ ਪ੍ਰਬੰਧ ਅਤੇ ਕਦਰਾਂ-ਕੀਮਤਾਂ ਨੂੰ ਮੁੱਢੋਂ-ਸੁੱਢੋਂ ਨਵਾਂ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਨੇ ਪ੍ਰਤੀਬੱਧ ਸਿੱਖਾਂ ਦੀ ਜਮਾਤ ਤਿਆਰ ਕਰਨ, ਭਾਵ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਫੈਸਲਾ ਕੀਤਾ। ਸਿੱਖਾਂ ਦੀ ਵਿਚਰਨ ਸ਼ੈਲੀ ਨੂੰ ਰੁਪਾਂਤ੍ਰਿਤ ਕਰਨ ਲਈ ਅੰਮ੍ਰਿਤ ਛਕਾਉਣ ਦੀ ਰੀਤ ਸ਼ੁਰੂ ਹੋਈ। 1699 ਦੀ ਵਿਸਾਖੀ ਸੀ, ਖੰਡਾ ਬਾਟਾ ਸੀ, ਪੰਜ ਬਾਣੀਆਂ ਦਾ ਪਾਠ ਸੀ, ਪਤਾਸੇ ਸਨ; ਪਰ ਇਸ ਅੰਮ੍ਰਿਤ ਦਾ ਅਹਿਮ ਆਧਾਰ ਤਾਂ ਸਤਲੁਜ ਦਾ ਸਵੱਛ ਤੇ ਸ਼ਫਾਫ਼ ਜਲ ਸੀ। ਇਸ ਅਮੁੱਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਦਿੱਤੀ। ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਨ੍ਹਾਂ ਸਾਰਾ ਖਜ਼ਾਨਾ, ਭਾਵ ਸੋਨਾ, ਚਾਂਦੀ, ਹੀਰੇ, ਮੋਤੀ, ਜਵਾਹਰਾਤ ਆਦਿ ਆਪਣੇ ਹੱਥੀਂ ਸਤਲੁਜ ਦੇ ਪਾਣੀ ਨੂੰ ਭੇਟ ਕੀਤੇ। ਇਸ ਸਾਰੇ ਕਾਸੇ ਦੀ ਕੀਮਤ ਉਨ੍ਹਾਂ ਸਮਿਆਂ ਵਿਚ ਅਠਾਰਾਂ ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ।

ਜੀਵਨ ਦੇ ਆਖਰੀ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਦੱਖਣੀ ਭਾਰਤ ਦੀ ਨਦੀ ਗੋਦਾਵਰੀ ਦੇ ਸੰਗ ਸਾਥ ਰਹੇ। ਗੁਰੂ ਅਮਰ ਦਾਸ ਜੀ ਦਾ ਬਚਨ ਦੇਖੋ,

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥ ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥ (855)

ਜਿਸ ਪਾਣੀ ਦੀ ਸੰਗਤ ਮਾਣਦਿਆਂ ਗੁਰੂਆਂ ਨੇ ਬਾਣੀ ਉਚਾਰਨ ਕੀਤੀ, ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ, ਉਸ ਪਾਣੀ ਅਤੇ ਉਸ ਦੇ ਕੁਦਰਤੀ ਸਰੋਤਾਂ ਨੂੰ ਅਸੀਂ ਗਾਲ੍ਹਾਂ ਵਰਗੇ ਗੰਦੇ ਅਤੇ ਜ਼ਹਿਰ ਵਰਗੇ ਜ਼ਹਿਰੀਲੇ ਕਰ ਰਹੇ ਹਾਂ। ਜਿਸ ਪਾਣੀ ਨੂੰ ਗੁਰੂ ਨੇ ਪਿਤਾ ਕਹਿ ਕੇ ਇੰਨਾ ਸਨਮਾਨ ਦਿੱਤਾ, ਅਸੀਂ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਜਿਆਂ ਨੂੰ ਪਾਉਂਦੇ ਦੇਖ ਕੇ ਬੜੇ ਆਰਾਮ ਨਾਲ ਸਹਿਣ ਕਰ ਰਹੇ ਹਾਂ। ਗੁਰੂਆਂ ਦੇ ਮੁਕਾਬਲੇ ਸਾਡਾ ਦਰਿਆਵਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ? ਦੂਰ ਕੀ ਜਾਣਾ, ਲੁਧਿਆਣਾ ਵਿਚੋਂ ਲੰਘਦਾ ਕੁਦਰਤੀ ਨਾਲਾ ਨਰਕ ਦਾ ਰੂਪ ਧਾਰ ਚੁੱਕਾ ਹੈ। ਪਹਿਲਾਂ ਇਸ ਦਾ ਨਾਂ ਬੁੱਢਾ ਦਰਿਆ ਹੁੰਦਾ ਸੀ, ਹੁਣ ਇਸ ਦਾ ਨਾਂ ਗੰਦਾ ਨਾਲ਼ਾ ਹੈ। ਇਸ ਪ੍ਰਥਾਏ ਮਰਹੂਮ ਸ਼ਾਇਰ ਸ.ਸ. ਮੀਸ਼ਾ ਦੇ ਸ਼ੇਅਰ ਹਨ,

ਚੰਗੇ ਨਹੀਂ ਆਸਾਰ ਨਗਰ ਦੇ।
ਊਂਘਣ ਪਹਿਰੇਦਾਰ ਨਗਰ ਦੇ।
ਇਸ ਦੀ ਰੂਹ ਹੈ ਗੰਦਾ ਨਾ਼ਲਾ,
ਜੋ ਵਗਦਾ ਵਿਚਕਾਰ ਨਗਰ ਦੇ।

ਇਥੇ ਨਗਰ ਤੋਂ ਭਾਵ ਸਾਡਾ ਸ਼ਹਿਰ ਵੀ ਹੋ ਸਕਦਾ ਹੈ, ਸੂਬਾ ਵੀ, ਦੇਸ਼ ਵੀ ਅਤੇ ਸਾਡਾ ਜੀਵਨ ਵੀ ਹੋ ਸਕਦਾ ਹੈ। ਲੁਧਿਆਣੇ ਵਿਚ ਬੁੱਢੇ ਦਰਿਆ ਉਪਰੋਂ ਲੰਘਦਿਆਂ ਮੈਂ ਅਕਸਰ ਇਸ ਦੇ ਉਸ ਸਰੂਪ ਨੂੰ ਯਾਦ ਕਰਦਾਂ ਜੋ ਸਰੂਪ ਸਾਡੇ ਪਿੰਡ ਖੇਤਾਂ ਕੋਲੋਂ ਵਗਣ ਸਮੇਂ ਹੁੰਦਾ ਸੀ। ਇਨ੍ਹਾਂ ਖੇਤਾਂ ਵਿਚ ਕੰਮ ਕਰਨ ਲਈ ਜਾਣ ਵੇਲੇ ਅਸੀਂ ਘਰੋਂ ਪਾਣੀ ਨਾਲ ਨਹੀਂ ਸਾਂ ਲਿਜਾਂਦੇ, ਬੁੱਢੇ ਦਰਿਆ ਵਿਚੋਂ ਹੀ ਪੀਂਦੇ ਸਾਂ। ਬਰਸਾਤ ਤੋਂ ਬਿਨਾਂ ਬਾਕੀ ਦਸ ਮਹੀਨੇ ਪਾਰਦਰਸ਼ੀ ਪਾਣੀ 'ਚੋਂ ਇਸ ਦਾ ਥੱਲਾ ਸਾਫ਼ ਦਿਸਦਾ ਸੀ। ਇੱਕੋ ਨਜ਼ਰੇ ਹਜ਼ਾਰਾਂ ਮੱਛੀਆਂ ਦਿਸਦੀਆਂ। ਪਿਛਲੇ ਸਾਲ ਮੈਂ ਇਕ ਦੋਸਤ ਨੂੰ ਬੜਾ ਹੁੱਬ ਕੇ ਆਪਣੇ ਪਿੰਡ ਕੋਲੋਂ ਗੁਜ਼ਰਦੇ ਬੁੱਢੇ ਦਰਿਆ ਦੇ ਇਸ ਸੁਹਾਵਣੇ ਰੂਪ ਦੇ ਦਰਸ਼ਨ ਕਰਾਉਣ ਲਈ ਲੈ ਗਿਆ। ਪਹੁੰਚ ਕੇ ਬੜੀ ਨਿਰਾਸ਼ਾ ਹੋਈ। ਉਥੇ ਵੀ ਲੁਧਿਆਣੇ ਵਾਲਾ ਹਾਲ ਹੋ ਚੁੱਕਾ ਸੀ। ਪਤਾ ਲੱਗਾ ਕਿ ਮਾਛੀਵਾੜੇ ਦੇ ਇਲਾਕੇ ਵਿਚ ਕੁਝ ਫੈਕਟਰੀਆਂ ਦੀ ਦਰਿਆ ਉਤੇ ਕਰੋਪੀ ਹੋ ਗਈ ਹੈ। ਪਾਣੀ ਬਿਲਕੁਲ ਕਾਲੇ ਰੰਗ ਦਾ ਅਤੇ ਕਿਸੇ ਮੱਛੀ ਦਾ ਨਾਂ ਨਿਸ਼ਾਨ ਨਹੀਂ ਸੀ।

ਪੰਜਾਬ ਦੀ ਰਾਜਨੀਤੀ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਵੱਡੇ ਮੁੱਦੇ ਅਤੇ ਮਸਲੇ ਦੇ ਤੌਰ 'ਤੇ ਉਭਰਦੀ ਰਹਿੰਦੀ ਹੈ। ਮੋਰਚੇ ਵੀ ਲੱਗਦੇ ਹਨ ਪਰ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਅਤੇ ਜ਼ਰੂਰੀ ਮੁੱਦਾ ਹੈ।




ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਥਾਉਂ-ਥਾਂਈਂ ਮੋਰਚੇ ਲਾਉਣ ਦੀ ਲੋੜ ਹੈ। ਇਹ ਕੁਰਸੀਆਂ ਦਾ ਨਹੀਂ, ਸਹੀ ਅਰਥਾਂ ਵਿਚ ਧਾਰਮਿਕ ਮਸਲਾ ਹੈ। ਅਮੀਰ ਸਮਝੇ ਜਾਂਦੇ ਮੁਲਕਾਂ ਦੇ ਲੋਕ ਆਪਣੇ ਨਦੀਆਂ, ਨਾਲਿਆਂ, ਝੀਲਾਂ ਆਦਿ ਦੇ ਪਾਣੀ ਦੀ ਨਿਰਮਲਤਾ ਬਣਾਈ ਰੱਖਣ ਲਈ ਬਹੁਤ ਸੁਚੇਤ ਹਨ। ਸਰਕਾਰਾਂ ਅਤੇ ਜਨਤਾ ਦੋਵੇਂ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਨੂੰ ਕਾਨੂੰਨੀ ਅਤੇ ਇਖਲਾਕੀ ਫ਼ਰਜ਼ ਸਮਝਦੀਆਂ ਹਨ। ਉਨ੍ਹਾਂ ਦੇ ਜੀਵਨ ਵਿਚ ਸਾਡੇ ਨਾਲੋਂ ਵਧੇਰੇ ਪ੍ਰਸੰਨਤਾ, ਸੁੰਦਰਤਾ ਅਤੇ ਸਿਹਤਮੰਦੀ ਦਾ ਇਕ ਕਾਰਨ ਵਾਤਾਵਰਨ ਦੀ ਸੰਭਾਲ ਪ੍ਰਤੀ ਉਨ੍ਹਾਂ ਦਾ ਚੰਗਾ ਰਵੱਈਆ ਵੀ ਹੈ। ਇਹ ਠੀਕ ਹੈ ਕਿ ਸਨਅਤੀ ਤੌਰ 'ਤੇ ਵਿਕਸਤ ਦੇਸ਼ ਬਹੁ-ਕੌਮੀ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਆਪਣੀ ਪੁਰਾਣੀ ਉਦਯੋਗਿਕ ਤਕਨੀਕ ਅਤੇ ਮਸ਼ੀਨਰੀ ਨੂੰ ਵਿਕਾਸਸ਼ੀਲ ਜਾਂ ਪਛੜੇ ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਦਾ ਇਨ੍ਹਾਂ ਦੇਸ਼ਾਂ ਦੇ ਵਾਤਾਵਰਨ 'ਤੇ ਬੁਰਾ ਅਸਰ ਪੈਂਦਾ ਹੈ; ਪਰ ਆਪਣੇ ਪੌਣ ਪਾਣੀ ਨੂੰ ਅਸੀਂ ਆਪ ਸੁਥਰਾ ਨਹੀਂ ਰੱਖਾਂਗੇ ਤਾਂ ਬੇਗਾਨੇ ਵੀ ਇਸ ਪਾਸੇ ਕਿਉਂ ਧਿਆਨ ਦੇਣਗੇ? ਪੌਣ ਪਾਣੀ ਪ੍ਰਤੀ ਸਾਡੇ ਆਪਣੇ ਨਾਕਾਰਾਤਮਕ ਰਵੱਈਏ ਕਾਰਨ ਜੇ ਕਿਸੇ ਨੂੰ ਕਮਾਈ ਹੁੰਦੀ ਹੈ ਤਾਂ ਉਹ ਜ਼ਰੂਰ ਕਰੇਗਾ। ਜੇ ਅਸੀਂ ਆਪ ਆਪਣੇ ਪਿਉ ਨੂੰ ਪਿਉ ਨਹੀਂ ਸਮਝਣਾ, ਤਾਂ ਲੋਕਾਂ ਤੋਂ ਉਸ ਦੀ ਇੱਜ਼ਤ ਦੀ ਕੀ ਤਵੱਕੋਂ ਕਰਨੀ ਹੋਈ? ਸਾਡੇ ਅਜਿਹੇ ਰਵੱਈਏ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ। ਕੁਦਰਤ ਵਲੋਂ ਮੁਫ਼ਤ ਵਿਚ ਮਿਲੀਆਂ ਅਨਮੋਲ ਦਾਤਾਂ ਪ੍ਰਤੀ ਸਾਡੇ ਮਨਾਂ ਵਿਚ ਕੋਈ ਕਦਰ ਅਤੇ ਸ਼ੁਕਰਾਨੇ ਦਾ ਭਾਵ ਨਹੀਂ। ਇਨ੍ਹਾਂ ਅਨਮੋਲ ਦਾਤਾਂ ਦਾ ਚੇਤਾ ਕਰਾਉਂਦਿਆਂ ਗੁਰੂ ਅਰਜਨ ਦੇਵ ਮੰਗ ਕਰਦੇ ਹਨ,

ਜਿਨਿ ਦੀਆ ਤੁਧੁ ਪਵਨੁ ਅਮੋਲਾ॥
ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥
ਜਿਨਿ ਦੀਆ ਤੁਧੁ ਪਾਵਕੁ ਬਲਨਾ॥
ਤਿਸੁ ਠਾਕੁਰ ਕੀ ਰਹੁ ਮਨ ਸਰਨਾ॥ (ਪੰਨਾ 913)
ਸਿਹਜਾ ਧਰਤਿ ਬਰਤਨ ਕਉ ਪਾਨੀ॥
ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥
(ਪੰਨਾ 1337)

ਅਨਮੋਲ ਦਾਤਾਂ ਦੀ ਸਾਨੂੰ ਕਦਰ ਨਹੀਂ। ਕਦਰ ਨਾ ਹੋਣ ਕਰ ਕੇ ਦੇਣ ਵਾਲੇ ਦਾ ਧੰਨਵਾਦ ਨਹੀਂ ਅਤੇ ਦਾਤਾਂ ਦੀ ਸੰਭਾਲ ਨਹੀਂ। ਅਸੀਂ ਪੈਸਿਆਂ ਨਾਲ ਖਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਹੀ ਕੀਮਤੀ ਮੰਨਦੇ ਹਾਂ, ਆਪਣੀ ਸੁਰਤ ਬਾਜ਼ਾਰ ਦੀਆਂ ਵਸਤਾਂ ਵਿਚ ਹੀ ਫਸਾਈ ਰੱਖਦੇ ਹਾਂ। ਆਪਣੀ ਲੋੜ ਦੀਆਂ ਸੁੱਖ ਸਹੂਲਤਾਂ ਅਤੇ ਵਸਤਾਂ ਨੂੰ ਖਰੀਦ ਸਕਣ ਦੀ ਹਾਲਤ ਵਿਚ ਹੋ ਸਕਣ ਦੀ ਦਿਸ਼ਾ ਵਿਚ ਦੀ ਸਾਰੇ ਕਰਮ ਕਰਦੇ ਹਾਂ; ਪਰ ਪਾਣੀ ਕੋਈ ਵਸਤੂ ਨਹੀਂ; ਜੀਵਨ ਹੈ, ਜਾਨ ਹੈ, ਕਾਦਰ ਅਤੇ ਕੁਦਰਤ ਦੀ ਸਰਬ ਸ੍ਰੇਸ਼ਟ ਦਾਤ ਹੈ। ਸਭ ਕੁਛ ਹੈ ਪਾਣੀ, ਪਰ ਸਾਡਾ ਰਵੱਈਆ ਪਾਣੀ ਨੂੰ ਦਾਤ ਦੀ ਬਜਾਏ ਵਸਤੂ ਬਣਾ ਰਿਹਾ ਹੈ। ਅਜਿਹੇ ਰਵੱਈਏ ਦੇ ਤਹਿਤ ਮਨੁੱਖ ਵੀ ਵਸਤੂ ਬਣਦਾ ਜਾ ਰਿਹਾ ਹੈ ਅਤੇ ਪੀਣ ਦਾ ਪਾਣੀ ਹੌਲੀ-ਹੌਲੀ ਬਾਜ਼ਾਰ ਅਤੇ ਵਪਾਰ ਦੀ ਚੀਜ਼ ਬਣ ਰਿਹਾ ਹੈ। ਸ਼ਾਇਰ ਗੁਰਭਜਨ ਗਿੱਲ ਦੀਆਂ ਸਤਰਾਂ ਚੇਤੇ ਆਉਂਦੀਆਂ ਹਨ,

ਕਿਥੋਂ ਤੁਰ ਕੇ ਪਹੁੰਚੀ ਦੇਖੋ ਕਿਥੇ ਆਣ ਕਹਾਣੀ।
ਪੰਜ ਦਰਿਆਵਾਂ ਦੀ ਧਰਤੀ ਤੇ ਅੱਜ ਮੁੱਲ ਵਿਕਦਾ ਪਾਣੀ।

ਵਿਕਣ ਵਾਲੀ ਚੀਜ਼ ਵਿਚ ਬਰਕਤ ਨਹੀਂ ਹੁੰਦੀ। ਫਿਰ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਸੰਭਾਲਣ ਪ੍ਰਤੀ ਕੋਤਾਹੀ ਕਰ ਕੇ ਅਸੀਂ ਪਰਮਾਤਮਾ ਜਾਂ ਕੁਦਰਤ ਦੀ ਬਰਕਤ ਭਰਪੂਰ ਬਖਸ਼ਿਸ਼ ਤੋਂ ਕਿਉਂ ਮੂੰਹ ਮੋੜ ਰਹੇ ਹਾਂ?

ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ॥
ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ॥
ਨਾਨਕ ਨਦਰੀ ਸੁਖੁ ਹੋਇ ਏਨਾ
ਜੰਤਾ ਕਾ ਦੁਖੁ ਜਾਇ॥ (ਪੰਨਾ 1282)

ਸੋ, ਅਸੀਂ ਬਖਸ਼ਿਸ਼ ਤੋਂ ਹੀ ਮੂੰਹ ਮੋੜ ਨਹੀਂ ਰਹੇ, ਕੁਦਰਤ ਦੀ ਕਰੋਪੀ ਨੂੰ ਵਾਜਾਂ ਮਾਰ ਰਹੇ ਹਾਂ। ਪਾਣੀ ਦੀ ਜੀਵਨ ਸ਼ਕਤੀ ਬੜੀ ਤੇਜ਼ੀ ਨਾਲ ਨਸ਼ਟ ਰਹੇ ਹਾਂ। ਮਾਲਵੇ-ਦੁਆਬੇ ਦੇ ਬਹੁਤ ਸਾਰੇ ਪਿੰਡਾਂ ਵਿਚ ਧਰਤੀ ਹੇਠਲਾ ਪਾਣੀ ਪੀਣ ਦੇ ਤਾਂ ਕੀ, ਫ਼ਸਲਾਂ ਸਿੰਜਣ ਦੇ ਕਾਬਲ ਵੀ ਨਹੀਂ ਰਿਹਾ। ਜੇ ਸਾਰਾ ਪਾਣੀ ਰੋਗੀ ਹੋ ਗਿਆ ਤਾਂ ਧਰਤੀ ਵੀ ਰੋਗੀ ਹੋ ਜਾਏਗੀ। ਸਮੁੱਚੇ ਜੀਵ ਜੰਤੂਆਂ ਨੇ ਰੋਗੀ ਹੋ ਜਾਣਾ ਹੈ। ਮਨੁੱਖਾਂ ਨੇ ਤੰਦਰੁਸਤ ਅਤੇ ਸਿਹਤਮੰਦ ਕਿਥੋਂ ਰਹਿਣਾ ਹੈ? ਅੱਜ ਕੱਲ੍ਹ ਦਵਾਈਆਂ, ਹਸਪਤਾਲਾਂ, ਨਰਸਿੰਗ ਹੋਮਾਂ ਅਤੇ ਡਾਕਟਰੀ ਵਿਦਿਆ ਦਾ ਵਪਾਰ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ।

ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ
ਰੋਗੀ ਕੁਟੰਬ ਸੰਜੋਗੀ॥ (ਪੰਨਾ 1153)

ਪਾਣੀ ਦੀ ਨਿਰਮਲਤਾ ਦੇ ਮਹੱਤਵ ਨੂੰ ਜਾਣਨ ਲਈ ਸਵੈ ਦਾ ਨਿਰਮਲ ਹੋਣਾ ਜ਼ਰੂਰੀ ਹੈ। ਆਪਣੀ ਹਸਤੀ ਅੰਦਰਲੇ ਪਲੀਤ ਤੱਤਾਂ ਨੂੰ ਪਛਾਣੇ ਅਤੇ ਮਿਟਾਏ ਬਿਨਾਂ ਪਾਣੀ ਨੂੰ ਪਲੀਤ ਹੋਣੋਂ ਨਹੀਂ ਬਚਾਇਆ ਜਾ ਸਕਦਾ। ਸ਼ੀਸ਼ੇ ਦਾ ਪਾਣੀ ਸਾਫ ਹੋਵੇ, ਇਹ ਲੋੜ ਉਦੋਂ ਮਹਿਸੂਸ ਹੁੰਦੀ ਹੈ ਜਦ ਚਿਹਰਾ ਸਾਫ ਹੋਵੇ, ਪਰ ਅਸੀਂ ਆਪਹੁਦਰੇਪਨ ਅਤੇ ਅਣਗਹਿਲੀ ਕਾਰਨ ਜਿਸ ਦਿਸ਼ਾ ਵੱਲ ਵਧ ਰਹੇ ਹਾਂ, ਉਹ ਡੁੱਬ ਮਰਨ ਵਾਲੀ ਗੱਲ ਹੈ; ਪਰ ਸਾਨੂੰ ਲਾਲਚਾਂ ਵਿਚ ਅੰਨੇ ਹੋਇਆਂ ਨੂੰ ਜਦ ਇਸ ਗੱਲ ਦੀ ਸਮਝ ਆਏਗੀ, ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਡੁੱਬ ਮਰਨ ਲਈ ਵੀ ਸਾਫ਼ ਪਾਣੀ ਨਹੀਂ ਹੋਏਗਾ। ਡੁੱਬਣ ਲਈ ਸਾਡੇ ਕੋਲ ਪਛਤਾਵੇ ਅਤੇ ਸ਼ਰਮਿੰਦਗੀ ਦੀ ਸਿਰਫ ਖਾਲੀ ਚੱਪਣੀ ਬਚੇਗੀ,

ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥
(ਪੰਨਾ 31)

ਅਗਿਆਨੀ ਅੰਧੇ ਦੂਜੈ ਲਾਗੇ॥
ਬਿਨੁ ਪਾਣੀ ਡੁਬਿ ਮੂਏ ਅਭਾਗੇ॥
ਚਲਦਿਆ ਘਰੁ ਦਰੁ ਨਦਰਿ ਨ ਆਵੈ
ਜਮ ਦਰਿ ਬਾਧਾ ਦੁਖੁ ਪਾਇਦਾ॥ (ਪੰਨਾ 1093)

ਜਦ ਬਾਰਸ਼ ਨੂੰ ਤੇਜ਼ਾਬੀ ਗੈਸਾਂ ਨਾਲ, ਨਦੀਆਂ ਨੂੰ ਕਾਰਖਾਨਿਆਂ ਦੀ ਰਹਿੰਦ-ਖੂੰਹਦ ਨਾਲ, ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲੇ ਰਸਾਇਣਾਂ ਨਾਲ ਅਤੇ ਸਮੁੰਦਰ ਨੂੰ ਐਟਮੀ ਬਾਲਣ ਦੀ ਸਵਾਹ ਨਾਲ ਨਸ਼ਟ ਕਰ ਬੈਠੇ, ਤਾਂ ਫਿਰ ਸਾਨੂੰ ਸਾਫ਼ ਪਾਣੀ ਦੀ ਬੂੰਦ-ਬੂੰਦ ਲਈ ਤਰਸਣਾ, ਭਟਕਣਾ ਤੇ ਵਿਲਕਣਾ ਪੈਣਾ ਹੈ। ਪਾਣੀ ਆਧਾਰਤ ਜੀਵਨ, ਪਾਣੀ ਦੀ ਤੋਟ ਕਾਰਨ ਮਰਨਹਾਕਾ ਹੋ ਜਾਏਗਾ,

ਜਲ ਮਹਿ ਜੀਅ ਉਪਾਇ ਕੈ
ਬਿਨੁ ਜਲ ਮਰਣੁ ਤਿਨੇਹਿ॥ (ਪੰਨਾ 59)
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥
(ਪੰਨਾ 1392)

ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥ (ਪੰਨਾ 959)

ਅਜਿਹੀ ਹਾਲਤ ਵਿਚ ਕੁਦਰਤ ਦੀ ਇਹ ਦਾਤ ਤਾਂ ਸਾਰੇ ਪਾਸੇ ਬੇਅੰਤ ਮਾਤਰਾ ਵਿਚ ਮੌਜੂਦ ਹੋਏਗੀ, ਪਰ ਵਰਤਣ ਵਾਲਾ ਮਨੁੱਖ, ਬੇਕਦਰੀ ਅਤੇ ਅਕ੍ਰਿਤਘਣਤਾ ਕਾਰਨ ਇਸ ਪਾਣੀ ਨੂੰ ਵਰਤਣਯੋਗ ਨਹੀਂ ਛੱਡੇਗਾ। ਇਹ ਆਪਣੀ ਨਲਾਇਕੀ, ਬਦਚਲਨੀ ਜਾਂ ਮਨਮੁੱਖਤਾ ਕਾਰਨ ਅਜਿਹੇ ਪਾਣੀ ਤੋਂ ਜੀਵਨ ਦਾਨ ਪ੍ਰਾਪਤ ਨਹੀਂ ਕਰ ਸਕੇਗਾ,

ਬਾਬੀਹਾ ਜਲ ਮਹਿ ਤੇਰਾ ਵਾਸੁ ਹੈ
ਜਲ ਹੀ ਮਾਹਿ ਫਿਰਾਹਿ॥
ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ॥
ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥
ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥
(ਪੰਨਾ 1282)

ਇਸ ਸਾਰੇ ਹਾਲਾਤ ਬਾਰੇ ਬੀਬਾ ਬਲਵੰਤ ਦੇ ਦੋ ਸ਼ੇਅਰ ਸਾਂਝੇ ਕਰ ਕੇ ਸਮਾਪਤ ਕਰਦੇ ਹਾਂ,

ਕਿਤੇ ਅੱਥਰੂ ਕਿਤੇ ਬਾਰਸ਼ ਕਿਤੇ ਦਰਿਆ ਕਿਤੇ ਨਦੀਆਂ,
ਕਿਤੇ ਚਸ਼ਮੇ ਕਿਤੇ ਸਾਗਰ ਬੜਾ ਰੋਂਦਾ ਰਿਹਾ ਪਾਣੀ।
ਪਾਣੀ ਉਮਰ ਦਾ ਹਾਣੀ ਇਸ ਦੀ ਕਦਰ ਤਦ ਜਾਣੀ
ਜਦੋਂ ਦਮ ਆਖ਼ਿਰੀ ਸੀ ਖ਼ੁਸ਼ਕ ਬੁਲ੍ਹਾਂ ਨੇ ਕਿਹਾ ਪਾਣੀ।

# ਗੁਰੂ ਗ੍ਰੰਥ ਸਾਹਿਬ ਅਤੇ ਨਿੱਤ ਨੇਮ

ਧਾਰਮਿਕ ਰਹਿਬਰਾਂ ਵਲੋਂ ਆਪਣੀ ਉਮਤ ਨੂੰ ਰੋਜ਼ਾਨਾ ਦ੍ਰਿੜ ਕਰਨ ਲਈ ਕੱਝ ਬਚਨਾਂ, ਉਪਦੇਸ਼ਾਂ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ। ਰੋਜ਼ਾਨਾ ਦਾ ਇਹ ਨੇਮ ਤੋੜਿਆ ਨਹੀਂ ਜਾ ਸਕਦਾ ਤੇ ਇਸੇ ਨੂੰ ਹੀ ਨਿੱਤ ਨੇਮ ਕਿਹਾ ਜਾਂਦਾ ਹੈ।

ਨਿੱਤ ਨੇਮ ਵਿਚ ਗਾਇਤ੍ਰੀ ਮੰਤਰ ਦਿੱਤਾ ਗਿਆ ਹੈ। ਰਿਗਵੇਦ ਵਿਚ ਗਾਇਤ੍ਰੀ ਮੰਤਰ ਹਿੰਦੂਆਂ ਦਾ ਮਹਾਂ ਮੰਤਰ ਹੈ ਜਿਸ ਨੂੰ ਸੂਰਜ ਚੜ੍ਹਨ ਅਤੇ ਛਿਪਣ ਸਮੇਂ ਪੜ੍ਹਨ ਦੀ ਹਦਾਇਤ ਹੈ। ਗਾਇਤ੍ਰੀ ਮੰਤਰ ਦੇ ਅਰਥ ਹਨ, ਜੋ ਸੂਰਜ ਦੇਵਤਾ ਸਭ ਨੂੰ ਜਿਵਾਊਂਦਾ ਹੈ ਦੁੱਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਵੇਨਤੀ ਕਰਨ ਯੋਗਯ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ। (ਮਹਾਨ ਕੋਸ਼)

ਨਿੱਤ ਨੇਮ ਵਿਚ ਪੰਜ ਨਮਾਜ਼ਾਂ ਦੀ ਬਖ਼ਸ਼ਸ਼ ਹੋਈ। ਨਮਾਜ਼ੇ ਸੁਬਹ (ਪਹੁ ਫੁੱਟਣ ਤੋਂ ਸੂਰਜ ਚੜ੍ਹਨ ਤੀਕ ਦੀ), ਨਮਾਜ਼ੇ ਪੇਸ਼ੀਨ (ਸੂਰਜ ਢਲਣ ਲੱਗੇ ਦੀ), ਨਮਾਜ਼ੇ ਦੀਗਰ (ਤੀਜੇ ਪਹਰ ਦੀ), ਨਮਾਜ਼ੇ ਸ਼ਾਮ (ਸੂਰਜ ਛਿਪਣ ਤੋਂ ਲੈ ਕੇ ਅਸਮਾਨ ਦੀ ਲਾਲੀ ਮਿਟ ਜਾਣ ਤੀਕ ਦੀ) ਅਤੇ ਨਮਾਜ਼ੇ ਖ਼ੁਫ਼ਤਨ (ਸੌਣ ਸਮੇਂ ਦੀ)। ਮੁਸਲਮਾਨਾਂ ਲਈ ਨਮਾਜ਼ ਨੰਗੇ ਪੈਰੀਂ ਪੜ੍ਹਨੀ ਜ਼ਰੂਰੀ ਹੈ ਪਰ ਸਿਰ ਵੀ ਢਕਿਆ ਹੋਵੇ।

**ਸਿੱਖ ਨਿੱਤ ਨੇਮ:** ਧੰਨੁ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੀ ਉਮਤ ਨੂੰ ਨਿੱਤ ਨੇਮ ਦੀ ਬਖ਼ਸ਼ਿਸ਼ ਕੀਤੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਠੱਤੀਵੀਂ ਪਉੜੀ ਵਿਚ ਇਉਂ ਕੀਤਾ ਹੈ, ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ।

ਇਸ ਨਿੱਤ ਨੇਮ ਵਿਚ 'ਜਪੁ', 'ਸੋ ਦਰੁ' ਦਾ ਮਹਲਾ ੧ ਦਾ ਸ਼ਬਦ ਅਤੇ 'ਧਨਾਸਰੀ ਮਹਲਾ ੧ ਆਰਤੀ' ਵਾਲਾ ਸ਼ਬਦ ਸ਼ਾਮਲ ਸਨ। ਭਾਈ ਗੁਰਦਾਸ ਨੇ ਸੌਣ ਸਮੇਂ ਪੜ੍ਹੇ ਜਾਣ ਵਾਲ਼ੇ ਸ਼ਬਦਾਂ ਦਾ ਜ਼ਿਕਰ ਨਹੀਂ ਕੀਤਾ। ਸੰਭਵ ਹੈ ਕਿ 'ਸੋਹਿਲਾ' ਸੰਗ੍ਰਹਿ ਦੇ ਪਹਿਲੇ 3 ਸ਼ਬਦ ਵੀ ਸੌਣ ਸਮੇਂ ਪੜ੍ਹੇ ਜਾਂਦੇ ਹੋਣ ਕਿਉਂਕਿ ਇਹ ਪਹਿਲੇ ਗੁਰੂ ਜੀ ਦੇ ਹੀ ਲਿਖੇ ਹੋਏ ਹਨ।

ਗੁਰੂ ਅਰਜਨ ਦੇਵ ਨੇ ਸੰਨ 1604 ਵਿਚ 'ਆਦਿ ਬੀੜ' ਦੀ ਸੰਪਾਦਨਾ ਸਮੇਂ ਆਪਣੇ ਅਤੇ ਗੁਰੂ ਰਾਮਦਾਸ ਜੀ ਪਿਤਾ ਦੇ ਲਿਖੇ ਸ਼ਬਦ ਪਹਿਲੇ ਚਲਦੇ ਨਿੱਤ ਨੇਮ ਵਿਚ ਜੋੜ ਕੇ ਪੱਕੇ ਤੌਰ 'ਤੇ ਨਿੱਤ ਨੇਮ ਦੀ ਰੂਪ ਰੇਖਾ ਤਿਆਰ ਕੇ 'ਆਦਿ ਬੀੜ' ਵਿਚ ਦਰਜ ਕਰ ਦਿੱਤੀ। ਇਸ ਕਾਰਜ ਲਈ ਛਾਪੇ ਵਾ਼ਲੀ ਬੀੜ ਦੇ 14 ਅੰਕ ਵਰਤੇ ਗਏ ਹਨ। ਇਹ ਨਿੱਤ ਨੇਮ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਵਲੋਂ ਵੀ ਦਮਦਮੀ ਬੀੜ ਵਿਚ ਇਸੇ ਤਰ੍ਹਾਂ ਹੀ ਰੱਖਿਆ ਗਿਆ। ਆਦਿ ਬੀੜ ਅਤੇ ਦਮਦਮੀ ਬੀੜ ਵਿਚ ਬਖ਼ਸ਼ਿਸ਼ ਕੀਤੇ ਨਿੱਤ ਨੇਮ ਵਿਚ ਇਹ ਬਾਣੀਆਂ ਹਨ, ਜਪੁ-ਅੰਮ੍ਰਿਤ ਵੇਲੇ।

ਸੋ ਦਰੁ ਸੰਗ੍ਰਿਹ ਦੇ 5 ਸ਼ਬਦ (ਸੋ ਦਰੁ ਰਾਗੁ ਆਸਾ ਮਹਲਾ ੧, ਆਸਾ ਮਹਲਾ ੧-ਸੁਣਿ ਵਡਾ, ਆਸਾ ਮਹਲਾ ੧-ਆਖਾ ਜੀਵਾ, ਰਾਗੁ ਗੂਜਰੀ ਮਹਲਾ ੪-ਹਰਿ ਕੇ ਜਨ, ਰਾਗੁ ਗੂਜਰੀ ਮਹਲਾ ੫-ਕਾਹੇ ਰੇ ਮਨ), ਸੋ ਪੁਰਖੁ ਸੰਗ੍ਰਿਹ ਦੇ 4 ਸ਼ਬਦ (ਰਾਗੁ ਆਸਾ ਮਹਲਾ ੪ ਸੋ ਪੁਰਖੁ, ਆਸਾ ਮਹਲਾ ੪-ਤੂੰ ਕਰਤਾ ਸਚਿਆਰੁ, ਆਸਾ ਮਹਲਾ ੧-ਤਿਤੁ ਸਰਵਰੜੈ, ਆਸਾ ਮਹਲਾ ੫-ਭਈ ਪਰਾਪਤਿ ਮਾਨੁਖ) ਸੂਰਜ ਡੁੱਬੇ ਪੜ੍ਹਨੇ। ਸੋਹਿਲਾ ਸੰਗ੍ਰਹਿ ਦੇ 5 ਸ਼ਬਦ (ਰਾਗੁ ਗਉੜੀ ਦੀਪਕੀ ਮਹਲਾ ੧-ਜੈ ਘਰਿ, ਆਸਾ ਮਹਲਾ ੧-ਛਿਅ ਘਰ, ਰਾਗੁ ਧਨਾਸਰੀ ਮਹਲਾ ੧-ਗਗਨ ਮੈ ਥਾਲੁ, ਰਾਗੁ ਗਉੜੀ ਪੂਰਬੀ ਮਹਲਾ ੪-ਕਾਮਿ ਕਰੋਧਿ, ਰਾਗੁ ਗਉੜੀ ਪੂਰਬੀ ਮਹਲਾ ੫-ਕਰਉ ਬੇਨੰਤੀ) ਰਾਤੀਂ ਸੌਣ ਸਮੇਂ ਪੜ੍ਹਨੇ।

ਪਹਿਲੇ 13 ਅੰਕ ਨਿੱਤ ਨੇਮ ਕਿਉਂ ਹੈ? ਗੁਰੂ ਅਰਜੁਨ ਪਾਤਿਸ਼ਾਹ ਵਲੋਂ ਰਾਗ ਵਾਰ ਬਾਣੀ ਅੰਕ 14 ਤੋਂ 'ਸਿਰੀ ਰਾਗੁ' ਤੋਂ ਸ਼ੁਰੂ ਕੀਤੀ ਗਈ ਹੈ। ਸਿਰੀ(ਸ੍ਰੀ) ਰਾਗ ਦੀਆਂ ਸਾਰੀਆਂ ਰਚਨਾਵਾਂ ਲਿਖਣ ਉਪਰੰਤ ਹੀ ਅਗਲਾ ਰਾਗੁ ਸ਼ੁਰੂ ਕੀਤਾ ਗਿਆ ਹੈ। ਇੱਕ ਰਾਗ ਦੀਆਂ ਰਚਨਾਵਾਂ ਵਿਚ ਕਿਸੇ ਦੂਜੇ ਰਾਗ ਨੂੰ ਨਹੀਂ ਆਉਣ ਦਿੱਤਾ ਗਿਆ। ਇਹ ਨੇਮ ਸਾਰੇ ਰਾਗਾਂ ਦੀ ਬਾਣੀ ਨੂੰ ਲਿਖਦਿਆਂ ਨਿਭਾਇਆ ਗਿਆ ਹੈ। ਪਹਿਲੇ 13 ਅੰਕਾਂ ਦੀਆਂ ਰਚਨਾਵਾਂ ਉਤੇ ਇਹ ਨੇਮ ਲਾਗੂ ਨਹੀਂ ਕੀਤਾ ਗਿਆ। ਇਨ੍ਹਾਂ ਅੰਕਾਂ ਵਿਚ ਵੱਖ-ਵੱਖ ਰਾਗਾਂ ਦੀਆਂ ਰਚਨਾਵਾਂ ਵਿਚੋਂ ਸ਼ਬਦ ਚੁਣ ਕੇ ਵੱਖ-ਵੱਖ ਸੰਗ੍ਰਿਹ ਬਣਾਏ ਗਏ ਹਨ ਜਿਨ੍ਹਾਂ ਵਿਚ ਆਸਾ, ਗੂਜਰੀ, ਗਉੜੀ ਦੀਪਕੀ, ਧਨਾਸਰੀ (ਉਚਾਰਣ ਧਨਾਸ਼ਰੀ), ਗਉੜੀ ਪੂਰਬੀ ਰਾਗ ਸ਼ਾਮਲ ਹਨ।

ਇਨ੍ਹਾਂ 13 ਅੰਕਾਂ ਦੀ ਬਾਣੀ ਰਾਗ ਕ੍ਰਮ ਅਨੁਸਾਰ ਨਹੀਂ ਰੱਖੀ ਗਈ ਕਿਉਂਕਿ ਇਹ ਬਾਣੀ ਵੱਖ-ਵੱਖ ਰਾਗਾਂ ਵਿਚੋਂ ਸ਼ਬਦਾਂ ਦੇ ਸੰਗ੍ਰਿਹ ਹਨ ਜੋ ਨਿੱਤ ਨੇਮ ਵਾਸਤੇ, ਬਾਕੀ ਬਾਣੀ ਦੀ ਸੰਪਾਦਨਾ ਨਾਲੋਂ ਵੱਖਰੇ ਢੰਗ ਨਾਲ ਬਣਾਏ ਗਏ ਹਨ। ਪ੍ਰਸਿੱਧ ਗੁਰਬਾਣੀ ਵਿਆਕਰਣ ਵੇਤਾ ਪ੍ਰੋ. ਸਾਹਿਬ ਸਿੰਘ ਨੇ 'ਦਰਪਣ' ਦੀ ਪਹਿਲੀ ਪੋਥੀ ਦੇ ਅਰੰਭ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾ-ਕਮਾਲ ਸੰਪਾਦਨਾ 'ਤੇ ਵਿਚਾਰ ਕਰਦਿਆਂ ਪਹਿਲੇ 13 ਅੰਕ ਨਿੱਤ ਨੇਮ ਵਜੋਂ ਹੀ ਲਿਖੇ ਗਏ ਪ੍ਰਗਟ ਕੀਤੇ ਹਨ ਕਿਉਂਕਿ ਇਹ 14 ਅੰਕ ਤੋਂ ਸ਼ੁਰੂ ਕੀਤੀ ਸੰਪਾਦਨਾ ਦੀ ਤਰਤੀਬ ਤੋਂ ਅਲੱਗ ਹਨ।

*-ਕਸ਼ਮੀਰਾ ਸਿੰਘ (ਪ੍ਰੋ.)*
*ਫੋਨ: 801-414-0171*

## ਰੱਬ ਵੀ ਭਾਗ ਲਾਏ

ਦੁਨੀਆਂ ਦੇ ਰਸਤੇ
ਦੁਨੀਆਂ ਨੇ ਖੁਦ ਬਣਾਏ।
ਹਿੰਮਤ ਜੇ ਹੈ ਸੀਨੇ ਵਿਚ
ਰੱਬ ਵੀ ਫਿਰ ਭਾਗ ਲਾਏ।

ਖੁਦ ਨੂੰ ਕਰ ਲੈ ਬੁਲੰਦ
ਦੇਖ ਫਿਰ ਰੱਬ ਦੇ ਰੰਗ,
ਉਸ ਦੀ ਰਜ਼ਾ 'ਚ ਰਹਿ ਕੇ
ਜਿੱਤ ਲੈ ਜ਼ਿੰਦਗੀ ਦੀ ਜੰਗ।
ਕੀੜੀ 'ਚ ਹੈ ਉਹ ਸ਼ਕਤੀ,
ਹਾਥੀ ਵੀ ਥਰਥਰਾਏ।...

ਮੰਜ਼ਿਲ ਉਸ ਨੂੰ ਮਿਲਦੀ
ਜਿਸ ਦੇ ਦਿਲ 'ਚ ਨਿਸ਼ਾਨਾ,
ਜਿਸ ਨੇ ਕੀਤੀ ਮਿਹਨਤ
ਉਸ ਨੇ ਪਾਇਆ ਖਜ਼ਾਨਾ।
ਕਿਸ਼ਤੀ 'ਚ ਹੈ ਉਹ ਤਾਕਤ,
ਸਮੁੰਦਰ ਸਰ ਕਰ ਜਾਏ।...

ਜਿਸ ਦੇ ਦਿਲ 'ਚ ਯਕੀਨ ਹੈ
ਰੱਬ ਉਸੇ ਨੂੰ ਮਿਲਿਆ,
ਜਿਸ ਦੇ ਹੁਕਮ ਤੋਂ ਬਗੈਰ,
ਇਕ ਪੱਤਾ ਨਾ ਹਿੱਲਿਆ।
ਧੰਨੇ ਭਗਤ ਨੇ ਪੱਥਰ ਵਿਚੋਂ
ਰੱਬ ਦੇ ਦਰਸ਼ਨ ਪਾਏ।...

*-ਦਿਲਪ੍ਰੀਤ ਮਾਨ*
*ਫੋਨ: 559-291-7116*

ਕਹਾਣੀ

# ਨਾਨੀ ਦਾ ਪਿਆਰ

***1947 ਦੀ ਵੰਡ ਨੇ ਬੇਸ਼ਕ ਸਰਹੱਦਾਂ ਦੀਆਂ ਵੰਡੀਆਂ ਪਾ ਦਿੱਤੀਆਂ ਨੇ, ਦੋਹੀਂ ਪਾਸੀਂ ਸੰਤਾਲੀ ਵਿਚ ਖੂਨ ਵੀ ਬਥੇਰਾ ਵਗਿਆ ਪਰ ਦਿਲਾਂ ਦੀਆਂ ਵੰਡੀਆਂ ਨਹੀਂ ਪੈ ਸਕੀਆਂ। ਨਵੀਂ ਪਨੀਰੀ ਬੇਸ਼ਕ ਇਸ ਗੱਲ ਨੂੰ ਬਹੁਤਾ ਮਹਿਸੂਸ ਨਾ ਕਰ ਸਕੇ ਪਰ ਜਿਨ੍ਹਾਂ ਨੇ ਇਹ ਵੰਡੀਆਂ ਆਪਣੇ ਹੱਡੀਂ ਹੰਢਾਈਆਂ ਹਨ, ਸਭ ਖੂਨ ਖਰਾਬੇ ਦੇ ਬਾਵਜੂਦ, ਉਨ੍ਹਾਂ ਨੂੰ ਉਹ ਸਾਂਝਾਂ ਭੁੱਲ ਨਹੀਂ ਸਕੀਆਂ ਜਿਹੜੀਆਂ ਵੰਡ ਤੋਂ ਪਹਿਲਾਂ ਸਨ। ਜਦੋਂ ਕਦੀ ਉਹ ਸਾਂਝਾਂ ਚੇਤੇ ਕਰਨ ਦਾ ਸਬੱਬ ਬਣਦਾ ਏ ਤਾਂ ਜਜ਼ਬਾਤ ਦੇ ਦਰਿਆ ਫੁੱਟ ਪੈਂਦੇ ਨੇ। ਬਸ ਇਹੋ ਵਾਰਤਾ ਇਸ ਕਹਾਣੀ ਵਿਚ ਕਹੀ ਹੈ ਅਸ਼ੋਕ ਵਾਸਿਸ਼ਠ ਨੇ। -ਸੰਪਾਦਕ***

"ਠਕ-ਠਕ-ਠਕ ਘੋੜੇ ਦੀਆਂ ਟਾਪਾਂ ਦੀ ਗੂੰਜ ਨੇ ਮਨ ਮੋਹ ਲਿਆ ਬਾਈ। ਲੰਮੇ ਸਮੇਂ ਮਗਰੋਂ ਇਹ ਗੂੰਜ ਸੁਣਨ ਨੂੰ ਮਿਲੀ ਏ। ਆਹਾ ਹਾ ਹਾ ਮਜ਼ਾ ਆ ਗਿਆ ਬਾਈ ਅੱਜ ਤਾਂ।" ਰੋਹਿਤ ਆਪ ਮੁਹਾਰੇ ਬੋਲ ਪਿਆ।

"ਕਿਉਂ ਤੁਹਾਡੇ ਨਹੀਂ ਘੋੜੇ ਦੌੜਦੇ ਸੜਕਾਂ 'ਤੇ?" ਨਾਲ ਬੈਠੀ ਸਵਾਰੀ ਨੇ ਹੈਰਾਨ ਹੁੰਦਿਆਂ ਪੁੱਛਿਆ।

"ਕਾਹਨੂੰ, ਬਚਪਨ ਵਿਚ ਸੁਣਦੇ ਹੁੰਦੇ ਸਾਂ ਟਾਂਗਾ ਸੁਆਰੀ ਦੇ ਕਿੱਸੇ ਵੱਡੇ ਬਜ਼ੁਰਗਾਂ ਪਾਸੋਂ। ਟਾਂਗੇ ਦੀ ਗੱਲ ਛੱਡੋ, ਹੁਣ ਤਾ ਘੋੜੇ ਵੀ ਦੇਖਣ ਨੂੰ ਨਹੀਂ ਮਿਲਦੇ, ਛੱਬੀ ਜਨਵਰੀ ਦੀ ਪਰੇਡ ਸਮੇਂ ਹਰ ਸਾਲ ਜਰੂਰ ਦੇਖ ਲਈਦੇ ਨੇ।"

"ਇਸ ਦਾ ਮਤਲਬ ਆ ਉਥੇ ਦੀਆਂ ਸੜਕਾਂ ਘੋੜਿਆਂ ਤੋਂ ਸੱਖਣੀਆਂ ਹੋ ਗਈਆਂ ਨੇ। ਅਸੀਂ ਤਾਂ ਇਨ੍ਹਾਂ ਬਿਨਾ ਰਹਿ ਹੀ ਨਹੀਂ ਸਕਦੇ।" ਪਹਿਲੀ ਸੀਟ 'ਤੇ ਬੈਠੀ ਤੀਜੀ ਸਵਾਰੀ ਨੇ ਥੋੜ੍ਹਾ ਹੈਰਾਨ ਹੁੰਦਿਆਂ ਪੁੱਛਿਆ।



**ਅਸ਼ੋਕ ਵਾਸਿਸ਼ਠ**
**ਫੋਨ: 91-98106-28570**

"ਅਜ਼ਾਦੀ ਦੇ ਬਾਅਦ ਕੁਝ ਦਹਾਕੇ ਸੜਕਾਂ 'ਤੇ ਟਾਂਗੇ ਖੂਬ ਦੌੜਦੇ ਰਹੇ ਪਰ ਸਾਡੇ ਦੇਖਦਿਆਂ ਹੀ ਦੇਖਦਿਆਂ ਇਹ ਅਲੋਪ ਹੋ ਗਏ। ਜੇ ਟਾਂਗੇ ਨਹੀਂ ਤਾਂ ਘੋੜਿਆਂ ਦਾ ਕੀ ਕੰਮ, ਸਾਡੀ ਅੱਜ ਦੀ ਪੀੜ੍ਹੀ ਨੇ ਤਾਂ ਸੜਕਾਂ ਤੇ ਟਾਂਗੇ ਦੌੜਦੇ ਦੇਖੇ ਹੀ ਨਹੀਂ। ਇਕ ਦਿਨ ਕਿਸੇ ਪੁਰਾਣੀ ਫਿਲਮ ਵਿਚ ਆਮਿਰ ਖਾਨ ਨੂੰ ਰਵੀਨਾ ਟੰਡਨ ਨਾਲ ਟਾਂਗੇ ਦੀ ਸੁਆਰੀ ਕਰਦਿਆਂ ਤੇ ਰੋਮਾਂਟਿਕ ਗਾਣਾ ਗਾਉਂਦਿਆਂ ਦੇਖ ਮੇਰੇ ਮੁੰਡੇ ਨੇ ਪੁੱਛਿਆ ਸੀ, "ਪਾਪਾ, ਇਹ ਕਿਹੋ ਜਿਹੀ ਸਵਾਰੀ ਹੁੰਦੀ ਏ?" ਜਦ ਮੈਂ ਦਸਿਆ ਪਈ ਪੁਰਾਣੇ ਜਮਾਨੇ ਵਿਚ ਜਦੋਂ ਟੈਕਸੀਆਂ, ਕਾਰਾਂ ਜਾਂ ਦੂਜੀਆਂ ਗੱਡੀਆਂ ਸੜਕਾਂ 'ਤੇ ਬਹੁਤੀਆਂ ਨਹੀਂ ਦੌੜਦੀਆਂ ਸਨ ਤਾਂ ਟਾਂਗੇ ਚਲਦੇ ਹੁੰਦੇ ਸਨ। ਕੀ ਅਮੀਰ ਤੇ ਕੀ ਗਰੀਬ, ਸਾਰੇ ਚਾਈਂ ਚਾਈਂ ਇਸ ਦੀ ਸਵਾਰੀ ਦਾ ਅਨੰਦ ਮਾਣਦੇ ਸਨ ਤਾਂ ਉਸ ਨੂੰ ਅਜੀਬ ਲੱਗਾ ਸੀ।"

"ਬਾਈ ਜੀ, ਤੁਸੀਂ ਕਿੱਥੇ ਰਹਿੰਦੇ ਓ?" ਪਿਛਲੀ ਸੀਟ 'ਤੇ ਬੈਠੀ ਅੱਧਖੜ ਉਮਰ ਦੀ ਸਵਾਰੀ ਨੇ ਪੁੱਛਿਆ।

"ਜਲੰਧਰ।"

"ਤੁਸੀਂ ਉਥੇ ਦੇ ਜੰਮ ਪਲ ਹੋ!"

"ਏਦਾਂ ਹੀ ਸਮਝ ਲਓ, ਵੰਡ ਹੋਣ ਤੋਂ ਦੋ ਸਾਲ ਮਗਰੋਂ ਮੇਰਾ ਜਨਮ ਹੋਇਆ ਸੀ। ਮੇਰੇ ਦਾਦਾ ਜੀ ਇਥੇ ਲਾਹੌਰ ਵਿਚ ਰਹਿੰਦੇ ਸਨ।"

"ਲੈ ਬਾਈ, ਮੇਰਾ ਮਾਮਲਾ ਵੀ ਕੁਝ ਇਹੋ ਜਿਹਾ ਏ।"

"ਉਹ ਕਿਦਾਂ?" ਰੋਹਿਤ ਨੇ ਤੀਜੀ ਸਵਾਰੀ ਦੀ ਗੱਲ ਵਿਚ ਦਿਲਚਸਪੀ ਲੈਂਦਿਆਂ ਪੁਛਿਆ।

"ਉਹ ਇਸ ਤਰ੍ਹਾਂ, ਮੇਰਾ ਜਨਮ ਜਲੰਧਰ ਵਿਚ ਹੋਇਆ, ਮੈਂ ਵੀ ਉਸ ਸਮੇਂ ਦੋ ਵਰ੍ਹਿਆਂ ਦਾ ਸਾਂ ਜਦ ਪਾਕਿਸਤਾਨ ਬਣਿਆ। ਚੰਗਾ ਭਲਾ ਕਾਰੋਬਾਰ ਸੀ ਸਾਡਾ, ਅਲੀ ਮੁਹੱਲੇ ਵਿਚ ਇਕ ਵੱਡੀ ਸਾਰੀ ਹਵੇਲੀ ਸੀ ਮੇਰੇ ਦਾਦਾ ਹਜ਼ੂਰ ਦੀ," ਕਹਿੰਦਿਆਂ ਉਹਦੀ ਜ਼ਬਾਨ ਲੜਖੜਾ ਗਈ।

"ਫੇਰ ਤਾਂ ਬਈ ਤੂੰ ਸਾਡਾ ਗਰਾਈਂ ਐਂ, ਉਥੇ ਕੀ ਕਰਦੇ ਸਨ ਤੁਹਾਡੇ ਦਾਦਾ ਜੀ।"

"ਥਾਣੇਦਾਰ ਸਨ, ਤਿੰਨ ਨੰਬਰ ਚੌਕੀ ਦੇ ਇੰਚਾਰਜ, ਬੜਾ ਰੋਹਬ ਸੀ ਮੇਰੇ ਦਾਦਾ ਹਜ਼ੂਰ ਦਾ।"

"ਅੰਗਰੇਜ਼ਾਂ ਦੇ ਸਮੇਂ ਤਾਂ ਦਰੋਗਾ ਈ ਮਾਣ ਨਹੀਂ ਸੀ ਹੁੰਦਾ, ਫੇਰ ਉਹ ਤਾਂ ਥਾਣੇਦਾਰ ਸਨ।" ਰੋਹਿਤ ਨੇ ਇਕ ਤਰ੍ਹਾਂ ਨਾਲ ਉਸ ਨੂੰ ਥਾਪਣਾ ਦਿੱਤੀ।

"ਭਾਈ ਮੇਰੇ, ਤੂੰ ਸਾਡਾ ਮਹਿਮਾਨ ਏਂ। ਕਿਸੇ ਤਰ੍ਹਾਂ ਦੀ ਦਿੱਕਤ ਆਵੇ ਤਾਂ ਭਰਾਵਾਂ ਨੂੰ ਯਾਦ ਕਰੀਂ।" ਇਸ ਵਾਰ ਉਨ੍ਹਾਂ ਵਿਚਕਾਰ ਬੈਠੀ ਸਵਾਰੀ ਰੋਹਿਤ ਨੂੰ ਮੁਖਾਤਿਬ ਹੋਈ। ਉਹ ਉਸ ਦਾ ਹਮਉਮਰ ਜਾਪਦਾ ਸੀ।

"ਕਲ੍ਹ ਆਜਮ ਮਾਰਕੀਟ ਗਿਆ ਸਾਂ, ਕੁਝ ਕਪੜੇ ਖਰੀਦਣੇ ਸਨ, ਪਰ ਬਜਾਰ ਦੀਆਂ ਭੁੱਲ ਭੁਲਈਆਂ ਵਿਚ ਗੁਆਚ ਜਿਹਾ ਗਿਆ। ਭਲਾ ਹੋਵੇ, ਇਕ ਵੱਡੀ ਦੁਕਾਨ ਦੇ ਮਾਲਕ ਦਾ। ਉਹ ਵੀ ਤੁਹਾਡੇ ਵਾਂਗ ਜਲੰਧਰ ਦਾ ਸੀ। ਜਦ ਇਹ ਪਤਾ ਲੱਗਾ ਕਿ ਮੈਂ ਜਲੰਧਰ ਦਾ ਹਾਂ ਤਾਂ ਉਹ ਆਪਣੀ ਸੀਟ ਤੋਂ ਉਛਲ ਪਿਆ। ਘੁੱਟ ਕੇ ਗਲਵਕੜੀ ਪਾ ਲਈ ਮੇਰੇ ਵੀਰ ਨੇ। ਮੈਨੂੰ ਕੁਰਸੀ 'ਤੇ ਬਹਾਇਆ, ਚਾਹ-ਪਾਣੀ ਪਿਲਾਉਣ ਮਗਰੋਂ ਪੁੱਛਣ ਲੱਗਾ, "ਕੰਮ ਦੀ ਗੱਲ ਤਾਂ ਬਾਅਦ ਵਿਚ ਕਰਾਂਗੇ, ਮੇਰੇ ਦੋਸਤ, ਪਹਿਲਾਂ ਇਹ ਦੱਸ ਸਵੇਰ ਦਾ ਤੈਂ ਕੁਝ ਖਾਧਾ-ਪੀਤਾ ਵੀ ਏ?" ਸੱਚੀ ਗੱਲ ਤਾਂ ਇਹ ਵੇ ਸਵੇਰੇ ਦੀ ਨੱਠ-ਭੱਜ ਵਿਚ ਖਾਣਾ ਖਾਣ ਦੀ ਵਿਹਲ ਈ ਨਹੀਂ ਸੀ ਮਿਲੀ ਪਰ ਉਸ ਨੂੰ ਕਹਿਣ ਦਾ ਹੌਸਲਾ ਨਹੀਂ ਪਿਆ। ਮੇਰੇ ਹਾਵ-ਭਾਵ ਦੇਖ ਉਹ ਸਮਝ ਗਿਆ ਕਿ ਇਹਨੇ ਸਵੇਰ ਦਾ ਕੁਝ ਖਾਧਾ ਨਹੀਂ, ਪਰ ਕਹਿਣੋਂ ਸੰਗ ਰਿਹਾ ਏ। "ਭਰਾਵਾਂ ਕੋਲ ਆ ਕੇ ਸੰਗੀਦਾ ਨਹੀਂ ਹੁੰਦਾ, ਮੈਂ ਜਾਣ ਲਿਐ, ਤੈਂ ਕੁਝ ਨਹੀਂ ਖਾਧਾ, ਸਫਰ ਵਿਚ ਹੋ ਜਾਂਦਾ ਏ, ਚਲ ਅੰਦਰ, ਉਥੇ ਪਹਿਲਾਂ ਪੇਟ ਪੂਜਾ ਕਰੀਏ, ਫੇਰ ਦੇਖਾਂਗੇ ਦੁਨੀਆਦਾਰੀ ਦੀਆਂ ਗੱਲਾਂ।"

ਉਹ ਮੇਰੀ ਬਾਂਹ ਫੜ ਆਪਣੀ ਗੱਦੀ ਦੇ ਪਿੱਛੇ ਬਣੇ ਇਕ ਨਿੱਕੇ ਜਿਹੇ ਕਮਰੇ ਵਿਚ ਲੈ ਗਿਆ। ਕਹਿਣ ਲੱਗਾ, "ਇਹ ਸਾਡਾ ਦਸਤਰਖਾਨ ਏ।" ਕਮਰੇ ਵਿਚ ਇਕ ਮੇਜ ਦੁਆਲੇ ਚਾਰ ਕੁਰਸੀਆਂ ਡੱਠਿਆਂ ਸਨ ਅਤੇ ਦੂਜੇ ਸਿਰੇ 'ਤੇ ਇਕ ਚਾਰਪਾਈ ਪਈ ਸੀ ਜਿਸ 'ਤੇ ਸੋਹਣੀ ਜਿਹੀ ਦਰੀ ਤੇ ਚਾਦਰ ਵਿਛੀ ਸੀ।

"ਮੇਰਾ ਛੋਟਾ ਭਾਈ ਕੀ ਖਾਏਗਾ, ਉਹੋ ਹਾਜਰ ਹੋ ਜਾਵੇਗਾ।"

"ਕੁਝ ਖਾਸ ਨਹੀਂ, ਜੋ ਵੀ ਬੇਬੇ ਨੇ ਆਪਣੇ ਹੱਥਾਂ ਨਾਲ ਬਣਾ ਕੇ ਭੇਜਿਆ ਏ, ਉਹੀ ਖਾਵਾਂਗਾ, ਮੈਂ ਜਵਾਬ ਦਿੱਤਾ।"

"ਬਈ ਤੇਰੀ ਇਹ ਖਾਹਸ਼ ਤਾਂ ਮੈਂ ਪੂਰੀ ਨਹੀਂ ਕਰ ਸਕਦਾ ਕਿਉਂਕਿ ਬੇਬੇ ਉਪਰ ਅੱਲਾ ਮੀਆਂ ਕੋਲ ਜਾ ਚੁੱਕੀ ਏ।"

"ਓਹ, ਮਾਫ ਕਰੀਂ ਵੀਰ ਮੈਂ ਨਹੀਂ ਜਾਣਦਾ ਸੀ।"

"ਕਮਲਾ ਨਾ ਹੋਵੇ ਤਾਂ, ਤੂੰ ਕੋਈ ਨਜੂਮੀ ਏਂ ਜਿਹੜਾ ਤੈਨੂੰ ਬੇਬੇ ਦਾ ਪਤਾ ਹੁੰਦਾ। ਚਲ ਕੋਈ ਨਾ, ਤੇਰੀ ਭਾਬੀ ਦੇ ਹੱਥਾਂ ਦਾ ਬਣਿਆ ਪਕਵਾਨ ਹਾਜਰ ਹੈ। ਓ ਮੁੰਡਿਆ, ਜਾ ਦੌੜ ਕੇ ਕੋਈ ਮਠਾਈ ਲੈ ਆ, ਨਾਲੇ ਦੋ ਗਲਾਸ ਲੱਸੀ ਵੀ ਮੰਗਵਾ ਲਈਂ। ਜੇ ਦਹੀਂ ਨਹੀਂ ਤਾਂ ਉਹ ਵੀ ਲੈ ਆਵੀਂ। ਮੇਰਾ ਨਿੱਕਾ ਵੀਰ ਜਲੰਧਰੋਂ ਆਇਐ, ਇਸ ਲਈ ਮਿਠਾਈ ਵੀ ਜਲੰਧਰ ਸਵੀਟ ਸ਼ਾਪ ਤੋਂ ਲਿਆਈਂ।"

ਖਾਣਾ ਖਾ ਕੇ ਵਿਹਲੇ ਹੋਏ ਤਾਂ ਕੋਲ ਡੱਠੇ ਮੰਜੇ ਵੱਲ ਸੈਨਤ ਕਰਦਿਆਂ ਉਸ ਕਿਹਾ, "ਤੂੰ ਹੁਣ ਥੋੜਾ ਆਰਾਮ ਕਰ ਲੈ। ਜਿਹੜਾ ਸਮਾਨ ਲੈਣਾ ਈ, ਉਸ ਦੀ ਲਿਸਟ ਦੇ, ਮੈਂ ਪੈਕ ਕਰਾ ਰਖਾਂਗਾ।"

ਮੰਜੇ 'ਤੇ ਲੇਟਦਿਆਂ ਹੀ ਮੈਂ ਗੂੜ੍ਹੀ ਨੀਂਦੇ ਸੌਂ ਗਿਆ। ਸ਼ਾਮਾਂ ਪਈਆਂ ਤਾਂ ਮਸਾਂ ਉਠਿਆ, ਮੁੰਡਾ ਚਾਹ ਲੈ ਆਇਆ, ਪੂਰਾ ਸੈਟ ਸੀ, ਨਾਲ ਕੁਝ ਮਿਠਾਈ-ਨਮਕੀਨ।

"ਹੁਣ ਬਹੁਤਾ ਦੇਖ ਨਾ, ਟੁੱਟ ਕੇ ਪੈ ਜਾ।"

ਉਹ ਮੇਰੇ ਸਰ੍ਹਾਣੇ ਆ ਖਲੋਤਾ, ਭਾਵੇਂ ਖਾਣਾ ਖਾਧਿਆਂ ਦੋ-ਤਿੰਨ ਘੰਟੇ ਹੋ ਚੁੱਕੇ ਸਨ, ਪਰ ਅਜੇ ਵੀ ਭੁੱਖ ਨਹੀਂ ਲੱਗੀ ਸੀ, ਜਦ ਉਹ ਵੀ ਮੇਰੇ ਸਾਹਮਣੇ ਬੈਠ ਚਾਹ ਪੀਣ ਲੱਗਾ ਤਾਂ ਬਹੁਤੀ ਨਾਂਹ-ਨੁੱਕਰ ਨਹੀਂ ਕਰ ਸਕਿਆ।

"ਸੱਚੀ ਗੱਲ ਤਾਂ ਇਹ ਵੇ ਕਿ ਤੇਰੀ ਸ਼ਕਲ, ਗੱਲ ਕਰਨ ਦਾ ਅੰਦਾਜ਼ ਇੰਨ-ਬਿੰਨ ਮੇਰੇ ਮਰਹੂਮ ਛੋਟੇ ਭਰਾ ਅਹਿਮਦੇ ਨਾਲ ਮਿਲਦਾ-ਜੁਲਦਾ ਏ, ਤੂੰ ਇਹ ਨਾ ਸੋਚੀਂ ਕਿ ਇਕ ਅਨਜਾਣ ਆਦਮੀ ਤੇ ਉਹ ਵੀ ਪਰਦੇਸ ਵਿਚ ਤੇਰੇ 'ਤੇ ਐਵੇਂ ਲੱਟੂ ਹੋ ਗਿਐ! ਮੈਂ ਆਪਣੇ ਭਰਾ ਨਾਲ ਬਹੁਤ ਪਿਆਰ ਕਰਦਾ ਸਾਂ, ਤੈਨੂੰ ਦੇਖ ਪੁਰਾਣਾ ਪਿਆਰ ਮੁੜ ਜਾਗ ਪਿਐ," ਕਹਿੰਦਿਆਂ ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ।

"ਤੁਸੀਂ ਦੁਖੀ ਕਿਉਂ ਹੁੰਦੇ ਓ, ਮੈਂ ਵੀ ਤਾਂ ਤੁਹਾਡੇ ਨਿੱਕੇ ਵੀਰ ਜਿਹਾ ਹਾਂ, ਅਹਿਮਦੇ ਤੇ ਮੇਰੇ ਵਿਚ ਕੀ ਫਰਕ ਏ? ਮੇਰਾ ਕੋਈ ਵੱਡਾ ਵੀਰ ਨਹੀਂ, ਰੱਬ ਨੇ ਅੱਜ ਇਹ ਕਮੀ ਵੀ ਪੂਰੀ ਕਰ ਦਿੱਤੀ।" ਇਹ ਕਹਿੰਦਿਆਂ ਮੇਰਾ ਗੱਚ ਭਰ ਆਇਆ। ਇਸ ਤੋਂ ਅੱਗੇ ਕੁਝ ਬੋਲ ਨਹੀਂ ਸਕਿਆ। ਵਿਸ਼ਾ ਬਦਲਣ ਲਈ ਗੱਲੇ 'ਤੇ ਬੈਠੇ ਸੱਜਣ ਨੂੰ ਮੈਂ ਕਿਹਾ, "ਭਾਈ ਸਾਹਿਬ ਬਿਲ ਦੇ ਦੇਣਾ।" ਮੇਰੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਜੋਰ ਦੀ ਦਹਾੜਿਆ, ਜਾਣੋਂ ਅਸਮਾਨੀ ਬਿਜਲੀ ਕੜਕੀ ਹੋਵੇ। ਉਹਦੇ ਭਖਦੇ ਚਿਹਰੇ ਵੱਲ ਤੱਕ ਮੈਂ ਸਿਰ ਤੋਂ ਪੈਰਾਂ ਤੀਕ ਕੰਬ ਗਿਆ ਸਾਂ।

"ਖਿੱਚ ਕੇ ਚੰਡ ਮਾਰਾਂਗਾ, ਤੇਰੇ ਮੂੰਹ 'ਤੇ, ਤੇਰੀ ਹਿੰਮਤ ਕਿੱਦਾਂ ਪਈ ਇਹੋ ਜਿਹੀ ਘਟੀਆ ਗੱਲ ਕਰਨ ਦੀ। ਇਕ ਪਾਸੇ ਮੈਨੂੰ ਆਪਣਾ ਵੱਡਾ ਭਰਾ ਕਹਿੰਦੈਂ, ਤੇ ਦੂਜੇ ਪਾਸੇ ਬਗਾਨਾ ਬਣ ਰਿਹੈਂ। ਅਹਿਮਦ ਹੁੰਦਾ ਤਾਂ ਗੱਲ 'ਚ ਗੂਠਾ ਦੇ ਕੇ ਸਾਰਾ ਸਾਮਾਨ ਹੁਣ ਤਕ ਲੈ ਵੀ ਗਿਆ ਹੁੰਦਾ ਤੇ ਏਧਰ ਤੂੰ..." ਇਸ ਤੋਂ ਅੱਗੇ ਉਹ ਕੁਝ ਬੋਲ ਨਹੀਂ ਸਕਿਆ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਮੇਰਾ ਸਿਰ ਝੁਕ ਗਿਆ ਉਹਦੇ ਅੱਗੇ, ਉਸ ਦੇ ਪੈਰਾਂ ਨੂੰ ਹੱਥ ਲਾਇਆ ਤੇ ਗਲੇ ਲੱਗਿਆ, ਵੱਡੇ ਭਰਾ ਦਾ ਨਿੱਘ ਮਿਲਿਆ ਤਾਂ ਆਪਣੇ 'ਤੇ ਕਾਬੂ ਨਾ ਰੱਖ ਸਕਿਆ, ਮੇਰਾ ਰੋਣ ਨਿਕਲ ਆਇਆ।

"ਚੁਪ ਕਰ ਮੇਰਾ ਵੀਰ, ਆਹ ਨਿੱਕ-ਸੁੱਕ ਤੇਰੇ ਵੱਡੇ ਭਾਈ ਦਾ ਪਿਆਰ ਏ, ਰੱਖ ਲੈ ਇਹਨੂੰ। ਮੁਸ਼ਤਾਕ ਗੱਡੀ ਲਿਆ, ਛੱਡ ਆ ਮੇਰੇ ਵੀਰ ਨੂੰ ਤੇ ਤੂੰ ਜਰਾ ਜਿਨੀ ਵੀ ਤਕਲੀਫ ਹੋਵੇ ਤਾਂ ਸੰਗੀ ਨਾ...ਫਟਾ ਫਟ ਆ ਜਾਵੀਂ ਮੇਰੇ ਕੋਲ। ਚੰਗਾ ਹੁਣ ਜਾਹ ਤੂੰ ਰੱਬ ਤੈਨੂੰ ਸੁਖੀ ਰੱਖੇ।"

ਰੋਹਿਤ ਦੀਆਂ ਅੱਖਾਂ 'ਚ ਅਥਰੂ ਦੇਖ, ਇਸ ਵਾਰ ਟਾਂਗੇ ਵਾਲੇ ਨੇ ਕਿਹਾ, "ਭਾਈ ਜਾਨ, ਇਹੋ ਅਸਲ ਐ। ਕੀ ਹੋਇਆ ਸਾਡੇ ਮੁਲਕ ਵੰਡੇ ਗਏ ਨੇ ਪਰ ਸਾਡੇ ਅੰਦਰ ਧੜਕਦੇ ਦਿਲ ਇਕ ਨੇ। ਇਨ੍ਹਾਂ ਨੂੰ ਕੋਈ ਵੱਖ ਨਹੀਂ ਕਰ ਸਕਦਾ, ਸਿਆਸਤਦਾਨ ਭਾਵੇਂ ਲੱਖ ਯਤਨ ਕਰ ਲੈਣ।"

"ਤੁਹਾਡੇ ਬਾਬਾ ਜੀ ਨੇ ਇਥੇ ਆਪਣਾ ਮਕਾਨ ਵੀ ਬਣਾਇਆ ਹੋਣੈ?" ਪਿਛਲੀ ਸੀਟ 'ਤੇ ਬੈਠੀ ਸਵਾਰੀ ਨੇ ਪੁੱਛਿਆ।

"ਹਾਂ ਬਣਾਇਆ ਸੀ, ਇਸਲਾਮੀਆ ਕਾਲਜ ਨੇੜੇ ਪੈਂਦੇ ਮੁਹੱਲਾ ਪ੍ਰੇਮ ਗਲੀ ਵਿਚ।"

"ਉਹ ਤਾਂ ਇਥੋਂ ਨੇੜੇ ਹੀ ਹੈ, ਦਿਲ ਮੁਹੰਮਦ ਰੋਡ 'ਤੇ।"

"ਕਿਧਰੇ ਉਥੇ ਵੀ ਤਾਂ ਆਜ਼ਮ ਮਾਰਕੀਟ ਵਾਲੇ ਭਾਈ ਸਾਹਿਬ ਤਾਂ ਨਹੀਂ ਸੀ ਮਿਲ ਗਏ?" ਦੂਜੀ ਸਵਾਰੀ ਨੇ ਹਸਦਿਆਂ ਕਿਹਾ।

"ਉਹ ਤਾਂ ਨਹੀਂ ਮਿਲੇ, ਪਰ ਜਿਹੜੇ ਭਾਈ ਸਾਹਿਬ ਮਿਲੇ ਉਹ ਵੀ ਘੱਟ ਨਹੀਂ ਸਨ," ਰੋਹਿਤ ਨੇ ਦਸਿਆ।

"ਉਹ ਕਿਦਾਂ?" ਪਿਛਲੀ ਸੀਟ ਦੀ ਸਵਾਰੀ ਨੇ ਪੁੱਛਿਆ।

"ਹੋਇਆ ਇਹ, ਵੰਡ ਤੋਂ ਪਹਿਲਾਂ ਸਾਡੇ ਗੁਆਂਢ ਵਿਚ ਇਕ ਦੋਧੀ ਰਹਿੰਦਾ ਸੀ, ਇਮਾਮ ਬਖਸ਼। ਉਹ ਹੁਣ ਵੀ ਦੁੱਧ ਦਾ ਕਾਰੋਬਾਰ ਕਰਦੇ ਨੇ। ਮੇਰੀ ਭੂਆ ਨੇ ਜਲੰਧਰ ਤੋਂ ਤੁਰਨ ਸਮੇਂ ਓਹਦਾ ਅਡਰੈਸ ਮੈਨੂੰ ਦਿੰਦਿਆਂ ਸਾਰੀ ਜਾਣਕਾਰੀ ਦੇ ਦਿੱਤੀ ਸੀ। ਇਹ ਵੀ ਦੱਸਿਆ ਸੀ ਪਈ ਓਹਦਾ ਇਕ ਪੁਤ ਮੰਨਾ ਏ, ਉਹ ਤੇਰੇ ਬਯਾਸੀ ਚਾਚੇ ਦਾ ਲੰਗੋਟੀਆ ਸੀ, ਖੂਬ ਯਾਰੀ ਸੀ ਉਨ੍ਹਾਂ ਦੋਹਾਂ ਦੀ। ਜੇ ਉਹ ਮਿਲ ਗਿਆ ਤਾਂ ਤੈਨੂੰ ਕੋਈ ਤਕਲੀਫ ਨਹੀਂ ਹੋਣ ਦਿੰਦਾ ਉਹ ਸਾਂਭ ਲਏਗਾ ਤੈਨੂੰ।"

"ਲੈ, ਮੈਂ ਕਿਹੜਾ ਨਿਆਣਾ ਜਿਹੜਾ ਉਹ ਸਾਂਭ ਲਏਗਾ ਮੈਨੂੰ।" ਭੂਆ ਦੀ ਗੱਲ ਤੋਂ ਚਿੜ੍ਹ ਕੇ ਮੈਂ ਕਿਹਾ ਸੀ।



"ਤੁਸਾਂ ਠੀਕ ਫਰਮਾਇਆ...ਸਾਡਾ ਘਰ ਦਿਲ ਮੁਹੰਮਦ ਰੋਡ 'ਤੇ ਪੈਂਦੀ ਸੜਕ ਪੋਖਰ ਸਟਰੀਟ ਵਿਚ ਹੈ।"

"ਹੁਣੇ ਅਸਾਂ ਦਿੱਲੀ ਗੇਟ ਅੱਪੜ ਜਾਣਾ, ਉਸ ਦੇ ਸਾਹਮਣੇ ਲੰਡਾ ਬਾਜ਼ਾਰ ਐ ਉਥੋਂ ਟਾਂਗਾ ਮਿਲ ਜਾਂਦਾ।"

"ਉਥੋਂ ਹੀ ਟਾਂਗਾ ਫੜ ਕੇ ਕੁਝ ਮਿੰਟਾਂ ਵਿਚ ਪੁਜ ਗਿਆ ਸਾਂ। ਦਿਲ ਕਰਦੈ ਵਾਪਸ ਪਰਤਣ ਤੋਂ ਪਹਿਲਾਂ ਇਕ ਵਾਰ ਫੇਰ ਹੋ ਆਵਾਂ, ਮੁੜ ਪਤਾ ਨਹੀਂ ਕਦ ਆਉਣਾ ਹੋਵੇ! ਆ ਵੀ ਸਕਾਂਗਾ ਜਾਂ ਨਹੀਂ, ਕਹਿ ਨਹੀਂ ਸਕਦਾ ਨਿਤ ਨਵਾਂ ਪੰਗਾ ਪੈ ਜਾਂਦੈ।" ਰੋਹਿਤ ਨੇ ਥੋੜਾ ਤਲਖ਼ ਆਵਾਜ ਵਿਚ ਕਿਹਾ।

"ਇਹੋ ਤਾਂ ਮਾੜੀ ਗੱਲ ਆ। ਦੋਹਾਂ ਮੁਲਕਾਂ ਦੇ ਲੋਕ ਅਮਨ ਚੈਨ ਨਾਲ ਰਹਿਣਾ ਚਾਹੁੰਦੇ ਨੇ ਪਰ..." ਨਾਲ ਬੈਠੀ ਸਵਾਰੀ ਬੋਲ ਪਈ।

"ਭਾਈ ਜਾਨ, ਤੁਸੀਂ ਛੱਡੋ ਇਨ੍ਹਾਂ ਗੱਲਾਂ ਨੂੰ, ਸਾਡੀ ਪੱਧਰ ਤੋਂ ਬਹੁਤ ਉਚੀਆਂ ਨੇ। ਆਪਣੇ ਜੱਦੀ ਘਰ ਜਾਣ ਨੂੰ ਜਦ ਵੀ ਮਨ ਕਰੇ ਤਾਂ ਇਸ ਭਰਾ ਨੂੰ ਯਾਦ ਕਰਨਾ, ਮੈਂ ਖੁਦ ਡੇਰਾ ਸਾਹਿਬ ਆ ਕੇ ਤੁਹਾਨੂੰ ਲੈ ਚਲਾਂਗਾ। ਕਿਤੇ ਭਟਕਣ ਦੀ ਲੋੜ ਨਹੀਂ।" ਟਾਂਗੇ ਵਾਲੇ ਨੇ ਜੋਸ਼ ਵਿਚ ਆ ਕੇ ਕਿਹਾ।

"ਪਿਛਲੀ ਵਾਰ ਵੀ ਇਕ ਟਾਂਗੇ ਵਾਲਾ ਬੜੇ ਪਿਆਰ ਨਾਲ ਉਥੇ ਲੈ ਗਿਆ ਸੀ, ਉਸ ਘਰ ਲੱਭਣ ਵਿਚ ਮੇਰੀ ਮਦਦ ਕੀਤੀ, ਕਿਰਾਏ ਦੇ ਪੈਸੇ ਵੀ ਨਾ ਲਵੇ, ਬੜੀ ਮੁਸ਼ਕਲ ਨਾਲ ਦਿੱਤੇ ਸਨ।"

"ਤੁਸੀਂ ਮਹਿਮਾਨ ਓ ਏਨਾ ਫਰਜ ਤਾਂ ਸਾਡਾ ਬਣਦਾ ਈ ਏ।" ਟਾਂਗੇ ਵਾਲੇ ਨੇ ਖੁਸ਼ ਹੁੰਦਿਆਂ ਕਿਹਾ।

"ਉਹ ਵੀ ਤੇਰੇ ਜਿਹਾ ਸੀ ਬਿਲਕੁਲ ਤੇਰੇ ਜਿਹਾ।" ਰੋਹਿਤ ਨੇ ਮੋਹ ਭਿੰਨੀ ਨਜ਼ਰ ਨਾਲ ਉਸ ਨੂੰ ਨਿਹਾਰਿਆ।

"ਆਪਣੇ ਘਰ ਜਾ ਕੇ ਕਿਹੋ ਜਿਹਾ ਲੱਗਾ?" ਨਾਲ ਬੈਠੀ ਸਵਾਰੀ ਨੇ ਉਤਸੁਕਤਾ ਨਾਲ ਪੁਛਿਆ।

"ਲੱਗਣਾ ਤਾਂ ਚੰਗਾ ਈ ਸੀ ਪਰ ਉਥੇ ਇਕ ਅਲੋਕਾਰੀ ਗੱਲ ਹੋ ਗਈ। ਘੱਟੋ-ਘੱਟ ਮੇਰੇ ਲਈ ਤਾਂ ਅਲੋਕਾਰੀ ਸੀ ਤੁਹਾਡੇ ਲਈ ਭਾਵੇਂ ਆਮ ਹੋਵੇ।" ਉਹ ਦੱਸਣ ਲੱਗਾ।


"ਵੱਡਿਆਂ ਲਈ ਬੱਚੇ ਨਿਆਣੇ ਹੀ ਰਹਿੰਦੇ ਨੇ ਭਾਵੇਂ ਬੁੱਢੇ ਕਿਉਂ ਨਾ ਹੋ ਜਾਣ।" ਗੱਲ ਤਾਂ ਭੂਆ ਦੀ ਠੀਕ ਸੀ, ਇਸ ਲਈ ਚੁਪਚਾਪ ਹਾਮੀ ਭਰ ਦਿੱਤੀ।

"ਫੇਰ ਕੀ ਹੋਇਆ? ਤੁਸੀਂ ਗਏ ਸੀ ਮੰਨੇ ਦੇ ਘਰ?" ਨਾਲ ਦੀ ਸਵਾਰੀ ਨੇ ਪੁੱਛਿਆ।

"ਜਰੂਰ ਗਿਆ ਸਾਂ ਦਿਲ ਮੁਹੰਮਦ ਰੋਡ 'ਤੇ ਥੋੜਾ ਹਟ ਕੇ ਉਹਦੀ ਡੇਅਰੀ ਸੀ। ਲੱਭਣ ਵਿਚ ਕੋਈ ਦਿੱਕਤ ਨਹੀਂ ਆਈ। ਉਹ ਅੰਦਰ ਬੈਠਾ ਸੀ। ਉਸ ਪਾਸ ਗਿਆ ਜਾਣ-ਪਛਾਣ ਕਰਾਉਣ ਦੀ ਗਰਜ ਨਾਲ ਆਪਣੇ ਚਾਚੇ ਦਾ ਨਾਂ ਲੈਂਦਿਆਂ ਕਿਹਾ, 'ਮੈਂ ਪੰਡਿਤ ਵੇਦ ਵਿਆਸ ਦਾ ਭਤੀਜਾ ਹਾਂ ਭਾਰਤ ਤੋਂ ਆਇਆਂ।' ਮੈਨੂੰ ਇਕ ਨਜ਼ਰ ਦੇਖ ਉਹ ਮੰਜੇ ਤੋਂ ਉਛਲ ਪਿਆ, ਘੁੱਟ ਕੇ ਸੀਨੇ ਨਾਲ ਲਾਇਆ ਤੇ ਕਹਿਣ ਲੱਗਾ, 'ਕੁਝ ਕਹਿਣ ਦੀ ਲੋੜ ਨਹੀਂ ਬੱਚੇ, ਤੂੰ ਮੇਰਾ ਭਤੀਜੈਂ, ਦੂਜਾ ਬਯਾਸੀ।' ਉਹ ਕਿੰਨੀ ਦੇਰ ਮੇਰੇ 'ਤੇ ਆਪਣਾ ਪਿਆਰ ਲੁਟਾਂਦਾ ਰਿਹਾ। 'ਆ ਇਥੇ ਬਹਿ ਜਾ ਚੰਗੀ ਤਰ੍ਹਾਂ,' ਮੇਰੇ ਵੱਲ ਕੁਰਸੀ ਸਰਕਾਂਦਿਆਂ ਉਸ ਲਾਡ ਨਾਲ ਕਿਹਾ ਸੀ। 'ਹੁਣ ਦੱਸ ਤੇਰੀ ਕੀ ਸੇਵਾ ਕਰਾਂ?' ਮੈਂ ਕਹਿਣਾ ਚਾਹਿਆ ਕਿ ਹੁਣੇ ਨਾਸ਼ਤਾ ਕਰਕੇ ਆਇਆਂ ਪਰ ਉਸ ਮੌਕਾ ਈ ਨਹੀਂ ਦਿੱਤਾ। ਫਟਾ ਫਟ ਵੱਡਾ ਗਿਲਾਸ ਗਰਮ ਦੁੱਧ ਦਾ ਮੰਗਾਇਆ ਤੇ ਮੇਰੇ ਸਾਹਮਣੇ ਪਏ ਸਟੂਲ 'ਤੇ ਰਖਦਿਆਂ ਹੁਕਮ ਦੇਣ ਵਾਲੇ ਲਹਿਜੇ ਵਿਚ ਕਿਹਾ, 'ਪਹਿਲਾਂ ਏਹਨੂੰ ਖਤਮ ਕਰ, ਫੇਰ ਕੋਈ ਹੋਰ ਗੱਲ ਕਰੀਂ।' ਦੁੱਧ ਪੀਣ ਲੱਗਾ ਤਾਂ ਫੇਰ ਕਹਿਣ ਲੱਗਾ, 'ਤੇਰਾ ਬਾਬਾ ਮੇਰਾ ਚਾਚਾ ਸੀ, ਬਹੁਤ ਪਿਆਰ ਕਰਦਾ ਸੀ, ਭਲਾ ਰਿਸ਼ਤੇ ਵੀ ਕਦੇ ਟੁੱਟਦੇ ਨੇ, ਏਨ੍ਹਾਂ ਗਲੀਆਂ 'ਚ ਮੈਂ ਤੇ ਬਯਾਸੀ ਖੇਡਦੇ ਵੱਡੇ ਹੋਏ ਸਾਂ, ਕੋਈ ਫਰਕ ਨਹੀਂ ਸੀ, ਚੰਗੇ ਭਲੇ ਮਿਲ-ਜੁਲ ਕੇ ਰਹਿੰਦੇ ਸਾਂ, ਪਤਾ ਨਹੀਂ ਕਿਹੜੀ ਵ੍ਹਾ ਵੱਗੀ, ਅਸੀਂ ਵੱਖ ਹੋ ਗਏ।' ਕਹਿੰਦਿਆਂ ਮੇਰਾ ਚਾਚਾ ਭਾਵਕ ਹੋ ਗਿਆ ਸੀ।"

"ਪਰ ਅਲੋਕਾਰੀ ਗੱਲ ਕੀ ਹੋਈ?" ਟਾਂਗੇ ਦੀ ਪਿਛਲੀ ਸੀਟ 'ਤੇ ਬੈਠੇ ਬਜ਼ੁਰਗ ਨੇ ਕਾਹਲੇ ਪੈਂਦਿਆਂ ਪੁਛਿਆ।

*(ਅਗਲੇ ਸਫੇ 'ਤੇ ਜਾਰੀ)*



ਲਾਹੌਰ ਦਾ ਲੰਡਾ ਬਾਜ਼ਾਰ

"ਉਹ ਵੀ ਦਸਦਾਂ ਥੋੜਾ ਸਬਰ ਕਰੋ," ਰੋਹਿਤ ਨੇ ਕਿਹਾ।

"ਸਬਰ ਨਹੀਂ ਹੁੰਦਾ ਸਾਥੋਂ ਦਿੱਲੀ ਗੇਟ ਆਉਣ ਵਾਲਾ ਏ ਉਥੇ ਉਤਰਨਾਂ।" ਬਜ਼ੁਰਗ ਨੇ ਆਪਣੀ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ।

"ਕਿਉਂ ਘਾਬਰਦੇ ਓ ਮਾਲਕੋ, ਕਹੋ ਤਾਂ ਥੋੜੀ ਦੇਰ ਇਥੇ ਈ ਖਲੋ ਜਾਨੇ ਆਂ," ਟਾਂਗੇ ਵਾਲੇ ਨੇ ਬਜ਼ੁਰਗ ਨੂੰ ਤਸੱਲੀ ਦਿੰਦਿਆਂ ਕਿਹਾ। "ਹਾਂ ਸੱਚ, ਤੁਸੀਂ ਫਿਲੌਰ ਵੀ ਗਏ ਓ ਕਦੇ?" ਉਸ ਨੇ ਰੋਹਿਤ ਨੂੰ ਪੁੱਛਿਆ।

"ਕਦੇ? ਉਧਰ ਤਾਂ ਅਕਸਰ ਜਾਂਦੇ ਈ ਰਹੀਦੈ, ਉਥੋਂ ਪੰਜ-ਛੇ ਕਿਲੋਮੀਟਰ ਦੀ ਦੂਰੀ 'ਤੇ ਮੇਰਾ ਨਾਨਕਾ ਪਿੰਡ ਲਾਂਦੜਾ ਐ। ਬਚਪਨ ਦੇ ਅਨੇਕਾਂ ਹਸੀਨ ਪਲ ਗੁਜਾਰੇ ਨੇ ਏਸ ਇਲਾਕੇ 'ਚ।"

"ਪਰ ਉਹ ਅੱਲੋਕਾਰੀ ਗੱਲ ਕਿਹੜੀ ਸੀ?" ਬਜ਼ੁਰਗ ਨੇ ਗੱਲ ਦਾ ਟਰੈਕ ਬਦਲਣ 'ਤੇ ਕਾਹਲੇ ਪੈਂਦਿਆਂ ਕਿਹਾ।

"ਜ਼ਰੂਰ, ਇਹ ਗੱਲ ਵੀ ਸੁਣ ਲਵੋ। ਮੈਂ ਦੁੱਧ ਦਾ ਗਿਲਾਸ ਖਤਮ ਕੀਤਾ ਤਾਂ ਮੰਨੇ ਚਾਚੇ ਨੇ ਪੁੱਛਿਆ, ਆਪਣਾ ਘਰ ਦੇਖਣਾ? ਦੇਖਣਾ ਤਾਂ ਹੈ। ਚੰਗਾ ਚੱਲ ਫੇਰ। ਉਹ ਮੈਨੂੰ ਨਾਲ ਲੈ ਤੁਰਿਆ। ਸੜਕ ਦੇ ਨਾਲ ਲਗਦੀ ਇਕ ਬਹੁਤ ਖੁਲ੍ਹੀ ਸੜਕ ਨੁਮਾ ਗਲੀ ਦੇ ਸਿਰੇ ਵਾਲੇ ਮਕਾਨ ਦੀ ਕੰਧ 'ਤੇ ਉਸ ਦਾ ਨਾਂ ਦੇਵ ਨਾਗਰੀ ਅੱਖਰਾਂ ਵਿਚ ਲਿਖਿਆ ਸੀ, 'ਪੋਖਰ ਸਟਰੀਟ'। ਉਸ ਦੇ ਤੀਜੇ ਘਰ ਅੱਗੇ ਖਲੋਂਦਿਆਂ ਮੰਨੇ ਨੇ ਮੇਰੀ ਵੱਲ ਦੇਖਦਿਆਂ ਕਿਹਾ, 'ਇਹੋ ਈ ਏ, ਤੁਹਾਡਾ ਘਰ ਇਕ ਛੋਟਾ ਘਰ ਹੋਰ ਏ ਇਸ ਦੀ ਪਿਛਲੀ ਗਲੀ ਵਿਚ।' ਘਰ ਤਾਂ ਚੰਗਾ ਵੱਡਾ ਏ, ਮੇਰੇ ਮੂੰਹ 'ਚੋਂ ਨਿਕਲਿਆ। 'ਹੁਣ ਇਸ ਦੇ ਆਸੇ-ਪਾਸੇ ਹੋਰ ਵੀ ਵੱਡੇ ਮਕਾਨ ਬਣ ਗਏ ਨੇ ਪਰ ਜਿਸ ਸਮੇਂ ਚਾਚੇ ਨੇ ਇਹ ਮਕਾਨ ਬਣਾਇਆ ਸੀ ਉਸ ਸਮੇਂ ਸੱਤੀਂ-ਵੀਹੀਂ ਇਹੋ ਜਿਹਾ ਸੋਹਣਾ ਘਰ ਦੇਖਣ ਨੂੰ ਨਹੀਂ ਮਿਲਦਾ ਸੀ, ਬਾਦਸ਼ਾਹ ਸੀ ਮੇਰਾ ਚਾਚਾ।' ਮੰਨੇ ਚਾਚੇ ਨੇ ਭਾਵੁਕ ਹੁੰਦਿਆਂ ਪੁਰਾਣੀ ਯਾਦ ਤਾਜ਼ਾ ਕੀਤੀ।

"ਅੱਗੋਂ ਕੀ ਹੋਇਆ?" ਬਜ਼ੁਰਗ ਨੇ ਮੁੜ ਪੁੱਛਿਆ।

"ਥੋੜਾ ਸਬਰ ਵੀ ਤਾਂ ਕਰੋ ਬਜ਼ੁਰਗੋ ਇਕੋ ਸਾਹੇ ਤਾਂ ਨਾ ਵਗੋ।" ਟਾਂਗੇ ਵਾਲੇ ਨੇ ਬਜ਼ੁਰਗ ਦੀ ਗੱਲ ਤੋਂ ਚਿੜ੍ਹਦਿਆਂ ਕਿਹਾ।

"ਚਲ ਠੀਕ ਐ, ਹੁਣ ਨਹੀਂ ਮੈਂ ਬੋਲਦਾ ਦਸ ਬਈ ਜਵਾਨਾ।" ਬਜ਼ੁਰਗ ਨੇ ਰੋਹਿਤ ਨੂੰ ਥਾਪਣਾ ਦਿੰਦਿਆਂ ਕਿਹਾ।

"ਮੰਨੇ ਚਾਚੇ ਨੇ ਕਾਲ ਬੈਲ ਵਜਾਈ, ਚੰਗੇ ਭਰਵੇਂ ਤੇ ਗਠੀਲੇ ਸਰੀਰ ਦੇ ਮਾਲਕ, ਪਹਿਲਵਾਨ ਜਿਹੇ, ਅੱਧਖੜ ਉਮਰ ਦੇ, ਪਰ ਬੇਹਦ ਰੋਹਬਦਾਰ ਹਸਤੀ ਦੇ ਮਾਲਕ ਘਰ ਦੇ ਮਰਦ ਨੇ ਦਰਵਾਜਾ ਖੋਲ੍ਹਿਆ, ਉਸ ਅੱਗੇ ਵੱਧ ਚਾਚੇ ਦੇ ਗੋਡੀਂ ਹੱਥ ਲਾਇਆ, ਆਓ ਜੀ, ਅੱਜ ਰਸਤਾ ਕਿਵੇਂ ਭੁੱਲ ਗਏ?

ਆਪਣੇ ਘਰ ਦਾ ਵੀ ਕੋਈ ਰਸਤਾ ਭੁੱਲਦਾ।

ਆ ਕਾਕਾ, ਤੂੰ ਵੀ ਅੰਦਰ ਲੰਘ ਆ।

ਜੇ ਤੁਸੀਂ ਰਸਤਾ ਨਹੀਂ ਭੁੱਲੇ ਸਓ ਤਾਂ ਏਨੇ ਦਿਨ ਦਿਖਾਈ ਕਿਉਂ ਨਹੀਂ ਦਿੱਤੇ?

ਰੋਜ਼ਮਰ੍ਹਾ ਦੇ ਕੰਮ ਈ ਪਿੱਛਾ ਨਹੀਂ ਛੱਡਦੇ ਬਸ ਆ ਹੀ ਨਹੀਂ ਸਕਿਆ। ਇਹ ਮੇਰਾ ਭਤੀਜਾ ਐ ਜਲੰਧਰੋਂ ਆਇਐ ਵੰਡ ਤੋਂ ਪਹਿਲਾਂ ਏਦ੍ਹੇ ਬਜ਼ੁਰਗ ਏਥੇ ਈ ਰਹਿੰਦੇ ਸਨ...ਏਸੇ ਘਰ ਵਿਚ ਇਹ ਏਹਦੇ ਬਾਬੇ ਦਾ ਘਰ ਐ।" ਮਨ੍ਹੇ ਚਾਚੇ ਨੇ ਇਨ੍ਹਾਂ ਸ਼ਬਦਾਂ ਵਿਚ ਮੇਰੀ ਜਾਣ-ਪਛਾਣ ਕਰਾਈ।

'ਪੰਡਿਤ ਕਰਮ ਚੰਦ ਦਾ ਪੋਤਾ ਤਾਂ ਨਹੀਂ ਇਹ?'

'ਪਰਵੇਜ ਤੂੰ ਕਿਵੇਂ ਜਾਣਦਾਂ ਉਨ੍ਹਾਂ ਨੂੰ?'

'ਸੁਣ ਲਓ, ਸਾਡੇ ਚਾਚੇ ਦੀ ਗੱਲ! ਅਖੇ ਸਾਰੀ ਰਾਤ ਕਥਾ ਸੁਣਦੀ ਰਹੀ ਸਵੇਰੇ ਉਠ ਕੇ ਪੁਛਿਆ ਸੀਤਾ ਰਾਮ ਦੀ ਮਾਂ ਲਗਦੀ ਸੀ ਜਾਂ ਪਤਨੀ। ਸਾਰੀ ਉਮਰ ਮੈਨੂੰ ਉਨ੍ਹਾਂ ਦੀਆਂ ਗੱਲਾਂ ਦਸਦੇ ਰਹੇ ਤੇ ਅੱਜ ਪੁੱਛਣ ਡਹੇ ਨੇ, ਪਰਵੇਜ ਤੂੰ ਕਿਵੇਂ ਜਾਣਦਾ ਏਂ ਇਨ੍ਹਾਂ ਦੀ ਗੱਲ ਛੱਡੋ, ਆਂਢ-ਗੁਆਂਢ ਦੇ ਪੁਰਾਣੇ ਵਸਨੀਕਾਂ ਨੇ ਵੀ ਬਹੁਤ ਕਿੱਸੇ ਸੁਣਾਏ ਨੇ ਪੰਡਿਤ ਕਰਮ ਚੰਦ ਦੇ।' ਮੈਨੂੰ ਸੈਨਤ ਮਾਰਦਿਆਂ ਉਸ ਕਿਹਾ।

ਪਰਵੇਜ ਨੇ ਮੇਰੀ ਵੱਲ ਤੱਕਿਆ, ਉਹ ਕੁਝ ਸੋਚਣ ਲੱਗਾ, ਫਿਰ ਅਚਾਨਕ ਪਤਾ ਨਹੀਂ ਕੀ ਹੋਇਆ। ਉਹ ਆਪਣੀ ਜੋਰਦਾਰ ਆਵਾਜ਼ ਵਿਚ ਕੜਕਿਆ, 'ਉਠ ਇਥੋਂ, ਪਾਜੀ ਕਿਸੇ ਥਾਂ ਦਾ। ਤੇਰੀ ਹਿੰਮਤ ਕਿੰਦਾਂ ਪਈ ਏਸ ਘਰ ਵਿਚ ਏਦਾਂ ਆਉਣ ਦੀ?'

ਜੀ ਮੈਂ ਕੁਝ ਸਮਝਿਆ ਨਹੀਂ। ਉਸ ਦੇ ਵਤੀਰੇ ਵਿਚ ਅਚਾਨਕ ਆਈ ਤਬਦੀਲੀ ਦੇਖ ਮੇਰੇ ਮੂੰਹੋਂ ਨਿਕਲਿਆ।

'ਤੈਨੂੰ ਕੁਝ ਸਮਝਣ ਦੀ ਲੋੜ ਨਹੀਂ, ਤੂੰ ਉਠ ਇਥੋਂ ਇਸ ਤੋਂ ਪਹਿਲਾਂ ਕਿ ਮੈਂ ਕੁਝ ਕਰ ਬੈਠਾਂ,' ਪਰਵੇਜ ਨੇ ਫੈਸਲਾਕੁੰਨ ਆਵਾਜ ਵਿਚ ਮੈਨੂੰ ਹਦਾਇਤ ਦਿੱਤੀ।"

"ਕੀ ਇਹੋ ਅਲੋਕਾਰੀ ਗੱਲ ਸੀ?" ਨਾਲ ਦੀ ਸਵਾਰੀ ਨੇ ਪੁਛਿਆ।

"ਤੈਂ ਵਿਚ ਜ਼ਰੂਰ ਬੋਲਣਾ ਹੁੰਦਾ, ਚੰਗੀ ਭਲੀ ਗੱਲ ਚਲ ਰਹੀ ਸੀ, ਪਿਕਚਰ ਵਾਂਗੂੰ।" ਉਸ ਦੇ ਨਾਲ ਸਟ ਕੇ ਬੈਠੀ ਸਵਾਰੀ ਨੇ ਰੋਹ ਨਾਲ ਕਿਹਾ।

"ਚਲ ਕੋਈ ਨਾ ਤੂੰ ਸੁਣਾ ਕਾਕਾ, ਇਹ ਪੂਰਾ ਕਿੱਸਾ ਇੰਨ-ਬਿੰਨ ਜਿੱਦਾਂ ਹੋਇਐ," ਬਜ਼ੁਰਗਾਂ ਨੇ ਇਕ ਵਾਰ ਫਿਰ ਰੋਹਿਤ ਦੀ ਪਿੱਠ ਥਾਪੜਦਿਆਂ ਇਸਰਾਰ ਕੀਤਾ।

ਸੁਣੋ ਅਗਲੀ ਗੱਲ, "ਪਰਵੇਜ ਦੀ ਕੜਕ ਆਵਾਜ ਸੁਣ ਰਸੋਈ ਵਿਚ ਕੰਮ ਕਰ ਰਹੀ ਉਸ ਦੀ ਬੇਗਮ ਝਟ ਦੇਣੀ ਬਾਹਰ ਨਿਕਲੀ, ਕਿਉਂ ਅਵਾ-ਤਵਾ ਬੋਲੀ ਜਾ ਰਹੇ ਓ, ਆਪਣੇ ਚਾਚੇ ਦਾ ਤਾਂ ਕੁਝ ਲਿਹਾਜ ਕਰੋ।

'ਪਰੇ ਹਟ ਤੂੰ ਮੇਰੇ ਸਿਰ 'ਤੇ ਖੂਨ ਸਵਾਰ ਏ।'

'ਮੇਰੇ ਸਿਰ 'ਤੇ ਖੂਨ ਸਵਾਰ ਏ,' ਉਸ ਦੀ ਨਕਲ ਲਾਉਂਦਿਆਂ ਬੇਗਮ ਬੋਲੀ, 'ਤੇ ਅਜ ਅਸੀਂ ਘਰ ਆਏ ਮਹਿਮਾਨ ਦਾ ਕਤਲ ਕਰ ਦੇਣਾ, ਪਿਓ ਦੇ ਬਹਾਦਰ ਪੁੱਤ ਜੋ ਹੋਏ ਅਸੀਂ।'

ਬੇਗਮ ਦੀ ਗੱਲ ਦਾ ਉਸ 'ਤੇ ਕੋਈ ਅਸਰ ਨਾ ਹੋਇਆ, ਉਹ ਉਸ ਨੂੰ ਧੱਕਾ ਦੇ ਕੇ ਮੇਰੇ ਵੱਲ ਵਧਿਆ। ਡਰ ਦੇ ਮਾਰੇ ਮੇਰਾ ਬੁਰਾ ਹਾਲ ਹੋ ਗਿਆ ਸੀ, ਹੈਰਾਨ ਸਾਂ ਕਿ ਕੁਝ ਪਲ ਪਹਿਲਾਂ ਆਪਣੇ ਭਤੀਜੇ ਵੱਜੋਂ ਮੇਰੀ ਜਾਣ ਪਛਾਣ ਕਰਾਉਣ ਵਾਲਾ ਮੰਨਾ ਚਾਚਾ ਖਾਮੋਸ਼ ਕਿਉਂ ਬੈਠਾ ਸੀ। ਪਰਵੇਜ ਏਨਾ ਕੁਝ ਕਹਿ ਗਿਆ, ਮੈਨੂੰ ਮਾਰਨ ਲਈ ਅੱਗੇ ਵਧਿਆ, ਇਥੋਂ ਤਕ ਕਿ ਉਹਦੀ ਬੇਗਮ ਨੇ ਵੀ ਰਸੋਈ ਵਿਚਲਾ ਆਪਣਾ ਕੰਮ ਵਿਚੇ ਛੱਡ ਕਮਰੇ ਵਿਚ ਆ ਕੇ ਉਹਨੂੰ ਨੱਥ ਪਾਉਣ ਦਾ ਯਤਨ ਕੀਤਾ ਪਰ ਚਾਚਾ ਤਾਂ ਵੀ ਖਾਮੋਸ਼ ਬੈਠਾ ਰਿਹਾ।

ਪਰਵੇਜ ਮੇਰੇ ਮੋਹਰੇ ਆ ਖਲੋਤਾ ਮੈਂ ਸਹਿਮੀਆਂ ਨਜ਼ਰਾਂ ਨਾਲ ਉਸ ਨੂੰ ਤੱਕਿਆ। ਉਸ ਦੋਵੇਂ ਬਾਹਾਂ ਉਪਰ ਚੁੱਕੀਆਂ। ਜਾਪਿਆ ਕਿ ਉਹ ਹੁਣੇ ਮੇਰਾ ਗਲਾ ਦਬੋਚ ਦੇਵੇਗਾ। ਮੈਂ ਇਕ ਵਾਰ ਪਿੱਛੇ ਦਰਵਾਜੇ ਵੱਲ ਦੇਖਿਆ, ਉਹ ਭੇੜਿਆ ਹੋਇਆ ਸੀ, ਮਨ ਹੀ ਮਨ ਵਿਚ ਕਿਹਾ, ਇਥੇ ਤਾਂ ਮੈਨੂੰ ਜ਼ਿਬ੍ਹਾ ਕਰਨ ਦਾ ਪੂਰਾ ਇੰਤਜਾਮ ਪਹਿਲਾਂ ਹੀ ਕੀਤਾ ਜਾ ਚੁੱਕਾ। ਚਾਚਾ ਘਰੋਂ ਦੁੱਧ ਪਿਆ ਕੇ ਲਿਆਇਐ, ਬਲੀ ਤੋਂ ਪਹਿਲਾਂ ਬਕਰੇ ਦੀ ਪੂਜਾ ਜੋ ਕਰਨੀ ਸੀ। ਮੇਰੀਆਂ ਅੱਖਾਂ ਕਦ ਮੀਟੀਆਂ ਗਈਆਂ, ਮੈਨੂੰ ਪਤਾ ਵੀ ਨਾ ਲੱਗਾ।"

"ਕੀ ਉਸ ਸੱਚੀਂ-ਮੁੱਚੀਂ ਹੱਥ ਚੁੱਕ ਲਿਆ ਸੀ? ਜੇ ਹਾਂ ਤਾਂ ਇਸ ਤੋਂ ਵੱਡੀ ਮੰਦਭਾਗੀ ਤੇ ਘਟੀਆ ਗੱਲ ਹੋਰ ਹੋ ਨਹੀਂ ਸਕਦੀ। ਮੈਨੂੰ ਤਾਂ ਸ਼ਰਮ ਆ ਰਹੀ ਏ।" ਬਜ਼ੁਰਗ ਵਿਚੋਂ ਬੋਲ ਪਿਆ।

"ਤੂੰ ਭਾਈਆ ਪਹਿਲਾਂ ਪੂਰੀ ਗੱਲ ਤਾਂ ਸੁਣ ਲੈ, ਅਖੇ ਮੈਨੂੰ ਤਾਂ ਸ਼ਰਮ ਆ ਰਹੀ ਐ," ਟਾਂਗੇ ਵਾਲੇ ਨੇ ਚਿੜ੍ਹਦਿਆਂ ਕਿਹਾ।

"ਮੈਨੂੰ ਵੀ ਇਹੋ ਲੱਗਾ ਸੀ ਪਰ ਕਾਹਨੂੰ ਉਹ ਮੇਰੇ ਨੇੜੇ ਆਇਆ, ਮੈਨੂੰ ਘੁੱਟ ਕੇ ਕਲਾਵੇ ਵਿਚ ਲੈ ਲਿਆ ਤੇ ਕਹਿਣ ਲੱਗਾ, 'ਇਹ ਕੀ ਬਹਾਦਰ ਬਾਬੇ ਦਾ ਪੋਤਾ ਮੋਮਨਾ ਬਣਿਆ ਖਲੋਤਾ ਮੇਰੇ ਅੱਗੇ' ਉਸ ਮੇਰੀਆਂ ਗੱਲ੍ਹਾਂ ਪਲੋਸੀਆਂ ਤੇ ਮੁੜ ਕਹਿਣ ਲੱਗਾ, 'ਕਮਲਾ ਨਾ ਹੋਵੇ ਤਾਂ ਏਦਾਂ ਵੀ ਬਗਾਨਿਆਂ ਵਾਂਗ ਆਈਦੈ ਕਦੇ ਆਪਣੇ ਘਰ! ਇਹ ਤੇਰੇ ਬਾਬੇ ਦੀ ਨਿਸ਼ਾਨੀ ਏ ਤੂੰ ਕਦੇ ਵੀ ਆ ਸਕਦਾਂ ਇਥੇ, ਕਿਸੇ ਨੂੰ ਪੁੱਛਣ-ਦੱਸਣ ਦੀ ਕੋਈ ਲੋੜ ਨਹੀਂ।'

'ਕਮਲੀਆਂ ਗੱਲਾਂ ਤਾਂ ਤੁਸੀਂ ਪਏ ਕਰਦੇ ਓ, ਇਹ ਸਿੱਧਾ ਕੀਕਣ ਆਉਂਦਾ ਏਹਨੂੰ ਏਥੋਂ ਦਾ ਕੀ ਪਤਾ ਸੀ।' ਬੇਗਮ ਨੇ ਉਸ ਨੂੰ ਟੋਕਿਆ।

'ਗੱਲ ਤਾਂ ਤੇਰੀ ਠੀਕ ਆ, ਇਸ ਤਰ੍ਹਾਂ ਤਾਂ ਮੈਂ ਸੋਚਿਆ ਹੀ ਨਹੀਂ ਸੀ। ਚਲ ਕੋਈ ਨਾ, ਹੁਣ ਏਹਦੀ ਖਾਤਰਦਾਰੀ ਦਾ ਇੰਤਜਾਮ ਕਰ। ਇਸ ਘਰ ਦਾ ਮਾਲਕ ਐ ਇਹ, ਐਵੇਂ ਨਾ ਸਮਝੀਂ,' ਪਰਵੇਜ ਨੇ ਬੇਗਮ ਦੀ ਗੱਲ ਨਾਲ ਹਾਮੀ ਭਰਦਿਆਂ ਕਿਹਾ। ਉਹ ਸਾਰੇ ਜੋਰ ਦੀ ਹੱਸਣ ਲੱਗੇ।

ਮੰਨੇ ਚਾਚੇ ਨੇ ਦਸਿਆ, 'ਪਰਵੇਜ ਬੜਾ ਵਡਾ ਕਲਾਕਾਰ ਐ, ਨਾਟਕ ਖੇਡਦਾ ਰਹਿੰਦੈ, ਸਭਿਆਚਾਰਕ ਪ੍ਰੋਗਰਾਮਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੈ, ਤੈਨੂੰ ਦੇਖ ਮੂਡ ਵਿਚ ਆ ਗਿਆ।' ਹੁਣ ਪਤਾ ਲੱਗਾ ਮੰਨਾ ਚਾਚਾ ਚੁਪ ਕਿਉਂ ਬੈਠਾ ਸੀ, ਉਹ ਤਾਂ ਮਜੇ ਲੈ ਰਿਹਾ ਸੀ, ਪਰਵੇਜ ਦੀ ਐਕਟਿੰਗ ਦੇ।

'ਤੂੰ ਕੁਝ ਨਾ ਪੁਛ, ਡਰਾਮਾ ਤਾਂ ਏਨ੍ਹਾਂ ਦੀ ਜਿੰਦਗੀ ਐ।' ਪਰਵੇਜ ਦੀ ਬੇਗਮ ਨੇ ਦਸਿਆ।

ਪਰਵੇਜ ਨੇ ਇਕ ਵਾਰ ਫੇਰ ਮੈਨੂੰ ਘੁੱਟ ਲਿਆ। ਸੋਫੇ 'ਤੇ ਬਹਿਣ ਸਮੇਂ ਵੀ ਮੈਨੂੰ ਆਪਣੇ ਨਾਲ ਚੰਬੇੜੀ ਰਖਿਆ। 'ਤੈਨੂੰ ਪਤੈ, ਅੱਜ ਮੈਂ ਕੀਹਦਾ ਰੋਲ ਕੀਤਾ?'

'ਏਹਨੂੰ ਕੀ ਪਤਾ ਹੋਣੈ, ਇਹ ਤਾਂ ਵੰਡ ਤੋਂ ਮਗਰੋਂ ਹੋਇਐ,' ਮੰਨੇ ਚਾਚੇ ਨੇ ਉਹਨੂੰ ਟੋਕਦਿਆਂ ਕਿਹਾ।

'ਇਹ ਤੇਰੇ ਬਾਬੇ ਦਾ ਰੋਲ ਸੀ, ਚਾਚੇ ਅਤੇ ਮੁਹੱਲੇ ਦੇ ਪੁਰਾਣੇ ਲੋਕਾਂ ਤੋਂ ਸੁਣ ਮੈਂ ਉਹਦੇ ਕਿਰਦਾਰ ਵਿਚ ਆਪਣੇ ਆਪ ਨੂੰ ਢਾਲ ਲਿਐ। ਜਦ ਬਹੁਤ ਖੁਸ਼ ਹੁੰਨਾਂ ਤਾਂ ਇਸ ਕਿਰਦਾਰ ਵਿਚ ਆ ਜਾਨਾਂ। ਏਸ ਕਿਰਦਾਰ ਨੇ ਮੇਰੀ ਸ਼ੋਹਰਤ ਬਹੁਤ ਵਧਾ ਦਿੱਤੀ ਏ। ਹੁਣ ਤਾਂ ਲੋਕ ਮੈਨੂੰ ਪਰਵੇਜ ਦੀ ਥਾਂ ਪੰਡਿਤ ਕਰਮ ਚੰਦ ਹੀ ਕਹਿਣ ਲੱਗ ਪਏ ਨੇ। ਉਹਦਾ ਪੋਤਾ, ਉਹਦਾ ਆਪਣਾ ਖੂਨ ਚਲ ਕੇ ਅਜ ਆਪਣੇ ਦੌਲਤਖਾਨੇ ਵਿਚ ਆਇਆ ਏ, ਕੋਈ ਨਜ਼ਰਾਨਾ ਤਾਂ ਪੇਸ਼ ਕਰਨਾ ਹੀ ਸੀ।'

'ਉਹ ਬਹੁਤ ਦਿਲਦਾਰ ਸੀ, ਯਾਰਾਂ ਦਾ ਯਾਰ, ਇਹੋ ਜਿਹਾ ਬੰਦਾ ਲੱਭਣਾ ਕਿਤੇ?' ਮੰਨੇ ਚਾਚੇ ਨੇ ਕਿਹਾ।

ਪਰਵੇਜ ਦੀ ਸ਼ਰਧਾ ਦੇਖ ਮੇਰੀਆਂ ਅੱਖਾਂ 'ਚੋਂ ਅਥਰੂ ਕਿਰਨ ਲੱਗੇ, 'ਕਮਲਾ ਨਾ ਹੋਵੇ ਤਾਂ, ਐਵੇਂ ਨਹੀਂ ਰੋਈਦਾ, ਕੀ ਹੋਇਆ ਜੇ ਵੰਡ-ਵੰਡਈਆ ਹੋ ਗਿਆ ਮਨੁੱਖੀ ਰਿਸ਼ਤੇ ਤਾਂ ਨਹੀਂ ਬਦਲਦੇ! ਅੱਜ ਵੀ ਅਸੀਂ ਇਕ ਆਂ।'

ਪਰਵੇਜ ਨੇ ਮੈਨੂੰ ਉਪਰ ਤੋਂ ਥੱਲੇ ਤਕ ਸਾਰਾ ਘਰ ਦਿਖਾਇਆ। 'ਇਹ ਤੇਰੇ ਬਾਬੇ ਦੀ ਬੈਠਕ ਸੀ, ਉਹ ਇਥੇ ਹੀ ਬੈਠਦੇ ਸਨ, ਰਾਜਿਆਂ ਵਾਂਗ, ਗਲੀ-ਮੁਹੱਲੇ ਵਿਚ ਪੂਰਾ ਰੋਹਬ ਸੀ ਉਸ ਦਾ, ਪਰਵੇਜ ਨੇ ਉਸ ਦਾ ਟ੍ਰੇਲਰ ਦਿਖਾ ਈ ਦਿੱਤਾ ਏ' ਮੰਨੇ ਚਾਚੇ ਦੀ ਕਮੈਂਟਰੀ ਵੀ ਨਾਲ-ਨਾਲ ਚਲਦੀ ਰਹੀ।"

"ਇਹੋ ਜਿਹੇ ਪਲ ਬੜੇ ਯਾਦਗਾਰੀ ਹੁੰਦੇ ਨੇ?" ਬਜ਼ੁਰਗ ਨੇ ਟਿੱਪਣੀ ਕੀਤੀ।

"ਤੁਸੀਂ ਠੀਕ ਕਿਹੈ ਇਹ ਘਟਨਾ ਕਦੇ ਭੁੱਲ ਨਹੀਂ ਸਕਾਂਗਾ ਮੈਂ।" ਰੋਹਿਤ ਨੇ ਉਸ ਦੀ ਗੱਲ ਦੀ ਹਾਮੀ ਭਰਦਿਆਂ ਕਿਹਾ।

"ਖਾਤਰਦਾਰੀ ਹੋਈ ਫੇਰ?" ਬਜ਼ੁਰਗ ਨੇ ਪੁੱਛਿਆ।

"ਇਹ ਹੁਣ ਬਹੁਤ ਵੱਡੀ ਗੱਲ ਨਹੀਂ ਰਹੀ। ਮਹਿਮਾਨ ਨਿਵਾਜ਼ੀ ਤਾਂ ਸਾਡੇ ਪੰਜਾਬੀਆਂ ਦੇ ਰਗ-ਰਗ ਵਿਚ ਐ, ਉਨ੍ਹਾਂ ਨੂੰ ਤਾਂ ਬਹਾਨਾ ਚਾਹੀਦੈ ਆਪਾ ਲੁਟਾਉਣ ਲਈ।" ਟਾਂਗੇ ਵਾਲੇ ਨੇ ਕਿਹਾ।

"ਓਸ ਤੋਂ ਕਿਤੇ ਵੱਧ ਪਰਵੇਜ ਦੀ ਬੇਗਮ ਨੇ ਚਾਈਂ-ਚਾਈਂ ਪਕਵਾਨ ਤਿਆਰ ਕੀਤਾ, ਢਿਡ ਵਿਚ ਜਗ੍ਹਾ ਨਹੀਂ ਸੀ ਬਚੀ। ਠੁਸ-ਠੁਸ ਕੇ ਖਾਣਾ ਪਿਆ। ਚਾਹ ਦੇ ਦੌਰ ਤਾਂ ਪਤਾ ਨਹੀਂ ਕਿੰਨੀ ਵਾਰ ਚੱਲੇ ਸਨ, ਵਿਦਾ ਹੋਣ ਸਮੇਂ ਤੋਹਫਿਆਂ ਨਾਲ ਲੱਦ ਦਿੱਤਾ।"

"ਫੇਰ ਤਾ ਬਈ ਵਾਕਈ ਇਹ ਤੇਰੇ ਜੀਵਨ ਦੀ ਅਲੋਕਾਰੀ ਘਟਨਾ ਐ," ਨਾਲ ਬੈਠੀ ਸਵਾਰੀ ਨੇ ਕਿਹਾ।

"ਉਹ ਕਿਵੇਂ? ਖਾਤਰਦਾਰੀ ਤਾਂ ਹੋਰਨਾਂ ਨੇ ਵੀ ਕੀਤੀ ਏ।" ਦੂਜੀ ਸਵਾਰੀ ਨੇ ਕਿਹਾ।

"ਕਿਉਂਕਿ ਹੋਰ ਥਾਂਵਾਂ 'ਤੇ ਇਹਦੇ ਅੱਗੇ ਉਹ ਬੰਦਾ ਨਹੀਂ ਸੀ ਆਇਆ ਜਿਸ ਨੇ ਖੁਦ ਨੂੰ ਇਹਦੇ ਬਾਬੇ ਦੇ ਕਿਰਦਾਰ 'ਚ ਢਾਲ ਲਿਆ ਹੋਵੇ ਤੇ ਹੁਣ ਤਕ ਆਪਣੀ ਐਕਟਿੰਗ ਨਾਲ ਉਸ ਨੂੰ ਜਿਉਂਦਾ ਰੱਖਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।" ਬਜ਼ੁਰਗ ਨੇ ਜ਼ੋਰਦਾਰ ਦਲੀਲ ਦਿੱਤੀ।

"ਤੁਸੀਂ ਸਹੀ ਫਰਮਾਇਐ, ਮੈਨੂੰ ਉਥੇ ਆਪਣੇ ਬਾਬੇ ਦੇ ਦਰਸ਼ਨ ਹੋਏ। ਉਹ ਪਰਵੇਜ ਦੇ ਅਵਤਾਰ ਵਿਚ ਜਿਉਂਦਾ-ਜਾਗਦਾ ਮੇਰੇ ਸਾਹਮਣੇ ਆਣ ਖਲੋਤਾ। ਓਸ ਘਰ ਵਿਚ ਅੱਜ ਵੀ ਮੇਰਾ ਬਾਬਾ ਨਿਵਾਸ ਕਰਦਾ ਏ ਪਰਵੇਜ, ਉਸ ਦੀ ਬੇਗਮ, ਮੰਨਾ ਚਾਚਾ ਤੇ ਹੋਰ ਲੋਕਾਂ ਦੇ ਚੇਤਿਆਂ ਦੀ ਚੰਗੇਰ ਵਿਚ ਉਨ੍ਹਾਂ ਪਲਾਂ ਵਿਚ ਮੈਂ ਵੀ ਫਰਸ਼ੋਂ ਅਰਸ਼ 'ਤੇ ਪੁਜ ਗਿਆ ਸਾਂ।"

"ਗੱਲ ਤਾਂ ਤੇਰੀ ਠੀਕ ਐ, ਮੇਰੇ ਵੀਰ ਬਾਕੀ ਤਾਂ ਆਉਣ-ਜਾਣ ਵਾਲੀਆਂ ਗੱਲਾਂ ਨੇ ਪਰ ਜਿਹੜਾ ਤੋਹਫਾ ਉਸ ਘਰ ਵਾਲਿਆਂ ਨੇ ਤੈਨੂੰ ਦਿੱਤੈ, ਉਸ ਦਾ ਜਵਾਬ ਨਹੀਂ। ਸੱਚ ਪੁੱਛੇਂ ਤਾਂ ਇਹ ਗੱਲ ਸੁਣ ਕੇ ਸਾਡੀ ਛਾਤੀ ਵੀ ਮਾਣ ਨਾਲ ਚੌੜੀ ਹੋ ਗਈ ਏ।" ਬਜ਼ੁਰਗ ਨੇ ਗੱਲ ਦਾ ਨਿਚੋੜ ਕੱਢ ਮਾਰਿਆ।

ਟਾਂਗਾ ਲੰਡੇ ਬਾਜ਼ਾਰ ਦੀ ਸਾਹਮਣੀ ਸੜਕ ਤੋਂ ਲੰਘ ਰਿਹਾ ਸੀ ਤਾਂ ਅਚਾਨਕ ਪਿਛਲੀ ਸੀਟ 'ਤੇ ਇਕ ਪਾਸੇ ਹੁਣ ਤਕ ਚੁਪ ਬੈਠੀ ਔਰਤ ਦੀ ਆਵਾਜ ਸੁਣਾਈ ਦਿੱਤੀ, "ਬੇਟਾ ਇਥੇ ਰੋਕੀਂ ਜ਼ਰਾ।" ਰੋਹਿਤ ਨੇ ਹੈਰਾਨੀ ਨਾਲ ਪਿੱਛੇ ਦੇਖਿਆ। ਉਹ ਔਰਤ ਸਿਰ ਤੋਂ ਪੈਰਾਂ ਤਕ ਬੁਰਕੇ ਵਿਚ ਢਕੀ ਹੋਈ ਸੀ, ਬਾਹਾਂ ਦੀਆਂ ਝੁਰੜੀਆਂ ਉਸ ਦੀ ਬਜ਼ੁਰਗੀ ਦਰਸਾਉਣ ਲਈ ਕਾਫੀ ਸਨ। ਉਹ ਹੇਠਾਂ ਉਤਰੀ, ਸੜਕ ਦੇ ਖੱਬੇ ਪਾਸੇ ਖਲੋਤੀ ਕਿੰਨੂਆਂ ਦੀ ਰੇਹੜੀ ਪਾਸ ਗਈ।

"ਕਿੰਦਾਂ ਦੇ ਰਿਹੈਂ ਕਿੰਨੂ?"

"ਦਸ ਰੁਪਏ ਦੇ ਪੰਜ।" ਰੇਹੜੀ ਵਾਲੇ ਨੇ ਕਿਹਾ।

"ਸੋਹਣੇ ਜਿਹੇ ਦਸ ਕਿੰਨੂ ਛਾਂਟ ਦੇ।" ਬਜ਼ੁਰਗ ਔਰਤ ਨੇ ਕਿੰਨੂ ਵਾਲੇ ਨੂੰ ਆਹਰੇ ਲਾਉਂਦਿਆਂ ਹੱਥ ਦੇ ਇਸ਼ਾਰੇ ਨਾਲ ਰੋਹਿਤ ਨੂੰ ਹੇਠਾਂ ਸੱਦਿਆ।

ਰੋਹਿਤ ਟਾਂਗੇ ਤੋਂ ਉਤਰ ਕਿੰਨੂਆਂ ਦੀ ਰੇਹੜੀ ਕੋਲ ਖਲੋਤੀ ਬਜ਼ੁਰਗ ਅੰਮਾ ਪਾਸ ਗਿਆ। ਅੰਮਾ ਨੇ ਧਾ ਗਲਵਕੜੀ ਪਾਈ, ਉਸ ਦਾ ਸਿਰ ਪਲੋਸਿਆ, ਮੱਥਾ ਚੁੰਮਿਆ, ਮੁੜ ਛਾਤੀ ਨਾਲ ਲਾਇਆ ਤੇ ਉਸ ਦੇ ਮੂੰਹ 'ਤੇ ਪਿਆਰ ਭਰਿਆ ਹੱਥ ਫੇਰਦਿਆਂ ਕਿਹਾ, "ਮਾਂ ਸਦਕੇ, ਵਾਰੀ ਜਾਵਾਂ, ਆਪਣੇ ਸੋਹਣੇ ਜਿਹੇ ਪੁੱਤ 'ਤੇ।" ਰੋਹਿਤ ਨੂੰ ਭਾਵੇਂ ਅਜੇ ਤਕ ਅਸਲ ਗੱਲ ਦੀ ਸਮਝ ਨਹੀਂ ਸੀ ਪਈ ਪਰ ਅੰਮਾ ਦੀ ਛਾਤੀ ਨਾਲ ਲੱਗਣ 'ਤੇ ਉਸ ਨਿੱਘ ਦਾ ਅਹਿਸਾਸ ਜ਼ਰੂਰ ਹੋਇਆ ਜਿਹੜਾ ਘਰ ਦੀ ਵੱਡੀ ਬਜ਼ੁਰਗ ਦੀ ਛਾਤੀ ਨਾਲ ਲੱਗਣ ਨਾਲ ਹੁੰਦਾ ਹੈ। ਅੰਮਾ ਦੀ ਰੋਣਹਾਕੀ ਆਵਾਜ਼ ਸੁਣ ਉਹ ਆਪਣੇ 'ਤੇ ਕਾਬੂ ਨਹੀਂ ਰਖ ਸਕਿਆ, ਉਸ ਅੰਮਾ ਦੇ ਗੋਡੀਂ ਹੱਥ ਲਾਉਣ ਵਿਚ ਦੇਰ ਨਹੀਂ ਕੀਤੀ।

"ਮੈਂ ਤੇਰੇ ਨਾਨਕਿਆਂ ਦੇ ਪਿੰਡ ਲਾਂਧੜਾ ਦੀ ਆਂ," ਅੰਮਾ ਨੇ ਇਹ ਕਹਿੰਦਿਆਂ ਰੇਹੜੀ ਵਾਲੇ ਤੋਂ ਕਿੰਨੂਆਂ ਦਾ ਥੈਲਾ ਲਿਆ ਤੇ ਰੋਹਿਤ ਦੇ ਹੱਥ ਫੜਾਉਂਦਿਆਂ ਕਿਹਾ, "ਨਾਨੀ ਦਾ ਪਿਆਰ ਲੈਂਦਾ ਜਾਹ।"

## ਕਾਵਿ-ਜਗਤ

### ਗਜ਼ਲ

ਵੋਟਰ ਕਿੰਨੇ ਛੋਟੇ ਮੇਰੇ ਸ਼ਹਿਰ ਵਿਚ।
ਨੇਤਾ ਕਿੰਨੇ ਖੋਟੇ ਮੇਰੇ ਸ਼ਹਿਰ ਵਿਚ।

ਚਿੱਟਿਆਂ ਨੂੰ ਆਟੇ-ਦਾਲਾਂ ਤੋਂ ਜਵਾਬ,
ਨੀਲਿਆਂ ਨੂੰ ਠੇਕੇ ਕੋਟੇ ਮੇਰੇ ਸ਼ਹਿਰ ਵਿਚ।

ਨੇਤਾ ਮੰਗਣ ਵੋਟਾਂ ਫਿਰ ਕੇ ਗਲੀ ਗਲੀ,
ਫੜੀ ਫਿਰਦੇ ਲੋਟੇ ਮੇਰੇ ਸ਼ਹਿਰ ਵਿਚ।

ਡਰਾਉਂਦੇ ਨੇ ਮੈਨੂੰ ਏਧਰ ਆਉਣ ਤੋਂ
ਪੁਲਸੀਆਂ ਦੇ ਸੋਟੇ ਮੇਰੇ ਸ਼ਹਿਰ ਵਿਚ।

ਨੀਹਾਂ ਲੱਗੇ ਪੱਥਰਾਂ 'ਤੇ ਲਿਖੇ ਗਏ
ਨਸੀਬ ਸਾਡੇ ਖੋਟੇ ਮੇਰੇ ਸ਼ਹਿਰ ਵਿਚ।

ਪੱਥਰ ਦਿਲ ਦੇ ਵੱਸ ਪਿਆ 'ਗਿੱਲ' ਦਿਲ
ਹੋਇਆ ਟੋਟੇ ਟੋਟੇ ਮੇਰੇ ਸ਼ਹਿਰ ਵਿਚ।

ਲੀਡਰਾਂ ਦਾ ਮੇਲਾ ਮੇਰੇ ਸ਼ਹਿਰ ਵਿਚ।
ਵੋਟਰ ਅਲਬੇਲਾ ਮੇਰੇ ਸ਼ਹਿਰ ਵਿਚ।

ਅਸੀਂ ਆਏ ਤੇਰੇ ਤੂੰ ਗੈਰਾਂ ਦੇ ਸ਼ਹਿਰ
ਅਜਬ ਹੈ ਝਮੇਲਾ ਮੇਰੇ ਸ਼ਹਿਰ ਵਿਚ।

ਗੁਰੂ ਬਣ ਕੇ ਨਕਲੀ ਲੁੱਟਦਾ ਰਿਹਾ
ਠੱਗ, ਸਾਧ, ਚੇਲਾ ਮੇਰੇ ਸ਼ਹਿਰ ਵਿਚ।

'ਗਿੱਲ' ਨਾਲ ਪਾਈ ਬੈਠਾ ਦੁਸ਼ਮਣੀ
ਤੇਰਾ ਇਕ ਸਹੇਲਾ ਮੇਰੇ ਸ਼ਹਿਰ ਵਿਚ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

# ਕੀ ਸਿਫਤ ਕਰਾਂ ਪੰਜਾਬ ਤੇਰੀ...

ਜਦ ਵੀ ਆਪਣੇ ਵਤਨ ਚੋਣਾਂ ਦਾ ਮਾਹੌਲ ਗਰਮ ਹੁੰਦਾ ਹੈ, ਅਸੀਂ ਇਥੇ ਪਰਦੇਸਾਂ ਵਿਚ ਬੈਠੇ ਵੀ ਉਨਾ ਹੀ ਉਤਸ਼ਾਹਤ ਹੁੰਦੇ ਹਾਂ ਜਿੰਨੇ ਉਥੇ ਵੋਟਾਂ ਪਾਉਣ ਵਾਲੇ। ਕੋਈ ਨੀਲੀਆਂ ਪੱਗਾਂ ਦੀ ਪੈਰਵਾਈ ਕਰਦਾ ਹੈ, ਕੋਈ ਚਿੱਟੀਆਂ ਦੀ, ਤੇ ਜਾਂ ਫਿਰ ਕਿਸੇ ਤੀਜੇ ਮੋਰਚੇ ਵੱਲ ਨਜ਼ਰਾਂ ਟਿਕਾ ਲੈਂਦੇ ਹਾਂ ਕਿ, ਜੇ ਕਿਤੇ ਆਪਣੇ ਮੁਲਕ ਦੀ ਵੀ ਜੂਨ ਸੁਧਰ ਜਾਏ!

**ਸੁਖਨਿੰਦਰ ਕੌਰ ਫੇਅਰਫੀਲਡ**
ਫੋਨ: 510-270-8624

ਪੰਜਾਬ ਨੂੰ ਭ੍ਰਿਸ਼ਟਾਚਾਰ, ਗਰੀਬੀ ਅਤੇ ਨਸ਼ਿਆਂ ਨੇ ਤੁੰਬਾ-ਤੁੰਬਾ ਕਰ ਦਿੱਤਾ ਹੈ। ਸਰਹੱਦੀ ਜ਼ਿਲ੍ਹਿਆਂ ਵਿਚ ਤਾਂ 70% ਲੋਕ ਨਸ਼ਿਆਂ ਦੀ ਗ੍ਰਿਫਤ 'ਚ ਆ ਚੁੱਕੇ ਹਨ। ਨਸ਼ਿਆਂ ਕਾਰਨ ਘਰਾਂ ਵਿਚ ਕਲੇਸ਼ ਤੇ ਗਰੀਬੀ ਮਾਰ ਕਰ ਰਹੀ ਹੈ ਅਤੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਘਰ ਬਰਬਾਦ ਹੋ ਰਹੇ ਹਨ। ਪੰਜਾਬ ਦੀ ਇਕ ਪੱਟੀ ਵਿਚ ਤਾਂ ਕੈਂਸਰ ਤੇ ਹੋਰ ਨਾ-ਮੁਰਾਦ ਬਿਮਾਰੀਆਂ ਨਾਲ ਘਰਾਂ ਦੇ ਘਰ ਉਜੜ ਰਹੇ ਹਨ। ਨੌਜਵਾਨ ਬੇਰੁਜ਼ਗਾਰੀ ਦੀ ਭੱਠੀ ਵਿਚ ਤਪ ਰਹੇ ਹਨ। ਸੜਕ ਦੁਰਘਟਨਾਵਾਂ ਨਾਲ ਰੋਜ਼ ਕਿਸੇ ਨਾ ਕਿਸੇ ਘਰ ਵਿਚ ਸੱਥਰ ਵਿਛਿਆ ਹੁੰਦਾ ਹੈ। ਸੰਕਟ ਵਿਚੋਂ ਲੰਘ ਰਹੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ।

ਬਾਪੂ ਦੀ ਹੱਡ-ਭੰਨਵੀਂ ਕਮਾਈ ਨਾਲ ਪੜ੍ਹਿਆ ਨੌਜਵਾਨ ਹੱਥ ਵਿਚ ਡਿਗਰੀਆਂ ਲਈ, ਸ਼ਹਿਰੋ ਸ਼ਹਿਰ ਤੁਰਿਆ ਫਿਰਦਾ ਹੈ। ਗਰੀਬ ਸਾਰਾ ਦਿਨ ਮੁਸ਼ੱਕਤ ਕਰ ਕੇ ਆਪਣੇ ਬੱਚਿਆਂ ਨੂੰ ਮਸੀਂ ਰੁੱਖੀ-ਸੁੱਖੀ ਰੋਟੀ ਹੀ ਦੇ ਪਾਉਂਦੇ ਹਨ ਜਦਕਿ ਅਮੀਰ ਹੋਰ ਅਮੀਰ ਹੋ ਰਿਹਾ ਹੈ। ਕਾਨੂੰਨੀ ਢਾਂਚਾ ਵੀ ਅਮੀਰਾਂ ਦੇ ਪੱਖ ਵਿਚ ਭੁਗਤਦਾ ਹੈ। ਪੰਜਾਬ ਦੀਆਂ ਸਨਅਤਾਂ ਠੱਪ ਹੋ ਕੇ ਰਹਿ ਗਈਆਂ ਹਨ। ਸਨਅਤੀ ਸ਼ਹਿਰ ਬਟਾਲਾ, ਅੰਮ੍ਰਿਤਸਰ ਤੇ ਲੁਧਿਆਣਾ ਦੀਆਂ ਕਈ ਸਨਅਤਾਂ ਤਾਂ ਬੰਦ ਹੀ ਹੋ ਗਈਆਂ ਹਨ। ਆਈ.ਟੀ., ਯੂਨੀਵਰਸਿਟੀਆਂ ਅਤੇ ਕਾਲਜ ਧੜਾ-ਧੜ ਖੋਲ੍ਹ ਦਿੱਤੇ ਗਏ ਹਨ ਪਰ ਪੜ੍ਹ-ਲਿਖ ਕੇ ਵੀ ਨੌਜਵਾਨ ਵਰਗ ਵਿਹਲਾ ਹੈ। ਵਿੱਦਿਆ ਇੰਨੀ ਮਹਿੰਗੀ ਹੋ ਗਈ ਹੈ ਕਿ ਮੱਧ ਵਰਗੀ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਤੋਂ ਅਸਮਰੱਥ ਹਨ।

ਇਨ੍ਹਾਂ ਹਾਲਾਤ ਵਿਚ ਵੋਟਾਂ ਦੀ ਫਿਕਰ ਭਲਾ ਕਿਸ ਨੂੰ ਹੈ? ਇਹ ਫਿਕਰ ਸਿਰਫ਼ ਤੇ ਸਿਰਫ਼ ਅਮੀਰ ਅਤੇ ਕਾਰਪੋਰੇਟ ਘਰਾਣਿਆਂ ਨੂੰ ਹੈ ਜਿਨ੍ਹਾਂ ਤੋਂ ਲੀਡਰਾਂ ਨੂੰ ਫਾਇਦਾ ਹੁੰਦਾ ਹੈ ਅਤੇ ਫਿਰ ਮੋੜਵੇਂ ਰੂਪ ਵਿਚ ਇਹੀ ਲੋਕ ਸਰਕਾਰਾਂ ਕੋਲੋਂ ਆਪੋ-ਆਪਣੇ ਮਤਲਬ ਕੱਢਦੇ ਹਨ। ਗੁਰਬਤ ਮਾਰੇ ਘਰਾਂ ਵਿਚ ਚੋਣਾਂ ਦੌਰਾਨ ਜੇ ਕੋਈ ਕਣਕ ਦੀਆਂ ਦੋ ਬੋਰੀਆਂ ਸੁੱਟ ਜਾਂਦਾ ਹੈ, ਤਾਂ ਇਨ੍ਹਾਂ ਵਾਸਤੇ ਇਹੋ ਵੱਡੀ ਗੱਲ ਹੈ। ਜਿਸ ਪੁੱਤ ਨੇ ਮਾਂ ਦੀਆਂ ਬਾਹਾਂ ਭੰਨ ਕੇ, ਜਿਸ ਪਤੀ ਨੇ ਪਤਨੀ ਨੂੰ ਗਾਲ੍ਹਾਂ ਕੱਢ ਕੇ ਨਸ਼ੇ ਦੀ ਲੋੜ ਪੂਰੀ ਕਰਨੀ ਹੈ, ਜੇ ਉਸ ਨੂੰ ਚੋਣਾਂ ਦੌਰਾਨ ਮੁਫ਼ਤ ਨਸ਼ਾ ਮਿਲ ਰਿਹਾ ਏ ਤਾਂ ਉਸ ਨੂੰ ਹੋਰ ਕੀ ਚਾਹੀਦੈ! ਇਹੋ ਕੁਝ ਤਾਂ ਇਹ ਲੀਡਰ ਚਾਹੁੰਦੇ ਹਨ ਕਿ ਨੌਜਵਾਨ ਵਰਗ ਨਸ਼ਿਆਂ ਵਿਚ ਗੁਸਿਆ ਰਹੇ ਤੇ ਅਸਲ ਮੁੱਦਿਆਂ ਨੂੰ ਵਿਸਾਰ ਕੇ ਔਝੜੇ ਪਿਆ ਰਹੇ। ਪੜ੍ਹਿਆ-ਲਿਖਿਆ ਵਰਗ ਵੋਟਾਂ ਵਿਚ ਘੱਟ ਦਿਲਚਸਪੀ ਲੈਂਦਾ ਹੈ। ਹਰ ਕੋਈ ਸੋਚਦਾ ਹੈ, ਕਿਹੜਾ ਲਾਈਨ ਵਿਚ ਜਾ ਕੇ ਖਲੋਵੇ! ਪਿੰਡਾਂ ਵਿਚ ਬਜ਼ੁਰਗ ਮਾਤਾਵਾਂ ਨੇ ਵੋਟ ਪੰਥ ਦੇ ਨਾਮ 'ਤੇ ਹੀ ਪਾਉਣੀ ਹੁੰਦੀ ਹੈ। ਅਖੇ, "ਮੈਂ ਤਾਂ ਪੁੱਤ ਵੋਟ ਆਪਣੇ ਪੰਥ ਨੂੰ ਪਾਵਾਂਗੀ, ਧਰਮ ਤੋਂ ਲਾਂਭੇ ਜਾ ਕੇ ਮੈਂ ਨਰਕਾਂ ਨੂੰ ਜਾਣੈ!" ਭੋਲੀ ਮਾਤਾ ਨੂੰ ਕੀ ਪਤਾ ਕਿ ਪੰਥ ਦੇ ਇਨ੍ਹਾਂ ਦਰਦੀਆਂ ਨੇ ਸੱਤਾ ਦੀ ਪ੍ਰਾਪਤੀ ਲਈ ਨੈਤਿਕਤਾ ਪਾਸੇ ਕਰਦਿਆਂ, ਸਿੱਖਾਂ ਦੇ ਦਿਲੋਂ ਵਿਰੋਧੀ ਤੇ ਹਿੰਦੂਤਵ ਦੇ ਮੁੱਦੇ ਨੂੰ ਉਭਾਰਨ ਵਾਲੇ ਲੋਕਾਂ ਨਾਲ ਸਾਂਝ ਪਾਈ ਹੋਈ ਹੈ! ਸਿਆਸਤਦਾਨਾਂ ਦੀ ਜ਼ਮੀਰ ਇੰਨੀ ਗਿਰ ਚੁੱਕੀ ਹੈ ਕਿ ਇਹ ਆਪਣੀ ਅਤੇ ਆਪਣੇ ਕੁਨਬੇ ਦੀ ਕੁਰਸੀ ਬਰਕਰਾਰ ਰੱਖਣ ਲਈ ਕੁਝ ਵੀ ਕਰਨ ਲਈ ਤਿਆਰ ਹਨ, ਜਨਤਾ ਪਵੇ ਢੱਠੇ ਖੂਹ।

60ਵਿਆਂ ਤੇ 70ਵਿਆਂ ਵਿਚ ਪੰਜਾਬ ਦੇ ਪੇਂਡੂ ਸਕੂਲਾਂ ਦੇ ਪੜ੍ਹੇ-ਲਿਖੇ ਲੋਕ ਸਾਹਿਤਕਾਰ, ਫੌਜੀ ਅਫ਼ਸਰ, ਸਿਵਲ ਅਧਿਕਾਰੀ, ਡਾਕਟਰ, ਇੰਜੀਨੀਅਰ ਬਣਦੇ ਸਨ ਅਤੇ ਪਰਦੇਸਾਂ ਵਿਚ ਵੀ ਉਚੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਸਨ, ਪਰ ਅੱਜ ਸਭ ਉਲਟ-ਪੁਲਟ ਹੋ ਗਿਆ ਹੈ। ਹੁਣ ਕੋਈ ਲੜਕਾ ਹੀ ਫੌਜੀ ਅਫ਼ਸਰ ਜਾਂ ਫਿਰ ਸਿਵਲ ਅਧਿਕਾਰੀ ਪਿੰਡ ਵਿਚ ਲੱਭਦਾ ਹੈ। ਜਾਣ-ਬੁੱਝ ਕੇ ਸ਼ਰਾਬ ਦੇ ਠੇਕੇ ਪਿੰਡ-ਪਿੰਡ ਖੋਲ੍ਹ ਦਿੱਤੇ ਗਏ ਹਨ। ਸਿਹਤ ਕੇਂਦਰਾਂ ਅਤੇ ਸਿੱਖਿਆ ਸੰਸਥਾਵਾਂ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ।

# ਕਬੂਤਰ ਦੀ ਲੋਟਣੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮੇਰੇ ਪਿੰਡ ਸਾਡੇ ਘਰ ਨੂੰ ਜਾਂਦੀ ਬੀਹੀ ਦੇ ਸਿਰੇ 'ਤੇ ਇਕ ਛੋਟੀ ਜਿਹੀ ਹੱਟੀ ਹੁੰਦੀ ਸੀ ਜਿਸ ਨੂੰ ਇੱਛਿਆ ਤੇ ਇਸ਼ਨੀ ਨਾਂ ਦੇ ਦੋ ਬ੍ਰਾਹਮਣ ਭਰਾ ਚਲਾਉਂਦੇ ਸਨ। ਚਲਾਉਂਦੇ ਕਾਹਦੇ ਸਨ, ਸਮਝੋ ਚਲਦਾ ਕਰਦੇ ਸਨ। ਹੱਟੀ ਦੇ ਸਾਹਮਣੇ ਜਿਹੇ ਇਕ ਕੱਚੇ ਕੋਠੇ ਦੀ ਛੱਤ ਉਤੇ ਉਨ੍ਹਾਂ ਚਿੱਟੇ ਕਬੂਤਰ ਪਾਲੇ ਹੋਏ ਸਨ। ਦੋਵੇਂ ਭਰਾ ਅਕਸਰ ਇਨ੍ਹਾਂ ਕਬੂਤਰਾਂ ਦੀ ਹੀ ਸੇਵਾ ਵਿਚ ਜੁੱਟੇ ਰਹਿੰਦੇ। ਉਹ ਉਨ੍ਹਾਂ ਨੂੰ ਚੋਗਾ ਪਾਉਂਦੇ, ਪਾਣੀ ਪਿਲਾਉਂਦੇ, ਪੈਰੀਂ ਝਾਂਜਰਾਂ ਪਾਉਂਦੇ ਤੇ ਖੁੱਡਾ ਸਾਫ ਕਰਦੇ ਹੀ ਦਿਸਦੇ। ਲੌਢੇ ਵੇਲੇ ਉਹ ਕਬੂਤਰਾਂ ਨੂੰ ਉਡਾ ਕੇ ਉਨ੍ਹਾਂ ਨੂੰ ਟਿਕਟਿਕੀ ਬੰਨ੍ਹ ਕੇ ਤੱਕਦੇ ਰਹਿੰਦੇ। ਉਨ੍ਹਾਂ ਨੂੰ ਕਲੋਲ ਕਰਦਿਆਂ ਤੇ ਉਲਟਬਾਜ਼ੀਆਂ ਲਾਉਂਦੇ ਦੇਖ ਕੇ ਖੀਵੇ ਹੁੰਦੇ ਰਹਿੰਦੇ। ਉਹ ਓਨਾ ਚਿਰ ਮੂੰਹ ਪਰੇ ਨਾ ਕਰਦੇ ਜਿੰਨਾ ਚਿਰ ਕਬੂਤਰ ਉਨ੍ਹਾਂ ਦੀਆਂ ਅੱਖਾਂ ਤੋਂ ਓਝਲ ਨਾ ਹੋ ਜਾਂਦੇ।

ਇਸ ਦੌਰਾਨ ਜੇ ਕੋਈ ਗਾਹਕ ਆ ਜਾਂਦਾ ਤਾਂ ਉਹ ਦੂਰੋਂ ਹੀ 'ਹੈ ਨਈਂ' ਕਹਿ ਕੇ ਭਜਾ ਦਿੰਦੇ। ਉਨ੍ਹਾਂ ਦੇ ਇਸ ਸ਼ੌਕ ਤੋਂ ਮੈਂ ਵੀ ਕੁਝ ਪ੍ਰਭਾਵਤ ਹੋਇਆ ਤੇ ਆਪਣੇ ਇਕ ਮਿੱਤਰ ਅਮਰਜੀਤ ਠੇਲੇ ਨਾਲ ਰਲ ਕੇ ਦੋ ਕੁ ਕਬੂਤਰ ਖਰੀਦ ਕੇ ਇਕ ਨਿੱਕੇ ਜਿਹੇ ਖੁੱਡੇ ਵਿਚ ਪਾਲ ਲਏ। ਮਾੜਾ ਮੋਟਾ ਉਨ੍ਹਾਂ ਨੂੰ ਉਡਾਉਣਾ ਵੀ ਸਿੱਖ ਲਿਆ। ਇਹ ਸ਼ੌਕ ਮਹੀਨਾ ਕੁ ਹੀ ਚੱਲਿਆ ਹੋਵੇਗਾ ਕਿ ਇਕ ਦਿਨ ਸਾਡੇ ਭਾਪਾ ਜੀ ਨੇ ਇਸ ਅਵੱਲੇ ਸ਼ੌਕ ਤੋਂ ਖਿਝਿਆਂ ਨੇ ਠੁੱਡ ਮਾਰ ਕੇ ਖੁੱਡਾ ਢਾਹ ਦਿੱਤਾ ਤੇ ਕਬੂਤਰ ਤਿੱਤਰ-ਬਿੱਤਰ ਕਰ ਦਿੱਤੇ। ਇਸ ਦੌਰਾਨ ਮੈਨੂੰ ਕਬੂਤਰਾਂ ਦੀਆਂ ਕਈ ਵੰਨਗੀਆਂ ਦਾ ਪਤਾ ਲੱਗਾ ਜਿਵੇਂ ਚੀਨਾ, ਲੱਕਾ, ਲਾਲ ਸਿਰਾ, ਲੋਟਨ, ਸ਼ੀਰਾਜ਼, ਆਗਰਾ, ਮਸੋਲਾ, ਕਾਂਕ, ਤਾਜ, ਨਸਾਵਰੀ, ਸੰਦਲੀ ਆਦਿ। ਉਂਜ ਵੀ ਕਹਿੰਦੇ ਨੇ ਕਬੂਤਰਾਂ ਦੀਆਂ ਢਾਈ-ਤਿੰਨ ਸੌ ਕਿਸਮਾਂ ਹੁੰਦੀਆ ਹਨ। ਮੈਨੂੰ ਉਦੋਂ ਤੁਕਬੰਦੀ ਦਾ ਵੀ ਮਾੜਾ ਜਿਹਾ ਸ਼ੌਕ ਜਾਗਿਆ ਸੀ। ਸੋ ਕਬੂਤਰਾਂ ਦੇ ਵਿਯੋਗ ਵਿਚ ਇਕ ਕਵਿਤਾ ਲਿਖ ਮਾਰੀ ਜਿਸ ਦੀ ਸਿਰਫ ਪਹਿਲੀ ਸਤਰ ਹੀ ਯਾਦ ਹੈ, 'ਇੱਕ ਸੀ ਕਬੂਤਰ ਮੇਰੇ ਕੋਲ, ਗੁਟਕੂੰ ਗੁਟਕੂੰ ਉਸ ਦੇ ਬੋਲ।' ਫਿਰ ਕਾਲਿਜ ਪੜ੍ਹਦਿਆਂ ਮੈਂ ਜੋ ਪਹਿਲੀ ਕਹਾਣੀ ਲਿਖੀ ਉਹ ਇਕ ਕਬੂਤਰ ਦੇ ਦੁਖਾਂਤ ਬਾਰੇ ਸੀ ਜਿਸ ਦਾ ਨਾਂ ਸੀ 'ਮਨੁੱਖ।' ਹੋਇਆ ਇਸ ਤਰ੍ਹਾਂ ਸੀ ਕਿ ਘਰ ਦੀ ਬੈਠਕ ਦੀ ਛੱਤ ਵਿਚ ਲੱਗੇ ਪੱਖੇ ਉਤੇ ਇਕ ਦਿਨ ਭਟਕਦਾ ਹੋਇਆ ਇਕ ਕਬੂਤਰ ਆ ਬੈਠਾ। ਮੈਨੂੰ ਕੀ ਸੁਝਾ ਕਿ ਮੈਂ ਪੱਖਾ ਫੁੱਲ ਸਪੀਡ ਤੇ ਔਨ ਕਰ ਦਿੱਤਾ। ਫਿਰ ਜੋ ਹੋਣਾ ਸੀ ਹੋਇਆ। ਕਬੂਤਰ ਪੱਖੇ ਦੇ ਤੇਜ਼ ਪੱਤਰਿਆਂ ਨਾਲ ਖਹਿੰਦਾ ਲਹੂ-ਲੁਹਾਨ ਹੋ ਕੇ ਫਰਸ਼ 'ਤੇ ਡਿਗ ਪਿਆ। ਮੈਂ ਸਮਰਾਟ ਅਸ਼ੋਕ ਵਾਂਗ ਇਸ ਘੋਰ ਹਿੰਸਾ ਤੋਂ ਬਹੁਤ ਹੀ ਪਛਤਾਵਾ ਕਰਦਿਆਂ ਕਬੂਤਰ ਦੀ ਲਾਸ਼ ਨੂੰ ਕੱਪੜੇ ਵਿਚ ਲਪੇਟ ਕੇ ਆਪਣੇ ਖੇਤਾਂ ਵਿਚ ਕਬਰ ਖੋਦ ਕੇ ਦਫਨਾ ਆਇਆ। ਕਹਾਣੀ ਵਿਚ ਮੈਂ ਲਗਭਗ ਇਹੋ ਕੁਝ ਲਿਖਿਆ। ਇਸ ਕਹਾਣੀ ਦਾ ਨਾਂ 'ਮਨੁੱਖ' ਰੱਖਣ ਦਾ ਆਸ਼ਾ ਮਨੁੱਖ ਦਾ ਚੰਚਲ ਸੁਭਾਅ ਦਰਸਾਉਣਾ ਸੀ ਜੋ ਪਹਿਲਾਂ ਕੋਈ ਕਰੂਰਤਾ ਕਰ ਬਹਿੰਦਾ ਹੈ ਪਰ ਪਿਛੋਂ ਆਪਣੇ ਆਪ ਨੂੰ ਖੂਬ ਕੋਸਦਾ ਹੈ।

ਹੁਣ ਤੱਕ ਦੀ ਜ਼ਿੰਦਗੀ ਭਰ ਕਬੂਤਰ ਮੇਰੀ ਕਲਪਨਾ ਵਿਚ ਛਾਏ ਰਹੇ। ਤਿੰਨ ਚਾਰ ਸਾਲ ਪਹਿਲਾਂ ਮੈਂ ਇਕ ਹੋਰ ਕਹਾਣੀਨੁਮਾ ਚੀਜ਼ ਲਿਖੀ ਸੀ ਜਿਸ ਵਿਚ ਨਿਊ ਯਾਰਕ ਦੇ ਇਕ ਅਪਾਰਟਮੈਂਟ ਵਿਚ ਰਹਿੰਦਾ ਮੇਰਾ ਪਾਤਰ ਇਕ ਦਿਨ ਬਾਲਕੋਨੀ ਦੇ ਇਕ ਪਾਸੇ ਪਏ ਲੱਟੜ-ਪੱਟੜ ਵਿਚ ਆਂਡਿਆਂ ਸਮੇਤ ਕਬੂਤਰਾਂ ਦਾ ਆਲ੍ਹਣਾ ਦੇਖਦਾ ਹੈ। ਸੰਜੋਗਵਸ ਉਦੋਂ ਉਸ



ਦੀ ਪਤਨੀ ਵੀ ਗਰਭਵਤੀ ਹੁੰਦੀ ਹੈ। ਕੁਝ ਹੀ ਦਿਨਾਂ ਤੱਕ ਇਸ ਜੋੜੇ ਨੇ ਕਿਸੇ ਹੋਰ ਸੂਬੇ ਵਿਚ ਮਿਲੀ ਨਵੀਂ ਨੌਕਰੀ 'ਤੇ ਜਾਣਾ ਹੁੰਦਾ ਹੈ। ਨੌਜਵਾਨ ਨੂੰ ਫਿਕਰ ਲਗਦਾ ਹੈ ਕਿ ਉਸ ਦੇ ਚਲੇ ਜਾਣ ਪਿਛੋਂ ਅਪਾਰਟਮੈਂਟ ਵਾਲੇ ਆਂਡਿਆਂ ਸਮੇਤ ਆਲ੍ਹਣੇ ਨੂੰ ਚਲਾ ਕੇ ਮਾਰਨਗੇ। ਉਸ ਦੀ ਆਪਣੀ ਗਰਭਵਤੀ ਪਤਨੀ ਦਾ ਖਿਆਲ ਉਸ ਵਿਚ ਕਬੂਤਰਾਂ ਪ੍ਰਤੀ ਹਮਦਰਦੀ ਦੇ ਭਾਵ ਤੀਬਰ ਕਰ ਦਿੰਦਾ ਹੈ ਤੇ ਉਹ ਅਪਾਰਟਮੈਂਟ ਛੱਡਣ ਤੇ ਨਵੀਂ ਨੌਕਰੀ 'ਤੇ ਜਾਣ ਦਾ ਖਿਆਲ ਮਹੀਨਾ ਭਰ ਲਈ ਅੱਗੇ ਪਾ ਦਿੰਦਾ ਹੈ। ਇਸ ਤਰ੍ਹਾਂ ਉਸ ਨੇ ਕਬੂਤਰ ਦੇ ਪਰਿਵਾਰ ਨੂੰ ਤਾਂ ਦੁਖਾਂਤ ਤੋਂ ਬਚਾ ਲਿਆ ਪਰ ਆਪ ਡਾਢੇ ਸੰਕਟ ਵਿਚ ਪੈ ਗਿਆ ਜਿਸ ਦਾ ਸਸਪੈਂਸ ਮੈਂ ਇਥੇ ਹੀ ਰੱਖਦਾ ਹਾਂ।

ਰਾਜੇ, ਮਹਾਰਾਜੇ, ਅਮੀਰ, ਵਜ਼ੀਰ, ਅਹਿਲਕਾਰ, ਸਾਮੰਤ ਆਦਿ ਸਦੀਆਂ ਤੋਂ ਕਬੂਤਰ ਰੱਖਣ ਅਤੇ ਕਬੂਤਰਬਾਜ਼ੀ ਦਾ ਸ਼ੌਕ ਪਾਲਦੇ ਆਏ ਹਨ। ਭਾਰਤ ਵਿਚ ਮੁਗਲਾਂ ਨੇ ਇਹ ਸ਼ੌਕ ਸਿਰੇ ਲਾ ਦਿੱਤੇ। ਕਹਿੰਦੇ ਹਨ, ਅਕਬਰ ਨੇ ਵੀਹ ਹਜ਼ਾਰ ਕਬੂਤਰ ਪਾਲੇ ਹੋਏ ਸਨ। ਵਿਹਲੜ, ਅਮਲੀ ਤੇ ਛੜਿਆਂ ਨੇ ਮੇਰੇ ਪਿੰਡ ਦੇ ਹਟਵਾਣੀਆਂ ਵਾਂਗ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇ ਕੇ ਇਸ ਸ਼ੌਕ ਨੂੰ ਆਮ ਲੋਕਾਂ ਵਿਚ ਲਿਆਂਦਾ। ਚਿੜੀ ਤੋਂ ਇਲਾਵਾ ਸ਼ਾਇਦ ਕਬੂਤਰ ਹੀ ਇਕ ਅਜਿਹਾ ਜਾਨਵਰ ਹੈ ਜੋ ਮਨੁਖ ਦੇ ਬਹੁਤ ਨਜ਼ਦੀਕ ਰਹਿੰਦਾ ਹੈ। ਇਥੋਂ ਤੱਕ ਕਿ ਚਿੜੀ ਵਾਂਗ ਮਨੁੱਖ ਦੇ ਘਰ ਵਿਚ ਹੀ ਆਲ੍ਹਣਾ ਵੀ ਬਣਾ ਲੈਂਦਾ ਹੈ। ਇਸ ਲਈ ਕਬੂਤਰ ਦਾ ਸਾਡੇ ਲੋਕ ਸਾਹਿਤ ਵਿਚ ਬਹੁਤ ਜ਼ਿਕਰ ਮਿਲਦਾ ਹੈ। ਕਦੀਮਾਂ ਤੋਂ ਹੀ ਗਿਝਾਏ ਹੋਏ ਕਬੂਤਰ ਡਾਕੀਏ ਦਾ ਕੰਮ ਕਰਦੇ ਰਹੇ ਹਨ। ਪਿਛਲੀ ਸਦੀ ਦੇ ਪੰਜਾਹਵਿਆਂ ਦੀ ਫਿਲਮ 'ਦੁੱਲਾ ਭੱਟੀ' ਦਾ ਇਕ ਗੀਤ ਬਹੁਤ ਵੱਜਿਆ ਸੀ, 'ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ, ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ।' ਸੁਰਿੰਦਰ ਕੌਰ ਦੇ ਇਕ ਮਸ਼ਹੂਰ ਗੀਤ ਦੇ ਬੋਲ ਹਨ, 'ਬਾਬਲ ਤੇਰੇ ਮਹਿਲਾਂ ਵਿਚੋਂ ਸੱਤ ਰੰਗੀਆ ਕਬੂਤਰ ਬੋਲੇ।' ਆਮ ਜੀਵਨ ਵਿਚ ਤਾਂ ਅਸੀਂ ਸੁਰਮਈ ਜਿਹੇ ਕਬੂਤਰ ਤੋਂ ਹੀ ਵਾਕਿਫ ਹਾਂ ਪਰ ਇਹ ਬਾਂਕੇ-ਸੂਕੇ ਪੰਛੀ ਬਹੁਤ ਰੰਗਾਂ ਤੇ ਕਿਸਮਾਂ ਵਾਲੇ ਹੁੰਦੇ ਹਨ। ਕਿੰਨੇ ਸਾਰੇ ਲੋਕ ਗੀਤਾਂ ਵਿਚ ਕਬੂਤਰ ਦਾ ਜ਼ਿਕਰ ਹੈ,

ਮੇਰੀ ਗੁੱਤ 'ਤੇ ਆਲ੍ਹਣਾ ਪਾਇਆ,
ਜੰਗਲੀ ਕਬੂਤਰ ਨੇ...।
ਬਾਪੂ ਤੇਰੇ ਮਹਿਲਾਂ ਦੇ
ਉਡ ਜਾਣਗੇ ਕਬੂਤਰ ਗੋਲੇ...।
ਵਿਹੜੇ ਛੜਿਆਂ ਦੇ
ਗਾਲ ਕਢ ਕੇ ਕਬੂਤਰ ਬੋਲੇ...।
ਜੱਗੇ ਜੱਟ ਦੇ ਕਬੂਤਰ ਚੀਨੇ,
ਨਦੀਓਂ ਪਾਰ ਚੁਗਦੇ...।
ਸੁਰਮੇ ਦਾ ਕੀ ਪਾਉਣਾ
ਤੇਰੀ ਅੱਖ ਨੀ ਕਬੂਤਰ ਵਰਗੀ...।

ਕਬੂਤਰ ਦੀ ਮਦੀਨ ਕਬੂਤਰੀ ਦੀ ਸ਼ਾਨ ਕਿਹੜੀ ਘੱਟ ਹੈ। ਜੇ ਕੋਈ ਸੁਹਣੀ ਕੁੜੀ ਕਿਸੇ ਮੁੰਡੇ ਨਾਲ ਅੱਖ ਮਟੱਕਾ ਕਰ ਲਵੇ ਤਾਂ ਉਸ ਦੇ ਯਾਰ ਅਕਸਰ ਉਸ 'ਤੇ ਰਸ਼ਕ ਕਰਦੇ ਕਹਿੰਦੇ ਹਨ, 'ਕਿਥੋਂ ਕਬੂਤਰੀ ਪੱਟ ਲਈ?'

ਕੁੜੀ ਕਬੂਤਰੀ ਵਰਗੀ
ਤੱਕ ਕੇ ਧੱਕ ਧੱਕ ਕਰਦਾ ਸੀਨਾ...।

ਕਬੂਤਰ ਕਬੂਤਰੀ ਬਣੇ ਪ੍ਰੇਮੀ ਜੋੜੇ ਫਿਰ ਕਬੂਤਰਾਂ ਵਿਚ ਹੀ ਜਿਊਣਾ ਲੋਚਦੇ ਹਨ,

ਜਿਥੇ ਉਡਦੇ ਕਬੂਤਰ ਚੀਨੇ,
ਆ ਜਾ ਦੋਵੇਂ ਉਥੇ ਵਸੀਏ...।

ਕਬੂਤਰ ਬਹੁਤ ਹੀ ਤੇਜ਼ ਅਤੇ ਦੂਰ ਦੂਰ ਤੱਕ ਉਡਾਣ ਭਰਨ ਵਾਲਾ ਪਰਿੰਦਾ ਹੈ। ਇਹ ਅਥਾਹ ਵਾਟ ਗਾਹ ਕੇ ਮੁੜ ਆਪਣੇ ਟਿਕਾਣੇ 'ਤੇ ਸਹੀ ਸਲਾਮਤ ਆ ਜਾਂਦਾ ਹੈ। ਇਸ ਲਈ ਇਸ ਨੂੰ ਚਿੱਠੀਆਂ ਭੇਜਣ ਲਈ ਗਿਝਾਇਆ ਗਿਆ ਤੇ ਨਾਮ ਮਿਲਿਆ ਕਾਸਿਦ। ਆਲਮੀ ਜੰਗਾਂ ਵਿਚ ਇਸ ਤੋਂ ਮੋਰਚਿਆਂ ਤੇ ਲੜਦੇ ਫੌਜੀਆਂ ਲਈ ਸੁਨੇਹੇ ਭੇਜਣ ਦਾ ਕੰਮ ਲਿਆ ਜਾਂਦਾ ਰਿਹਾ। ਅਜੋਕੇ ਸਮੇਂ ਵਿਚ ਦੇਸ਼ ਛੱਡ ਕੇ ਦੂਜੇ ਦੇਸ਼ਾਂ ਵਿਚ ਲੁਕ ਛਿਪ ਕੇ ਵੱਸ ਜਾਣ ਵਾਲਿਆਂ ਨੂੰ ਕਬੂਤਰ ਬਣ ਗਏ ਕਿਹਾ ਜਾਣ ਲੱਗ ਪਿਆ ਹੈ। ਕਬੂਤਰ ਬਣ ਜਾਣਾ ਤਾਂ ਹੁਣ ਇਕ ਆਮ ਹੀ ਅਖਬਾਰੀ ਮੁਹਾਵਰਾ ਬਣ ਗਿਆ ਹੈ। ਮੈਂ 1997 ਵਿਚ ਵਿਸ਼ਵ ਪੰਜਾਬੀ ਕਾਨਫਰੰਸ 'ਤੇ ਅਮਰੀਕਾ ਆਇਆ ਸਾਂ ਤਾਂ ਕੁਝ 'ਲੇਖਕ' ਸਾਥੀ ਕਬੂਤਰ ਬਣ ਗਏ ਸਨ। ਵਿਅੰਗ ਲੇਖਕ ਕਰਮਜੀਤ ਕੁੱਸਾ ਨੇ ਵੀ ਇਸ ਵਰਤਾਰੇ ਵੱਲ ਇਸ਼ਾਰਾ ਕੀਤਾ ਹੈ,

ਕੱਕਾ ਕਬੂਤਰਾਂ ਦੀ ਕੀ ਗੱਲ ਦੱਸਾਂ
ਨਸਲਾਂ ਕਬੂਤਰਾਂ ਦੀਆਂ ਬੇਸ਼ੁਮਾਰ ਲੋਕੋ।
ਕਈ ਬੜੇ ਹੀ ਸਾਊ ਜਿਹੀ ਨਸਲ ਵਾਲੇ
ਕਈ ਮਾਰਦੇ ਉਡਾਰੀ ਨੇ 'ਬਾਹਰ' ਲੋਕੋ।

ਕਬੂਤਰ ਬਿੱਲੀ ਆਦਿ ਨੂੰ ਦੇਖ ਕੇ ਅੱਖਾਂ ਮੀਟ ਲੈਂਦਾ ਹੈ ਇਸ ਲਈ ਮੁਸੀਬਤ ਤੋਂ ਪਾਸਾ ਵੱਟਣ ਵਾਲੇ ਲਈ ਮੁਹਾਵਰਾ ਢੁਕਾਇਆ ਜਾਂਦਾ ਹੈ, ਕਬੂਤਰ ਵਾਂਗ ਅੱਖਾਂ ਮੀਟਣਾ।

ਕਬੂਤਰ ਸ਼ਬਦ ਦੀ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਆਮਦ ਫਾਰਸੀ ਕਬੋਤਰ ਤੋਂ ਹੋਈ ਹੈ। ਇਉਂ ਲਗਦਾ ਹੈ ਕਿ ਇਸ ਪੰਛੀ ਲਈ ਪਹਿਲਾਂ ਸਾਡੀਆਂ ਭਾਸ਼ਾਵਾਂ ਵਿਚ ਸੰਸਕ੍ਰਿਤ ਵਲੋਂ 'ਕਪੋਤ' ਸ਼ਬਦ ਚਲਦਾ ਸੀ। ਗੁਰੂ ਗ੍ਰੰਥ ਸਾਹਿਬ ਤੇ ਹੋਰ ਹਵਾਲਿਆਂ ਤੋਂ ਕਪੋਤ ਦੀ ਸੋਅ ਤਾਂ ਮਿਲਦੀ ਹੈ, ਕਬੂਤਰ ਦੀ ਨਹੀਂ, 'ਜਿਉ ਪੰਖੀ ਕਪੋਤਿ ਆਪੁ ਬਨਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਕਾਲੇ ਰਾਮ॥ (ਗੁਰੂ ਰਾਮ ਦਾਸ) ਅਰਥਾਤ ਜਿਵੇਂ ਕਬੂਤਰ ਖੁਦ ਆਪਣੇ ਆਪ ਨੂੰ ਜਾਲ ਵਿਚ ਬੰਨ੍ਹ ਲੈਂਦਾ ਹੈ, ਉਸੇ ਤਰ੍ਹਾਂ ਮਨਮੁਖ ਆਪਣੇ ਆਪ ਨੂੰ ਮੌਤ ਦੇ ਮੂੰਹ ਪਾ ਲੈਂਦੇ ਹਨ। 'ਕੀਰ ਔ ਕਪੋਤ ਬਿੰਬ ਕੋਕਿਲਾ ਕਲਾਪੀ ਬਨ ਲੂਟੇ ਫੂਟੇ ਫਿਰੈ ਮਨ ਚੈਨ ਹੂੰ ਨ ਕਿਤਹੀ।' ਇਸ ਕਬਿੱਤ ਵਿਚ ਮੀਨ ਕੰਜ ਖੰਜਨ ਨੇਤ੍ਰਾਂ ਦਾ ਉਪਮਾਨ, ਭੌਰੇ ਕਾਲੇ ਕੇਸ਼ਾਂ ਦਾ, ਤੋਤਾ ਨੱਕ ਦਾ, ਕਬੂਤਰ ਕੰਠ ਦਾ, ਬਿੰਬਫਲ ਹੋਠਾਂ ਦਾ, ਕੋਕਿਲਾ ਮੋਰ ਸੁਰ ਦਾ ਕਥਨ ਕਰਕੇ ਉਪਮੇਯ ਦਾ ਗਿਆਨ ਕਰਾਇਆ ਗਿਆ ਹੈ। ਦਸਮ ਗ੍ਰੰਥ ਵਿਚ ਕਬੂਤਰ ਦੇ ਕੰਠ ਦੀ ਸੁੰਦਰਤਾ ਦਰਸਾਉਣ ਲਈ ਕਪੋਤ ਸ਼ਬਦ ਕਈ ਵਾਰੀ ਆਇਆ ਹੈ।

ਦਰਅਸਲ ਤਾਂ ਫਾਰਸੀ ਕਬੂਤਰ ਦਾ ਪਹਿਲਵੀ ਰੂਪ ਵੀ ਕਪੋਤ/ਕਬੋਦ ਹੀ ਹੈ ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕਬੂਤਰ ਅਤੇ ਕਪੋਤ ਸ਼ਬਦ ਸਕੇ ਹਨ। ਪਰ ਦਿੱਕਤ ਇਥੇ ਪੈਦਾ ਹੁੰਦੀ ਹੈ ਕਿ ਕੁਝ ਨਿਰੁਕਤਕਾਰਾਂ ਅਨੁਸਾਰ ਫਾਰਸੀ ਕਪੋਤ ਸੰਸਕ੍ਰਿਤ ਵਿਚੋਂ ਗਿਆ ਹੈ ਤੇ ਕਬੂਤਰ ਬਣ ਕੇ ਮੁੜਿਆ ਹੈ। ਕਪੋਤ ਸ਼ਬਦ ਬਾਰੇ ਸੰਸਕ੍ਰਿਤ ਕੋਸ਼ਕਾਰਾਂ ਨੇ ਜੋ ਕਿਹਾ ਹੈ, ਉਹੀ ਮਹਾਨ ਕੋਸ਼ ਵਿਚ ਦੁਹਰਾਇਆ ਗਿਆ ਹੈ, 'ਕ (ਹਵਾ)+ਵਿਚ ਜੋ ਪੋਤ (ਵਾਂਗ) ਉਡਦਾ ਹੈ।' ਪੋਤ ਦੇ ਕਈ ਅਰਥ ਹਨ ਪਰ ਪ੍ਰਮੁਖ ਅਰਥ ਬਾਦਬਾਨਾ ਵਾਲਾ ਜਹਾਜ਼ ਜਾਂ ਕਿਸ਼ਤੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਆਇਆ ਹੈ, 'ਹਰਿ ਹਰਿ ਨਾਮੁ ਪੋਤਿ ਹੈ॥' - ਗੁਰੂ ਰਾਮ ਦਾਸ। ਕਪੋਤ ਵਿਚ ਇਸ ਦੇ ਪਰਾਂ ਨੂੰ ਪੋਤ (ਬਾਦਬਾਨ) ਦੇ ਨਿਆਈਂ ਸਮਝਿਆ ਗਿਆ ਹੈ। ਉਂਜ ਸੰਸਕ੍ਰਿਤ ਵਿਚ ਕਪੋਤ ਦਾ ਅਰਥ ਪੰਛੀ ਵੀ ਹੈ ਤੇ ਆਮ ਕਬੂਤਰ ਵਰਗਾ ਸਲੇਟੀ ਰੰਗ ਵੀ ਹੈ। ਬਹੁਤ ਸਾਰੇ ਸ੍ਰੋਤਾਂ ਅਨੁਸਾਰ ਕਪੋਤ ਦਾ ਮੁਢਲਾ ਅਰਥ ਸੁਰਮਈ ਰੰਗ ਦਾ ਪੰਛੀ ਹੈ ਜੋ ਬਾਅਦ ਵਿਚ ਜੰਗਲੀ ਕਬੂਤਰ ਤੇ ਫਿਰ ਸਭ ਤਰ੍ਹਾਂ ਦੇ ਕਬੂਤਰਾਂ ਲਈ ਰੂੜ੍ਹ ਹੋ ਗਿਆ। ਫਾਰਸੀ ਵਿਚ ਕਬੂਦ ਦਾ ਅਰਥ ਅਸਮਾਨੀ ਰੰਗ ਹੈ ਜਿਵੇਂ 'ਚਰਖੇ ਕਬੂਦ'- ਨੀਲਾ ਅਸਮਾਨ। ਅਸੀਂ ਕੁਝ ਹੋਰ ਭਾਸ਼ਾਵਾਂ ਵੱਲ ਝਾਤੀ ਮਾਰਦੇ ਹਾਂ। ਲਾਤੀਨੀ ਵਿਚ ਕਬੂਤਰ ਲਈ columba ਸ਼ਬਦ ਹੈ ਜਿਸ ਤੋਂ ਅੰਗਰੇਜ਼ੀ ਸ਼ਬਦ columbite ਬਣਿਆ ਜੋ ਸਲੇਟੀ ਰੰਗੀ ਇਕ ਕੱਚੀ ਧਾਤ ਹੁੰਦੀ ਹੈ। ਰੂਸੀ ਵਿਚ ਕਬੂਤਰ ਲਈ glubo ਸ਼ਬਦ ਹੈ, ਸਪੇਨੀ ਵਿਚ paloma, ਪੁਰਤਗਾਲੀ ਵਿਚ pombo, ਇਤਾਲਵੀ ਤੇ ਫਰਾਂਸੀਸੀ ਵਿਚ columba. ਇਹ ਸਾਰੇ ਸ਼ਬਦ ਸੁਜਾਤੀ ਹਨ। ਦਿਲਚਸਪ ਗੱਲ ਹੈ ਕਿ ਪੁਰਾਣੀ ਅੰਗਰੇਜ਼ੀ ਵਿਚ ਕਬੂਤਰ ਲਈ ਲਾਤੀਨੀ columba ਤੋਂ ਹੀ ਬਣਿਆ ਸ਼ਬਦ culufre ਸੀ ਜਿਸ ਨੂੰ ਪਿਜਨ ਸ਼ਬਦ ਨੇ ਉਖਾੜ ਦਿੱਤਾ। ਉਂਜ ਪਿਜਨ ਸ਼ਬਦ ਵੀ ਲਾਤੀਨੀ ਵਲੋਂ ਹੀ ਆਇਆ ਸੀ। ਇਹ ਗੱਲ ਕੁਝ ਇਸ ਤਰ੍ਹਾਂ ਹੀ ਹੈ ਜਿਵੇਂ ਫਾਰਸੀ ਵਲੋਂ ਆਏ ਕਬੂਤਰ ਨੇ ਏਧਰਲੇ ਕਪੋਤ ਸ਼ਬਦ ਨੂੰ ਉੜਾ ਹੀ ਦਿੱਤਾ। ਠੀਕ ਹੈ, ਲੋਟਣੀਆਂ ਲੈਣਾ ਤਾਂ ਕਬੂਤਰ ਦਾ ਜਮਾਂਦਰੂ ਸੁਭਾਅ ਹੈ!

# ਇਸ ਜ਼ਿੰਦੜੀ ਦਾ ਇਕੋ-ਇਕ ਗੇੜ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

“ਦੇਖ ਬਾਈ! ਆਪਾਂ ਬਚਪਨ ਇਕੱਠਿਆਂ ਬਿਤਾਇਆ, ਤੂੰ ਮੇਰਾ ਜਿਗਰੀ ਯਾਰ ਐਂ, ਇਸ ਕਰ ਕੇ ਤੈਨੂੰ ਇਹ ਸਲਾਹ ਦਿੰਨਾਂ, ਜ਼ਮੀਨ ਦੀ ਵੰਡ-ਵੰਡਾਈ ਵਿਚ ਨਾ ਪੈ। ਇਥੋਂ ਦੇ ਹਲਾਤ ਮਾੜੇ ਨੇ, ਅਗਲੇ ਦਸ ਹਜ਼ਾਰ ਰੁਪਏ ਲੈ ਕੇ ਬੰਦਾ ਮਾਰ ਦਿੰਦੇ। ਚੁੱਪ ਕਰ ਕੇ ਜਿੱਥੋਂ ਆਇਆਂ, ਮੁੜ ਜਾਹ। ਤੇਰੇ ਬੱਚੇ ਤੇਰੇ ਕੋਲ ਨੇ, ਉਨ੍ਹਾਂ ਨਾਲ ਆਪਣੀ ਜ਼ਿੰਦਗੀ ਬਤੀਤ ਕਰ।” ਪਾਲੀ ਨੇ ਜਗਦੇਵ ਨੂੰ ਸਮਝਾਉਂਦਿਆਂ ਪੈਗ ਮੂੰਹ ਨੂੰ ਲਾ ਲਿਆ।

“ਪਾਲੀ! ਮੈਂ ਇਹ ਜ਼ਮੀਨ ਖੂਨ-ਪਸੀਨਾ ਵਹਾ ਕੇ ਖਰੀਦੀ ਸੀ। ਹੁਣ ਇਸ ਤਰ੍ਹਾਂ ਕਿਵੇਂ ਛੱਡ ਸਕਦਾ ਹਾਂ। ਨਾਲੇ ਕਹਿੰਦੇ ਨੇ ਕਿ ਬਾਦਲ ਸਰਕਾਰ ਨੇ ਪਰਵਾਸੀ ਪੰਜਾਬੀਆਂ ਵਾਸਤੇ ਸਪੈਸ਼ਲ ਥਾਣੇ ਬਣਾਏ ਹੋਏ ਨੇ। ਆਪਾਂ ਉਥੇ ਦਰਖਾਸਤ ਦੇ ਦਿੰਨੇ ਆਂ ਕਿ ਸਾਡੇ ਨਾਲ ਸਾਡਾ ਭਰਾ ਧੱਕਾ ਕਰਦੈ, ਸਾਡੀ ਜ਼ਮੀਨ ਨਹੀਂ ਦਿੰਦਾ।” ਜਗਦੇਵ ਨੇ ਕਿਹਾ।

“ਬਾਈ! ਥਾਣੇ ਕਿਹੜੇ? ਤੈਨੂੰ ਲੁੱਟ ਕੇ ਖਾ ਜਾਣਗੇ। ਸਭ ਕਹਿਣ ਦੀਆਂ ਗੱਲਾਂ ਨੇ। ਕਦੇ ਥਾਣਿਆਂ 'ਚੋਂ ਵੀ ਹੱਕ ਮਿਲੇ ਨੇ। ਲੋਕ ਤਾਂ ਉਪਰਲੀਆਂ ਅਦਾਲਤਾਂ ਵਿਚੋਂ ਵੀ ਰੋਂਦੇ ਨਿਕਲਦੇ ਨੇ। ਇਹ ਤੇਰਾ ਅਮਰੀਕਾ ਨਹੀਂ ਕਿ ਸਭ ਨੂੰ ਬਰਾਬਰੀ ਦਾ ਹੱਕ ਮਿਲਦਾ ਹੈ। ਇਹ ਹੁਣ ਪੰਜਾਬ ਨਹੀਂ, ਬਿਹਾਰ ਬਣ ਗਿਆ... ਜਿਥੇ ਕਹਿੰਦੇ ਨੇ 'ਜਿਸ ਕੀ ਲਾਠੀ ਉਸ ਕੀ ਭੈਂਸ।' ਅਗਲਿਆਂ ਤੇਰੇ ਉਤੇ ਉਲਟਾ ਕੋਈ ਕੇਸ ਪਾ ਦੇਣਾ। ਫਿਰ ਭੁਗਤੀ ਜਾਈਂ ਤਰੀਕਾਂ।” ਪਾਲੀ ਜਿਵੇਂ ਦਿਲੋਂ ਬੋਲਦਾ ਹੋਵੇ।

“ਤੇਰਾ ਮਤਲਬ ਹੁਣ ਮੈਂ ਚਾਰ ਕਰੋੜ ਦੀ ਜ਼ਮੀਨ ਭਰਾ ਨੂੰ ਛੱਡ ਕੇ ਵਾਪਸ ਮੁੜ ਜਾਵਾਂ। ਜੱਟ ਤਾਂ ਵੱਟ ਜਿੰਨੀ ਜ਼ਮੀਨ ਨਹੀਂ ਛੱਡਦਾ, ਇਹ ਤਾਂ ਫਿਰ ਛੇ ਕਿੱਲੇ ਐ। ਮੈਂ ਤਾਂ ਸਾਰਿਆਂ ਨੂੰ ਫੂਕ ਦੂੰ।” ਜਗਦੇਵ ਦਾ ਗੁੱਸਾ ਭੜਕ ਗਿਆ।

“ਤੂੰ ਇਨ੍ਹਾਂ ਨੂੰ ਫੂਕ ਦਏਂਗਾ, ਤੇ ਆਪ ਜਾਈਂ ਜੇਲ੍ਹ ਅੰਦਰ, ਤੇ ਪਿੱਛੇ ਬੱਚੇ ਬਾਪੂ ਲੱਭਦੇ ਰਹਿਣ। ਬੱਲੇ ਓਏ ਸਿਆਣਿਆ ਤੇਰੀ ਅਕਲ ਦੇ।” ਪਾਲੀ ਨੇ ਖਾਲੀ ਗਲਾਸ ਦੁਬਾਰਾ ਭਰ ਲਏ।



“ਪਾਲੀ! ਜੱਟ ਜ਼ਮੀਨ ਤਾਂ ਨਹੀਂ ਛੱਡਦਾ, ਕੁਝ ਮਰਜ਼ੀ ਹੋ ਜਾਵੇ। ਸਵੇਰੇ ਇਕ ਪਾਸਾ ਕਰ ਕੇ ਹੀ ਸਾਹ ਲਵਾਂਗਾ।” ਜਗਦੇਵ ਨੇ ਉਤਰ ਦਿੱਤਾ।

ਜਗਦੇਵ ਅਤੇ ਸੁਖਦੇਵ ਦੋ ਭਰਾ ਸਨ। ਦੋਵਾਂ ਤੋਂ ਵੱਡੀ ਭੈਣ ਬਚਨੋ ਮਾਝੇ ਦੇ ਮਸ਼ਹੂਰ ਪਿੰਡ ਵਿਚ ਵਿਆਹੀ ਹੋਈ ਸੀ। ਜਗਦੇਵ ਮਸਾਂ ਬਾਰਾਂ ਸਾਲਾਂ ਦਾ ਸੀ, ਜਦੋਂ ਉਸ ਦੀ ਭੂਆ ਵਿਧਵਾ ਹੋ ਗਈ ਸੀ। ਫੁੱਫੜ ਦਾ ਪਤਾ ਹੀ ਨਹੀਂ ਲੱਗਾ ਕਿ ਉਸ ਦੀ ਮੌਤ ਦੇ ਕੀ ਕਾਰਨ ਸਨ। ਭੂਆ ਦੇ ਕੋਈ ਬੱਚਾ ਨਹੀਂ ਸੀ ਹੋਇਆ। ਸਹੁਰਿਆਂ ਨੇ ਜ਼ਮੀਨ ਦਾ ਅੱਧਾ ਹਿੱਸਾ ਦੇ ਕੇ ਪੇਕਿਆਂ ਵੱਲ ਤੋਰ ਦਿੱਤਾ। ਸਮੇਂ ਚੰਗੇ ਸੀ, ਭੂਆ ਦੀ ਆਪਣੇ ਭਰਾ ਤੇ ਭਰਜਾਈ ਨਾਲ ਬਹੁਤ ਬਣਦੀ ਸੀ। ਭੂਆ ਨੇ ਵੀ ਭਾਣਾ ਮੰਨ ਕੇ ਆਪਣੇ ਭਤੀਜਿਆਂ ਨੂੰ ਹੀ ਆਪਣੇ ਬੱਚੇ ਸਮਝਿਆ। ਭਰਜਾਈ ਨਾਲ ਕੰਮ ਕਰਵਾਉਂਦੀ ਦਾ ਸਮਾਂ ਬੀਤਦਾ ਗਿਆ। ਪਹਿਲਾਂ ਸੁਖਦੇਵ ਦਾ ਵਿਆਹ ਕਰ ਦਿੱਤਾ। ਉਸ ਦੀ ਵਹੁਟੀ ਵੀ ਚੰਗੇ ਖਾਨਦਾਨ ਦੀ ਧੀ ਸੀ, ਤੇ ਸਹੁਰੇ ਵੀ ਸਿਆਣੇ ਬੰਦੇ ਸਨ। ਵਹੁਟੀ ਵੀ 'ਭੂਆ ਜੀ ਭੂਆ ਜੀ' ਕਰਦੀ ਰਹਿੰਦੀ। ਜਗਦੇਵ ਵੀ ਦਸ ਜਮਾਤਾਂ ਪਾਸ ਕਰ ਕੇ ਦੋਧੀ ਦਾ ਕੰਮ ਕਰਨ ਲੱਗ ਪਿਆ। ਪਿੰਡਾਂ ਵਿਚੋਂ ਦੁੱਧ ਚਵਾ ਕੇ ਸ਼ਹਿਰ ਪਾ ਆਉਂਦਾ। ਸੁਖਦੇਵ ਖੇਤੀ ਦਾ ਕੰਮ ਕਰੀ ਜਾਂਦਾ ਤੇ ਜਗਦੇਵ ਦੁੱਧ ਦਾ। ਕਬੀਲਦਾਰੀ ਦੀ ਗੱਡੀ ਰਾਹੇ ਤੁਰੀ ਜਾ ਰਹੀ ਸੀ। ਮੱਸਫੁੱਟ ਜਗਦੇਵ ਦਾ ਦਿਲ ਲਾਗਲੇ ਪਿੰਡ ਦੀ ਕੁੜੀ ਚਰਨੀ ਨਾਲ ਵਟਾਇਆ ਗਿਆ। ਹਨ੍ਹੇਰੀਆਂ ਰਾਤਾਂ ਦੀਆਂ ਮੁਲਾਕਾਤਾਂ ਇਕ ਦਿਨ ਸਿਖਰ ਦੁਪਹਿਰਾ ਬਣ ਗਈਆਂ, ਤੇ ਕੁੜੀ ਦੇ ਮਾਪਿਆਂ ਨੂੰ ਪਤਾ ਲੱਗ ਗਿਆ। ਕੁੜੀ ਕਹੇ, ਜਗਦੇਵ ਬਿਨਾਂ ਮੈਂ ਬਚਦੀ ਨਹੀਂ, ਤੇ ਜਗਦੇਵ ਕਹੇ, ਮੈਂ ਚਰਨੀ ਬਿਨਾਂ ਕੁਝ ਖਾ ਕੇ ਮਰ ਜਾਵਾਂਗਾ। ਛੇ ਮਹੀਨਿਆਂ ਦੇ ਰੌਲੇ ਤੋਂ ਬਾਅਦ ਜਗਦੇਵ ਤੇ ਚਰਨੀ ਵਿਆਹ ਦੇ ਬੰਧਨ ਵਿਚ ਬੱਝ ਗਏ। ਵਿਆਹ ਤੋਂ ਕੁਝ ਦਿਨ ਬਾਅਦ ਪਿੰਡ ਦਾ ਕੋਈ ਬਜ਼ੁਰਗ ਜਗਦੇਵ ਨੂੰ ਮਿਲ ਕੇ ਕਹਿੰਦਾ, “ਪੁੱਤਰਾ ਜਿਉਂਦਾ ਰਹਿ, ਤੂੰ ਪਿੰਡ ਦੀ ਇੱਜ਼ਤ ਰੱਖ ਲਈ। ਉਹ ਇਕ ਲੈ ਕੇ ਗਏ ਸੀ, ਜੋ ਤੂੰ ਮੋੜ ਲਿਆਇਆ ਹੈਂ।”

“ਬਾਬਾ ਜੀ, ਮੈਂ ਸਮਝਿਆ ਨਹੀਂ?” ਜਗਦੇਵ ਨੇ ਕਿਹਾ।

“ਪੁੱਤਰਾ! ਅੱਜ ਤੋਂ ਵੀਹ ਸਾਲ ਪਹਿਲਾਂ ਉਸ ਪਿੰਡ ਦਾ ਦੋਧੀ ਲੰਬੜਾਂ ਦੀ ਧੀ ਨੂੰ ਪਟਾ ਕੇ ਲੈ ਗਿਆ ਸੀ। ਉਦੋਂ ਸਾਰੇ ਪਿੰਡ ਦੀ ਨੱਕ ਵੱਢ ਹੋਈ ਸੀ, ਤੇ ਅੱਜ ਤੂੰ ਸਾਡੇ ਪਿੰਡ ਦੀ ਰੁਲੀ ਹੋਈ ਇੱਜ਼ਤ ਫਿਰ ਸਿਰ ਰੱਖ ਦਿੱਤੀ ਹੈ।” ਸ਼ਾਬਾਸ਼ੇ ਕਹਿੰਦਾ ਬਾਬਾ ਅਗਾਂਹ ਤੁਰ ਗਿਆ।

ਫਿਰ ਜਗਦੇਵ ਵੀ ਹੌਲੀ-ਹੌਲੀ ਕਬੀਲਦਾਰੀ ਦੀ ਪੌੜੀ ਚੜ੍ਹਦਾ ਗਿਆ। ਪਹਿਲਾਂ ਪਰਮਾਤਮਾ ਨੇ ਪੁੱਤ ਦੀ ਦਾਤ ਬਖ਼ਸ਼ੀ, ਫਿਰ ਦੋ ਸਾਲਾਂ ਬਾਅਦ ਧੀ ਹੋ ਗਈ। ਜਗਦੇਵ ਨੇ ਹੁਣ ਸਾਇਕਲ 'ਤੇ ਦੁੱਧ

(ਬਾਕੀ ਅਗਲੇ ਸਫੇ 'ਤੇ)

# ਮਈ ਦਿਵਸ ਦਾ ਕਿਰਤੀ ਵਿਰਸਾ

ਜੰਗਲ ਤੋਂ ਸਭਿਅਤਾ ਤੱਕ ਮਨੁੱਖ ਦੇ ਸਫ਼ਰ ਤੇ ਵਿਕਾਸ ਦਾ ਮੁੱਖ ਆਧਾਰ ਕਿਰਤ ਹੈ। ਮਨੁੱਖੀ ਇਤਿਹਾਸ ਦੇ ਸ਼ੁਰੂ ਸਮੇਂ ਉਹ ਜੰਗਲਾਂ ਵਿਚ ਹੋਰ ਜਾਨਵਰਾਂ ਵਾਂਗ ਹੀ ਇੱਜੜ ਬਣਾ ਕੇ ਰਹਿੰਦਾ ਸੀ। ਨਾ ਉਸ ਨੂੰ ਮੌਸਮ ਦੀ ਮਾਰ ਤੋਂ ਬਚਣ ਵਾਸਤੇ ਕੁੱਲੀ ਪਾ ਲੈਣ ਦੀ ਅਕਲ ਸੀ ਅਤੇ ਨਾ ਤਨ ਢਕਣ ਦੀ ਸਮਝ ਤੇ ਨਾ ਸੰਗ-ਸ਼ਰਮ ਦਾ ਅਹਿਸਾਸ ਸੀ। ਹੋਰ ਜਾਨਵਰਾਂ ਵਾਂਗ ਹੀ ਉਹ ਕੁਦਰਤੀ ਕੰਦ-ਮੂਲ ਖਾ ਕੇ ਜਿਉਂਦਾ ਸੀ, ਭਾਵ ਉਸ ਨੂੰ ਅੱਗ ਦੀ ਸੋਝੀ ਵੀ ਨਹੀਂ ਸੀ। ਇੱਜੜਾਂ ਵਿਚ ਰਹਿੰਦੇ ਕੁੱਲੀ, ਗੁੱਲੀ, ਜੁੱਲੀ ਦੀ ਕਿਸੇ ਲੋੜ ਜਾਂ ਸਮਝ ਤੋਂ ਸੱਖਣੇ ਉਸ ਮਨੁੱਖ ਨੂੰ ਕਿਰਤ ਨੇ ਹੀ ਹੋਰ ਜਾਨਵਰਾਂ ਨਾਲੋਂ ਨਿਖੇੜਿਆ ਅਤੇ ਸਾਡੇ ਵਾਲਾ ਰੂਪ ਧਾਰਨ ਦੇ ਰਾਹ ਤੋਰਿਆ।

ਇਹ ਦੇਖਣਾ ਦਿਲਚਸਪ ਵੀ ਹੈ ਤੇ ਜ਼ਰੂਰੀ ਵੀ ਕਿ ਇਸ ਯਾਤਰਾ ਵਿਚ ਜੇ ਮਨੁੱਖ ਦਾ ਇਕ



ਪੈਰ ਕਿਰਤ ਬਣੀ ਤਾਂ ਦੂਜਾ ਪੈਰ ਬੋਲੀ ਬਣੀ। ਮਨੁੱਖੀ ਕਿਰਤ ਦਾ ਆਧਾਰ ਬਾਕੀ ਚਾਰ ਉਂਗਲਾਂ ਨਾਲੋਂ ਨਿੱਖੜ ਕੇ ਹੌਲੀ ਹੌਲੀ 90 ਦਰਜੇ ਉਤੇ ਪੁੱਜਿਆ ਹੱਥ ਦਾ ਅੰਗੂਠਾ ਹੈ। ਕੁਦਰਤ ਨੇ ਇਹ ਵਰ

**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਸਭ ਪ੍ਰਾਣੀਆਂ ਵਿਚੋਂ ਇਕੋ-ਇਕ ਮਨੁੱਖ ਨੂੰ ਦਿੱਤਾ। ਇਸ ਕਰਕੇ ਆਪਣਾ ਪੇਟ ਭਰਨ ਤੋਂ ਇਲਾਵਾ ਹੋਰ ਕਿਸਮਾਂ ਦੀ ਕਿਰਤ ਕਰਨ ਦੀ ਸ਼ਕਤੀ ਮਨੁੱਖ ਤੋਂ ਬਿਨਾਂ ਹੋਰ ਕਿਸੇ ਜੀਵ ਵਿਚ ਵਿਕਸਿਤ ਨਹੀਂ ਹੋਈ। ਉਂਗਲਾਂ ਨਾਲੋਂ ਨਿੱਖੜੇ ਮਨੁੱਖ ਦੇ ਅੰਗੂਠੇ ਨੇ ਹੱਥ ਨੂੰ ਮਜ਼ਬੂਤ ਪਕੜ ਦਿੱਤੀ ਜਿਸ ਨਾਲ ਕਿਰਤ ਦਾ ਰਾਹ ਖੁੱਲ੍ਹਿਆ। ਉਸ ਨੂੰ ਪੱਥਰ ਵਗਾਹ ਕੇ ਜਾਂ ਟੰਬਾ-ਮੋਹੜੀ ਤੋੜ ਕੇ ਫਲ ਲਾਹੁਣ ਦਾ ਤੇ ਸ਼ਿਕਾਰ ਕਰਨ ਦਾ ਪਤਾ ਲੱਗਿਆ। ਦੂਜੇ ਪੈਰ, ਅਰਥਾਤ ਬੋਲੀ ਦਾ, ਜੋ ਅੱਜ ਕੰਪਿਊਟਰੀ ਯੁਗ ਦੀ ਵਿਕਸਿਤ ਭਾਸ਼ਾ ਬਣ ਚੁੱਕੀ ਹੈ, ਮੁੱਢ ਉਸ ਸਮੇਂ ਬੱਝਿਆ ਜਦੋਂ ਚਾਰ ਪੈਰਾਂ ਵਾਲੇ ਇਸ ਪਸ਼ੂ ਨੇ ਸਿੱਧਾ ਤਣ ਕੇ ਪਿਛਲੇ ਦੋ ਨੂੰ ਪੈਰ ਰਖਦਿਆਂ ਅਗਲੇ ਦੋ ਨੂੰ ਹੱਥ ਬਣਾ ਲਿਆ ਅਤੇ ਉਚੀ ਥਾਂ ਖਲੋ ਕੇ ਦੂਰ ਦੂਰ ਤੱਕ ਪਸਰੀ ਹੋਈ ਕੁਦਰਤ ਨੂੰ ਨਿਹਾਰਦਿਆਂ ਤੇ ਮਹਿਸੂਸਦਿਆਂ ਅਚੰਭੇ ਤੇ ਅਨੰਦ ਨਾਲ ਲੰਮੀ ਤੇ ਉਚੀ ਕਿਲਕਾਰੀ ਮਾਰੀ। ਬਿਨਾਂ-ਸ਼ੱਕ ਜੇ ਧੁਨੀਆਂ ਅਤੇ ਸ਼ਬਦ ਉਸ ਦੇ ਵੱਸ ਵਿਚ ਹੁੰਦੇ, ਉਸ ਨੇ ਇਸ ਕਿਲਕਾਰੀ ਦੀ ਭਾਵਨਾ ਨੂੰ ਉਸੇ ਰੂਪ ਵਿਚ ਪ੍ਰਗਟ ਕਰਨਾ ਸੀ ਜਿਵੇਂ ਲੱਖਾਂ ਸਾਲ ਮਗਰੋਂ ਬਾਬਾ ਨਾਨਕ ਨੇ ਵਿਸਮਾਦੀ ਖੁਮਾਰੀ ਨਾਲ ਕਿਹਾ ਸੀ, "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥"

ਕਿਰਤ ਤੇ ਬੋਲੀ ਦੀਆਂ ਇਹ ਦੋਵੇਂ ਕਰਾਮਾਤਾਂ ਵਾਪਰਨ ਮਗਰੋਂ ਬੋਲੀ ਤੇ ਸੋਚ ਕਿਰਤ ਨੂੰ ਅਤੇ ਕਿਰਤ ਬੋਲੀ ਤੇ ਸੋਚ ਨੂੰ ਵਿਕਸਿਤ ਕਰਦੀ ਗਈ। ਜਦੋਂ ਹਾਕਮ ਜਮਾਤ ਦੇ ਅੰਗ ਗੁਰੂ ਦਰੋਣਾਚਾਰੀਆ ਨੇ ਏਕਲੱਵਿਅ ਤੋਂ ਅੰਗੂਠੇ ਦੀ ਗੁਰੂ-ਦੱਛਣਾ ਮੰਗੀ ਸੀ, ਉਹ ਉਸ ਨੂੰ ਸਿਰਫ ਹੱਥ ਦੇ ਇਕ ਹਿੱਸੇ ਤੋਂ ਵਿਰਵਾ ਹੀ ਨਹੀਂ ਸੀ ਕਰਨਾ ਚਾਹੁੰਦਾ, ਸਗੋਂ ਅੰਗੂਠੇ ਨੂੰ ਕਿਰਤ, ਬੋਲੀ ਤੇ ਵਿਕਾਸ ਦਾ ਪ੍ਰਤੀਕ ਮੰਨਦਿਆਂ ਉਸ ਦੀ ਜਾਤ-ਜਮਾਤ ਨੂੰ ਇਨ੍ਹਾਂ ਦੇ ਹਰ ਹੱਕ ਤੋਂ ਵਿਰਵਾ ਕਰਨ ਦਾ ਅਣਮਨੁੱਖੀ ਅਤੇ ਅਸਫਲ ਜਤਨ ਕਰ ਰਿਹਾ ਸੀ। ਦਰੋਣਾਚਾਰੀਆ ਦੇ ਖੋਹੇ ਅੰਗੂਠੇ ਤੋਂ ਬਿਨਾਂ ਵੀ ਬਾਕੀ ਚਾਰ ਉਂਗਲਾਂ ਦੇ ਸਹਾਰੇ ਹੀ ਉਸ ਦੇ ਲਾਡਲੇ ਸ਼ਿਸ਼ ਅਰਜੁਨ ਨੂੰ ਤੀਰਬਾਜ਼ੀ ਦੇ ਗਹਿਗੱਚ ਟਾਕਰੇ ਵਿਚ ਮੁੜ੍ਹਕੋ-ਮੁੜ੍ਹਕੀ ਕਰਦਿਆਂ ਏਕਲੱਵਿਅ ਨੇ ਆਮ ਲੋਕਾਂ ਦੀਆਂ ਭਵਿੱਖੀ ਨਸਲਾਂ ਦੇ ਕਿਰਤ, ਬੋਲੀ ਅਤੇ ਵਿਕਾਸ ਦੇ ਹੱਕ ਦਾ ਪਰਚਮ ਬੁਲੰਦ ਕਰ ਦਿਖਾਇਆ ਸੀ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਕੁਦਰਤ ਤੋਂ ਇਲਾਵਾ ਇਤਿਹਾਸ ਦੇ ਹਜ਼ਾਰਾਂ-ਲੱਖਾਂ ਸਾਲਾਂ ਵਿਚ ਸੰਸਾਰ ਵਿਚ ਜੋ ਕੁਝ ਵੀ ਨਵਾਂ ਸਿਰਜਿਆ ਗਿਆ ਹੈ, ਉਹ ਸਭ ਕਿਰਤੀ ਹੱਥਾਂ ਦਾ ਜਾਦੂ ਤੇ ਕਾਰਨਾਮਾ ਹੈ। ਅੱਗ ਦੀ ਲੱਭਤ ਤੇ ਪਹੀਏ ਦੀ ਕਾਢ ਤੋਂ ਲੈ ਕੇ ਕੰਪਿਊਟਰ ਤੱਕ ਸਭ ਕਿਰਤੀ ਹੱਥਾਂ ਦੀ ਹੀ ਕਰਾਮਾਤ ਹੈ!

ਮੁੱਢਲੇ ਸਮਾਜਾਂ ਤੋਂ ਮਗਰੋਂ ਖੇਤੀ-ਪ੍ਰਧਾਨ ਸਮਾਜ ਬਣਨ ਨਾਲ ਕਿਰਤ ਦਾ ਮਹੱਤਵ ਹੋਰ ਵਧਿਆ। ਪਰ ਖੇਤੀ ਵਿਚ ਕਿਰਤ ਕਰਨ ਵਾਲੇ ਬਹੁਤੇ ਲੋਕ ਖੇਤ ਦੇ ਮਾਲਕ ਵੀ ਆਪ ਹੀ ਹੁੰਦੇ ਸਨ। ਮਾਲਕ ਅਤੇ ਕਿਰਤੀ ਦਾ ਅਸਲ ਨਿਖੇੜਾ ਵਿਗਿਆਨ ਦੇ ਲਿਆਂਦੇ ਮਸ਼ੀਨੀ ਇਨਕਲਾਬ ਨਾਲ ਹੋਇਆ। ਨਵੀਆਂ ਸਨਅਤਾਂ ਤੇ ਫੈਕਟਰੀਆਂ ਲੱਗਣ ਲੱਗੀਆਂ ਜਿਨ੍ਹਾਂ ਨੂੰ ਵੱਡੀ ਗਿਣਤੀ ਵਿਚ ਕਿਰਤੀ ਹੱਥਾਂ ਦੀ ਲੋੜ ਪੈਂਦੀ ਸੀ। ਉਨ੍ਹਾਂ ਦੇ ਮਾਲਕ ਹੋਰ ਹੁੰਦੇ ਸਨ ਜੋ ਆਪ ਹੱਥੀਂ ਕਿਰਤ ਨਹੀਂ ਸਨ ਕਰਦੇ। ਉਨ੍ਹਾਂ ਵਿਚ ਕੰਮ ਕਰਨ ਵਾਲੇ ਕਾਮੇ ਹੋਰ ਹੁੰਦੇ ਸਨ ਜਿਨ੍ਹਾਂ ਦਾ ਉਨ੍ਹਾਂ ਦੀ ਮਾਲਕੀ ਵਿਚ ਕੋਈ ਹਿੱਸਾ ਨਹੀਂ ਸੀ ਹੁੰਦਾ। ਕੁਦਰਤੀ ਸੀ, ਇਹ ਹਾਲਤ ਮਾਲਕਾਂ ਵਿਚ ਘੱਟ ਤੋਂ ਘੱਟ ਉਜਰਤ ਦੇ ਕੇ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਤੇ ਇਉਂ ਵੱਧ ਤੋਂ ਵੱਧ ਨਫਾ ਕਮਾਉਣ ਦੀ ਸੋਚ ਨੂੰ ਜਨਮ ਦਿੰਦੀ।

ਸੂਰਜ ਉਦੈ ਤੋਂ ਅਸਤ ਤੱਕ ਦੀ ਦਿਹਾੜੀ ਤਾਂ ਸਾਧਾਰਨ ਗੱਲ ਸੀ। ਅਨੇਕ ਸਨਅਤਾਂ ਵਿਚ 14 ਜਾਂ 16 ਘੰਟੇ, ਇਥੋਂ ਤੱਕ ਕਿ 18 ਘੰਟੇ ਕੰਮ ਲੈਣਾ ਵੀ ਕੋਈ ਗ਼ੈਰ-ਕਾਨੂੰਨੀ ਗੱਲ ਨਹੀਂ ਸੀ। 1806 ਵਿਚ ਅਮਰੀਕਾ ਵਿਚ ਮੰਗਾਂ ਮੰਨਵਾਉਣ ਲਈ ਹੜਤਾਲ ਕਰਨ ਵਾਲੇ ਮਜ਼ਦੂਰਾਂ ਦੇ ਆਗੂਆਂ ਨੂੰ ਸਾਜ਼ਿਸ਼ ਕੇਸ ਵਿਚ ਉਲਝਾਇਆ ਗਿਆ ਤਾਂ ਸੁਣਵਾਈ ਸਮੇਂ ਇਹ ਸੱਚ ਉਭਰ ਕੇ ਸਾਹਮਣੇ ਆਇਆ ਕਿ ਕੁਝ ਫੈਕਟਰੀਆਂ ਵਿਚ 19-20 ਘੰਟੇ ਰੋਜ਼ ਕੰਮ ਵੀ ਲਿਆ ਜਾਂਦਾ ਸੀ। ਅਜਿਹੀ ਧੱਕੇਸ਼ਾਹੀ ਵਿਰੁਧ ਸਮੇਂ ਸਮੇਂ ਵੱਖ ਵੱਖ ਥਾਂਵਾਂ ਉਤੇ ਉਠਦੀਆਂ ਰਹੀਆਂ ਕਈ ਕਿਸਮ ਦੀਆਂ ਮੰਗਾਂ ਹੌਲੀ ਹੌਲੀ ਨਿੱਤਰ ਕੇ ਸਾਂਝੀਆਂ ਚਾਰ ਮੰਗਾਂ ਦਾ ਰੂਪ ਧਾਰ ਗਈਆਂ। ਅੱਠ ਘੰਟੇ ਦੀ ਦਿਹਾੜੀ; ਹਫ਼ਤਾਵਾਰੀ ਛੁੱਟੀ; ਕੰਮ ਅਨੁਸਾਰ ਵਾਜਬ ਉਜਰਤ; ਜਥੇਬੰਦ ਹੋਣ ਦਾ ਅਧਿਕਾਰ।

ਇਹ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਫੈਕਟਰੀ ਮਾਲਕਾਂ ਜਾਂ ਸਰਕਾਰ ਨੇ ਇਹ ਮੰਗਾਂ ਸੌਖਿਆਂ ਹੀ ਮੰਨ ਲੈਣੀਆਂ ਹਨ। ਇਉਂ ਜਦੋਜਹਿਦ ਦਾ ਲੰਮਾ ਦੌਰ ਸ਼ੁਰੂ ਹੋ ਗਿਆ। 1837 ਦੇ ਆਰਥਕ ਮੰਦਵਾੜੇ ਨੇ ਅਮਰੀਕੀ ਰਾਸ਼ਟਰਪਤੀ ਨੂੰ ਮਜਬੂਰ ਕਰ ਦਿੱਤਾ ਕਿ ਸਰਕਾਰੀ ਕੰਮਾਂ ਉਤੇ ਲੱਗੇ ਲੋਕਾਂ ਦਾ ਦਿਨ ਦਸ ਘੰਟੇ ਦਾ ਕਰ ਦਿੱਤਾ ਜਾਵੇ। ਕੁਦਰਤੀ ਸੀ, ਇਸ ਕਾਰਨ ਮਜ਼ਦੂਰਾਂ ਦੀ ਛੋਟੇ ਦਿਨ ਦੀ ਮੰਗ ਨੇ ਹੋਰ ਜ਼ੋਰ ਫੜ ਲਿਆ। ਮਜ਼ਦੂਰ ਆਪਣੀਆਂ ਮੰਗਾਂ ਮੰਨਵਾਉਣ ਵਾਸਤੇ ਕਿਸੇ ਆਗਿਆ ਤੋਂ ਬਿਨਾਂ ਹੀ ਜਥੇਬੰਦੀਆਂ ਬਣਾਉਣ ਲੱਗ ਪਏ। ਰਾਹ ਖੁੱਲ੍ਹਿਆ ਦੇਖ ਦੂਜੇ ਸਨਅਤੀ ਦੇਸ਼ਾਂ ਦੇ ਮਜ਼ਦੂਰਾਂ ਨੇ ਵੀ ਜਥੇਬੰਦੀਆਂ ਬਣਾਉਣੀਆਂ ਤੇ ਮੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਫੈਕਟਰੀਆਂ ਦੇ ਮਾਲਕ ਦੂਰ ਬੈਠੇ ਆਪਣੀਆਂ ਤਜੌਰੀਆਂ ਭਰਦੇ ਸਨ। ਮਜ਼ਦੂਰਾਂ ਨੂੰ ਉਨ੍ਹਾਂ ਦਾ ਕੋਈ ਥਹੁਪਤਾ ਨਹੀਂ ਸੀ ਹੁੰਦਾ। ਉਹ ਏਨਾ ਜਾਣਦੇ ਸਨ ਕਿ ਉਨ੍ਹਾਂ ਤੋਂ ਕੰਮ ਕਰਵਾਉਣ ਵਾਲੇ ਤਾਂ ਆਪ ਉਨ੍ਹਾਂ ਵਾਂਗ ਅਦਿੱਖ ਮਾਲਕ ਦੇ ਚਾਕਰ ਹਨ ਜੋ ਵੱਧ ਤੋਂ ਵੱਧ ਉਨ੍ਹਾਂ ਦੀ ਫਰਿਆਦ ਉਸ ਤੱਕ ਪੁਚਾ ਸਕਦੇ ਹਨ ਜਿਸ ਦਾ ਕਦੀ ਕੋਈ ਜਵਾਬ ਨਹੀਂ ਆਉਣਾ ਹੁੰਦਾ। ਕਈ ਵਾਰ ਤਾਂ ਅੱਕੇ ਹੋਏ ਮਜ਼ਦੂਰ ਉਨ੍ਹਾਂ ਤੋਂ ਕੰਮ ਲੈਣ ਵਾਲੇ ਪ੍ਰਬੰਧਕਾਂ ਦੀ ਥਾਂ ਮਸ਼ੀਨਾਂ ਨੂੰ ਮਾਲਕ ਦਾ ਅਸਲ ਰੂਪ ਸਮਝਦੇ। ਉਹ ਕਚੀਚੀ ਵਟਦੇ, "ਐਹ ਨੇ ਜਿਨ੍ਹਾਂ ਨੇ ਸਾਡਾ ਲਹੂ ਪੀ ਛੱਡਿਆ ਹੈ!" ਨਤੀਜੇ ਵਜੋਂ ਉਹ ਕਰੋਧ ਵਿਚ ਆ ਕੇ ਆਪਣੀ ਮੰਦਹਾਲੀ ਲਈ ਜ਼ਿੰਮੇਦਾਰ ਸਮਝਦਿਆਂ ਮਸ਼ੀਨਾਂ ਨੂੰ ਤੋੜ-ਭੰਨ ਦਿੰਦੇ।



*ਸ਼ਿਕਾਗੋ ਦੇ ਮਜਦੂਰਾਂ ਉਤੇ ਪੁਲਸੀ ਹਮਲਾ ਜੋ ਮਈ ਦਿਵਸ ਦਾ ਬੀ ਸਿੱਧ ਹੋਇਆ*

ਪਹਿਲੀ ਮਈ 1886 ਨੂੰ ਅਮਰੀਕਾ ਦੇ ਅਨੇਕ ਸਨਅਤੀ ਸ਼ਹਿਰਾਂ ਦੇ ਕਿਰਤੀਆਂ ਨੇ ਮੰਗਾਂ ਨੂੰ ਲੈ ਕੇ ਹੜਤਾਲ ਕਰ ਦਿੱਤੀ। ਹੋਰ ਸ਼ਹਿਰਾਂ ਵਾਂਗ ਸ਼ਿਕਾਗੋ ਦੇ ਹੇਅ ਮਾਰਕਿਟ ਚੌਕ ਵਿਚ ਵੀ ਭਾਰੀ ਇਕੱਠ ਹੋਇਆ। ਭੀੜ ਵਿਚ ਸ਼ਰਾਰਤ ਨਾਲ ਬੰਬ ਸੁੱਟ ਦਿੱਤਾ ਗਿਆ। ਨਤੀਜੇ ਵਜੋਂ ਰੋਸ ਅਗਲੇ ਦਿਨਾਂ ਤੱਕ ਲਮਕ ਗਿਆ। ਚਾਰ ਮਈ ਨੂੰ ਉਸੇ ਚੌਕ ਵਿਚ ਸ਼ਾਂਤਮਈ ਰੋਸ-ਸਭਾ ਲਈ ਜੁੜੇ ਕਿਰਤੀ ਘਰਾਂ ਨੂੰ ਜਾਣ ਲੱਗੇ ਸਨ ਕਿ ਉਨ੍ਹਾਂ ਉਤੇ ਗੋਲੀ ਚਲਾ ਦਿੱਤੀ ਗਈ। ਨਤੀਜੇ ਵਜੋਂ ਕਈ ਲੋਕ ਮਾਰੇ ਗਏ। ਇਕ ਮਈ ਨੂੰ ਸ਼ੁਰੂ ਹੋਈ ਇਸ ਘਟਨਾ-ਲੜੀ ਦੀ ਯਾਦ ਵਿਚ ਹਰ ਸਾਲ ਦੀ ਇਕ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਣ ਲੱਗਿਆ। ਹੌਲੀ ਹੌਲੀ ਵੱਖ ਵੱਖ ਦੇਸ਼ਾਂ ਦੀਆਂ ਮਜ਼ਦੂਰ ਜਥੇਬੰਦੀਆਂ ਦਾ ਆਪਸੀ ਸੰਪਰਕ ਸੰਘਣਾ ਹੋ ਗਿਆ। ਇਉਂ ਇਕ ਕੇਂਦਰੀ ਮਜ਼ਦੂਰ ਸੰਗਠਨ ਵੀ ਹੋਂਦ ਵਿਚ ਆ ਗਿਆ। ਇਸ ਕੇਂਦਰੀ ਸੰਗਠਨ ਨੇ ਫੈਸਲਾ ਲਿਆ ਕਿ ਦੁਨੀਆਂ ਭਰ ਦੇ ਮਜ਼ਦੂਰ ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਦੀ ਯਾਦ ਵਿਚ ਇਕ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਕਰਨਗੇ। ਇਸ ਦਿਹਾੜੇ ਦਾ ਹਰਮਨ ਪਿਆਰਾ ਨਾਂ 'ਮਈ ਦਿਵਸ' ਮਸ਼ਹੂਰ ਹੋ ਗਿਆ।

ਇਹ ਕਿਰਤੀ ਜਥੇਬੰਦੀਆਂ ਦੀ ਲੰਮੀ ਕੌਮਾਂਤਰੀ ਜਦੋਜਹਿਦ ਦਾ ਸਿੱਟਾ ਹੈ ਕਿ ਹੁਣ ਦੁਨੀਆਂ ਭਰ ਵਿਚ ਅੱਠ ਘੰਟੇ ਦੀ ਦਿਹਾੜੀ ਹੈ, ਹਫ਼ਤਾਵਾਰੀ ਛੁੱਟੀ ਹੁੰਦੀ ਹੈ, ਉਜਰਤ ਵੀ ਵਾਜਬ ਮਿਲਦੀ ਹੈ ਅਤੇ ਟਰੇਡ ਯੂਨੀਅਨਾਂ ਆਪਣਾ ਮਜ਼ਦੂਰ-ਹਿਤੈਸ਼ੀ ਕਾਰਜ ਕਰ ਰਹੀਆਂ ਹਨ।

ਜਿਵੇਂ ਇਸ ਸਾਰੀ ਵਾਰਤਾ ਤੋਂ ਸਪੱਸ਼ਟ ਹੈ, ਕਿਰਤੀਆਂ ਦੇ ਦਿਨ, ਭਾਵ ਮਈ ਦਿਵਸ ਦਾ ਮੁੱਢ ਅਮਰੀਕਾ ਵਿਚ ਬੱਝਿਆ। ਦੂਜੇ ਸਭ ਦੇਸ਼ਾਂ ਨੇ ਇਹ ਦਿਨ ਅਮਰੀਕਾ ਦੀ ਇਸੇ ਘਟਨਾ ਸਦਕਾ ਮਈ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ। ਦਿਲਚਸਪ ਗੱਲ ਇਹ ਹੈ ਕਿ ਬਾਕੀ ਦੁਨੀਆਂ ਮਈ ਦਿਵਸ ਮਨਾਉਂਦੀ ਹੈ ਪਰ ਅਮਰੀਕਾ ਦਾ ਕਿਰਤੀ ਦਿਵਸ ਸਤੰਬਰ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਹੋਇਆ ਇਹ ਕਿ 1886 ਵਿਚ ਮਜ਼ਦੂਰਾਂ ਨੂੰ ਵੱਡੇ ਪੈਮਾਨੇ ਉਤੇ ਮਈ ਦਿਵਸ ਦੀ ਤਿਆਰੀ ਕਰਦਿਆਂ ਦੇਖ ਉਸ ਸਮੇਂ ਦੇ ਰਾਸ਼ਟਰਪਤੀ ਗਰੋਵਰ ਕਲੀਵਲੈਂਡ ਨੂੰ ਚਿੰਤਾ ਹੋਈ ਕਿ ਇਉਂ ਤਾਂ ਸ਼ਿਕਾਗੋ ਵਿਚ ਡੁੱਲ੍ਹੇ ਕਾਮਿਆਂ ਦੇ ਲਹੂ ਦੀ ਯਾਦ ਹਰ ਸਾਲ ਸੱਜਰੀ ਹੁੰਦੀ ਰਹੇਗੀ! ਉਹਨੇ ਐਲਾਨ ਕੀਤਾ ਕਿ ਅਮਰੀਕਾ ਦੇ ਕਿਰਤੀਆਂ ਦੀ ਸਮਾਜਕ ਤੇ ਆਰਥਕ ਪ੍ਰਾਪਤੀਆਂ ਵਿਚ ਵੱਡੀ ਦੇਣ ਹੈ। ਇਸ ਦੇਣ ਦਾ ਜਸ਼ਨ ਮਨਾਉਣ ਵਾਸਤੇ ਹਰ ਸਾਲ ਸਤੰਬਰ ਦੇ ਪਹਿਲੇ ਐਤਵਾਰ ਨੂੰ ਕਿਰਤ ਦਿਵਸ ਵਜੋਂ ਛੁੱਟੀ ਰਿਹਾ ਕਰੇਗੀ। ਇਉਂ ਮਈ ਦਿਵਸ ਦੇ ਮੋਢੀ ਅਮਰੀਕਾ ਵਿਚ ਮਜ਼ਦੂਰਾਂ ਦੀ ਸੂਰਬੀਰ ਜਦੋਜਹਿਦ ਦਾ ਪ੍ਰਤੀਕ ਮਈ ਦਿਵਸ ਹੌਲੀ ਹੌਲੀ ਭੁਲਾ ਦਿੱਤਾ ਗਿਆ ਅਤੇ ਸਾਰੀ ਦੁਨੀਆਂ ਤੋਂ ਵੱਖਰੇ ਤੌਰ 'ਤੇ ਸਤੰਬਰ ਦਾ ਪਹਿਲਾ ਐਤਵਾਰ ਕਿਰਤੀਆਂ ਦੇ ਆਰਾਮ ਅਤੇ ਮੌਜ-ਮੇਲੇ ਦੇ ਪ੍ਰਤੀਕ ਵਜੋਂ ਮਨਾਇਆ ਜਾਣ ਲੱਗਿਆ!

# ਇਸ ਜਿੰਦੜੀ ਦਾ ਇਕੋ-ਇਕ ਗੇੜ...

*(ਪਿਛਲੇ ਸਫੇ ਦੀ ਬਾਕੀ)*

ਢੋਣਾ ਛੱਡ ਕੇ ਬੁਲਟ ਮੋਟਰ ਸਾਈਕਲ ਲੈ ਲਿਆ। ਤਰੱਕੀ ਨਾਲ ਜਾਨ ਵੀ ਸੁਖਾਲੀ ਹੋ ਗਈ ਤੇ ਸਾਰੇ ਦਿਨ ਦਾ ਕੰਮ ਕੁਝ ਘੰਟਿਆਂ ਵਿਚ ਹੀ ਹੋ ਜਾਂਦਾ ਪਰ ਮਾੜੀ ਕਿਸਮਤ! ਇਕ ਦਿਨ ਜਗਦੇਵ ਦੁੱਧ ਪਾ ਕੇ ਵਾਪਸ ਆ ਰਿਹਾ ਸੀ ਕਿ ਸੇਮ ਦੇ ਪੁਲ 'ਤੇ ਦੋ ਸਿੰਘਾਂ ਨੇ ਜਗਦੇਵ ਨੂੰ ਰੋਕ ਕੇ ਮੋਟਰ ਸਾਈਕਲ ਦੀ ਮੰਗ ਕੀਤੀ। ਜਗਦੇਵ ਨੇ ਜਵਾਬ ਦੇ ਦਿੱਤਾ ਤਾਂ ਉਨ੍ਹਾਂ ਕੰਬਲੀਆਂ ਚੁੱਕ ਕੇ ਅਸਾਲਟਾਂ ਦਿਖਾ ਦਿੱਤੀਆਂ। ਜਗਦੇਵ ਨੇ ਮੋਟਰ ਸਾਈਕਲ ਦੇ ਦਿੱਤਾ। ਸ਼ਾਮ ਨੂੰ ਉਨ੍ਹਾਂ ਸਿੰਘਾਂ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ। ਉਹ ਮੋਟਰ ਸਾਈਕਲ ਛੱਡ ਕੇ ਦੌੜ ਗਏ, ਤੇ ਪੁਲਿਸ ਜਗਦੇਵ ਨੂੰ ਚੁੱਕ ਕੇ ਲੈ ਗਈ। ਚਾਰ ਦਿਨ ਜਗਦੇਵ ਦਾ ਪਤਾ ਹੀ ਨਾ ਲੱਗਿਆ ਕਿ ਉਹ ਕਿਹੜੇ ਥਾਣੇ ਵਿਚ ਹੈ। ਫਿਰ ਸੂਹ ਮਿਲੀ ਕਿ ਉਸ ਨੂੰ ਲੱਢਾ ਕੋਠੀ ਲੈ ਗਏ ਹਨ ਜਿਥੇ ਉਸ ਤੋਂ ਖਾੜਕੂਆਂ ਦੇ ਪਤੇ-ਟਿਕਾਣੇ ਪੁੱਛਣ ਲਈ ਉਸ ਉਤੇ ਤਸ਼ੱਦਦ ਹੋ ਰਿਹਾ ਹੈ। ਇਕ ਹਫ਼ਤੇ ਪਿੱਛੋਂ ਜਗਦੇਵ ਨੂੰ ਰਿਸ਼ਵਤ ਅਤੇ ਸਿਫਾਰਸ਼ ਨਾਲ ਪੁਲਿਸ ਹੱਥੋਂ ਛੁਡਾਇਆ ਗਿਆ। ਪਿੱਛੇ ਦਿਨਾਂ ਵਿਚ ਹੀ ਉਸ ਦੀ ਕੰਮ ਵਾਲੀ ਰੂਪ-ਰੇਖਾ ਵੀ ਟੇਢੀ ਹੋ ਗਈ। ਸਾਰਾ ਪਰਿਵਾਰ ਤਾਂ ਉਸ ਨੂੰ ਛੁਡਾਉਣ ਦੇ ਚੱਕਰਾਂ ਵਿਚ ਖਾਣਾ-ਪੀਣਾ ਭੁੱਲ ਗਿਆ ਸੀ। ਦੁੱਧ ਦੇ ਕੰਮ ਦੀ ਕਿਸ ਨੂੰ ਸੋਝੀ ਰਹਿਣੀ ਸੀ!

ਜਗਦੇਵ ਮਸਾਂ ਮਹੀਨੇ ਬਾਅਦ ਤੁਰਨ ਵਾਲਾ ਹੋਇਆ। ਮਾੜੀ ਕਿਸਮਤ, ਪਿੰਡ ਵਿਚ ਫਿਰ ਸਿੰਘਾਂ ਨੇ ਇਕ ਮੁਖਬਰ ਨੂੰ ਗੱਡੀ ਚਾੜ੍ਹ ਦਿੱਤਾ। ਜਗਦੇਵ ਨੂੰ ਪੁਲਿਸ ਨੇ ਦੁਬਾਰਾ ਚੁੱਕ ਲਿਆ ਤੇ ਤਸ਼ੱਦਦ ਕੀਤਾ। ਚਾਰ ਦਿਨਾਂ ਬਾਅਦ ਜਗਦੇਵ ਫਿਰ ਘਰ ਮੁੜਿਆ। ਜਦੋਂ ਜਗਦੇਵ ਨੂੰ ਥਾਣੇ ਵਿਚੋਂ ਬਾਹਰ ਲਿਆਉਣ ਲੱਗੇ ਤਾਂ ਥਾਣੇਦਾਰ ਕਹਿੰਦਾ, "ਬਾਪੂ! ਹੁਣ ਪੁੱਤ ਨੂੰ ਪਿੰਡ ਨਾ ਰੱਖੀਂ। ਬਾਹਰ ਕੱਢ ਦੇ। ਨਹੀਂ ਤਾਂ ਅਗਲੀ ਵਾਰੀ ਪੁੱਤ ਦੀ ਥਾਂ ਪੁੱਤ ਦੇ ਕੱਪੜੇ ਹੀ ਮਿਲਣਗੇ।"

ਜਗਦੇਵ ਦੇ ਬਾਪੂ ਨੇ ਅੱਖਾਂ ਭਰਦਿਆਂ ਕਿਹਾ, "ਪੁੱਤ ਜਿਉਂਦਾ ਰਹਿ...ਅਸੀਂ ਕੋਸ਼ਿਸ਼ ਕਰਾਂਗੇ।"

ਜਗਦੇਵ ਨੂੰ ਘਰ ਲਿਆ ਕੇ ਉਸ ਦਾ ਇਲਾਜ ਕਰਵਾਇਆ। ਫਿਰ ਬਾਹਰ ਤੋਰਨ ਦੀ ਵਿਉਂਤ ਸ਼ੁਰੂ ਹੋਈ। ਜੋ ਰੁਪਇਆ ਕਮਾਇਆ ਸੀ, ਉਹ ਜਗਦੇਵ ਦੇ ਚੱਕਰਾਂ ਵਿਚ ਪੁਲਿਸ ਲੈ ਗਈ ਸੀ। ਰੁਪਏ ਤਾਂ ਹੁਣ ਜ਼ਮੀਨ ਬੈਅ ਕਰ ਕੇ ਹੀ ਮਿਲ ਸਕਦੇ ਸਨ। ਜਦੋਂ ਜ਼ਮੀਨ ਵੇਚਣ ਦੀ ਗੱਲ ਤੁਰੀ ਤਾਂ ਸੁਖਦੇਵ ਨੇ ਰੌਲਾ ਪਾ ਲਿਆ ਕਿ ਮੈਂ ਜ਼ਮੀਨ ਨਹੀਂ ਵੇਚਣ ਦੇਣੀ। ਜ਼ਮੀਨ ਵੇਚਣ ਨਾਲ ਪਿੰਡ ਵਿਚ ਮਾਸਾ ਇੱਜ਼ਤ ਨਹੀਂ ਰਹਿਣੀ।

ਫਿਰ ਜਗਦੇਵ ਦੀ ਭੂਆ ਨੇ ਆਪਣੀ ਜ਼ਮੀਨ ਵੇਚ ਕੇ ਜਗਦੇਵ ਨੂੰ ਬਾਹਰ ਤੋਰਨ ਦਾ ਜ਼ਿੰਮਾ ਲਿਆ। ਜਗਦੇਵ ਤਿੰਨ ਮਹੀਨਿਆਂ ਵਿਚ ਅਮਰੀਕਾ ਆ ਗਿਆ। ਸਾਰੇ ਪਰਿਵਾਰ ਨੇ ਸ਼ੁਕਰ ਮਨਾਇਆ ਕਿ ਉਹਦੀ ਜਾਨ ਬਚ ਗਈ। ਜਗਦੇਵ ਦੇ ਹੱਡਾਂ ਵਿਚ ਪੁਲਿਸ ਦੀ ਕੁੱਟ ਰੜਕਦੀ ਰਹਿੰਦੀ। ਤਿੰਨ ਮਹੀਨੇ ਕਿਸੇ ਕੋਲ ਰਹਿ ਕੇ ਉਹ ਕਿਸੇ ਪੰਜਾਬੀ ਰੈਸਟੋਰੈਂਟ 'ਤੇ ਲੱਗ ਗਿਆ। ਜੋ ਕੁਝ ਹੋਇਆ, ਉਸ ਨੂੰ ਭਾਣਾ ਮੰਨਦਾ ਹੋਇਆ ਜਗਦੇਵ ਕੰਮ ਵਿਚ ਜੁਟ ਗਿਆ। ਕਈ ਸਾਲ ਤਾਂ ਜਗਦੇਵ ਰੈਸਟੋਰੈਂਟ 'ਤੇ ਹੀ ਕੰਮ ਕਰਦਾ ਰਿਹਾ। ਡਾਲਰ ਤਾਂ ਬਣਦੇ ਸੀ, ਪਰ ਉਹ ਪੇਪਰ ਬਣਾਉਣ ਲਈ ਵੀ ਕਾਹਲਾ ਪੈਣ ਲੱਗਿਆ। ਰਿਫਿਊਜੀ ਕੇਸ ਫਾਇਲ ਕਰ ਦਿੱਤਾ। ਵਰਕ ਪਰਮਿਟ ਮਿਲਣ 'ਤੇ ਰੈਸਟੋਰੈਂਟ ਦੇ ਮਾਲਕ ਨੇ ਤਨਖਾਹ ਵਧਾਉਣ ਦੇ ਨਾਲ-ਨਾਲ ਉਸ ਨੂੰ ਕੁੱਕ ਵੀ ਬਣਾ ਦਿੱਤਾ। ਕੇਸ ਵੀ ਦਿਨਾਂ ਨਾਲ ਅਗਾਂਹ ਤੁਰਦਾ ਗਿਆ। ਜਗਦੇਵ ਨੇ ਪਿੱਛੇ ਵਧੀਆ ਕੋਠੀ ਪਾ ਦਿੱਤੀ ਸੀ ਅਤੇ ਛੇ ਕਿੱਲੇ ਜ਼ਮੀਨ ਬੈਅ ਖਰੀਦ ਲਈ ਸੀ। ਭੂਆ ਦੀ ਵੇਚੀ ਜ਼ਮੀਨ ਦੇ ਰੁਪਏ ਵੀ ਭੂਆ ਦੇ ਨਾਮ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੇ। ਜਗਦੇਵ ਨੂੰ ਪਿੰਡੋਂ ਆਇਆਂ ਦਸ ਸਾਲ ਹੋ ਗਏ ਸਨ, ਪਰ ਅਜੇ ਵਾਪਸ ਜਾਣ ਦਾ ਕੋਈ ਓਹੜ-ਪੁਹੜ ਨਹੀਂ ਸੀ ਬਣ ਸਕਿਆ।

ਪਰਿਵਾਰ ਨੂੰ ਵਿਛੋੜਾ ਤਾਂ ਪਿਆ ਸੀ, ਪਰ ਇਸ ਵਿਛੋੜੇ ਨੇ ਪਰਵਿਾਰ ਨੂੰ ਬਹੁਤ ਸੁਖਾਲਾ ਕਰ ਦਿੱਤਾ ਸੀ। ਹੁਣ ਤਾਂ ਸੁਖਦੇਵ ਵੀ ਨੀਲੀ ਪੱਗ ਬੰਨ੍ਹ ਕੇ ਜਥੇਦਾਰ ਬਣ ਗਿਆ ਸੀ। ਸੁਖਦੇਵ ਦੇ ਪੁੱਤ ਧੀ ਵੀ ਵੱਡੇ ਹੋ ਰਹੇ ਸੀ। ਬੱਸ, ਮਾਂ-ਬਾਪ ਜਗਦੇਵ ਨੂੰ ਮਿਲਣ ਲਈ ਤਰਸ ਰਹੇ ਸਨ। ਅਖੀਰ ਤੇਰਾ ਸਾਲਾਂ ਬਾਅਦ ਰਿਫਿਊਜੀ ਕੇਸ ਪਾਸ ਹੋਣ 'ਤੇ ਜਗਦੇਵ ਦੇ ਰੋਂਦੇ ਮੁੱਖ 'ਤੇ ਖੁਸ਼ੀ ਨੱਚਣ ਲੱਗ ਪਈ। ਇਕ ਸਾਲ ਬਾਅਦ ਚਰਨੀ ਦੋਵੇਂ ਬੱਚੇ ਲੈ ਕੇ ਨਿਊ ਯਾਰਕ ਏਅਰਪੋਰਟ 'ਤੇ ਆ ਗਈ।

ਬੀਤਿਆ ਸਮਾਂ ਝੱਟ ਭੁੱਲ ਗਿਆ। ਪਰਿਵਾਰ ਦੇ ਮਿਲਾਪ ਨੇ ਵਿਛੋੜੇ ਦੇ ਜ਼ਖ਼ਮਾਂ 'ਤੇ ਮਲ੍ਹਮ ਲਾ ਦਿੱਤੀ। ਜਗਦੇਵ ਖੁਸ਼ੀ ਵਿਚ ਜੈਕਾਰੇ ਲਾਉਣ ਲੱਗਿਆ। ਪਰਿਵਾਰ ਵਿਚ ਰਹਿੰਦਿਆਂ ਪਤਾ ਹੀ ਨਾ ਲੱਗਿਆ, ਕਦੋਂ ਪੰਜ ਸਾਲ ਹੋਰ ਬੀਤ ਗਏ। ਜਦੋਂ ਗਰੀਨ ਕਾਰਡ ਮਿਲਿਆ, ਤਾਂ ਜਗਦੇਵ ਨੂੰ ਇਥੇ ਆਇਆਂ ਵੀਹ ਸਾਲ ਹੋ ਗਏ ਸਨ। ਉਹ ਵੀਹ ਸਾਲਾਂ ਬਾਅਦ ਪਿੰਡ ਜਾਣ ਲੱਗਿਆ ਤਾਂ ਬਾਪੂ ਦੇ ਸੁਰਗਵਾਸ ਹੋਣ ਦੀ ਖਬਰ ਮਿਲ ਗਈ। ਜਗਦੇਵ ਬਾਪੂ ਨੂੰ ਮਿਲ ਨਾ ਸਕਿਆ। ਪਹਿਲੇ ਗੇੜੇ ਉਹ ਵੀਹ ਦਿਨ ਪਿੰਡ ਰਹਿ ਕੇ ਵਾਪਸ ਆ ਗਿਆ ਸੀ। ਅਗਲੇ ਸਾਲ ਫਿਰ ਪਿੰਡ ਗਿਆ ਤਾਂ ਭਰਾ ਨਾਲ ਜ਼ਮੀਨ ਵੰਡਣ ਦੀ ਗੱਲ ਕੀਤੀ। ਕਈ ਦਿਨ ਤਾਂ ਸੁਖਦੇਵ ਨੇ ਗੱਲ ਵੱਲ ਧਿਆਨ ਹੀ ਨਾ ਦਿੱਤਾ। ਫਿਰ ਭੂਆ ਰਾਹੀਂ ਅਖਵਾਇਆ। ਭੂਆ ਨੇ ਵੀ ਸੁਖਦੇਵ ਨੂੰ ਕਿਹਾ ਕਿ ਦੋਵਾਂ ਮੋਟਰਾਂ ਵਿਚੋਂ ਇਕ ਜਗਦੇਵ ਨੂੰ ਦੇ ਦੇ, ਪਰ ਸੁਖਦੇਵ ਦੋਵਾਂ ਮੋਟਰਾਂ ਤੋਂ ਕਬਜ਼ਾ ਨਹੀਂ ਸੀ ਛੱਡਣਾ ਚਾਹੁੰਦਾ। ਉਪਰੋਂ ਜ਼ਮੀਨਾਂ ਦੇ ਭਾਅ ਅਸਮਾਨੀ ਚੜ੍ਹ ਗਏ ਸਨ। ਫਿਰ ਇਕ ਦਿਨ ਦੋਵਾਂ ਭਰਾਵਾਂ ਦੀ ਤੂੰ-ਤੂੰ, ਮੈਂ-ਮੈਂ ਹੋ ਗਈ। ਕੰਮ ਖਰਾਬ ਹੁੰਦਾ ਦੇਖ ਸੁਖਦੇਵ ਨੇ ਜਗਦੇਵ ਦੇ ਬਚਪਨ ਦੇ ਯਾਰ ਪਾਲੀ ਨੂੰ ਸੱਦ ਕੇ ਸਮਝਾਇਆ ਕਿ ਆਪਣੇ ਯਾਰ ਨੂੰ ਸਮਝਾਵੇ।

ਪਾਲੀ ਹੁਣ ਜਗਦੇਵ ਨੂੰ ਸਮਝਾ ਰਿਹਾ ਸੀ, "ਬਾਈ! ਤੇਰੇ ਭਰਾ ਦੀ ਸਰਕਾਰੇ-ਦਰਬਾਰੇ ਪੁੱਛ-ਪ੍ਰਤੀਤ ਐ। ਹੋਰ ਨਾ ਕਿਸੇ ਕੇਸ ਵਿਚ ਤੈਨੂੰ ਫਸਾ ਦੇਵੇ।" ਪਾਲੀ ਨੇ ਪੈਗ ਖਾਲੀ ਕਰਦਿਆਂ ਕਿਹਾ।

ਜਗਦੇਵ ਨਾ ਮੰਨਿਆ। ਅਗਲੇ ਦਿਨ ਪਿੰਡ ਦੇ ਚਾਰ ਬੰਦੇ ਲੈ ਕੇ ਐਨ.ਆਰ.ਆਈ. ਥਾਣੇ ਵਿਚ ਰਿਪੋਰਟ ਦਰਜ ਕਰਵਾ ਆਇਆ। ਮੋਟੀ ਰਕਮ ਲੈ ਕੇ ਅਗਲਿਆ ਚਾਰ ਅੱਖਰ ਲਿਖੇ। ਜਦੋਂ ਪੁਲਿਸ ਵਾਲੇ ਸੁਖਦੇਵ ਸਿੰਘ ਘਰ ਆਏ ਤਾਂ ਸੁਖਦੇਵ ਨੇ ਕਿਸੇ ਮੰਤਰੀ ਦਾ ਕਾਰਡ ਦਿਖਾ ਦਿੱਤਾ। ਉਹ ਉਨ੍ਹੀਂ ਪੈਰੀਂ ਵਾਪਸ ਮੁੜ ਗਏ। ਹੁਣ ਸੁਖਦੇਵ ਨੇ ਵੀ ਚਾਲ ਚੱਲੀ। ਪੰਜ-ਚਾਰ ਪਾਸਪੋਰਟ ਇਕੱਠੇ ਕਰ ਕੇ ਜਗਦੇਵ ਦੇ ਕਮਰੇ ਵਿਚ ਰੱਖ ਦਿੱਤੇ, ਤੇ ਪੁਲਿਸ ਨੂੰ ਫੋਨ ਕਰ ਦਿੱਤਾ ਕਿ ਆਹ ਬੰਦਾ ਗੈਰ-ਕਾਨੂੰਨੀ ਢੰਗ ਨਾਲ ਬੰਦੇ ਬਾਹਰ ਲਿਜਾਂਦਾ ਹੈ। ਪੁਲਿਸ ਆਈ ਤਾਂ ਜਗਦੇਵ ਨੂੰ ਫੜ ਕੇ ਲੈ ਗਈ। ਉਹਨੂੰ ਛੁਡਾਉਣ ਚਰਨੀ ਦੇ ਮਾਪੇ ਥਾਣੇ ਪਹੁੰਚੇ। ਬਾਹਰ ਆਇਆ ਤਾਂ ਸੁਖਦੇਵ ਨਾਲ ਲੜਿਆ। ਸੁਖਦੇਵ ਕਹਿੰਦਾ, 'ਇਹ ਤਾਂ ਤੈਨੂੰ ਟਰੇਲਰ ਹੀ ਦਿਖਾਇਆ...ਜੇ ਤੂੰ ਨਾ ਸਮਝਿਆ ਤਾਂ ਪੂਰੀ ਫਿਲਮ ਦਿਖਾਊਂਗਾ। ਫਿਰ ਮੁੜ ਕੇ ਇੰਡੀਆ ਵੱਲ ਮੂੰਹ ਤਾਂ ਕੀ, ਪਿੱਠ ਵੀ ਨਹੀਂ ਕਰਦਾ।' ਚਰਨੀ ਦੇ ਮਾਪਿਆਂ ਅਤੇ ਪਾਲੀ ਦੇ ਸਮਝਾਉਣ 'ਤੇ ਜਗਦੇਵ ਮਾਂ ਅਤੇ ਭੂਆ ਨੂੰ ਆਖਰੀ ਫਤਹਿ ਬੁਲਾ ਕੇ ਘਰੋਂ ਨਿਕਲਦਾ ਬੋਲਿਆ, "ਮਾਂ! ਇਕ ਦਿਨ ਪਿੰਡ ਛੱਡਿਆ ਸੀ, ਬੇਗਾਨੇ ਪੁੱਤਾਂ ਦੀ ਕੁੱਟ ਤੋਂ ਬਚਣ ਲਈ; ਪਰ ਅੱਜ ਪਿੰਡ ਛੱਡਦਾ ਹਾਂ ਤੇਰੇ ਪੁੱਤ ਦੀ ਕੁੱਟ ਤੋਂ ਬਚਣ ਲਈ। ਹੁਣ ਆਖਰੀ ਵਾਰ ਦੇ ਮੇਲੇ ਆ।" ਜਗਦੇਵ ਦਿੱਲੀ ਤੱਕ ਰੋਂਦਾ ਆਇਆ।

ਜਗਦੇਵ ਨੂੰ ਇਥੇ ਆਇਆਂ ਅਜੇ ਅੱਠ ਮਹੀਨੇ ਹੋਏ ਸਨ ਕਿ ਪਿੰਡੋਂ ਕਿਸੇ ਨੇ ਫੋਨ ਕੀਤਾ ਕਿ ਸੁਖਦੇਵ ਦਾ ਮੁੰਡਾ ਨਸ਼ੇ ਦੀ ਵਾਧ-ਘਾਟ ਕਰ ਕੇ ਸੁਰਗਵਾਸ ਹੋ ਗਿਆ। ਸੁਖਦੇਵ ਆਪਣੇ ਵਾਲ ਆਪ ਹੀ ਪੁੱਟੀ ਜਾਂਦਾ ਹੈ। ਜਗਦੇਵ ਨੂੰ ਭਤੀਜੇ ਦੀ ਮੌਤ ਦਾ ਬਹੁਤ ਦੁੱਖ ਹੋਇਆ, ਪਰ ਕਈ ਵਾਰ ਤੀਰਾਂ ਦੇ ਦਿੱਤੇ ਜ਼ਖਮ ਤਾਂ ਭਰ ਜਾਂਦੇ ਹਨ, ਪਰ ਵੀਰਾਂ ਦੇ ਦਿੱਤੇ ਜ਼ਖ਼ਮ ਸਾਰੀ ਉਮਰ ਨਹੀਂ ਭਰਦੇ। ਜਗਦੇਵ ਨੇ ਅੱਖਾਂ ਗਿੱਲੀਆਂ ਕਰ ਕੇ ਭਤੀਜੇ ਨੂੰ ਸ਼ਰਧਾਂਜਲੀ ਭੇਟ ਕਰ ਦਿੱਤੀ। ਜਗਦੇਵ ਸੋਚਦਾ ਕਿ ਇਕ ਦਿਨ ਮੈਂ ਘਰੋਂ ਪੈਰ ਪੁੱਟਿਆ ਸੀ ਕਿ ਸਾਡਾ ਘਰ ਨਾ ਪੱਟ ਹੋ ਜਾਵੇ, ਤੇ ਅੱਜ ਬਾਈ ਸਾਲ ਬਾਅਦ ਵੀ ਉਹੀ ਹੋਇਆ। ਘਰੋਂ ਗੱਭਰੂ ਪੁੱਤ ਦੀ ਅਰਥੀ ਤੁਰ ਗਈ। ਜ਼ਮੀਨ-ਜਾਇਦਾਦਾਂ ਇਥੇ ਹੀ ਰਹਿ ਜਾਣਗੀਆਂ। ਜੋ ਨਾਲ ਜਾਣਾ ਹੈ, ਉਸ ਪਰਮਾਤਮਾ ਦਾ ਨਾਮ ਧਿਆਉਂਦੇ ਨਹੀਂ। ਹੰਕਾਰ ਦੀ ਝੱਗ ਖਿਲਾਰਦੇ ਰਹਿੰਦੇ ਹਾਂ।

## ਰੰਗ-ਬੇਰੰਗ

# ਰੰਗੀ ਰਾਮ ਦਾ ਵਿਆਹ

**ਸੁਰਜੀਤ ਸਿੰਘ ਪੰਛੀ**
ਫੋਨ: 661-827-8256

ਅੱਜ ਗਰਮੀ ਪੰਜਾਬ ਦੇ ਮਈ-ਜੂਨ ਮਹੀਨੇ ਵਰਗੀ ਹੈ। ਪੰਜਾਬ ਵਾਂਗ ਲੂਆਂ ਚੱਲ ਰਹੀਆਂ ਹਨ। ਪਸ਼ੂ, ਪੰਛੀ ਵੀ ਧੁੱਪ ਤੋਂ ਬਚਣ ਲਈ ਆਸਰਾ ਭਾਲਦੇ ਹਨ। ਦੱਖਣੀ ਕੈਲੀਫੋਰਨੀਆ ਵਾਦੀ ਵਿਚ ਵੀ ਗਰਮੀ ਪੰਜਾਬ ਵਾਂਗ ਹੀ ਪੈਂਦੀ ਹੈ। ਘਰਾਂ ਵਿਚ ਏ.ਸੀ. ਕਰ ਕੇ ਬੇਸ਼ੱਕ ਠੰਢ ਹੁੰਦੀ ਹੈ, ਪਰ ਸਾਰਾ ਦਿਨ ਘਰਾਂ ਵਿਚ ਬੈਡ ਜਾਂ ਸੋਫਿਆਂ ਦੀ ਸਵਾਰੀ ਕੌਣ ਕਰੇ? ਸਾਰਾ ਦਿਨ ਕੌਣ ਘਰਾਂ ਵਿਚ ਕੈਦ ਰਹੇ, ਤੇ ਦਿਲਾਂ ਦੇ ਭਾਰ ਕਿਵੇਂ ਹੌਲੇ ਹੋਣ?

ਬੁੱਢੇ ਸ਼ਾਮ ਨੂੰ ਪੰਜ ਕੁ ਵਜੇ ਘਰਾਂ ਤੋਂ ਪਾਰਕ ਵਿਚ ਆ ਜਾਂਦੇ ਹਨ। ਜਿਨ੍ਹਾਂ ਦੇ ਘਰ ਨੇੜੇ ਹਨ, ਉਹ ਤਾਂ ਤੁਰ ਕੇ ਜਾਂ ਸਾਇਕਲਾਂ 'ਤੇ ਵੀ ਆ ਜਾਂਦੇ ਹਨ। ਜਿਨ੍ਹਾਂ ਦੇ ਘਰ ਦੂਰ ਹਨ, ਉਨ੍ਹਾਂ ਦੇ ਨੂੰਹ, ਪੁੱਤ ਜਾਂ ਧੀਆਂ ਕਾਰਾਂ ਉਤੇ ਛੱਡ ਜਾਂਦੇ ਹਨ, ਤੇ ਸ਼ਾਮ ਨੂੰ ਵੀ ਲੈ ਜਾਂਦੇ ਹਨ।

ਸਾਰੇ ਪਾਰਕ ਵਿਚ ਘਾਹ ਵਿਛਿਆ ਹੋਇਐ, ਮਖਮਲ ਵਰਗਾ ਕੂਲਾ ਕੂਲਾ। ਦਰਖਤਾਂ ਹੇਠ ਮੇਜ਼ 'ਤੇ ਉਨ੍ਹਾਂ ਦੇ ਦੋਵੇਂ ਪਾਸੇ ਬੈਂਚ ਹਨ। ਇਨ੍ਹਾਂ ਤੋਂ ਥੋੜ੍ਹੀ ਦੂਰ ਬੱਚਿਆਂ ਦੇ ਖੇਡਣ ਲਈ ਝੂਲੇ ਤੇ ਸਲਾਈਡਾਂ ਬਣੀਆਂ ਹੋਈਆਂ ਹਨ। ਨੇੜੇ ਦੇ ਘਰਾਂ ਦੀਆਂ ਮਾਂਵਾਂ-ਦਾਦੀਆਂ-ਨਾਨੀਆਂ ਛੋਟੇ ਬੱਚਿਆਂ ਨੂੰ ਸਟਰੋਲਰਾਂ ਵਿਚ ਲੈ ਕੇ ਆਉਂਦੀਆਂ ਹਨ। ਕਈ ਬੁੱਢੇ-ਬੁੱਢੀਆਂ ਨੂੰ ਨੂੰਹਾਂ-ਧੀਆਂ ਬੱਚਿਆਂ ਨੂੰ ਪਾਰਕ ਲੈ ਜਾਣ ਲਈ ਘਰੋਂ ਤੋਰ ਦਿੰਦੀਆਂ ਹਨ।

ਬੈਂਚਾਂ 'ਤੇ ਬੈਠੇ ਬੁੱਢੇ ਸਿਆਸੀ, ਧਾਰਮਿਕ, ਸਮਾਜਕ ਅਤੇ ਇਖਲਾਕੀ ਵਿਸ਼ਿਆਂ 'ਤੇ ਗੱਲਾਂ ਛੇੜ ਲੈਂਦੇ ਹਨ। ਸਿਆਸਤਦਾਨਾਂ ਨੂੰ ਤਾਂ ਕਈ ਵਾਰ ਗਾਲ੍ਹਾਂ ਦੇ ਕੇ ਸਨਮਾਨਿਆ ਜਾਂਦਾ ਹੈ। ਗੁਰਦੁਆਰਿਆਂ, ਮੰਦਰਾਂ ਤੇ ਪੁਜਾਰੀਆਂ ਬਾਰੇ ਟੀਕਾ-ਟਿੱਪਣੀਆਂ, ਕੀਰਤਨੀਆਂ ਪ੍ਰਚਾਰਕਾਂ, ਕਥਾਵਾਚਕਾਂ ਆਦਿ ਦੇ ਅਮਰੀਕਾ, ਕੈਨੇਡਾ ਗੇੜੇ ਨੂੰ ਡਾਲਰ ਬਟੋਰਨ ਲਈ ਲਾਇਆ ਗੇੜਾ ਗਰਦਾਨ ਦਿੰਦੇ ਹਨ, ਤੇ ਇਨ੍ਹਾਂ ਦੇ ਕਿਰਦਾਰਾਂ ਨੂੰ ਦੁੱਧ ਰਿੜਕਣ ਵਾਂਗ ਖੂਬ ਰਿੜਕਿਆ ਜਾਂਦਾ ਹੈ। ਜਦੋਂ ਹਾਸੇ-ਠੱਠੇ ਦੀਆਂ ਗੱਲਾਂ ਚੱਲ ਪੈਣ, ਤਾਂ ਉਸ ਦਿਨ ਹਾਸਾ-ਠੱਠਾ ਹੀ ਚਲਦਾ ਹੈ। ਆਪੋ ਵਿਚ ਟਿੱਚਰਾਂ, ਮਖੌਲ, ਅਜਿਹਾ ਸਮਾਂ ਤਾਂ ਹਰ ਰੋਜ਼ ਹੀ ਆ ਜਾਂਦਾ ਹੈ।

ਰੰਗੀ ਰਾਮ ਦਾ ਪੂਰਾ ਨਾਂ ਤਾਂ ਹਰਚਰਨ ਸਿੰਘ ਸੀ, ਜਿਥੇ ਉਹ ਆ ਜਾਂਦਾ, ਗੱਲਾਂ ਨਾਲ ਹਸਾ-ਹਸਾ ਕੇ ਵੱਖੀਆਂ ਤੁੜਾ ਦਿੰਦਾ। ਚੁੱਪ-ਚਾਪ ਬੈਠਿਆਂ ਨੂੰ ਹਸਾ ਦਿੰਦਾ, ਰੌਣਕਾਂ ਲਾ ਦਿੰਦਾ। ਉਸ ਦੇ ਸਾਥੀ ਪਿੱਠ ਪਿੱਛੇ ਉਸ ਨੂੰ ਰੰਗੀ ਰਾਮ ਕਹਿੰਦੇ ਸੀ। ਰੰਗੀ ਰਾਮ ਕੇਸਰੀ ਜਾਂ ਨੀਲੀ ਪੱਗ ਹੀ ਬੰਨ੍ਹਦਾ ਸੀ। ਚਿੱਟੀ ਫਿਫਟੀ ਵਾਲੀ। ਉਸ ਦਾ ਮੂੰਹ ਭਾਰਾ ਤੇ ਅੱਖਾਂ ਮੋਟੀਆਂ-ਮੋਟੀਆਂ ਸਨ, ਜੋ ਨਸ਼ੇ ਕਾਰਨ ਗੁਲਾਬੀ ਰਹਿੰਦੀਆਂ। ਸੰਘਣੀ ਦਾੜ੍ਹੀ ਤੇ ਮੁੱਛਾਂ ਉਹ ਕਲਫ ਲਾ ਕੇ ਕਾਲੀਆਂ ਕਰ ਲੈਂਦਾ ਪਰ ਜੜ੍ਹਾਂ ਤੋਂ ਵਾਲ ਚਿੱਟੇ ਦਿਖਾਈ ਦਿੰਦੇ ਸੀ। ਨੱਕ ਉਸ ਦੇ ਮੂੰਹ 'ਤੇ ਸਜਦਾ ਸੀ। ਚਿੱਟਾ ਕੁੜਤਾ-ਪਜਾਮਾ ਪਾਉਂਦਾ। ਢਿੱਡ ਗੁਰਦੁਆਰੇ ਦੇ ਗ੍ਰੰਥੀ ਵਾਂਗ ਵਧਿਆ ਹੋਇਆ। ਪੜ੍ਹਿਆ ਲਿਖਿਆ ਤਾਂ ਥੋੜ੍ਹਾ ਹੀ ਸੀ, ਪਰ ਕਹਿੰਦਾ ਕਿ ਉਹ ਖੇਤੀਬਾੜੀ ਯੂਨੀਵਰਸਿਟੀ ਵਿਚ ਬੀ.ਏ. ਦਾ ਵਿਦਿਆਰਥੀ ਸੀ ਤੇ ਵਿਆਹ ਕਾਰਨ ਪੜ੍ਹਾਈ ਛੱਡਣੀ ਪਈ।

ਉਸ ਦੇ ਆਉਣ ਤੋਂ ਪਹਿਲਾਂ ਉਸ ਦੇ ਸਾਥੀ ਉਸ ਦੀਆਂ ਗੱਲਾਂ ਕਰ ਕਰ ਕੇ ਹੱਸ ਰਹੇ ਸਨ ਕਿ ਉਹ ਪਹੁੰਚ ਗਿਆ। ਸਾਰੇ ਉਸ ਨੂੰ ਦੇਖ ਕੇ ਖੁਸ਼ ਹੋ ਗਏ, ਤੇ ਕਹਿਣ ਲੱਗੇ, "ਰੰਗੀ ਰਾਮ ਆ ਰਿਹੈ। ਰੰਗੀ ਰਾਮ ਆ ਰਿਹੈ। ਅੱਜ ਚੰਗੀਆਂ ਰੌਣਕਾਂ ਲੱਗਣਗੀਆਂ।" ਰੰਗੀ ਰਾਮ ਅੱਜ ਕਈ ਦਿਨਾਂ ਪਿੱਛੋਂ ਆਇਆ ਸੀ।

ਚਿੱਟੀ ਪੱਗ ਤੇ ਚਿੱਟਾ ਹੀ ਕੁੜਤਾ-ਪਜਾਮਾ ਪਹਿਨਦਾ 70 ਕੁ ਸਾਲ ਦਾ ਬਿਸ਼ਨ ਸਿੰਘ ਪੰਜਾਬ ਵਿਚ ਪੰਜਾਬ ਕਿਸਾਨ ਯੂਨੀਅਨ ਦਾ ਬਲਾਕ ਪ੍ਰਧਾਨ ਸੀ ਤੇ ਉਥੇ ਉਸ ਕੋਲ 40-50 ਕਿੱਲੇ ਜ਼ਮੀਨ ਸੀ। ਇਥੇ ਉਹ ਆਪਣੇ ਮੁੰਡੇ ਕੋਲ ਆਇਆ ਹੋਇਆ ਸੀ ਤੇ ਗਰੀਨ ਕਾਰਡ ਹੋਲਡਰ ਸੀ। ਮੁੰਡੇ ਦਾ ਸਟੋਰ ਸੀ। ਚਿੱਟੀ ਦਾੜ੍ਹੀ ਖੁੱਲ੍ਹੀ ਹੀ ਰੱਖਦਾ। ਰੰਗੀ ਰਾਮ ਨੇ ਕੋਲ ਆ ਕੇ ਸਭ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹੀ। ਪ੍ਰਧਾਨ ਜੀ ਨੇ ਮੁਸਕਰਾਉਂਦਿਆਂ ਕਿਹਾ, "ਚਰਨ ਸਿਆਂ! ਤੇਰੀ ਉਮਰ ਲੰਬੀ ਐ। ਗੋਡੇ ਰਗੜ-ਰਗੜ ਕੇ ਮਰੇਂਗਾ। ਹੁਣੇ ਤੇਰੀਆਂ ਹੀ ਗੱਲਾਂ ਹੋ ਰਹੀਆਂ ਸਨ।"

ਰੰਗੀ ਰਾਮ ਆਦਤ ਅਨੁਸਾਰ ਪ੍ਰਧਾਨ ਵੱਲ ਅੱਖਾਂ ਟੱਡ ਕੇ ਪੈ ਗਿਆ, "ਪ੍ਰਧਾਨ ਜੀ! ਆਹ ਕੀ ਗੋਡੇ ਰਗੜ ਕੇ ਮਰਨ ਵਾਲੀ ਅਰਦਾਸ ਕਰ ਦਿੱਤੀ। ਲੋਕ ਤਾਂ ਜ਼ਿੰਦਗੀ ਤੋਂ ਅੱਕੇ ਪਏ ਨੇ। ਅਰਦਾਸਾਂ ਕਰਦੇ ਨੇ, ਰੱਬਾ! ਤੁਰਦਿਆਂ-ਫਿਰਦਿਆਂ ਨੂੰ ਹੀ ਚੱਕ ਲੈ। ਆਪਣੀ ਇਹ ਅਰਦਾਸ ਤੂੰ ਹੀਂ ਲੈ-ਲੈ। ਲੱਗੂ ਪਤਾ ਜਦੋਂ ਘਰ ਦੇ ਖੂੰਜੇ ਵਿਚ ਕਮਰਾ ਦੇ'ਤਾ। ਬੈਡ 'ਤੇ ਬੈਡਸ਼ੀਟ ਦੀ ਥਾਂ ਪਲਾਸਟਿਕ ਦੀ ਸ਼ੀਟ ਵਿਛਾ'ਤੀ। ਚੀਕਾਂ ਮਾਰ-ਮਾਰ ਕੇ ਹਾਕਾਂ ਮਾਰਿਆ ਕਰੀਂ, 'ਓਏ ਕਰਤਾਰਿਆ, ਨੀ ਬਚਨੀਏ... ਆਈਂ... ਮੇਰੇ ਕੱਪੜੇ ਬਦਲ ਜੋ...।" ਟੱਟੀ ਪਿਸ਼ਾਬ ਨਾਲ ਲਿਬੜੇ ਕੱਪੜੇ ਦੇਖ ਕੇ ਉਨ੍ਹਾਂ ਨੇ ਨੱਕ ਜਿਹਾ ਚੜ੍ਹਾਇਆ ਕਰਨੈ। ਰੰਗੀ ਰਾਮ ਨੇ ਵੀ ਜਿਵੇਂ ਗੰਦਗੀ ਨੂੰ ਦੇਖ ਕੇ ਨੱਕ ਚੜ੍ਹਾਈਦੈ, ਉਸੇ ਤਰ੍ਹਾਂ ਨੱਕ ਚੜ੍ਹਾਇਆ, ਤੇ ਉਹਦੇ ਮੱਥੇ ਉਤੇ ਵੱਟ ਵੀ ਪੈ ਗਏ। ਉਹ ਕਹਿੰਦਾ ਗਿਆ, "ਜਦੋਂ ਕਿਸੇ ਨੇ ਤੇਰੀਆਂ ਚੀਕਾਂ ਨਾ ਸੁਣੀਆਂ, ਤਾਂ ਤੈਂ ਕਿਹਾ ਕਰਨੈਂ, 'ਰੱਬਾ! ਤੁਰਦੇ-ਫਿਰਦੇ ਨੂੰ ਚੱਕ ਲੈਂਦਾ, ਚੰਗਾ ਸੀ। ਆਹ ਦਿਨ ਨਾ ਦੇਖਣੇ ਪੈਂਦੇ। ਉਦੋਂ ਨੀ ਚੱਕਿਆ, ਹੁਣੇ ਚੱਕ ਲੈ।' ਮੈਨੂੰ ਨੀ ਤੇਰੀ ਇਸ ਅਰਦਾਸ ਦੀ ਲੋੜ! ਤੂੰ ਹੀ ਸਾਂਭ ਲੈ।"

"ਤੈਥੋਂ ਆਪਣਾ ਨਾਲਾ ਤਾਂ ਸਾਂਭਿਆ ਨੀ ਜਾਂਦਾ। ਏਸੇ ਨੂੰ ਸਾਂਭ ਲੈ," ਰੰਗੀ ਰਾਮ ਨੇ ਪ੍ਰਧਾਨ ਦੇ ਪਜਾਮੇ ਦੇ ਲਟਕਦੇ ਨਾਲੇ ਵੱਲ ਹੱਥ ਕੀਤਾ। ਗੱਲਾਂ ਸੁਣ ਕੇ ਪਹਿਲਾਂ ਤਾਂ ਸਾਰੇ ਮੁਸਕਰਾਉਂਦੇ ਰਹੇ, ਪਰ ਨਾਲੇ ਵਾਲੀ ਗੱਲ 'ਤੇ ਹਾਸੜ ਪੈ ਗਿਆ। ਪ੍ਰਧਾਨ ਵੀ ਨਾਲਾ ਸਾਂਭਦਾ ਹੱਸ ਪਿਆ।

ਜੀਤੂ ਜਿਸ ਦਾ ਪੂਰਾ ਨਾਂ ਦਲਜੀਤ ਸਿੰਘ ਸੀ, ਰੰਗੀ ਰਾਮ ਦੇ ਨਾਲ ਹੀ ਆਇਆ ਸੀ। ਦੋਵੇਂ ਗੁਆਂਢੀ ਸਨ ਤੇ ਨਸ਼ੇ-ਪੱਤੇ ਦੇ ਸਾਂਝੀ ਵੀ। ਅਫੀਮ, ਡੋਡੇ, ਦਾਰੂ-ਜੋ ਵੀ ਮਿਲਦਾ ਰਲ ਕੇ ਛਕ ਲੈਣਾ। ਜ਼ਰਦਾ ਵੀ ਇਕ ਨੇ ਹਥੇਲੀ 'ਤੇ ਮਲ ਕੇ, ਪਟਾਕੇ ਪਾ ਕੇ ਚੁਟਕੀ-ਚੁਟਕੀ ਬੁੱਲ੍ਹ ਤੇ ਦੰਦਾਂ ਵਿਚਾਲੇ ਫਸਾ ਲੈਣੀ। ਉਹ ਰੰਗੀ ਰਾਮ ਨੂੰ ਵੱਡਾ ਭਾਈ ਕਹਿੰਦਾ। ਗੰਜ ਹੋਣ ਕਰ ਕੇ ਮੱਥਾ ਵੱਡਾ ਸਾਰਾ ਲਗਦਾ। ਬੋਲਿਆ, "ਵੱਡੇ ਭਾਈ! ਕੋਈ ਵਧੀਆ ਜਿਹੀ ਗੱਲ ਸੁਣਾ ਕੇ ਕਰਦੇ ਸਭ ਦੇ ਦਿਲ ਖੁਸ਼।"

"ਲਓ... ਮੈਂ ਤੁਹਾਨੂੰ ਆਪਣੇ ਵਿਆਹ ਦੀ ਗੱਲ ਸੁਣਾਉਨਾਂ।" ਰੰਗੀ ਰਾਮ ਨੇ ਪ੍ਰਧਾਨ ਵੱਲ ਝਾਕਦਿਆਂ ਕਿਹਾ, "ਮੇਰਾ ਸਾਲਾਨਾ ਇਮਤਿਹਾਨ ਨੇੜੇ ਸੀ। ਮੈਂ ਬੇਬੇ ਬਾਪੂ ਦੇ ਨਾਲ ਵਾਲੇ ਕਮਰੇ ਵਿਚ ਬੈਠਾ ਪੜ੍ਹ ਰਿਹਾ ਸੀ, ਕੰਨੀਂ ਬੇਬੇ ਤੇ ਬਾਪੂ ਦੀ ਗੱਲ ਪਈ। ਬਾਪੂ ਕਹਿ ਰਿਹਾ ਸੀ ਕਿ ਆਪਾਂ ਹੁਣ ਚਰਨੇ ਦਾ ਵਿਆਹ ਕਰ ਦੇਈਏ। ਹੁਣ ਇਸ ਦੀ ਉਮਰ ਵਿਆਹ ਦੀ ਐ। ਨਹੀਂ ਐਵੇਂ ਕਿਸੇ ਕਾਲਜ ਦੀ ਕੁੜੀ ਨਾਲ ਪੰਗਾ ਲਾਊ, ਜਾਂ ਕਿਸੇ ਦੀਆਂ ਕੰਧਾਂ ਟੱਪੂ, ਇੱਲਤੀ ਜਿਹਾ। ਤੇਰੀ ਕੀ ਸਲਾਹ ਐ? 'ਸਰਦਾਰ ਜੀ, ਜਿਹੜੀ ਤੁਹਾਡੀ ਸਲਾਹ, ਉਹੀ ਮੇਰੀ।' ਬੇਬੇ ਨੇ ਵੀ ਬਾਪੂ ਨਾਲ ਹਾਂ ਵਿਚ ਹਾਂ ਮਿਲਾ ਦਿੱਤੀ।

ਮੇਰਾ ਦਿਲ ਤਾਂ ਚਾਂਭੜਾਂ ਪਾਵੇ। ਮਨ ਵਿਚ ਲੱਡੂ ਫੁੱਟਣ। ਮੈਂ ਆਪਣੇ ਕਮਰੇ ਵਿਚੋਂ ਆ ਕੇ ਉਨ੍ਹਾਂ 'ਤੇ ਰੋਅਬ ਪਾਉਣ ਲਈ ਉਤੋਂ-ਉਤੋਂ ਕਿਹਾ, "ਤੁਸੀਂ ਮੈਨੂੰ ਪੜ੍ਹਨ ਦੇਣੈਂ ਕਿ ਨਹੀਂ? ਗੱਲਾਂ ਮਾਰਨ ਲੱਗੇ ਓਂ। ਮੇਰਾ ਇਮਤਿਹਾਨ ਨੇੜੇ ਐ।" ਉਧਰ, ਮੈਂ ਤਾਂ ਆਪਣੀਆਂ ਕਿਤਾਬਾਂ ਠੱਪ ਕੇ ਸੁਆਦ ਲੈ ਰਿਹਾ ਸੀ... ਮਨਾ! ਲੈ ਹੁਣ ਵਿਆਹ ਹੋਇਆ ਲੈ। ਬੱਸ ਛਮ-ਛਮ ਕਰਦੀ, ਝਾਂਜਰਾਂ ਛਣਕਾਉਂਦੀ ਫਿਰਿਆ ਕਰੂ, 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ, ਗੋਰੀ ਦੀਆਂ'।" ਰੰਗੀ ਰਾਮ ਖੁਸਰਿਆਂ ਵਾਲੀ ਤਾੜੀ ਮਾਰ ਕੇ ਹੱਸਿਆ।

"ਤੁਸੀਂ ਜਾਣਦੇ ਓਂ ਭਲਾ ਇਹੋ ਜਿਹੀਆਂ ਗੱਲਾਂ ਸੁਣ ਕੇ ਪੜ੍ਹਿਆ ਜਾਂਦੈ। ਜੇ ਮੁਟਿਆਰ ਕੁੜੀ ਦੇ ਭਾਂਡੇ ਮਾਂਜਦੀ ਦੇ ਉਸ ਦੇ ਵਿਆਹ ਬਾਰੇ ਇਹੋ ਜਿਹੀਆਂ ਗੱਲਾਂ ਕੰਨੀਂ ਪੈ ਜਾਣ, ਤਾਂ ਉਹ ਵੀ ਭਾਂਡੇ ਮਾਂਜਣ ਨਾਲ ਹੋਣ ਵਾਲਾ ਖੜਕਾ ਰੋਕ ਕੇ ਗੱਲਾਂ ਧਿਆਨ ਲਾ ਕੇ ਸੁਣਨ ਲੱਗ ਜਾਂਦੀ ਐ। ਮੈਂ ਉਠ ਕੇ ਫੇਰ ਬੇਬੇ ਬਾਪੂ ਕੋਲ ਜਾ ਕੇ ਕਿਹਾ, 'ਬੱਸ ਕਰੋ ਹੁਣ, ਮੈਨੂੰ ਪੜ੍ਹਨ ਦਿਓ। ਮੈਂ ਨੀ ਵਿਆਹ ਕਰਵਾਉਣਾ। ਮੈਂ ਤਾਂ ਹਾਲੇ ਪੜ੍ਹਨੈਂ।' ਮਾਂ ਮੇਰੇ ਮੂੰਹ ਵੱਲ ਦੇਖ ਕੇ ਹੱਸ ਪਈ, ਪੁੱਤ, ਮੈਂ ਤੇਰੇ ਦਿਲ ਦੀਆਂ ਗੱਲਾਂ ਜਾਣਦੀ ਆਂ। ਕੋਈ ਨੀ... ਕੁੜੀ ਤੈਨੂੰ ਦਿਖਾ ਕੇ ਰਿਸ਼ਤਾ ਲਵਾਂਗੇ।"

"ਮੈਂ ਨੀ ਕੁੜੀ-ਕੜੀ ਦੇਖਣੀ ਕੋਈ।" ਕਹਿ ਕੇ ਮੈਂ ਮੂੰਹ ਵਿੰਗਾ ਜਿਹਾ ਕਰ ਕੇ ਆਪਣੇ ਕਮਰੇ ਨੂੰ ਮੁੜ ਗਿਆ।

ਨਾਲ ਹੀ ਰੰਗੀ ਰਾਮ ਨੇ ਮੂੰਹ ਵਿੰਗਾ ਜਿਹਾ ਕਰ ਕੇ ਪਿੱਛੇ ਵੱਲ ਘੁਮਾਇਆ ਅਤੇ ਤਾੜੀ ਮਾਰ ਕੇ ਉਚੀ ਉਚੀ ਹੱਸ ਪਿਆ।

"ਤੂੰ ਵੀ ਗਿਆ ਸੀ?" ਪ੍ਰਧਾਨ ਨੇ ਵਿਚੋਂ ਹੀ ਟੋਕ ਕੇ ਕਿਹਾ।

"ਵਾਹ ਪ੍ਰਧਾਨ ਜੀ! ਕੀ ਗੱਲ ਕਰ'ਤੀ, ਅਖੇ ਤੂੰ ਵੀ ਗਿਆ ਸੀ?" ਰੰਗੀ ਨੇ ਕੋਇਆਂ ਵਿਚਦੀ ਪ੍ਰਧਾਨ ਵੱਲ ਦੇਖਿਆ, "ਪ੍ਰਧਾਨ, ਵਿਆਹ ਮੇਰਾ। ਕੁੜੀ ਮੈਂ ਦੇਖਣੀ ਸੀ। ਹੋਰ ਬਾਪੂ ਨੇ ਕੁੜੀ ਦੇਖ ਕੇ ਵਿਆਹ ਕਰਾਉਣਾ ਸੀ।" ਸਾਰੇ ਹੱਸ ਪਏ।

"ਜੀਤੂ ਦੇਖ ਕਿਵੇਂ ਖਿੜ-ਖਿੜ ਹੱਸਦੇ ਨੇ। ਮਨ ਤਾਂ ਇਨ੍ਹਾਂ ਦਾ ਵੀ ਕਰਦੈ ਕਿ ਆਪਾਂ ਵੀ ਹੁਣ ਵਿਆਹ ਕਰਵਾਈਏ। ਆਹੋ ਭਾਈ, ਇਨ੍ਹਾਂ ਦੀਆਂ ਘਰ ਵਾਲੀਆਂ ਤਾਂ ਬੁੜ੍ਹੀਆਂ ਹੋ ਗਈਆਂ। ਲੱਤਾਂ ਘੁਮਾ-ਘੁਮਾ ਕੇ ਤੁਰਦੀਆਂ ਨੇ। ਲੱਤਾਂ ਤਾਂ ਗੋਰੀਆਂ ਦੀਆਂ ਨੇ... ਸਿੱਧੀਆਂ ਡਾਂਗ ਵਰਗੀਆਂ। ਤੁਹਾਡੇ ਸਰੀਰ ਤਾਂ ਸੁੱਕੀ ਲੱਕੜ ਨੇ। ਜੀਤੂ ਇਨ੍ਹਾਂ ਦੇ ਮੂੰਹ ਦੇਖ, ਆਹ ਮੂੰਹ, ਮਸਰਾਂ ਦੀ ਦਾਲ! ਜਾਨ ਹੈ ਕਿਸੇ ਵਿਚ? ਲੱਤਾਂ ਖਾਣ ਦਾ ਇਰਾਦਾ ਹੋਊ।" ਰੰਗੀ ਰਾਮ ਫਿਰ ਖੁਸਰਿਆਂ ਵਾਲੀ ਤਾੜੀ ਮਾਰ ਕੇ ਹੱਸਿਆ।

"ਕੁੜੀ ਸੋਹਣੀ ਸੁਨੱਖੀ। ਗੋਰਾ ਗੋਰਾ ਰੰਗ। ਗੱਲ੍ਹਾਂ ਗੁਲਾਬੀ ਫੁੱਲ ਵਰਗੀਆਂ। ਬੁੱਲ੍ਹ ਸੰਤਰੇ ਦੀਆਂ ਫਾੜੀਆਂ ਵਰਗੇ। ਜਦੋਂ ਥੋੜ੍ਹਾ ਜਿਹਾ ਹੱਸੇ, ਤਾਂ ਦੰਦ...ਜੀ ਕਰੇ, ਇਹਨੂੰ ਕਹਾਂ, ਤੇਰੇ ਦੰਦ ਮੋਤੀਆਂ ਵਰਗੇ, ਹਸਦੀ ਦੇ ਕਿਰ ਜਾਣਗੇ। ਦੇਖ ਕੇ ਬਿਨਾਂ ਪੀਤਿਆਂ ਹੀ ਨਸ਼ਾ ਚੜ੍ਹਦਾ ਜਾਵੇ। ਜੀ



ਕਰੇ ਉਠ ਕੇ ਜੱਫੀ ਪਾ'ਲਾਂ," ਰੰਗੀ ਰਾਮ ਖੜ੍ਹਾ ਹੋ ਗਿਆ। ਬਾਹਾਂ ਨੂੰ ਜੱਫੀ ਵਾਂਗ ਘੁੱਟਿਆ ਤੇ ਦੰਦ ਵੀ ਕਰੀਚੇ, "ਕਿਉਂ, ਤੁਹਾਨੂੰ ਵੀ ਆਇਆ ਕੁਝ ਸੁਆਦ?" ਸੁਆਦ ਸ਼ਬਦ ਕਹਿੰਦਿਆਂ ਉਹ ਹੱਸ ਵੀ ਪਿਆ।

"ਜੀ ਕਰੇ ਵਿਆਹ ਤੋਂ ਕੀ ਲੈਣਾ, ਐਥੋਂ ਹੀ ਘਰ ਲੈ ਚੱਲੀਏ, ਪਰ ਬੇਬੇ ਬਾਪੂ ਨੂੰ ਕਿਹਾ ਨੀ ਗਿਆ। ਥੋੜ੍ਹੇ ਦਿਨਾਂ ਪਿੱਛੋਂ ਹੀ ਵਿਆਹ ਰੱਖ ਲਿਆ। ਹਲਵਾਈ ਕਰ ਲਿਆ। ਮਿਨੀ ਬੱਸ ਜਿੱਡੀ ਲਾਰੀ ਕਰ ਲਈ। ਲਾਰੀ ਦਾ ਇੰਜਣ ਟਰੱਕ ਵਾਂਗ ਅੱਗੇ ਨੂੰ ਹੁੰਦਾ ਸੀ। ਇਸ ਵਿਚ ਪੱਚੀ ਕੁ ਬੰਦੇ ਬਹਿ ਸਕਦੇ ਸੀ, ਪਰ ਉਪਰ ਵੀ ਬਹਿ ਜਾਂਦੇ ਸੀ। ਇਕ ਬੀਨਾਂ ਵਾਲਾ ਵਾਜਾ ਵੀ ਸੀ। ਸਪੀਕਰ ਵਾਲਾ ਵੀ ਕਰ ਲਿਆ। ਸਪੀਕਰ ਘਰ ਦੀ ਛੱਤ 'ਤੇ ਮੰਜੇ ਜੋੜ ਕੇ ਉਨ੍ਹਾਂ ਦੇ ਉਪਰ ਬੰਨ੍ਹੇ ਜਾਂਦੇ ਸਨ। ਤਵੇ ਲਾਖ ਦੇ ਹੁੰਦੇ ਸਨ ਜਿਨ੍ਹਾਂ 'ਤੇ ਗਰਾਮੋਫੋਨ ਦੀ ਸੂਈ ਨਾਲ ਆਵਾਜ਼ ਨਿਕਲਦੀ ਸੀ। ਬਿੰਦੇ-ਬਿੰਦੇ ਚਾਬੀ ਦੇਣੀ ਪੈਂਦੀ ਸੀ। ਬਾਪੂ ਨੂੰ ਕਹਿ ਕੇ ਇਕ ਕਾਰ ਵੀ ਕਰ ਲਈ।

ਮੈਨੂੰ ਤਾਂ ਚਾਅ ਚੜ੍ਹਿਆ ਪਿਆ ਸੀ। ਚਾਚੀਆਂ, ਤਾਈਆਂ, ਭਾਬੀਆਂ, ਭੈਣਾਂ ਨੇ ਬਟਣਾ ਮਲ-ਮਲ ਕੇ ਨਹਾਈ ਧੋਈ ਕਰਵਾਈ। ਸਿਹਰੇ ਬੰਨ੍ਹੇ ਭੈਣਾਂ ਨੇ, ਗੀਤ ਗਾਏ। ਹਾਂ, ਸੁਰਮਾ ਪਾਉਣ ਦੀ ਗੱਲ ਤਾਂ ਮੈਂ ਭੁੱਲ ਹੀ ਗਿਆ। ਤਾਏ ਦੀ ਨੂੰਹ, ਭਾਬੀ ਵੀ ਪਰੀ ਵਾਂਗ ਨਿਖ਼ਰੀ ਹੋਈ ਸੀ। ਮੇਰੀਆਂ ਅੱਖਾਂ ਸਾਹਮਣੇ ਮੇਰੀ ਘਰ ਵਾਲੀ ਆਣ ਖੜ੍ਹੀ। ਮੈਨੂੰ ਲੱਗਿਆ, ਭਾਬੀ ਤਾਂ ਉਹਦੇ ਮੂਹਰੇ ਕੁਝ ਵੀ ਨਹੀਂ। ਭਾਬੀ ਸੁਰਮਾ ਪਾਉਣ ਲਈ ਸੁਰਮਚੂ ਅੱਖ ਦੇ ਨੇੜੇ ਕਰੇ। ਮੈਂ ਅੱਖ ਮੀਚ ਲਿਆ ਕਰਾਂ। ਚੀਕ ਮਾਰ ਕੇ ਮਾਂ ਨੂੰ ਕਹਾਂ, 'ਮਾਂ ਆ ਜਾ... ਭਾਬੀ ਮੇਰੀ ਅੱਖ ਵਿਚ ਡੱਕਾ ਮਾਰਦੀ ਐ।' ਭਾਬੀਆਂ ਨੇ ਮੋਢਿਆਂ 'ਤੇ ਧੱਫਾ ਮਾਰ ਕੇ ਕਿਹਾ, 'ਵੇ ਦਫਾ ਹੋਨਿਆ, ਪਵਾ ਲੈ।' ਮੈਂ ਕਿਹਾ, 'ਭਾਬੀ ਇਕ ਹੋਰ ਮਾਰ। ਸੁਆਦ ਜਿਹਾ ਆ ਗਿਆ।' ਮੈਂ ਉਸ ਦੀਆਂ ਅੱਖਾਂ ਵਿਚ ਅੱਖਾਂ ਗੱਡਦਿਆਂ ਕਿਹਾ, ਲੈ ਕਰ ਲੈ ਚਾਅ ਪੂਰੇ।" ਰੰਗੀ ਰਾਮ ਵੀ ਆਦਤ ਅਨੁਸਾਰ ਤਾੜੀ ਮਾਰ ਕੇ ਹੱਸਿਆ।

"ਮਾਂ ਹੋਰ ਕਾਰ-ਵਿਹਾਰ ਵਿਚ ਲੱਗੀ ਹੋਈ ਸੀ। ਫੁਲਕਾਰੀ ਤਾਣ ਕੇ ਭੈਣਾਂ ਤੇ ਹੋਰ ਕੁੜੀਆਂ, ਤਾਈਆਂ, ਚਾਚੀਆਂ ਆਦਿ ਮੱਥਾ ਟਿਕਾਉਣ ਗੁਰਦੁਆਰੇ ਲੈ ਕੇ ਗਈਆਂ। ਮਾਂ ਤਾਂ ਅਰਦਾਸ ਵਿਚ ਐਨੀ ਮਗਨ ਸੀ ਕਿ ਉਸ ਨੂੰ ਹੋਰ ਕੁਝ ਵੀ ਨਹੀਂ ਸੀ ਸੁਣਦਾ। ਗੁਰਦੁਆਰੇ ਦੇ ਗੇਟ 'ਤੇ ਕਾਰ ਖੜ੍ਹੀ ਸੀ। ਉਤੇ ਫੁਲਕਾਰੀ ਬੰਨ੍ਹੀ ਹੋਈ। ਸ਼ਾਮੀਂ ਚਾਰ ਕੁ ਵਜੇ ਬਰਾਤ ਤੁਰੀ। ਬਰਾਤੀ ਬੱਸ ਵਿਚ ਪਹਿਲਾਂ ਹੀ ਸਵਾਰ ਹੋ ਗਏ ਸਨ। ਕੁਝ ਛੱਤ 'ਤੇ ਬਹਿ ਗਏ। ਕਾਰ ਵੀ ਸਾਲੀ ਜੂੰਅ ਦੀ ਤੋਰ ਤੁਰਦੀ ਲਗਦੀ ਸੀ। ਮੇਰੇ ਮਨ ਵਿਚ ਲੂਹਰੀਆਂ ਉਠਣ...ਕਦੋਂ ਸਹੁਰਿਆਂ ਦੇ ਪਿੰਡ ਪਹੁੰਚਾਂ।"

ਰੰਗੀ ਰਾਮ ਹਰ ਗੱਲ ਅਨੁਸਾਰ ਮੂੰਹ ਵੀ ਬਣਾਈ ਜਾ ਰਿਹਾ ਸੀ।

"ਜਦੋਂ ਬਰਾਤ ਪਹੁੰਚੀ, ਤਾਂ ਪਿੰਡ ਦੇ ਮੋਹਤਬਰ ਬੰਦਿਆਂ ਨੇ ਸੁਆਗਤ ਕੀਤਾ। ਵਾਜੇ ਵਾਲੇ ਖੁਸ਼ੀ ਦੀਆਂ ਧੁਨਾਂ ਵਜਾ ਰਹੇ ਸਨ। ਜੰਜ ਘਰ ਵਿਚ ਪਾਣੀ ਦੇ ਕੜਾਹੇ ਭਰੇ ਪਏ ਸਨ। ਕੋਲ ਸਾਬਣ ਤੇ ਤੇਲ ਵਾਲੀ ਸ਼ੀਸ਼ੀ ਵੀ ਪਈ ਸੀ। ਬਰਾਤੀ ਜਿਨ੍ਹਾਂ ਨੂੰ ਕਦੇ ਸਾਬਣ ਨਸੀਬ ਨਹੀਂ ਸੀ ਹੋਇਆ, ਉਹ ਖੂਬ ਸਾਬਣ ਮਲ-ਮਲ ਕੇ ਨਹਾਤੇ। ਸ਼ਰਾਬ ਵਰਤਾਈ ਗਈ। ਬਰਾਤੀ ਸ਼ਰਾਬ ਦੇ ਰੱਜੇ ਲਲਕਾਰੇ ਮਾਰਨ, ਬੱਕਰੇ ਬੁਲਾਉਣ।" ਰੰਗੀ ਰਾਮ ਨੇ ਬੱਕਰਾ ਬੁਲਾ ਦਿੱਤਾ।

"ਹਨੇਰੇ ਹੋਏ ਰੋਟੀ ਖਾਣ ਲਈ ਤੁਰੇ। ਇਕ ਲਾਗੀ ਗੈਸ ਸਿਰ 'ਤੇ ਰੱਖੀ ਅੱਗੇ-ਅੱਗੇ ਚਲ ਰਿਹਾ ਸੀ। ਵਾਜਾ ਵੀ ਰੰਗ ਬੰਨ੍ਹ ਰਿਹਾ ਸੀ। ਘਰੇ ਜਾ ਕੇ ਬਰਾਤ ਕੋਰਿਆਂ 'ਤੇ (ਜੁਲਾਹੇ ਦਾ ਹੱਥੀਂ ਬੁਣਿਆ ਖੱਦਰ) ਬੈਠ ਗਈ। ਪਰੀਹੇ ਥਾਲ, ਕੌਲੀਆਂ, ਗਲਾਸ ਰੱਖੀ ਗਏ। ਲੱਡੂ-ਜਲੇਬੀਆਂ ਵਰਤਾਈਆਂ ਜਾ ਰਹੀਆਂ ਸਨ। ਕਈਆਂ ਨੇ ਤਾਂ ਇਕੱਠੇ ਹੋ ਕੇ ਪਰੀਹਿਆਂ ਤੋਂ ਪਰਾਤ ਹੀ ਮੰਗਵਾ ਲਈ, ਦੁਆਲੇ ਬੈਠ ਕੇ ਖਾਣ ਲੱਗੇ। ਕੁੜੀਆਂ ਬਨੇਰਿਆਂ 'ਤੇ ਗੀਤ ਗਾ ਰਹੀਆਂ ਸਨ, ਸਿੱਠਣੀਆਂ ਦੇ ਰਹੀਆਂ ਸਨ। ਘਰਾਂ ਵਿਚੋਂ ਮੇਰੀ ਘਰਵਾਲੀ ਦੀ ਤਾਈ ਹੱਥਾਂ ਨੂੰ ਹਲਦੀ ਲਾ ਕੇ, ਅਛੋਪਲੇ ਜਿਹੇ ਆਈ। ਮੇਰੇ ਬਾਪੂ ਦੇ ਮੌਰਾਂ ਵਿਚ ਐਂ ਦੁਹੱਥੜ ਮਾਰਿਆ, ਬਾਪੂ ਦੀਆਂ ਗੋਡਣੀਆਂ ਲੱਗ ਗਈਆਂ।" ਰੰਗੀ ਰਾਮ ਨੇ ਜਿਵੇਂ ਜ਼ੋਰ ਲਾਉਣ ਵਾਲੇ ਮੂੰਹ ਬਣਾਉਂਦੇ ਹਨ, ਉਵੇਂ ਹੀ ਮੂੰਹ ਬਣਾਇਆ ਤੇ ਦੀਪੇ ਦੇ ਮੌਰਾਂ ਵਿਚ ਪੂਰੇ ਜ਼ੋਰ ਨਾਲ ਦੁਹੱਥੜ ਮਾਰਿਆ। ਕੁਦਰਤੀ, ਉਸ ਦੇ ਹੱਥ ਟੇਬਲ 'ਤੇ ਸਨ... ਨਹੀਂ ਤਾਂ ਉਸ ਦਾ ਮੂੰਹ ਫੁੱਟ ਜਾਣਾ ਸੀ। ਦੀਪਾ ਚੀਕ ਪਿਆ, "ਮਾਰ'ਤੇ ਕੰਜਰ ਦਿਆ।" ਸਾਰੇ ਜ਼ੋਰ-ਜ਼ੋਰ ਦੀ ਹੱਸ ਪਏ। ਰੰਗੀ ਰਾਮ ਨੇ ਵੀ ਖੁਸਰਿਆਂ ਵਾਲੀ ਤਾੜੀ ਮਾਰ ਕੇ, ਤੇ ਹੱਸ ਕੇ ਮੂੰਹ ਦੂਜੇ ਪਾਸੇ ਕਰ ਲਿਆ। ਦੀਪਾ ਕਾਫੀ ਦੇਰ ਆਪਣਾ ਮੋਢਾ ਪਲੋਸਦਾ ਰਿਹਾ।

ਰੰਗੀ ਰਾਮ ਨੇ ਆਪਣਾ ਸਪੀਕਰ ਚਾਲੂ ਰੱਖਿਆ, "ਬਰਾਤ ਨੇ ਰੋਟੀ ਖਾਧੀ ਤੇ ਜੰਜ ਘਰ ਵਾਪਸ ਚਲੀ ਗਈ। ਰਾਤ ਲੰਘੀ। ਮੈਂ ਮੇਰਾ ਬਾਪੂ ਤੇ ਕੁਝ ਸ਼ਰੀਕੇ ਕਬੀਲੇ ਵਾਲੇ ਨਹਾ-ਧੋ ਕੇ ਤਿਆਰ ਹੋ ਕੇ ਬੈਠ ਗਏ। ਨਾਈ ਨੇ ਆ ਕੇ ਅਨੰਦਾਂ ਲਈ ਸੱਦਾ ਦਿੱਤਾ। ਅਨੰਦ ਸਾਧਾਰਨ ਜਿਹੇ ਢੰਗ ਨਾਲ ਹੀ ਹੋਏ। ਮੇਰੇ ਨਾਲ ਮੇਰੇ ਦੋ-ਤਿੰਨ ਦੋਸਤ ਹੀ ਸੀ। ਸਭ ਬਰਾਤੀ ਘਰ ਮੁੜ ਗਏ। ਦੁਪਹਿਰ ਦੀ ਰੋਟੀ ਵੇਲੇ ਬਰਾਤੀਆਂ ਨੇ ਫਿਰ ਸ਼ਰਾਬ ਪੀਤੀ। ਮੁੰਡਿਆਂ ਨੇ ਬੀਨ 'ਤੇ ਖੂਬ ਲੱਤਾਂ-ਬਾਹਾਂ ਹਿਲਾਈਆਂ, ਟਪੂਸੀਆਂ ਜਿਹੀਆਂ ਮਾਰੀਆਂ। ਘਰ ਪਹੁੰਚ ਕੇ ਕੋਰਿਆਂ 'ਤੇ ਬੈਠ ਕੇ ਰੋਟੀ ਖਾਧੀ, ਤੇ ਵਾਪਸ ਜੰਜ ਘਰ ਆ ਗਏ। ਦੋ ਕੁ ਘੰਟਿਆਂ ਪਿੱਛੋਂ ਚਾਹ ਲੈ ਕੇ ਆ ਗਏ। ਪਿੱਤਲ ਦੇ ਗਲਾਸਾਂ ਵਿਚ ਤੱਤੀ ਚਾਹ ਨਾਲ ਕਈਆਂ ਨੇ ਤਾਂ ਬੁੱਲ੍ਹ ਮਚਾ ਲਏ। ਥੋੜ੍ਹੀ ਦੇਰ ਪਿੱਛੋਂ ਵਾਪਸੀ ਦੀਆਂ ਤਿਆਰੀਆਂ ਹੋਣ ਲੱਗੀਆਂ। ਕੁਝ ਬਰਾਤੀ ਤਾਂ ਲਾਰੀ ਵਿਚ ਸੀਟਾਂ ਮੱਲ ਕੇ ਬਹਿ ਗਏ। ਕੁਝ ਦੇ ਤਾਂ ਸ਼ਰਾਬ ਦਾ ਨਸ਼ਾ ਉਤਰਨ ਨਾਲ ਸਰੀਰ ਵਿਚੋਂ ਸੱਤਿਆ ਹੀ ਚਲੀ ਗਈ। ਮੈਂ, ਬਾਪੂ, ਸ਼ਰੀਕੇ-ਕਬੀਲੇ ਦੇ ਸਿਆਣੇ ਤੇ ਮੇਰੇ ਮਿੱਤਰ ਘਰ ਤੱਕ ਗਏ। ਕਾਰ ਉਥੇ ਪਹੁੰਚ ਚੁੱਕੀ ਸੀ। ਮੇਰੀ ਬਹੂ ਕੱਪੜਿਆਂ ਵਿਚ ਮੂੰਹ-ਸਿਰ ਲਪੇਟੀ ਆਪਣੀ ਇਕ ਸਹੇਲੀ ਤੇ ਭਾਬੀ ਦੇ ਸਹਾਰੇ ਨਾਲ ਤੁਰੀ ਆ ਰਹੀ ਸੀ। ਮੇਰੀ ਸੱਸ ਤੇ ਬਹੂ ਦੀਆਂ ਚਾਚੀਆਂ-ਤਾਈਆਂ ਨੇ ਨੈਣ ਦੇ ਹੱਥਾਂ ਵਿਚਲੇ ਥਾਲ ਵਿਚੋਂ ਭੋਰਾ-ਭੋਰਾ ਲੱਡੂ ਤੋੜ ਕੇ ਬਹੂ ਦੇ ਮੂੰਹ ਵਿਚ ਪਾਉਂਦਿਆਂ ਧੀਆਂ, ਪੁੱਤਾਂ ਵਾਲੀ ਤੇ ਬੁੱਢ-ਸੁਹਾਗਣ ਹੋਣ ਦੀਆਂ ਅਸੀਸਾਂ ਦਿੱਤੀਆਂ। ਮੇਰੀ ਸੱਸ, ਮੇਰੀ ਬਹੂ ਦੀ ਮਤੇਰ ਮਾਂ ਸੀ। ਉਸ ਨੇ ਵੀ ਪੂਰਾ ਮੇਕਅਪ ਕੀਤਾ ਹੋਇਆ ਸੀ। ਉਹ ਬਹੂ ਨਾਲੋਂ ਪੰਜ-ਛੇ ਸਾਲ ਹੀ ਵੱਡੀ ਹੋਊ। ਉਹ ਤਾਂ ਮੈਨੂੰ ਵੱਡੀ ਸਾਲੀ ਵਰਗੀ ਹੀ ਲੱਗੇ। ਜੱਫੀ ਪਾਉਣ ਨੂੰ ਜੀਅ ਕਰੇ।" ਰੰਗੀ ਰਾਮ ਨੇ ਤਾੜੀ ਮਾਰ ਕੇ ਹੱਸਦਿਆਂ ਮੂੰਹ ਦੂਜੇ ਪਾਸੇ ਕਰ ਲਿਆ।

"ਕਾਰ ਦੇ ਤੁਰਨ ਦੀਆਂ ਤਿਆਰੀਆਂ ਸਨ। ਮੁਟਿਆਰਾਂ ਹੱਸ ਰਹੀਆਂ ਸਨ। ਲਗਦਾ ਸੀ, ਉਨ੍ਹਾਂ ਦੇ ਮਨਾਂ ਵਿਚ ਵਿਆਹ ਲਈ ਲੱਡੂ ਫੁਟਦੇ ਹੋਣਗੇ। ਸੱਸ ਨੇ ਮਿੱਠੇ ਪਾਣੀ ਦੀ ਗੜਬੀ ਚੁੱਕ ਕੇ ਕਾਰ ਦੇ ਟਾਇਰਾਂ 'ਤੇ ਪਾਣੀ ਪਾਇਆ। ਕਾਰ ਥੋੜ੍ਹਾ ਜਿਹਾ ਤੁਰੀ। ਬਾਪੂ ਨੇ ਪੈਸਿਆਂ ਦੀ ਸੋਟ ਕੀਤੀ। ਕਾਰ ਥੋੜ੍ਹਾ ਚੱਲ ਕੇ ਰੁਕ ਗਈ, ਮੇਰੀ ਉਡੀਕ ਵਿਚ। ਮੇਰੀ ਸੱਸ ਤੇ ਬਹੂ ਦੀਆਂ ਸਹੇਲੀਆਂ ਰੋਣ ਲੱਗ ਪਈਆਂ। ਸੱਸ ਨੂੰ ਰੋਂਦੀ ਦੇਖ ਕੇ ਜਿਵੇਂ ਮੈਥੋਂ ਜਰੀ ਨਾ ਗਈ। ਮੈਂ ਵੀ ਉਚੀ ਧਾਹ ਮਾਰ ਕੇ ਉਸ ਦੇ ਗਲ ਨੂੰ ਜਾ ਚਿੰਬੜਿਆ। ਉਸ ਨੇ ਆਪਣੀ ਬੁਕਲ ਵਿਚ ਲੈਂਦਿਆਂ ਚੁੰਨੀ ਦੇ ਪੱਲੇ ਨਾਲ ਮੇਰੀਆਂ ਅੱਖਾਂ ਪੂੰਝਦਿਆਂ ਕਿਹਾ, 'ਪੁੱਤ! ਸੁੱਖ ਨਾਲ ਤੂੰ ਕਿਉਂ ਰੋਵੇਂ, ਤੇਰਾ ਤਾਂ ਖੁਸ਼ੀਆਂ ਮਨਾਉਣ ਦਾ ਦਿਨ ਐ। ਸਾਨੂੰ ਤਾਂ ਤਾਰੋ ਦੇ ਵਿਛੜਨ ਕਰ ਕੇ ਰੋਣਾ ਆਉਂਦੈ। ਬੱਸ ਪੁੱਤਾ, ਬੱਸ ਰੋ ਨਾ।' ਮੈਂ ਤਾਂ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਹਦੇ ਵੱਲ ਦੇਖੀ ਜਾਵਾਂ।" ਉਹ ਤਾੜੀ ਮਾਰ ਕੇ ਹੱਸਦਾ ਬੈਂਚਾਂ ਦੁਆਲੇ ਗੇੜੇ ਦੇਈ ਗਿਆ। ਨਸ਼ਾ ਪੂਰਾ ਖਿੜਿਆ ਹੋਇਆ ਸੀ।

"ਆਪਣੀ ਸੱਸ ਕੋਲੋਂ ਵਿਦਾ ਹੋਣ ਲੱਗਿਆ। ਉਸ ਨੇ ਸਿਰ ਪਲੋਸ ਕੇ ਸੌ ਅਸੀਸ ਦਿੱਤੀ। ਮੈਂ ਕਾਰ ਵਿਚ ਜਾ ਬੈਠਾ। ਮੇਰੀ ਤਾਰੋ ਰੋਈ ਜਾਵੇ। ਮੈਂ ਵੀ ਨਾਲ ਹੀ ਰੋਣ ਲੱਗ ਪਿਆ। ਕਾਰ ਤੁਰ ਪਈ। ਥੋੜ੍ਹੇ ਚਿਰ ਪਿੱਛੋਂ ਮੈਂ ਉਸ ਦੇ ਕੂਹਣੀ ਮਾਰੀ, ਪੁੱਛਿਆ, 'ਤੂੰ ਕਿਉਂ ਰੋਂਦੀ ਐਂ? ਸੁੱਖ ਨਾਲ ਵਿਆਹ ਹੋਇਆ।' ਉਹ ਕਹਿੰਦੀ, 'ਤੂੰ ਕਿਉਂ ਰੋਨੈਂ? ਮੈਨੂੰ ਤਾਂ ਮੇਰੀ ਮਾਂ ਯਾਦ ਆਉਂਦੀ ਆ। ਉਹ ਜਿਉਂਦੀ ਹੁੰਦੀ ਤਾਂ ਕਿੰਨੀਆਂ ਖੁਸ਼ੀਆਂ ਮਨਾਉਂਦੀ।' ਮੈਂ ਘੁੰਡ ਚੱਕ ਕੇ ਕਿਹਾ, 'ਆਹ ਗੁਲਾਬ ਕਿਉਂ ਢਕਿਆ? ਇਹਨੂੰ ਜਲਵਾ ਦਿਖਾਉਣ ਦੇ।' ਮੈਂ ਆਪਣੇ ਰੁਮਾਲ ਨਾਲ ਉਸ ਦੀਆਂ ਅੱਖਾਂ ਪੂੰਝੀਆਂ ਤੇ ਕਿਹਾ, ਬੱਸ ਰੋ ਨਾ। ਚੁਪ ਕਰ। ਜਦੋਂ ਤੂੰ ਮੇਰੀ ਮਾਂ ਨੂੰ ਮਿਲੀ, ਤੈਨੂੰ ਤੇਰੀ ਮਾਂ ਭੁੱਲ ਜੂ।" ਰੰਗੀ ਰਾਮ ਨੇ ਮੂੰਹ ਵੀ ਰੋਣ ਵਾਲਾ ਕੀਤਾ ਹੋਇਆ ਸੀ।

ਉਹ ਕਹਿੰਦਾ ਗਿਆ, "ਮੇਰਾ ਸਰਬਾਲਾ ਤੇ ਡਰਾਈਵਰ ਸ਼ੀਸ਼ੇ ਵਿਚੋਂ ਸਾਨੂੰ ਦੇਖ-ਦੇਖ ਕੇ ਮੁਸਕਰਾ ਰਹੇ ਸਨ। ਸਾਲੇ ਖਚਰੇ। ਜਦੋਂ ਘਰ ਪਹੁੰਚੇ ਤਾਂ ਕਾਰ ਵਿਚੋਂ ਉਤਾਰ ਕੇ ਅੰਦਰ ਰੱਖੇ ਪਟੜੇ 'ਤੇ ਖੜ੍ਹਾ ਲਿਆ। ਮਾਂ ਦੇ ਹੱਥ ਵਿਚ ਮਿੱਠੇ ਪਾਣੀ ਵਾਲੀ ਗੜਬੀ ਸੀ ਜਿਸ ਦੇ ਗਲ ਨੂੰ ਲਾਲ ਖੰਮਣੀ ਬੰਨ੍ਹੀ ਹੋਈ ਸੀ। ਪਿੱਪਲ ਦੀ ਦੋ-ਤਿੰਨ ਪੱਤਿਆਂ ਵਾਲੀ ਛੋਟੀ ਜਿਹੀ ਟਾਹਣੀ ਗੜਬੀ ਵਿਚ ਰੱਖੀ ਹੋਈ ਸੀ। ਮੇਰੀ ਮਾਂ ਸਾਡੇ ਉਪਰੋਂ ਦੀ ਗੜਬੀ ਘੁਮਾ ਕੇ ਇਕ ਘੁੱਟ ਮਿੱਠੇ ਪਾਣੀ ਦੀ ਭਰ ਲਵੇ। ਉਸ ਨੇ ਇਸੇ ਤਰ੍ਹਾਂ ਸੱਤ ਵਾਰੀ ਸਿਰ ਤੋਂ ਗੇੜੇ ਦੇ ਕੇ ਪਾਣੀ ਦੀਆਂ ਘੁੱਟਾਂ ਭਰੀਆਂ। ਸੱਤਵੀਂ ਵਾਰੀ ਜਦੋਂ ਉਹ ਗੜਬੀ ਵਿਚੋਂ ਪਾਣੀ ਪੀਵੀ ਜਾਵੇ, ਤਾਂ ਆਸੇ-ਪਾਸੇ ਖੜ੍ਹੀਆਂ ਬੁੜ੍ਹੀਆਂ ਮੈਨੂੰ ਕਹਿਣ, 'ਪੁੱਤ ਗੜਬੀ ਫੜ ਲੈ।' ਜਦੋਂ ਮੈਂ ਨਾ ਫੜੀ, ਮੇਰੇ ਕੋਲ ਖੜ੍ਹੀ ਇਕ ਬੁੜ੍ਹੀ ਕਹਿੰਦੀ, 'ਜਾਏ ਖਾਣਿਆਂ! ਫੜ ਲੈ।' ਮੈਂ ਕਿਹਾ, 'ਤਾਈ ਪੀ ਲੈਣ ਦੇ। ਖਬਰ ਨੀਂ ਫੇਰ ਮਿਲੂ ਕਿ ਨਾ, ਅੱਜ ਤਾਂ ਰੱਜ ਲੈਣ ਦੇ।' ਮੈਂ ਹੱਸਦੇ-ਹੱਸਦੇ ਨੇ ਗੜਬੀ ਮਾਂ ਦੇ ਹੱਥੋਂ ਫੜ ਲਈ। ਬੱਸ ਇਸ ਤਰ੍ਹਾਂ ਮੇਰਾ ਵਿਆਹ ਹੋ ਗਿਆ। ਬੱਸ ਅਨੰਦ ਮਾਣਿਆਂ ਅੱਜ ਤੱਕ।"

# ਕਹਾਣੀ ਅਤੇ ਕੁਲਵੰਤ ਸਿੰਘ ਵਿਰਕ

*ਕਹਾਣੀਕਾਰ ਕੁਲਵੰਤ ਸਿੰਘ ਵਿਰਕ ਬਾਰੇ ਗੁਰਬਚਨ ਸਿੰਘ ਭੁੱਲਰ ਦਾ ਲੇਖ ਪੜ੍ਹ ਕੇ 'ਪੰਜਾਬ ਟਾਈਮਜ਼' ਦੇ ਪਾਠਕ ਕੁਲਦੀਪ ਸਿੰਘ ਨੇ ਵਿਰਕ ਬਾਰੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੀ ਇਕ ਲਿਖਤ ਭੇਜ ਦਿੱਤੀ ਹੈ। ਇਹ ਲਿਖਤ ਗੁਲਜ਼ਾਰ ਸਿੰਘ ਸੰਧੂ ਦੀ 'ਸਾਹਿਤਕ ਸਵੈ-ਜੀਵਨੀ' (ਪੰਜਾਬ ਯੂਨੀਵਰਸਿਟੀ, ਪਟਿਆਲਾ) ਵਿਚੋਂ ਲਈ ਗਈ ਹੈ। ਇਸ ਵਿਚ ਵਿਰਕ ਦੀ ਸਾਫਗੋਈ ਤਾਂ ਝਲਕਦੀ ਹੀ ਹੈ, ਇਸ ਵਿਚੋਂ ਉਨ੍ਹਾਂ ਦੀ, ਕਿਸੇ ਲੇਖਕ ਦੀ ਲਿਖਤ ਪ੍ਰਤੀ ਵਚਨਬੱਧਤਾ ਦੀ ਕਨਸੋਅ ਵੀ ਮਿਲਦੀ ਹੈ। -ਸੰਪਾਦਕ*

**ਗੁਲਜ਼ਾਰ ਸਿੰਘ ਸੰਧੂ**

ਮੇਰੇ ਪੜ੍ਹਾਈ ਦੇ ਦਿਨਾਂ ਵਿਚ ਸਾਡੇ ਕੋਰਸਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ, ਗੁਰਮੁਖ ਸਿੰਘ ਮੁਸਾਫਰ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਅਤੇ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਪੜ੍ਹਾਈਆਂ ਜਾਂਦੀਆਂ ਸਨ। ਮੈਂ ਇਨ੍ਹਾਂ ਲੇਖਕਾਂ ਨੂੰ ਮਿਲਣ ਲਈ ਤਾਂਘਦਾ ਰਹਿੰਦਾ। ਉਨ੍ਹਾਂ ਦੀ ਅਕਲ ਤੇ ਬਰੀਕ-ਬੀਨੀ ਦੇ ਅਸ਼ਕੇ ਜਾਂਦਾ।

ਕਈ ਵਾਰੀ ਦਿਲ ਵਿਚ ਆਉਂਦਾ ਕਿ ਦਰਸ਼ਨ ਹੀ ਹੋ ਜਾਣ ਤਾਂ ਕਾਫ਼ੀ ਹਨ, ਪਰ ਦੇਖਣ ਸਮੇਂ ਗੱਲ ਉਲਟੀ-ਪੁਲਟੀ ਹੋ ਗਈ। ਮੈਂ ਸਭ ਤੋਂ ਪਹਿਲਾਂ ਸੰਤੋਖ ਸਿੰਘ ਧੀਰ ਨੂੰ ਦੇਖਿਆ। 1952-53 ਵਿਚ। ਗੋਬਿੰਦਗੜ੍ਹ ਨੇੜਲੇ ਕਿਸੇ ਪਿੰਡ ਵਿਚ ਕਵੀ ਦਰਬਾਰ ਸੀ। ਉਸ ਨੇ ਉਂਗਲੀ ਖੜ੍ਹੀ ਕਰ ਕੇ ਕਵਿਤਾ ਸੁਣਾਈ। ਮੇਰਾ ਸੁਪਨਾ ਟੁੱਟ ਗਿਆ। ਮੈਨੂੰ ਉਸ ਦੀ ਕਵਿਤਾ ਨਾਅਰਾ ਜਿਹਾ ਲੱਗੀ। ਮੈਨੂੰ ਨਾਅਰਾ ਪਸੰਦ ਨਹੀਂ। ਉਦੋਂ ਵੀ ਨਹੀਂ ਸੀ। ਕੀ 'ਪ੍ਰੀਤ ਲੜੀ' ਲਈ ਕਹਾਣੀਆਂ ਲਿਖਣ ਵਾਲਾ ਧੀਰ ਇਹੀਓ ਸੀ? ਮੈਂ ਉਸ ਦੀਆਂ ਕਹਾਣੀਆਂ ਤੋਂ ਬੜਾ ਪ੍ਰਭਾਵਤ ਸਾਂ। ਕਵਿਤਾ ਵਿਚਲਾ ਧੀਰ ਉਹ ਨਹੀਂ ਸੀ। ਮੈਂ ਉਸ ਨੂੰ ਵੇਖ ਤਾਂ ਲਿਆ, ਪਰ ਮਿਲਣ ਦੀ ਲੋੜ ਨਹੀਂ ਸਮਝੀ। ਮੈਂ ਨਾਅਰੇਬਾਜ਼ ਤੋਂ ਕੀ ਲੈਣਾ ਸੀ! ਨਾਅਰਾ ਤਾਂ ਹਰ ਕੋਈ ਲਾ ਲੈਂਦਾ ਸੀ, ਕਿਸੇ ਤੋਂ ਵੀ ਲਗਵਾਇਆ ਜਾ ਸਕਦਾ ਸੀ। ਜਿਥੋਂ ਤਕ ਕਹਾਣੀ ਦਾ ਸਬੰਧ ਸੀ, ਮੈਂ ਧੀਰ ਵਰਗੀ ਕਹਾਣੀ ਲਿਖਣ ਬਾਰੇ ਸੋਚਦਾ ਰਹਿੰਦਾ। ਇਹ ਗੱਲ ਮੇਰੀ ਪਕੜ ਵਿਚ ਵੀ ਆਉਂਦੀ ਸੀ।

ਮੈਂ ਕਹਾਣੀਆਂ ਕਿਵੇਂ ਲਿਖਣ ਲੱਗਿਆ, ਇਸ ਦਾ ਉਪਰ ਦੱਸੀ ਘਟਨਾ ਨਾਲ ਕੋਈ ਸਬੰਧ ਨਹੀਂ। ਮੇਰੀ ਪੁਸਤਕ 'ਹੁਸਨ ਦੇ ਹਾਣੀ' ਛਪੀ ਤਾਂ ਮੇਰੇ ਮਿੱਤਰਾਂ ਨੇ ਤਾਂ ਕੀ ਅ-ਮਿੱਤਰਾਂ ਨੇ ਵੀ ਬਹੁਤ ਸੁਹਣੇ ਰੀਵਿਊ ਲਿਖੇ। ਇਕ ਪੜਾਅ ਉਤੇ ਸੰਤ ਸਿੰਘ ਸੇਖੋਂ ਅਤੇ ਕੁਲਵੰਤ ਸਿੰਘ ਵਿਰਕ ਵੀ ਮੇਰੀ ਕਹਾਣੀ ਦੇ ਚੰਗੇ ਹੋਣ ਦੀ ਗੱਲ ਕਰਨ ਲੱਗੇ। ਉਨ੍ਹਾਂ ਨੂੰ ਮੇਰੀ ਨਵੀਂ ਛਪੀ ਕਹਾਣੀ ਦਾ ਨਾਂ ਵੀ ਚੇਤੇ ਹੁੰਦਾ ਤੇ ਵਿਸ਼ਾ ਵੀ।

ਲਿਖਣ ਤੋਂ ਪਿਛੋਂ ਅਗਲਾ ਪੜਾਅ ਇਹ ਸੀ ਕਿ ਮੇਰੀਆਂ ਕਹਾਣੀਆਂ ਨੂੰ ਵੀ ਪਾਠਕ ਇਸੇ ਤਰ੍ਹਾਂ ਪੜ੍ਹਨ ਜਿਵੇਂ ਮੈਂ ਆਪਣੇ ਤੋਂ ਪਹਿਲੇ ਅਤੇ ਮੋਢੀ ਕਹਾਣੀਕਾਰਾਂ ਦੀਆਂ ਪੜ੍ਹਦਾ ਰਿਹਾ ਹਾਂ। ਇਸ ਇੱਛਾ ਦੀ ਪੂਰਤੀ ਦਾ ਇਕ ਸਾਧਨ ਮੇਰੀ ਕਿਸੇ ਕਹਾਣੀ ਦਾ ਕੋਰਸ ਵਿਚ ਲੱਗ ਸਕਣਾ ਸੀ।

ਕਿਰਸਾਨੀ ਪਿਛੋਕੜ ਕਾਰਨ ਜਾਂ ਕਿਸੇ ਹੋਰ ਗੱਲੋਂ ਸੇਖੋਂ ਅਤੇ ਵਿਰਕ ਮੇਰੇ ਹੋ ਗਏ। ਅਸਲ ਵਿਚ ਉਨ੍ਹਾਂ ਨੇ ਹੀ ਮੈਨੂੰ ਆਪਣਾ ਬਣਾ ਲਿਆ। ਜਦੋਂ ਮੇਰੇ ਤਿੰਨ ਕਹਾਣੀ ਸੰਗ੍ਰਹਿ ਛਪ ਚੁੱਕੇ ਤਾਂ ਮੈਂ ਵਿਰਕ ਨਾਲ ਕੋਰਸ ਵਿਚ ਲੱਗਣ ਵਾਲੀ ਇੱਛਾ ਸਾਂਝੀ ਕੀਤੀ। ਉਹ 'ਹੂੰ' ਕਹਿ ਕੇ ਚੁੱਪ ਕਰ ਰਿਹਾ। ਸੇਖੋਂ ਨਾਲ ਇਸ ਤਰ੍ਹਾਂ ਦੀ ਗੱਲ ਕਰਨੀ ਮੈਨੂੰ ਠੀਕ ਨਹੀਂ ਸੀ ਲਗਦੀ। ਸਾਡੀ ਉਮਰ ਦਾ ਫਰਕ ਬਹੁਤਾ ਸੀ। ਵਿਰਕ ਨਾਲ ਕਿਰਸਾਨੀ ਤੋਂ ਬਿਨਾਂ ਧੰਦੇ ਦੀ ਸਾਂਝ ਵੀ ਸੀ। ਅਸੀਂ ਭਾਰਤ ਸਰਕਾਰ ਦੀ ਸੂਚਨਾ ਪ੍ਰਣਾਲੀ ਵਿਚ ਲੋਕ ਸੰਪਰਕ ਤੇ ਸੂਚਨਾ ਦਾ ਕੰਮ ਕਰਦੇ ਸਾਂ। ਜੇ ਉਹ ਚਾਹੁੰਦਾ ਤਾਂ ਮੈਂ ਉਹਦਾ ਕੰਮ ਸਾਂਭ ਸਕਦਾ ਸਾਂ, ਤੇ ਜੇ ਮੈਂ ਚਾਹਾਂ ਤਾਂ ਉਹਦੇ ਲਈ ਮੇਰੇ ਵਾਲਾ ਕੰਮ ਕਰਨਾ ਖੱਬੇ ਹੱਥ ਦੀ ਖੇਡ ਸੀ।

ਵਿਰਕ ਥੋੜ੍ਹੀ ਗੱਲ ਕਰਨ ਵਾਲਾ ਬੰਦਾ ਸੀ। ਉਸ ਦੀ 'ਹੂੰ' ਮੇਰੀ ਇੱਛਾ ਨੂੰ ਦੁਰਕਾਰਨ ਵਾਲੀ ਨਾ ਹੋ ਕੇ ਇਸ ਨੂੰ ਪ੍ਰਵਾਨ ਕਰਨ ਵਾਲੀ ਸੀ, ਪਰ ਸਮਾਂ ਲੰਘਦਾ ਗਿਆ, ਤੇ ਗੱਲ ਆਈ-ਗਈ ਹੋ ਗਈ। ਮੈਂ ਤੇ ਵਿਰਕ ਮਿਲਦੇ, ਤਾਂ ਹੋਰ ਗੱਲਾਂ ਕਰਦੇ, ਪਰ ਕਹਾਣੀ ਦੇ ਕੋਰਸ ਵਿਚ ਲੱਗਣ ਵਾਲੀ ਗੱਲ ਮੁੜ ਕਦੀ ਨਾ ਹੋਈ। ਨਾ ਉਹਨੇ ਕੀਤੀ, ਨਾ ਮੈਂ।

ਥੋੜ੍ਹੀ ਦੇਰ ਪਿੱਛੋਂ ਵਿਰਕ ਦੀ ਬਦਲੀ ਚੰਡੀਗੜ੍ਹ ਹੋ ਗਈ। ਜਦੋਂ ਉਹ ਦਿੱਲੀ ਤੋਂ ਮੁੜ ਪੰਜਾਬ ਚਲਾ ਗਿਆ ਤਾਂ ਇਕ ਦਿਨ ਮਿਲਣ ਆਇਆ ਕਹਿਣ ਲੱਗਿਆ, "ਆ ਤੈਨੂੰ ਲੱਖ ਰੁਪਏ ਦੀ ਗੱਲ ਦੱਸਾਂ।" ਮੈਂ ਸੋਚਿਆ ਕਿਸੇ ਕੁੜੀ-ਚਿੜੀ ਦੀ ਗੱਲ ਹੋਵੇਗੀ। ਗੱਲ ਹੋਰ ਹੀ ਨਿਕਲੀ।

ਵਿਰਕ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਸਕੂਲੀ ਵਿਦਿਆ ਲਈ ਕਹਾਣੀਆਂ ਦੀ ਪੁਸਤਕ ਸੰਪਾਦਤ ਕਰਨ ਲਈ ਕਿਹਾ ਹੈ। ਉਹ ਤਿਆਰ ਕੀਤੀ ਜਾਣ ਵਾਲੀ ਪੁਸਤਕ ਵਿਚ ਮੇਰੀ ਕਹਾਣੀ ਵੀ ਪਾ ਸਕਦਾ ਸੀ। ਉਸ ਨੂੰ ਮੇਰੀ ਕਹਾਣੀ 'ਠੱਗੀ' ਬਹੁਤ ਪਸੰਦ ਸੀ। ਉਸ ਨੇ ਐਲਾਨ ਕੀਤਾ ਕਿ ਉਸ ਨੇ 'ਠੱਗੀ' ਕਹਾਣੀ ਆਪਣੀ ਪੁਸਤਕ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ। ਮੈਂ ਬੜਾ ਖੁਸ਼।

ਮੇਰੇ ਖੁਸ਼ ਹੋਣ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਇਹ ਕਿ ਮੇਰੀ ਇਹ ਕਹਾਣੀ ਬਹੁਤ ਚੰਗੀ ਸੀ। ਇਸ ਨੂੰ ਪੜ੍ਹਦੇ ਸਾਰ ਕਰਤਾਰ ਸਿੰਘ ਦੁੱਗਲ ਨੇ ਬਲਵੰਤ ਗਾਰਗੀ ਤੋਂ ਇਹ ਕਹਾਣੀ ਆਕਾਸ਼ਵਾਣੀ ਦੇ ਵਿਦੇਸ਼ੀ ਸਰੋਤਿਆਂ ਵਾਲੇ ਪ੍ਰੋਗਰਾਮ ਵਿਚ ਸ਼ਾਮਲ ਕਰਨ ਲਈ ਅੰਗਰੇਜ਼ੀ ਵਿਚ ਅਨੁਵਾਦ ਕਰਵਾਈ ਸੀ। ਕਹਾਣੀ ਦੀ ਚਰਚਾ ਆਕਾਸ਼ਵਾਣੀ ਦਾ ਉਹ ਸਟਾਫ਼ ਕਰਦਾ ਰਿਹਾ ਜਿਨ੍ਹਾਂ ਕੋਲ ਉਸ ਦੇ ਬਰਾਡਕਾਸਟ ਹੋਣ ਪਿਛੋਂ ਬਾਹਰਲੇ ਦੇਸ਼ਾਂ ਦੇ ਪ੍ਰਸ਼ੰਸਾ ਪੱਤਰ ਆਏ, ਪਰ ਇਹ ਕਹਾਣੀ ਕੋਰਸ ਵਿਚ ਨਾ ਲੱਗੀ। ਕਿਉਂ? ਇਸ ਦਾ ਕਾਰਨ ਪੰਜਾਬੀ ਪਾਠਕਾਂ ਲਈ ਦਿਲਚਸਪੀ ਵਾਲਾ ਹੈ।

ਅਗਲੀ ਫੇਰੀ 'ਤੇ ਵਿਰਕ ਦਿੱਲੀ ਆਇਆ ਤਾਂ ਕਹਿਣ ਲੱਗਾ, "ਤੂੰ ਆਪਣੀ ਕੋਈ ਹੋਰ ਕਹਾਣੀ ਲੱਭ, 'ਠੱਗੀ' ਤਾਂ ਕੋਰਸ ਵਿਚ ਲੱਗਣ ਯੋਗ ਨਹੀਂ।"

ਮੈਂ ਵਿਰਕ ਦੇ ਮੂੰਹ ਵੱਲ ਤੱਕਣ ਲੱਗ ਪਿਆ। ਉਸ ਨੇ ਦੱਸਿਆ ਕਿ 'ਠੱਗੀ' ਦੀ ਵਰਤੋਂ ਨਾ ਕਰਨ ਦਾ ਫੈਸਲਾ ਉਸ ਦਾ ਆਪਣਾ ਸੀ, ਕਿਸੇ ਹੋਰ ਦਾ ਨਹੀਂ। ਮੈਨੂੰ ਇਹ ਗੱਲ ਹੋਰ ਵੀ ਅਜੀਬ ਲੱਗੀ। ਹੌਲੀ-ਹੌਲੀ ਗੱਲ ਖੁੱਲ੍ਹੀ ਕਿ ਦੂਜੀ ਵਾਰੀ ਪੜ੍ਹਨ ਸਮੇਂ ਵਿਰਕ ਨੂੰ ਉਸ ਕਹਾਣੀ ਵਿਚ ਇਕ-ਦੋ ਸਤਰਾਂ ਇਹੋ ਜਿਹੀਆਂ ਲੱਗੀਆਂ ਜਿਹੜੀਆਂ ਸਕੂਲੀ ਬੱਚਿਆਂ ਨੂੰ ਨਹੀਂ ਸੀ ਪੜ੍ਹਾਈਆਂ ਜਾ ਸਕਦੀਆਂ। ਉਸ ਦੀ ਗੱਲ ਸੁਣਨ ਪਿੱਛੋਂ ਅਸੀਂ ਉਹ ਸਤਰਾਂ ਇਕੱਠਿਆਂ ਬਹਿ ਕੇ ਪੜ੍ਹੀਆਂ। ਮੈਨੂੰ ਵੀ ਜਾਪਿਆ ਕਿ ਉਹ ਸਤਰਾਂ ਸਕੂਲੀ ਬੱਚਿਆਂ ਲਈ ਸੱਚ ਮੁੱਚ ਬਹੁਤੀਆਂ ਠੀਕ ਨਹੀਂ ਸਨ।

ਉਸ ਵੇਲੇ ਤੱਕ ਮੇਰੀਆਂ ਤਿੰਨ ਕਿਤਾਬਾਂ ਛਪ ਚੁੱਕੀਆਂ ਸਨ। 'ਹੁਸਨ ਦੇ ਹਾਣੀ', 'ਇਕ ਸਾਂਝ ਪੁਰਾਣੀ' ਤੇ 'ਸੋਨੇ ਦੀ ਇੱਟ'। ਕਿਸੇ ਵੀ ਕਹਾਣੀ 'ਤੇ ਸਹਿਮਤੀ ਹੋ ਸਕਦੀ ਸੀ, ਪਰ ਉਹਦਾ ਮਨ ਵੀ 'ਠੱਗੀ' ਉਤੇ ਆਇਆ ਹੋਇਆ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਸਬੰਧਤ ਫਿਕਰੇ ਬਦਲ ਦਿਆਂ। ਇਹ ਗੱਲ ਮੈਨੂੰ ਵੀ ਜਚ ਗਈ। ਮੈਂ ਸੋਚ ਵਿਚਾਰ ਕੇ ਸਬੰਧਤ ਫਿਕਰਿਆਂ ਦਾ ਬਦਲ ਦੱਸਿਆ। ਮੈਂ ਆਪਣੀ ਕਹਾਣੀ ਕੋਰਸ ਵਿਚ ਲਿਆਉਣ ਵਾਸਤੇ ਕੁਝ ਵੀ ਕਰਨ ਨੂੰ ਤਿਆਰ ਸਾਂ, ਪਰ ਵਿਰਕ ਨੂੰ ਬਦਲਵੇਂ ਵਾਕ ਪਸੰਦ ਨਾ ਆਏ। ਉਸ ਨੇ ਡਟ ਕੇ ਕਿਹਾ, "ਇੰਦਾਂ ਕਰਨਾ ਠੀਕ ਨਹੀਂ। ਕਹਾਣੀ ਦੀ ਨੁੱਕ ਮਾਰੀ ਜਾਵੇਗੀ। ਕੋਰਸ ਲਈ ਕੋਈ ਹੋਰ ਕਹਾਣੀ ਲੱਭ। ਤੈਨੂੰ ਨਹੀਂ ਲੱਭਦੀ, ਤਾਂ ਮੈਂ ਆਪੇ ਲੱਭ ਲਵਾਂਗਾ।"

ਸਬੰਧਤ ਫਿਕਰੇ ਅਧਰੰਗੀ ਬੇਬੇ ਦੀ ਸੋਚ ਦੇ ਸਨ। ਆਪਣੀਆਂ ਨੂੰਹਾਂ ਬਾਰੇ ਬਿਮਾਰ ਸੋਚ ਦੇ। ਇਨ੍ਹਾਂ ਫਿਕਰਿਆਂ ਵਿਚ ਇਹੋ ਜਿਹਾ ਨੰਗੇਜ ਤਾਂ ਨਹੀਂ ਸੀ ਜਿਸ ਨੂੰ ਅਸ਼ਲੀਲ ਕਿਹਾ ਜਾਂਦਾ, ਪਰ ਸਾਨੂੰ ਦੋਹਾਂ ਨੂੰ ਇਹ ਵਾਕ ਸਕੂਲੀ ਬੱਚਿਆਂ ਦੇ ਪੜ੍ਹਨ ਵਾਲੇ ਨਹੀਂ ਸਨ ਜਾਪੇ।

ਫਿਰ ਵੀ ਕਹਾਣੀ ਕੋਰਸ ਵਿਚ ਲਗਵਾਉਣ ਦੇ ਲਾਲਚ ਵਿਚ ਆ ਕੇ ਅਸੀਂ ਉਨ੍ਹਾਂ ਵਾਕਾਂ ਨੂੰ ਬਦਲ ਕੇ ਕਹਾਣੀ ਵਿਚਲਾ ਕਣ ਖਤਮ ਕਰਨ ਦੇ ਹੱਕ ਵਿਚ ਨਹੀਂ ਸਾਂ। ਜੇ ਵਿਰਕ ਦੀ ਥਾਂ ਕੋਈ ਹੋਰ ਆਦਮੀ ਕੋਰਸ ਵਾਲੀ ਪੁਸਤਕ ਤਿਆਰ ਕਰ ਰਿਹਾ ਹੁੰਦਾ, ਤਾਂ ਉਸ ਨੇ ਵਾਕ ਬਦਲਣੇ ਪਰਵਾਨ ਕਰ ਕੇ 'ਠੱਗੀ' ਨੂੰ ਕੋਰਸ ਵਿਚ ਸ਼ਾਮਲ ਕਰ ਲੈਣਾ ਸੀ। ਮੈਂ ਤੇ ਵਿਰਕ ਨੇ 'ਠੱਗੀ' ਦੀ ਥਾਂ 'ਏਕੇ ਦੀ ਮੌਤ' ਚੁਣ ਲਈ।

ਸਕੂਲੀ ਬੱਚੇ 'ਏਕੇ ਦੀ ਮੌਤ' ਦੀਆਂ ਗੱਲਾਂ ਕਰਦੇ ਤਾਂ ਮੈਨੂੰ ਇਸ ਫੈਸਲੇ ਦੀ ਬੜੀ ਖੁਸ਼ੀ ਹੁੰਦੀ। ਬਹੁਤੀ ਇਹ ਕਿ ਵਿਰਕ ਨੇ ਮੇਰੀ ਕਹਾਣੀ 'ਠੱਗੀ' ਨੂੰ ਮਰਨ ਨਹੀਂ ਸੀ ਦਿੱਤਾ।

ਇਹ ਗੱਲ ਚੇਤੇ ਆਉਣ ਦਾ ਕਾਰਨ ਵੀ ਬੜਾ ਦਿਲਚਸਪ ਹੈ। ਮੈਂ ਐਤਵਾਰ ਦੇ ਦਿਨ ਹੋਰ ਅਖ਼ਬਾਰਾਂ ਦੇ ਨਾਲ 'ਸਹਾਰਾ ਟਾਈਮਜ਼' ਵੀ ਲੈਂਦਾ ਹਾਂ। ਇਸ ਅਖ਼ਬਾਰ ਦੇ ਪੈਨੋਰਮਾ ਭਾਗ ਵਿਚ ਕਿਸੇ ਨਾ ਕਿਸੇ ਬੋਲੀ ਦੀ ਵਧੀਆ ਕਹਾਣੀ ਚੁਣ ਕੇ ਛਾਪੀ ਜਾਂਦੀ ਹੈ। ਪਿਛਲੇ ਦਿਨਾਂ ਵਿਚ ਮੇਰੀ 'ਠੱਗੀ' ਦਾ ਬਲਵੰਤ ਗਾਰਗੀ ਵਲੋਂ ਕੀਤਾ ਅੰਗਰੇਜ਼ੀ ਅਨੁਵਾਦ 'ਫਰਾਡ' ਦੇਖ ਕੇ ਹੈਰਾਨੀ ਵੀ ਹੋਈ, ਤੇ ਅੰਤਾਂ ਦੀ ਖੁਸ਼ੀ ਵੀ। ਇਹ ਕਹਾਣੀ 'ਸਹਾਰਾ ਟਾਈਮਜ਼' ਨੇ ਫ਼ਿਊਜ਼ਨ ਬੁਕਸ ਵਲੋਂ ਛਾਪੀ 'ਪੰਜਾਬੀ ਸ਼ਾਰਟ ਸਟੋਰੀਜ਼' ਦੀ ਪੁਸਤਕ ਵਿਚੋਂ ਲਈ ਸੀ। ਇਸ ਤੋਂ ਇਲਾਵਾ ਪਹਿਲਾਂ ਵੀ 'ਠੱਗੀ' ਅੰਗਰੇਜ਼ੀ ਵਿਚ ਛਪੇ ਪੰਜਾਬੀ ਕਹਾਣੀਆਂ ਦੇ ਦੋ ਸੰਗ੍ਰਿਹਾਂ ਵਿਚ ਛਪ ਚੁੱਕੀ ਹੈ।

ਕੀ ਇਨ੍ਹਾਂ ਗੱਲਾਂ ਦਾ ਮਹੱਤਵ ਤੀਹ ਸਾਲ ਪਹਿਲਾਂ ਕੋਰਸ ਵਿਚ ਲੱਗੀ 'ਏਕੇ ਦੀ ਮੌਤ' ਨਾਲੋਂ ਵੱਧ ਨਹੀਂ ਹੈ।

# ਸੁਪਰੀਮ ਕੋਰਟ ਵਲੋਂ ਪਾਰ-ਲਿੰਗ ਜਾਤੀ ਦੀ ਸੁਣਵਾਈ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**

Sandhugulzar@yahoo.com

ਦੇਸ਼ ਵਿਚ ਲਿੰਗ ਹੀਣ ਮੰਨੇ ਜਾਂਦੇ ਵੋਟਰਾਂ ਦੀ ਗਿਣਤੀ ਤਾਂ ਕੇਵਲ 84,304 ਹੀ ਦੱਸੀ ਜਾਂਦੀ ਹੈ ਪਰ ਅਜਿਹਾ ਕੋਈ ਵਿਅਕਤੀ ਨਹੀਂ ਮਿਲਣ ਲਗਿਆ ਜਿਹੜਾ ਇਨ੍ਹਾਂ ਦੀ ਹੋਂਦ ਤੋਂ ਜਾਣੂ ਨਾ ਹੋਵੇ। ਨਵੇਂ ਬੱਚੇ ਦੇ ਜਨਮ ਜਾਂ ਉਸ ਦੀ ਵਿਆਹ-ਸ਼ਾਦੀ ਸਮੇਂ ਮਨਾਈ ਜਾਂਦੀ ਖੁਸ਼ੀ ਵਿਚ ਖੁਸਰੇ ਮੰਨੇ ਜਾਂਦੇ ਇਹ ਲੋਕ ਨੱਚਦੇ-ਗਾਉਂਦੇ ਤੇ ਗਿੱਧਾ ਪਾਉਂਦੇ ਧੱਕੇ ਨਾਲ ਆ ਵੜਦੇ ਹਨ। ਮਜਾਲ ਹੈ ਉਹ ਮਨ ਮੰਗਿਆ ਸ਼ਗਨ ਲਏ ਬਿਨਾ ਖੁਸ਼ੀਆਂ ਮਨਾਉਣ ਵਾਲੇ ਪਰਿਵਾਰ ਦਾ ਖਹਿੜਾ ਛੱਡਣ। ਉਨ੍ਹਾਂ ਨੂੰ ਇਸ ਤਰ੍ਹਾਂ ਸ਼ਗਨ ਪ੍ਰਾਪਤ ਕਰਨ ਦੀ ਜੁਗਤ ਭਗਵਾਨ ਰਾਮ ਚੰਦਰ ਨੇ ਦੱਸੀ ਸੀ। ਬਹੁਤੀ ਵਾਰੀ ਉਨ੍ਹਾਂ ਦੀ ਜ਼ਿਦ ਛੋਟੇ ਪਰਿਵਾਰ ਦੇ ਬੋਝੇ ਖਾਲੀ ਕਰਾਉਣ ਵਾਲੀ ਹੁੰਦੀ ਹੈ। ਉਨ੍ਹਾਂ ਦਾ ਗਾਉਣ-ਵਜਾਉਣ ਤੇ ਸ਼ੋਰ-ਸ਼ਰਾਬਾ ਅੱਜ ਦੇ ਤੇਜ਼ ਤਰਾਰ ਚੋਣ ਪ੍ਰਚਾਰ ਨੂੰ ਮਾਤ ਪਾਉਣ ਵਾਲਾ ਹੁੰਦਾ ਹੈ। ਧੂੰਸ ਉਮੀਦਵਾਰਾਂ ਨਾਲੋਂ ਵੀ ਵੱਧ।

ਦੇਸ਼ ਦੇ ਸ਼ਹਿਰਾਂ ਤੇ ਕਸਬਿਆਂ ਵਿਚ ਇਨ੍ਹਾਂ ਦੀਆਂ ਬਸਤੀਆਂ ਹਨ। ਕਰਨਾਟਕ ਦੀ 'ਸੰਗਮ', ਤਾਮਿਲਨਾਡੂ ਦੀ 'ਸ੍ਰਿਸ਼ਟੀ ਮਦੁਰਈ' ਤੇ ਅੰਜਨ ਜੋਸ਼ੀ ਦੀ ਦਿੱਲੀ ਦੀ 'ਜ਼ੀਨਤ ਕਲੱਬ' ਇਨ੍ਹਾਂ ਦੀ ਹੋਂਦ 'ਤੇ ਮਾਣ ਮਰਯਾਦਾ ਪਛਾਣ ਲਈ ਸਿਰ-ਤੋੜ ਯਤਨ ਕਰਦੀਆਂ ਆ ਰਹੀਆਂ ਹਨ। ਇਹ ਉਹ ਲੋਕ ਹਨ ਜਿਹੜੇ ਆਪਣੇ ਕਿਸੇ ਵੀ ਦੋਸ਼ ਤੋਂ



ਵਾਰਾਨਸੀ ਤੋਂ ਉਮੀਦਵਾਰ

ਬਿਨਾਂ ਹਾਸ਼ੀਏ ਵਿਚ ਧੱਕੇ ਮਿਲਦੇ ਹਨ। ਆਮ ਜਨਤਾ ਦੀ ਬੇਲਿਹਾਜ਼ੀ ਨੇ ਇਨ੍ਹਾਂ ਨੂੰ ਧੂੰਸ ਤੇ ਸ਼ਕਤੀ ਦਿੱਤੀ ਹੈ।

ਇਕ ਰੇਵਤੀ ਨਾਂ ਦੀ ਪ੍ਰਾਣੀ ਦੀ ਲਿਖੀ ਹੋਈ ਸਵੈ ਜੀਵਨੀ 'ਮੇਰੇ ਜੀਵਨ ਦਾ ਸੱਚ' ਏਨੀ ਪ੍ਰਸਿੱਧ ਹੋਈ ਹੈ ਕਿ ਉਸ ਦੀ ਕਹਾਣੀ ਉਤੇ ਬਣਿਆ ਇਕ ਨਾਟਕ ਅੱਜ ਕਰਨਾਟਕ ਰਾਜ ਦੇ ਕੋਨੇ ਕੋਨੇ ਵਿਚ ਖੇਡਿਆ ਜਾ ਰਿਹਾ ਹੈ। ਰੋਜ਼ ਵੈਂਕਟੇਸ਼ਨ ਨਾਂ ਦੀ ਟੀ ਵੀ ਅਭੀਨੇਤਾ/ਅਭੀਨੇਤਰੀ ਆਪਣੀ ਵਖਰੀ ਰਾਜਨੀਤਕ ਪਾਰਟੀ ਬਣਾਉਣ ਦੀ ਰੌਂਅ ਵਿਚ ਹੈ। ਇਕ ਕਮਲਾ ਨਾਂ ਦੀ ਉਮੀਦਵਾਰ ਨੇ ਨਰਿੰਦਰ ਮੋਦੀ ਤੇ ਅਰਵਿੰਦ ਕੇਜਰੀਵਾਲ ਵਾਂਗ ਵਾਰਾਨਸੀ ਤੋਂ ਲੋਕ ਸਭਾ ਦੀ ਸੀਟ ਲੜਨ ਵਾਸਤੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਹ ਪ੍ਰਾਣੀ ਧੂੰਸ ਦੇ ਸਵਾਮੀ ਹੁੰਦੇ ਹਨ।

ਸੁਪਰੀਮ ਕੋਰਟ ਦੇ ਸਜਰੇ ਫੈਸਲੇ ਨੇ ਉਨ੍ਹਾਂ ਨੂੰ ਵਿਆਹ ਕਰਵਾਉਣ, ਬੱਚਾ ਗੋਦ ਲੈਣ, ਵਿਦਿਆ ਤੇ ਰੋਜ਼ਗਾਰ ਪ੍ਰਾਪਤ ਕਰਨ ਦੇ ਹੱਕਾਂ ਦੇ ਭਾਗੀ ਬਣਾ ਦਿੱਤਾ ਹੈ। ਅੱਗੇ ਤੋਂ ਇਸ ਸ਼੍ਰੇਣੀ ਨੂੰ ਲਿੰਗ-ਪਾਰ (ਟ੍ਰਾਂਸਜੈਂਡਰ) ਸ਼੍ਰੇਣੀ ਕਿਹਾ ਜਾਵੇਗਾ। ਹੁਣ ਇਹ ਆਮ ਲੋਕਾਂ ਵਾਂਗ ਅਧਿਆਪਕ, ਡਾਕਟਰ, ਵਕੀਲ ਜਾਂ ਇੰਜੀਨੀਅਰ ਬਣ ਸਕਣਗੇ। ਸਾਡਾ ਦੇਸ਼ ਇਹ ਵਾਲੇ ਹੱਕ ਦੇਣ ਵਿਚ ਨਿਪਾਲ, ਬੰਗਲਾਦੇਸ਼ ਤੇ ਪਾਕਿਸਤਾਨ ਨਾਲੋਂ ਵੀ ਭਾਵੇਂ ਪਿੱਛੇ ਰਹਿ ਗਿਆ ਹੈ ਪਰ 'ਦੇਰ ਆਇਦ ਦਰੁਸਤ ਆਇਦ' ਦੀ ਧਾਰਨਾ ਥੱਲੇ ਇਸ ਦਾ ਸਵਾਗਤ ਕਰਨਾ ਬਣਦਾ ਹੈ।

ਹੋ ਸਕਦਾ ਇਹ ਲਿੰਗ-ਪਾਰ (ਟ੍ਰਾਂਸਜੈਂਡਰ) ਸ਼੍ਰੇਣੀ ਸਾਰੇ ਹੱਕ ਮਿਲਣ ਉਪਰੰਤ ਆਪਣੀ ਪਹਿਲਾਂ ਵਾਲੀ ਧੂੰਸ ਗੰਵਾ ਲਵੇ ਫੇਰ ਵੀ ਵਖਰੀ ਪਛਾਣ ਸਥਾਪਤ ਹੋਣ ਪਿੱਛੋਂ ਇਨ੍ਹਾਂ ਦਾ ਮਨੋਬਲ ਦੂਣ ਸਵਾਇਆ ਹੋਣ ਦੀ ਸੰਭਾਵਨਾ ਹੈ। ਹਾਲ ਦੀ ਘੜੀ ਤਾਂ ਆਪਾਂ ਏਸ ਵਾਰੀ ਦੀਆਂ ਲੋਕ ਸਭਾ ਚੋਣਾਂ ਵਿਚ ਕਮਲਾ ਨਾਂ ਦੀ ਉਮੀਦਵਾਰ ਨੂੰ ਸ਼ੁਭ ਇੱਛਾਵਾਂ ਦੇ ਸਕਦੇ ਹਾਂ ਜਿਸ ਨੇ ਲੋਕ ਸਭਾ ਚੋਣਾਂ ਵਿਚ ਵਾਰਾਨਸੀ ਸੀਟ ਉਤੇ ਬਹੁਤ ਵੱਡੇ ਮਹਾਰਥੀਆਂ ਦੀ ਧੂੰਸ ਨਾਲ ਆਢਾ ਲੈਣ ਦਾ ਐਲਾਨ ਕੀਤਾ ਹੈ। ਇਹ ਉਹ ਸੀਟ ਹੈ ਜਿਥੋਂ ਚੋਣ ਲੜਨ ਦਾ ਹੌਸਲਾ ਪ੍ਰਿਅੰਕਾ ਵੀ ਨਹੀਂ ਕਰ ਸਕੀ। ਨਤੀਜਾ ਕੁਝ ਵੀ ਨਿਕਲੇ ਸਾਡੀਆਂ ਸ਼ੁਭ ਇੱਛਾਵਾਂ ਕਮਲਾ ਲਈ ਹਨ!

**ਹਰਿਆਣਾ ਦੀ ਖਾਪ ਪ੍ਰਣਾਲੀ ਦਾ ਵੱਡਾ ਫੈਸਲਾ:** ਬੀਤੇ ਐਤਵਾਰ ਰੋਹਤਕ ਜ਼ਿਲ੍ਹੇ ਦੀ 42-ਗ੍ਰਾਮੀ ਸਤਰੋਲ ਖਾਪ ਨੇ ਸੇਵਾ ਮੁਕਤ ਸੂਬੇਦਾਰ ਇੰਦਰ ਸਿੰਘ ਦੀ ਪ੍ਰਧਾਨਗੀ ਥੱਲੇ ਇਕ ਵੱਡੀ ਬੈਠਕ ਵਿਚ ਆਪਣੇ ਘੇਰੇ ਵਿਚ ਆਉਂਦੇ ਪਿੰਡਾਂ ਨੂੰ ਪਿਛਲੇ ਸਾਢੇ ਛੇ ਸੌ ਸਾਲਾਂ ਤੋਂ ਚਲੇ ਆ ਰਹੇ ਵਿਆਹ ਸ਼ਾਦੀਆਂ ਦੇ ਬੰਧਨ ਤੋਂ ਮੁਕਤ ਕਰ ਦਿੱਤਾ ਹੈ। ਹੁਣ ਤੱਕ ਉਨ੍ਹਾਂ ਦੀ ਮਰਯਾਦਾ ਕਿਸੇ ਵੀ ਯੁਵਕ ਜਾਂ ਯੁਵਤੀ ਦਾ ਆਪਣੀ ਖਾਪ ਅਧੀਨ ਆਉਂਦੇ ਪਿੰਡਾਂ ਵਿਚ ਆਪਣੀ ਜਾਤੀ ਜਾਂ ਗੋਤ ਵਿਚ ਵਿਆਹ ਨਹੀਂ ਸੀ ਹੋਣ ਦਿੰਦੀ। ਏਸ ਕਾਰਨ ਯੁਵਕ ਯੁਵਤੀਆਂ ਦੇ ਅਣਵਿਆਹੇ ਰਹਿ ਜਾਣ ਨਾਲ ਲਿੰਗ ਅਨੁਪਾਤ ਹੀ ਡਾਵਾਂਡੋਲ ਨਹੀਂ ਹੋਇਆ ਸਗੋਂ ਇੱਜ਼ਤ ਲਈ ਕਤਲ ਵੀ ਹੋਣ ਲਗ ਪਏ ਸਨ। ਨਵੇਂ ਫੈਸਲੇ ਅਨੁਸਾਰ ਪੁਰਾਣਾ ਬੰਧਨ ਕੇਵਲ ਆਪਣੇ ਜਾਂ ਆਪਣੇ ਪਿੰਡ ਦੀ ਸੀਮਾ ਨਾਲ ਲਗਦੇ ਪਿੰਡਾਂ ਤੇ ਆਪਣੇ ਮਾਂ-ਬਾਪ ਦੇ ਗੋਤ ਤੋਂ ਬਿਨਾਂ ਹੋਰ ਕਿਸੇ ਥਾਂ ਲਾਗੂ ਨਹੀਂ ਹੋਵੇਗਾ।

ਭਾਵੇਂ ਐਤਵਾਰ ਵਾਲੀ ਬੈਠਕ ਵਿਚ ਹਾਜ਼ਰ ਪ੍ਰਧਾਨਾਂ ਵਿਚੋਂ ਇਸ ਫੈਸਲੇ ਦੀ ਦੋ ਚਾਰ ਪ੍ਰਧਾਨਾਂ ਨੇ ਵਿਰੋਧਤਾ ਵੀ ਕੀਤੀ ਪਰ ਇਸ ਫੈਸਲੇ ਦੀ ਸੂਚਨਾ ਮੀਡੀਆ ਵਿਚ ਆਉਂਦੇ ਸਾਰ ਹੋਰ ਵੀ ਵੱਡੀਆਂ ਖਾਪਾਂ ਨੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਹੈ। ਇਥੋਂ ਤੱਕ ਕਿ ਸਰਵ ਖਾਪ ਮਹਾ ਪੰਚਾਇਤ ਦੇ ਕਨਵੀਨਰ ਕੁਲਦੀਪ ਢਾਂਡਾ ਨੇ ਵੀ ਇਸ ਫੈਸਲੇ ਦੀ ਹਾਮੀ ਭਰਨ ਵਾਲੀ ਕਿਸੇ ਖਾਪ ਨੂੰ ਨਹੀਂ ਰੋਕਿਆ। ਇਹ ਖੁੱਲ੍ਹ ਕਿਸੇ ਪ੍ਰਕਾਰ ਦੇ ਦਬਾਅ ਅਧੀਨ ਨਹੀਂ ਦਿੱਤੀ ਗਈ ਸਗੋਂ ਜ਼ਮੀਨੀ ਤੱਥਾਂ ਨੂੰ ਮੁੱਖ ਰੱਖ ਕੇ ਬਰਾਦਰੀ ਦੇ ਸੁਧਾਰ ਲਈ ਦਿੱਤੀ ਗਈ ਹੈ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ।



**ਅੰਤਿਕਾ:** (ਦਰਸ਼ਨ ਸਿੰਘ ਹੀਰ ਸਾਊਥਾਲ)

ਅਰਸ਼ ਉਚਾ ਪ੍ਰੀਤ, ਨਿਆਂ ਤੇ ਸੱਚ ਕਰੇ
ਕਹਿਣੇ ਨੂੰ ਇਹ ਬੰਦਾ ਭਾਵੇਂ ਖਾਕੀ ਏ।
ਜਿਹੜੀ ਪੂੰਜੀ ਆਈ, ਜਾ ਵੀ ਸਕਦੀ ਹੈ
ਇਹਦਾ ਆਉਣਾ ਜਾਣਾ ਤੇ ਇਤਫਾਕੀ ਏ।

## ਮਿੰਨੀ ਕਹਾਣੀ

### ਗਹਿਣਾ

ਜਲਦੀ ਹੀ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ ਸੀ। ਦੇਖ ਦਿਖਾਣ ਵੇਲੇ ਕੁੜੀ ਵਾਲਿਆਂ ਨੇ ਮੁੰਡੇ ਨੂੰ ਇਹ ਨਹੀਂ ਦੱਸਿਆ ਸੀ ਕਿ ਸਾਡੀ ਕੁੜੀ ਨੂੰ ਥੋੜਾ ਜਿਹਾ ਉਚਾ ਸੁਣਦਾ ਹੈ। ਕੁਝ ਹੀ ਦਿਨਾਂ ਮਗਰੋਂ ਲੜਕੇ ਵਾਲਿਆਂ ਨੂੰ ਸਭ ਕੁਝ ਪਤਾ ਲੱਗ ਗਿਆ। ਹੁਣ ਸਾਰੇ ਹੀ ਕੁੜੀ ਨੂੰ ਤੰਗ ਕਰਨ ਲੱਗ ਗਏ, ਗੱਲ ਗੱਲ ਵਿਚ ਮਿਹਣੇ ਤਾਨਿਆਂ ਦੀ ਬੁਛਾਰ ਸ਼ੁਰੂ ਹੋ ਜਾਂਦੀ। ਸਾਰਾ ਦਿਨ ਕਲੇਸ਼ ਰਹਿਣ ਕਰਕੇ ਤਲਾਕ ਤੱਕ ਦੀ ਨੌਬਤ ਆ ਗਈ।

ਕੁੜੀ ਦੇ ਮਾਪਿਆਂ ਨੇ ਉਸ ਦੇ ਕੰਨਾਂ ਵਿਚ ਇਕ ਛੋਟੀ ਜਿਹੀ ਮਸ਼ੀਨ ਵੀ ਲਗਵਾ ਦਿੱਤੀ ਸੀ, ਜਿਸ ਨਾਲ ਉਸ ਨੂੰ ਹੁਣ ਸਾਫ ਸਾਫ ਸੁਣਾਈ ਦੇਣ ਲੱਗ ਗਿਆ ਸੀ। ਪਰ ਮੁੰਡੇ ਵਾਲਿਆਂ ਨੇ ਤਾਂ ਜਿਵੇਂ ਤਲਾਕ ਦੇਣ ਦੀ ਕਸਮ ਖਾਧੀ ਹੋਈ ਸੀ। ਉਨ੍ਹਾਂ ਕੁੜੀ ਵਾਲਿਆਂ ਦੀ ਇਕ ਨਾ ਸੁਣੀ ਤੇ ਇਕੋ ਗੱਲ 'ਤੇ ਅੜੇ ਰਹੇ ਕਿ ਅਸੀਂ ਮਸ਼ੀਨ ਵਾਲੀ ਕੁੜੀ ਨੂੰ ਨਹੀਂ ਰੱਖਣਾ। ਗੱਲ ਕੋਰਟ ਕਚਹਿਰੀ ਤੱਕ ਪਹੁੰਚ ਗਈ।

ਅੱਜ ਇਸ ਕੇਸ ਦੀ ਸੁਣਵਾਈ ਸੀ ਜਿਸ ਕਰਕੇ ਦੋਨੋਂ ਧਿਰਾਂ ਅਦਾਲਤ ਵਿਚ ਮੌਜੂਦ ਸਨ। ਜੱਜ ਸਾਹਿਬ ਕੁਰਸੀ 'ਤੇ ਬੈਠ ਗਏ ਸਨ।

ਵਕੀਲਾਂ ਦੀਆਂ ਦਲੀਲਾਂ ਸੁਣ ਕੇ ਜੱਜ ਨੇ ਲੜਕੇ ਨੂੰ ਪੁਛਿਆ, "ਕਿਆ ਜੋ ਲੜਕੀ ਦੇ ਕੰਨਾਂ ਵਿਚ ਵੱਡੀਆਂ ਵੱਡੀਆਂ ਸੋਨੇ ਦੀਆਂ ਵਾਲੀਆਂ ਪਾਈਆਂ ਹੋਈਆਂ ਨੇ ਉਨ੍ਹਾਂ 'ਤੇ ਵੀ ਤੁਹਾਨੂੰ ਕੋਈ ਇਤਰਾਜ਼ ਹੈ?"

ਮੁੰਡੇ ਦੀ ਮਾਂ ਝੱਟ ਬੋਲ ਪਈ, "ਜੱਜ ਸਾਹਿਬ, ਇਹ ਤਾਂ ਇਕ ਗਹਿਣਾ ਹੈ।"

ਜੱਜ ਨੇ ਸਮਝਾਇਆ, ਇਹ ਛੋਟੀ ਜਿਹੀ ਮਸ਼ੀਨ ਵੀ ਉਸ ਦਾ ਇਕ ਗਹਿਣਾ ਸਮਝੋ ਤੇ ਲੜਕੀ ਨੂੰ ਆਪਣੇ ਘਰ ਲੈ ਜਾਓ। ਹੁਣ ਸਭ ਨੂੰ ਸਮਝ ਆ ਗਈ ਸੀ ਤੇ ਉਹ ਖੁਸ਼ੀ ਖੁਸ਼ੀ ਲੜਕੀ ਨੂੰ ਘਰ ਲੈ ਗਏ।

*-ਨਾਇਬ ਸਿੰਘ ਸੈਂਪਲੇ*
*ਫੋਨ: 91-98728-05203*

# ਕੰਗਨਾ ਨੇ ਕਾਂਚੀ ਨੂੰ ਵੀ ਪਛਾੜਿਆ


ਫਿਲਮ ਹੀਰੋਇਨ ਕੰਗਨਾ ਰਾਣਾਵਤ ਦੀ ਗੁੱਡੀ ਅੱਜ ਕੱਲ੍ਹ ਖੂਬ ਚੜ੍ਹੀ ਹੋਈ ਹੈ। ਹਾਲ ਹੀ ਵਿਚ ਰਿਲੀਜ਼ ਹੋਈ ਉਸ ਦੀ ਫਿਲਮ 'ਰਿਵਾਲਵਰ ਰਾਨੀ' ਨੇ ਉਘੇ ਫਿਲਮਸਾਜ਼ ਸੁਭਾਸ਼ ਘਈ ਦੀ ਫਿਲਮ 'ਕਾਂਚੀ' ਨੂੰ ਵੀ ਪਛਾੜ ਦਿੱਤਾ ਹੈ। ਇਸ ਤੋਂ ਪਹਿਲਾਂ ਕੰਗਨਾ ਦੀ ਚਰਚਿਤ ਹੋਈ ਫਿਲਮ 'ਕੁਈਨ' ਨੇ ਮਾਧੁਰੀ ਦੀਕਸ਼ਿਤ ਅਤੇ ਜੂਹੀ ਚਾਵਲਾ ਦੀ ਫਿਲਮ 'ਗੁਲਾਬ ਗੈਂਗ' ਨੂੰ ਕਮਾਈ ਪੱਖੋਂ ਪਿੱਛੇ ਛੱਡ ਦਿੱਤਾ ਸੀ। ਇਹ ਦੋਵੇਂ ਫਿਲਮਾਂ ਇਕੋ ਦਿਨ ਰਿਲੀਜ਼ ਹੋਈਆਂ ਸਨ ਅਤੇ ਹੁਣ 'ਰਿਵਾਲਵਰ ਰਾਨੀ' ਅਤੇ 'ਕਾਂਚੀ' ਵੀ ਇਕੋ ਦਿਨ ਹੀ ਰਿਲੀਜ਼ ਹੋਈਆਂ ਹਨ। ਲੋਕ ਸਭਾ ਚੋਣਾਂ ਦੀ ਮਾਰੋ-ਮਾਰ ਕਾਰਨ 'ਰਿਵਾਲਵਰ ਰਾਨੀ' ਦੀ ਕਮਾਈ ਪਹਿਲੇ ਦਿਨ ਭਾਵੇਂ ਘੱਟ ਰਹੀ, ਪਰ ਇਹ ਕਮਾਈ 'ਕਾਂਚੀ' ਨਾਲੋਂ ਵੱਧ ਹੀ ਸੀ ਅਤੇ ਹੌਲੀ-ਹੌਲੀ ਇਸ ਵਿਚ ਹੋਰ ਵਾਧਾ ਵੀ ਹੁੰਦਾ ਗਿਆ।



ਫਿਲਮ 'ਕਾਂਚੀ' ਦੀ ਨਾਇਕਾ ਮਿਸ਼ਠੀ।

'ਕਾਂਚੀ' ਫਿਲਮ ਲਈ ਤਾਂ ਸੁਭਾਸ਼ ਘਈ ਦੀ ਇੰਨੀ ਜ਼ਿਆਦਾ ਨੁਕਤਾਚੀਨੀ ਹੋਈ ਹੈ ਕਿ ਕੁਝ ਫਿਲਮ ਆਲੋਚਕਾਂ ਨੇ ਉਸ ਬਾਰੇ ਇਹ ਵੀ ਕਹਿ ਦਿੱਤਾ ਹੈ ਕਿ ਉਸ ਨੂੰ ਹੁਣ ਰਿਟਾਇਰ ਹੋ ਜਾਣਾ ਚਾਹੀਦਾ ਹੈ। ਯਾਦ ਰਹੇ ਕਿ ਸੁਭਾਸ਼ ਘਈ, ਫਿਲਮਸਾਜ਼ ਰਾਜ ਕਪੂਰ ਤੋਂ ਬਾਅਦ ਹਿੰਦੀ ਫਿਲਮੀ ਦੁਨੀਆਂ ਦਾ ਸਭ ਤੋਂ ਵੱਡਾ ਸ਼ੋਅਮੈਨ ਮੰਨਿਆ ਜਾਂਦਾ ਰਿਹਾ ਹੈ, ਪਰ ਇਸ ਫਿਲਮ ਵਿਚ ਉਹ ਕੋਈ ਜਾਦੂ ਨਹੀਂ ਧੂੜ ਸਕਿਆ। ਦੂਜੇ ਬੰਨੇ ਕੰਗਨਾ ਰਾਣਾਵਤ ਨੇ ਆਪਣੀ ਫਿਲਮ 'ਰਿਵਾਲਵਰ ਰਾਨੀ' ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਵਿੱਦਿਆ ਬਾਲਨ ਤੋਂ ਬਾਅਦ ਕੰਗਨਾ ਅਜਿਹੀ ਪਹਿਲੀ ਹੀਰੋਇਨ ਬਣ ਗਈ ਹੈ ਜਿਸ ਦੇ ਸਿਰ ਉਤੇ ਕੋਈ ਫਿਲਮ ਚੱਲ ਸਕਦੀ ਹੈ। ਵਿਆਹ ਤੋਂ ਬਾਅਦ ਵਿੱਦਿਆ ਬਾਲਨ ਦਾ ਕੰਮ ਢਿੱਲਾ ਪੈ ਜਾਣ ਕਾਰਨ ਹੁਣ ਸਭ ਦੀਆਂ ਨਜ਼ਰਾਂ ਕੰਗਨਾ ਰਾਣਾਵਤ ਉਤੇ ਆਣ ਟਿਕੀਆਂ ਹਨ। ਹੁਣ ਉਹ ਫਿਲਮਾਂ ਵੀ ਚੁਣ-ਚੁਣ ਕੇ ਕਰ ਰਹੀ ਹੈ। ਫਿਲਮ ਨਿਰਦੇਸ਼ਕ ਅਤੇ ਨਿਰਮਾਤਾ ਵੀ ਉਸ ਦੀ ਅਦਾਕਾਰੀ ਉਤੇ ਯਕੀਨ ਕਰਨ ਲੱਗੇ ਹਨ ਅਤੇ ਫਿਲਮ ਉਤੇ ਪੈਸਾ ਲਾਉਣ ਤੋਂ ਝਿਜਕ ਨਹੀਂ ਰਹੇ। ਵਿੱਦਿਆ ਬਾਲਨ ਅਤੇ ਕੰਗਨਾ ਰਾਣਾਵਤ ਨੇ ਫਿਲਮੀ ਦੁਨੀਆ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਨਵੀਆਂ ਪੈੜਾਂ ਪਾਈਆਂ ਹਨ ਜਿਸ ਦਾ ਫਾਇਦਾ ਆਉਣ ਵਾਲੀਆਂ ਹੀਰੋਇਨਾਂ ਨੂੰ ਹੋਵੇਗਾ।

'ਰਿਵਾਲਵਰ ਰਾਨੀ' ਸਾਈਂ ਕਬੀਰ ਵੱਲੋਂ ਨਿਰਦੇਸ਼ਤ ਕੀਤੀ ਗਈ ਹੈ ਅਤੇ ਇਸ ਦੀ ਕਹਾਣੀ ਵੀ ਖੁਦ ਉਨ੍ਹਾਂ ਨੇ ਲਿਖੀ ਹੈ। ਆਮ ਤੌਰ 'ਤੇ ਜਦੋਂ ਕਿਸੇ ਹੀਰੋਇਨ ਨੂੰ ਵੱਡੇ ਬਜਟ ਵਾਲੀ ਫ਼ਿਲਮ ਵਿਚ ਮੁੱਖ ਭੂਮਿਕਾ ਵਿਚ ਲਿਆ ਜਾਂਦਾ ਹੈ ਤਾਂ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਹੈ ਕਿ ਕਹਾਣੀ ਵਿਚ ਭਾਵੁਕ ਅਪੀਲ ਹੋਵੇ ਪਰ ਕੰਗਨਾ ਦੀ ਇਹ ਫ਼ਿਲਮ ਐਕਸ਼ਨ ਨਾਲ ਭਰੀ ਹੋਈ ਹੈ। ਇਸ ਫ਼ਿਲਮ ਬਾਰੇ ਕੰਗਨਾ ਕਹਿੰਦੀ ਹੈ ਕਿ ਹੁਣ ਤੱਕ ਉਸ ਨੇ ਜੋ ਵੀ ਭੂਮਿਕਾਵਾਂ ਨਿਭਾਈਆਂ ਹਨ, ਉਨ੍ਹਾਂ ਦੇ ਮੁਕਾਬਲੇ 'ਰਿਵਾਲਵਰ ਰਾਨੀ' ਵਿਚ ਅਲਕਾ ਸਿੰਘ ਦੀ ਭੂਮਿਕਾ ਨਿਭਾਉਣਾ ਜ਼ਿਆਦਾ ਮੁਸ਼ਕਿਲ ਰਿਹਾ। ਇਸ ਦੀ ਵਜ੍ਹਾ ਇਹ ਸੀ ਕਿ ਇਹ ਵੱਖਰੀ ਜਿਹੀ ਭੂਮਿਕਾ ਹੈ। ਉਸ ਦਾ ਦਾਅਵਾ ਹੈ ਕਿ ਉਸ ਨੇ ਇਸ ਤਰ੍ਹਾਂ ਦੀ ਫਿਲਮ ਕਦੀ ਨਹੀਂ ਕੀਤੀ ਹੈ। ਫ਼ਿਲਮ ਦੇ ਸਾਰੇ ਕਿਰਦਾਰ, ਫ਼ਿਲਮ ਦੀ ਟ੍ਰੀਟਮੈਂਟ ਅਤੇ ਫ਼ਿਲਮ ਦਾ ਟੇਸਟ ਬਿਲਕੁਲ ਵੱਖਰਾ ਹੈ। ਇਸੇ ਕਰ ਕੇ ਲੋਕਾਂ ਨੇ ਇਸ ਫਿਲਮ ਨੂੰ ਵੀ ਉਸ ਦੀ ਇਸ ਤੋਂ ਪਹਿਲੀ ਫਿਲਮ 'ਕੁਈਨ' ਵਾਂਗ ਹੁੰਗਾਰਾ ਭਰਿਆ ਹੈ। ਇਸ ਤੋਂ ਪਹਿਲਾਂ ਕੰਗਨਾ ਦੀ 'ਰੱਜੋ' ਨਾਂ ਦੀ ਫਿਲਮ ਵੀ ਨਾਇਕਾ-ਪ੍ਰਧਾਨ ਫਿਲਮ ਸੀ। ਅਸਲ ਵਿਚ ਕੰਗਨਾ ਨੂੰ ਫਿਲਮ 'ਰੱਜੋ' ਵਿਚ ਕੀਤੀ ਅਦਾਕਾਰੀ ਨੇ ਹੀ ਰਜਾਇਆ ਸੀ। ਇਸ ਤੋਂ ਉਸ ਦੀ ਬੱਲੇ-ਬੱਲੇ ਹੋਈ ਸੀ।



ਕੰਗਨਾ ਰਾਣਾਵਤ

# ਸੈਮੂਅਲ ਜੌਹਨ ਦਾ ਜੁਝਾਰੂ ਜਹਾਨ



ਸਮਾਜ ਦੇ ਸਰੋਕਾਰਾਂ ਬਾਰੇ ਰੀਝ ਅਤੇ ਨੀਝ ਨਾਲ ਕੰਮ ਕਰਨ ਵਾਲਾ ਰੰਗਕਰਮੀ ਸੈਮੂਅਲ ਜੌਹਨ ਪਹਿਲੀ ਨਜ਼ਰੇ ਸਾਧਾਰਨ ਜਿਹਾ ਲਗਦਾ ਹੈ ਪਰ ਜਦੋਂ ਉਸ ਨੂੰ ਗਹੁ ਨਾਲ ਪੜ੍ਹੋ, ਤਾਂ ਪਤਾ ਲਗਦਾ ਹੈ ਕਿ ਉਸ ਨੇ ਆਮ ਇਨਸਾਨਾਂ, ਰੋਜ਼ੀ-ਰੋਟੀ ਲਈ ਤਰਸ ਰਹੇ ਲੋਕਾਂ, ਦਲਿਤਾਂ ਤੇ ਮਜ਼ਦੂਰਾਂ ਵਿਚ ਵਿਗਿਆਨਕ ਚੇਤਨਾ ਜਗਾਉਣ ਤੇ ਸੰਘਰਸ਼ ਕਰਨ ਲਈ ਆਪਣੇ-ਆਪ ਨੂੰ ਸਮਰਪਿਤ ਕੀਤਾ ਹੋਇਆ ਹੈ। ਜੌਹਨ ਦਾ ਜਨਮ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਢਿੱਲਵਾਂ ਕਲਾਂ ਦਾ ਹੈ। ਗੁਰਬਤ ਕਾਰਨ ਜੌਹਨ ਨੂੰ ਇਸ ਰਾਹ 'ਤੇ ਤੁਰਨ ਲਈ ਬੇਹੱਦ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਪਿੰਡਾਂ ਦੇ ਵਿਹੜੇ ਅਤੇ ਸੱਥਾਂ 'ਚ ਨਾਟਕ ਖੇਡ ਕੇ ਘਰ-ਘਰ ਤੋਂ ਆਟਾ ਤੱਕ ਇਕੱਠਾ ਕਰ ਕੇ ਇਸ ਰਾਹ 'ਤੇ ਲਗਾਤਾਰ ਤੁਰਦਾ ਰਿਹਾ। ਉਸ ਨੇ ਆਪਣੀ ਜੀਵਨ ਸਾਥਣ ਜਸਵਿੰਦਰ ਕੌਰ ਨਾਲ ਮਿਲ ਕੇ ਪਿੰਡਾਂ ਦੀਆਂ ਗਲੀਆਂ 'ਚ ਜੁਝਾਰੂ ਇਨਕਲਾਬੀ ਗੀਤ ਗਾਏ। ਬਚਪਨ ਤੋਂ ਹੀ ਕਿਸਾਨ ਜਥੇਬੰਦੀਆਂ ਅਤੇ ਖੱਬੀਆਂ ਪਾਰਟੀਆਂ ਵੱਲੋਂ ਕੀਤੇ ਜਾਂਦੇ ਨਾਟਕ ਵੇਖ ਕੇ ਸੈਮੂਅਲ 'ਚ ਉਤਸ਼ਾਹ ਪੈਦਾ ਹੋਇਆ ਕਿ ਉਹ ਸਮਾਜ 'ਚ ਹਾਕਮ ਧਿਰਾਂ ਵੱਲੋਂ ਲਤਾੜੇ ਜਾ ਰਹੇ ਲੋਕਾਂ ਲਈ ਕੁਝ ਨਾ ਕੁਝ ਜ਼ਰੂਰ ਕਰੇ। ਉਹ ਆਪਣੀ ਮਿਹਨਤ ਸਦਕਾ ਨਾਟਕ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ, ਕਈ ਸੰਸਥਾਵਾਂ ਉਸ ਦਾ ਸਨਮਾਨ ਕਰ ਚੁੱਕੀਆਂ ਹਨ, ਪਰ ਇਸ ਦੇ ਬਾਵਜੂਦ ਉਹ ਆਪਣੀਆਂ ਜੜ੍ਹਾਂ ਨਾਲ ਡੂੰਘਾ ਜੁੜਿਆ ਹੋਇਆ ਹੈ। ਉਹਦਾ ਮੰਨਣਾ ਹੈ ਕਿ ਛੋਟੀਆਂ-ਛੋਟੀਆਂ ਦੁਕਾਨਾਂ ਵਾਲੇ, ਮਜ਼ਦੂਰਾਂ, ਦਿਹਾੜੀਦਾਰਾਂ ਤੇ ਦਲਿਤਾਂ ਦਾ ਵੀ ਇਸ ਪੰਜਾਬ 'ਚ ਹਿੱਸਾ ਹੈ ਪਰ ਹਾਕਮ ਧਿਰਾਂ, ਜ਼ਮੀਨਾਂ ਤੇ ਵੱਡੀਆਂ-ਵੱਡੀਆਂ ਫੈਕਟਰੀਆਂ ਦੇ ਮਾਲਕ ਆਪਣਾ ਹੱਕ ਜਮਾਈ ਬੈਠੇ ਹਨ। ਅਜਿਹੇ ਮੁੱਦਿਆਂ ਨੂੰ ਸਾਹਮਣੇ ਲਿਆਉਣ ਲਈ ਉਹ ਆਪਣੇ ਜ਼ਿਹਨ 'ਚ ਪੈਦਾ ਹੋਈ ਇਸ ਕਲਾ ਨਾਲ ਪਿੰਡ-ਪਿੰਡ ਤੁਰਦਾ ਫਿਰ ਰਿਹਾ ਹੈ। ਅਸਲ ਵਿਚ ਉਹਦਾ ਅਤੇ ਉਹਦੀ ਕਲਾ ਦਾ ਸਮੁੱਚਾ ਦਾਈਆ ਜੁਝਾਰੂ ਜਹਾਨ ਨਾਲ ਜੁੜਿਆ ਹੋਇਆ ਹੈ।

ਸੈਮੂਅਲ ਨੇ ਆਪਣੇ ਨਾਟਕੀ ਖੇਤਰ ਦੀ ਸ਼ੁਰੂਆਤ ਫਰੀਦਕੋਟ ਦੇ ਪਿੰਡ ਔਲਖ ਵਿਖੇ ਭਾਅ ਜੀ ਗੁਰਸ਼ਰਨ ਵੱਲੋਂ ਖੇਡੇ ਜਾਂਦੇ ਨਾਟਕ 'ਟੋਆ' ਤੋਂ ਕੀਤੀ ਸੀ। ਮਜ਼ਦੂਰ ਤਬਕੇ ਨਾਲ ਜੁੜੇ ਅਤੇ ਆਰਥਿਕ ਸਮੱਸਿਆ ਨਾਲ ਜੂਝਦੇ ਹੋਏ ਸੈਮੂਅਲ ਨੇ ਲਹਿਰਾਗਾਗਾ ਵਿਖੇ ਨਾਟਕਾਂ ਲਈ ਸਟੇਜ ਵੀ ਬਣਵਾਈ। ਉਥੇ ਹੀ ਉਸ ਦੀ ਮੁਲਾਕਾਤ ਫਿਲਮਸਾਜ਼ ਜਤਿੰਦਰ ਮੌਹਰ ਨਾਲ ਹੋਈ ਅਤੇ ਫਿਰ ਉਹ ਜਤਿੰਦਰ ਮੌਹਰ ਦੀ ਪਹਿਲੀ ਪੰਜਾਬੀ ਫਿਲਮ 'ਮਿੱਟੀ' ਦਾ ਐਕਟਿੰਗ ਡਾਇਰੈਕਟਰ ਬਣਿਆ। ਇਸ ਤੋਂ ਇਲਾਵਾ ਪੰਜਾਬੀ ਫਿਲਮ 'ਆਤੂ ਖੋਜੀ' ਅਤੇ 'ਕਿਰਤੀ' ਨਾਟਕ ਸਮੇਤ ਅਨੇਕਾਂ ਹੀ ਨਾਟਕ ਪਿੰਡਾਂ ਦੀਆਂ ਸੱਥਾਂ 'ਚ ਖੇਡੇ ਹਨ। ਜੌਹਨ ਵੱਡੇ-ਵੱਡੇ ਕਲਾਕਾਰਾਂ ਵਾਂਗ ਅਮੀਰਜ਼ਾਦਿਆਂ ਦੀਆਂ ਫਿਲਮਾਂ ਨਹੀਂ, ਸਗੋਂ ਨਾਟਕ ਦੇ ਜ਼ਰੀਏ ਪਿੰਡ-ਪਿੰਡ, ਗਲੀ-ਗਲੀ 'ਚ ਜਾ ਕੇ ਆਪਣਿਆਂ ਤੇ ਆਮ ਲੋਕਾਂ 'ਚ ਵਿਚਰਨਾ ਚਾਹੁੰਦਾ ਹੈ। ਗੁਰਦਿਆਲ ਸਿੰਘ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਉਤੇ ਬਣੀ ਫਿਲਮ ਵਿਚ ਉਸ ਨੇ ਅਦਾਕਾਰੀ ਦੇ ਜੌਹਰ ਦਿਖਾਏ ਹਨ। ਇਸ ਫਿਲਮ ਨੂੰ ਕੌਮੀ ਪੱਧਰ ਦਾ ਸਰਬੋਤਮ ਫਿਲਮ ਦਾ ਪੁਰਸਕਾਰ ਮਿਲਿਆ। ਇਸ ਫਿਲਮ ਨੂੰ ਗੋਆ ਫਿਲਮ ਫੈਸਟੀਵਲ ਵਿਚ ਗੋਲਡਨ ਪੀਕੌਕ ਸਨਮਾਨ ਮਿਲਣਾ ਇਸ ਦੀ ਵਿਲੱਖਣਤਾ ਉਤੇ ਮੋਹਰ ਲਾਉਂਦਾ ਹੈ। ਉਹਨੇ ਜਿਸ ਪਾਤਰ ਦਾ ਕਿਰਦਾਰ ਇਸ ਫਿਲਮ 'ਚ ਨਿਭਾਇਆ ਹੈ, ਉਹੀ ਕਿਰਦਾਰ ਉਹ ਆਪਣੀ ਅਸਲ ਜ਼ਿੰਦਗੀ 'ਚ ਜੀਅ ਰਿਹਾ ਹੈ।



ਫੋਟੋਗ੍ਰਾਫਰ ਰਣਦੀਪ ਮੱਦੋਕੇ ਵੱਲੋਂ ਖਿੱਚੀ ਸੈਮੂਅਲ ਜੌਹਨ ਦੀ ਤਸਵੀਰ।

ਸੈਮੂਅਲ ਜੌਹਨ ਨੇ ਪੰਜਾਬ ਦੀ ਅਸਲ ਜ਼ਿੰਦਗੀ ਨਾਲ ਜੁੜੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਨੂੰ ਘਰ-ਘਰ ਪਹੁੰਚਾਉਣ ਲਈ ਬੇਹੱਦ ਸੰਘਰਸ਼ ਕੀਤਾ ਹੈ। ਜੌਹਨ ਦੇ ਹੀ ਅਣਥੱਕ ਯਤਨਾਂ ਸਦਕਾ ਇਹ ਫਿਲਮ ਪੰਜਾਬ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਦਿਖਾਈ ਜਾ ਸਕੀ। ਸੈਮੂਅਲ ਜੌਹਨ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਕਿਸੇ ਵੇਲੇ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਨੇ ਦਲਿਤਾਂ 'ਚ ਵਿਗਿਆਨਕ ਚੇਤਨਾ ਜਗਾਉਣ ਲਈ ਉਪਰਾਲਾ ਕੀਤਾ ਸੀ, ਅੱਜ ਉਸੇ ਤਰਜ਼ ਉਤੇ ਫਿਰ ਵੱਡੇ ਪੱਧਰ ਉਤੇ ਲਾਮਬੰਦੀ ਦੀ ਲੋੜ ਹੈ; ਕਿਉਂਕਿ ਭ੍ਰਿਸ਼ਟ ਸਿਆਸੀ ਆਗੂਆਂ ਅਤੇ ਰਜਵਾੜਿਆਂ ਵੱਲੋਂ ਪੈਦਾ ਕੀਤੇ ਹਾਲਾਤ, ਆਮ ਜਨਤਾ ਨੂੰ ਬਘਿਆੜ ਵਾਂਗ ਨੋਚ ਰਹੇ ਹਨ।

-ਪਰਸ਼ੋਤਮ ਸਿੰਘ ਕੰਡਾਲਾ
ਫੋਨ: 91-95922-12660

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

## ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)

## ਹੁਣ ਅਸੀਂ ਗੋਡਿਆਂ ਦੇ ਦਰਦ ਦਾ ਇਲਾਜ ਵੀ ਕਰਦੇ ਹਾਂ




ਨੀਲੀਆਂ (ਵੈਰੀਕੋਜ਼) ਨਸਾਂ | ਸੋਜ਼ਿਸ਼ | ਅਲਸਰ | ਗੋਡਿਆਂ ਦਾ ਦਰਦ

**ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ**

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

### ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

**ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ**

## ਫੋਨ: 1-888-473-0372

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**




34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.
Asking: $849,000




199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.




1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.




4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

### JUST SOLD

1. 1826 Mary Augusta St., Manteca, CA 95337
2. 1498 Columbine Way, Livermore, CA 94551
3. 1820 De Vaca Way, Livermore, CA 94550
4. 1379 Michael Dr., Tracy, CA 95377
5. 4124 Polaris Ave., Union City, CA 94587
6. 2995 Masonwood St., San Jose, CA 95148
7. 4019 Villa Comez Ln., Stockton, CA 95206
8. 2809 Glen Sharon Way, San Jose, CA 95148
9. 2385 Patricia Dr., Santa Clara, CA 95050
10. 43881 Cameron Hills Dr., Fremont CA 94539
11. 1098 Phelps Ave., San Jose, CA 95117
12. 2712 Sea Drift ln., Hayward, CA 94545
13. 27659 Persimmon Dr., Hayward, CA 94544
14. 2980 Glen Alden Ct., San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA DRE Lic.#01180969
NMLS# 352095